# ਡਿਸਟੈਂਸ ਐਜੂਕੇਸ਼ਨ ਵਿਭਾਗ

# ਐਮ. ਏ. (ਧਰਮ ਅਧਿਐਨ)

## ਭਾਗ ਦੂਜਾ

## ਸਮੈਸਟਰ ਤੀਜਾ

ਪੰਜਾਬੀ ਯੂਨੀਵਰਸਿਟੀ ਪਟਿਆਲਾ
ਵਿਦਿਆ ਵੀਚਾਰੀ ਤਾਂ ਪਰਉਪਕਾਰੀ
PUNJABI UNIVERSITY PATIALA

## ਪੰਜਾਬੀ ਯੂਨੀਵਰਸਿਟੀ, ਪਟਿਆਲਾ

***Department website : www.pbidde.org***

# ਤਤਕਰਾ

**ਪਰਚਾ ਪਹਿਲਾ : ਧਰਮ ਦਰਸ਼ਨ (ਪੇਪਰ–ਨੌਵਾਂ)**

1.1 : ਧਰਮ ਦਰਸ਼ਨ

1.2 : ਧਰਮ ਦਰਸ਼ਨ ਅਤੇ ਹੋਰ ਵਿਸ਼ੇ

1.3 : ਦੈਵੀ ਹਸਤੀ ਦੇ ਕੁਝ ਮੁੱਖ ਸੰਕਲਪ

1.4 : ਧਾਰਮਿਤ ਭਾਸ਼ਾ ਅਤੇ ਪ੍ਰਤੀਕਵਾਦ

**ਪਰਚਾ ਦੂਜਾ : ਗੁਰਮਤਿ ਦਰਸ਼ਨ (ਪੇਪਰ–ਦਸਵਾਂ)**

2.1 : ਮੂਲ ਮੰਤ੍ਰ ਅਨੁਸਾਰ ਪਰਮਾਤਮਾ ਦੇ ਗੁਣ

2.2 : ਗਿਆਨ : ਸੋਮੇ ਅਤੇ ਕਿਸਮਾਂ

2.3 : ਸ੍ਰਿਸ਼ਟੀ : ਸਰੂਪ ਅਤੇ ਬ੍ਰਹਮ ਨਾਲ ਸੰਬੰਧ

2.4 : ਆਤਮ ਸਿਧੀ – ਨੈਤਿਕ ਆਦਰਸ਼ (ਗੁਰਮਤਿ ਪਰਿਪੇਖ) – ਜਾਣ ਪਛਾਣ

2.5 : ਹੁਕਮ (Will) ਤੇ ਆਤਮ ਸਿਧੀ (Self Realization) – ਗੁਰਮੁਖ ਤੇ ਮਨਮੁਖ

**ਪਰਚਾ ਤੀਜਾ : (ਆਪਸ਼ਨ ਦੂਜੀ) ਭਗਤ ਬਾਣੀ ਅਧਿਐਨ (ਪੇਪਰ–ਗਿਆਰਵਾਂ)**

3.1 : ਸ੍ਰੀ ਗੁਰੂ ਗ੍ਰੰਥ ਸਾਹਿਤ ਵਿੱਚ ਭਗਤ-ਬਾਣੀ ਅੰਕਿਤ ਕਰਨ ਦੇ ਕਾਰਨ

3.2 : ਭਗਤ ਨਾਮਦੇਵ ਜੀ ਦੇ ਸ਼ਬਦ ਅਤੇ ਬੀਠੁਲ ਦਾ ਸੰਕਲਪ

**ਪਰਚਾ ਚੌਥਾ : ਅੰਤਰ–ਧਰਮ ਗਿਆਨ ਅਤੇ ਸੰਵਾਦ A**

4.1 : ਸੰਵਾਦ ਅਤੇ ਅੰਤਰ ਧਰਮ ਸੰਵਾਦ

4.2 : ਸਾਮੀ ਧਰਮਾਂ ਵਿਚ ਪਰਮਸੱਚ-ਯਹੂਦੀ, ਈਸਾਈ ਅਤੇ ਇਸਲਾਮ

ਪਾਠ ਨੰ: 1.1 ਲੇਖਕ : ਡਾ. ਪਰਮਵੀਰ ਸਿੰਘ

## ਧਰਮ ਦਰਸ਼ਨ

ਧਰਮ ਦਾ ਆਧਾਰ ਵਿਸ਼ਵਾਸ ਹੈ ਅਤੇ ਇਸ ਵਿਸ਼ਵਾਸ ਕਰਕੇ ਹੀ ਕੋਈ ਵਿਅਕਤੀ ਆਪਣੇ ਧਰਮ ਵਿਚ ਪੱਕਾ ਰਹਿਣ ਦੀ ਕੋਸ਼ਿਸ਼ ਕਰਦਾ ਹੈ। ਵਿਸ਼ਵਾਸ ਦੋ ਸਾਧਨਾਂ ਨਾਲ ਪ੍ਰਪੱਕ ਕੀਤਾ ਜਾਂਦਾ ਹੈ। ਇਕ ਸਾਧਨ ਹੈ ਸ਼ਰਧਾ, ਸ਼ਰਧਾ ਵੱਸ ਵਿਅਕਤੀ ਆਪਣੇ ਪਿਆਰੇ ਦੇ ਨੇੜੇ ਹੋਣਾ ਲੋਚਦਾ ਹੈ। ਇਹ ਲਾਲਚ ਵਿਅਕਤੀ ਨੂੰ ਦੂਜੀਆਂ ਚੀਜ਼ਾਂ ਤੋਂ ਪਰੇ ਕਰ ਦੇਂਦਾ ਹੈ ਕਿਉਂਕਿ ਇਸ ਵਿਚ ਨਿਸ਼ਾਨਾ ਕੇਵਲ ਇਕ ਹੀ ਹੁੰਦਾ ਹੈ ਅਤੇ ਉਸੇ ਦੀ ਪ੍ਰਾਪਤੀ ਲਈ ਯਤਨ ਕੀਤੇ ਜਾਂਦੇ ਹਨ। ਵਿਸ਼ਵਾਸ ਦਾ ਦੂਜਾ ਸਾਧਨ ਹੈ ਡਰ; ਡਰ ਕਰਕੇ ਕਿਸੇ ਚੀਜ਼ ਨੂੰ ਆਪਣਾ ਇਸ਼ਟ ਮੰਨ ਲੈਣਾ ਵੀ ਕੁਦਰਤੀ ਗੱਲ ਹੈ। ਅੱਜ ਵੀ ਮਨੁੱਖ ਦੇ ਮਨ ਅੰਦਰ ਅਜਿਹੇ ਵਿਚਾਰ ਪਾਏ ਜਾਂਦੇ ਹਨ ਜਿਹੜੇ ਉਸ ਅੰਦਰ ਡਰ ਪੈਦਾ ਕਰਨ ਲਈ ਕਾਫ਼ੀ ਹਨ। ਜਿਵੇਂ ਪੁਨਰ ਜਨਮ ਦਾ ਵਿਚਾਰ, ਰੂਹਾਂ ਦਾ ਵਿਚਾਰ, ਦੈਵੀ ਸ਼ਕਤੀਆਂ ਦੇ ਘਿਨਾਉਣੇ ਅਤੇ ਡਰਾਉਣੇ ਸਰੂਪਾਂ ਦਾ ਵਿਚਾਰ, ਜਿੰਨਾਂ-ਭੂਤਾਂ ਦਾ ਵਿਚਾਰ ਆਦਿ। ਇਸ ਕਿਸਮ ਦੇ ਡਰ ਦੇ ਵਿਚਾਰ ਅਕਸਰ ਪੁਰਾਤਨ ਜਾਂ ਆਦਿ-ਧਰਮਾਂ ਵੇਲੇ ਵੇਖਣ ਵਿਚ ਵਧੇਰੇ ਆਉਂਦੇ ਹਨ, ਪਰ ਅੱਜਕਲ੍ਹ ਵੀ ਇਸ ਤਰ੍ਹਾਂ ਦੇ ਵਿਚਾਰ ਆਮ ਵਿਅਕਤੀ ਦੇ ਜੀਵਨ ਵਿਚੋਂ ਪੂਰੀ ਤਰ੍ਹਾਂ ਮਨਫੀ ਨਹੀਂ ਹੋ ਸਕੇ। ਇਸ ਤਰ੍ਹਾਂ ਸ਼ਰਧਾ ਅਤੇ ਡਰ ਵਿਅਕਤੀ ਅੰਦਰ ਧਰਮ ਜਾਂ ਧਾਰਮਕ ਹਸਤੀਆਂ ਪ੍ਰਤੀ ਵਿਸ਼ਵਾਸ ਪੈਦਾ ਕਰਦੇ ਹਨ। ਕਿਸੇ ਧਰਮ ਵਿਚਲਾ ਵਿਸ਼ਵਾਸ ਵਿਅਕਤੀ ਨੂੰ ਉਸੇ ਧਰਮ ਨਾਲ ਸੰਬੰਧਤ ਕ੍ਰਿਆਵਾਂ ਕਰਨ ਲਈ ਉਤਸ਼ਾਹਤ ਕਰਦਾ ਹੈ। ਇਹਨਾਂ ਕ੍ਰਿਆਵਾਂ ਰਾਹੀਂ ਵਿਅਕਤੀ ਦਾ ਵਿਸ਼ਵਾਸ ਉਸੇ ਧਰਮ ਵਿਚ ਹੋਰ ਦ੍ਰਿੜ੍ਹ ਅਤੇ ਪ੍ਰਪੱਕ ਹੋ ਜਾਂਦਾ ਹੈ। ਇਨ੍ਹਾਂ ਧਾਰਮਕ ਕ੍ਰਿਆਵਾਂ ਨੂੰ ਦੋ ਤਰ੍ਹਾਂ ਨਾਲ ਵੇਖਿਆ ਜਾ ਸਕਦਾ ਹੈ। ਇਕ ਜਦੋਂ ਇਹ ਧਾਰਮਕ ਕ੍ਰਿਆਵਾਂ ਮਨੁੱਖ ਦੀ ਚੇਤਨਾ ਨੂੰ ਜਾਗਰਤ ਕਰਦੀਆਂ ਹਨ ਉਦੋਂ ਧਰਮ ਵਿਚੋਂ ਸਦਗੁਣ ਜਨਮ ਲੈਂਦੇ ਹਨ ਅਤੇ ਦੂਜੇ ਉਦੋਂ ਜਦੋਂ ਇਹ ਧਾਰਮਕ ਕ੍ਰਿਆਵਾਂ ਕੇਵਲ ਕ੍ਰਿਆਵਾਂ ਤੱਕ ਹੀ ਸੀਮਤ ਹੋ ਕੇ ਰਹਿ ਜਾਂਦੀਆਂ ਹਨ ਤਾਂ ਧਰਮ ਵਿਚ ਇਕ ਖੜੋਤ ਮਹਿਸੂਸ ਕੀਤੀ ਜਾ ਸਕਦੀ ਹੈ ਜੋ ਕਿ ਕਈ ਵਾਰ ਹਾਨੀਕਾਰਕ ਵੀ ਸਾਬਤ ਹੋ ਸਕਦੀ ਹੈ। ਧਾਰਮਕ ਕ੍ਰਿਆਵਾਂ ਤੱਕ ਸੀਮਤ ਵਿਅਕਤੀ ਧਰਮ ਦੀ ਅਸਲ ਸਮਝ ਤੋਂ ਦੂਰ ਹੋ ਜਾਂਦਾ ਹੈ ਅਤੇ ਕਈ ਕਿਸਮਾਂ ਦੇ ਭਰਮ ਭੁਲੇਖੇ ਪੈਦਾ ਹੋ ਜਾਂਦੇ ਹਨ ਜੋ ਕਿ ਸਮਾਜ ਵਿਚ ਵੰਡੀਆਂ ਪਾਉਣ ਦਾ ਕੰਮ ਕਰਦੇ ਹਨ, ਇਸ ਲਈ ਇਹ ਜ਼ਰੂਰੀ ਹੈ ਕਿ ਧਾਰਮਕ ਵਿਸ਼ਵਾਸ ਜਿੱਥੇ ਮਨੁੱਖ ਅੰਦਰ ਚੇਤਨਾ ਪੈਦਾ ਕਰਨ ਉਥੇ ਮਨੁੱਖ ਆਪਣੀਆਂ ਰੋਜ਼ਾਨਾ ਦੀਆਂ ਧਾਰਮਕ ਪੂਜਾ ਵਿਧੀਆਂ ਨਾਲੋਂ ਵੀ ਨਾ ਟੁੱਟੇ, ਤਾਂ ਹੀ ਧਰਮ ਦਾ ਅਸਲ ਮਨੋਰਥ ਸਾਹਮਣੇ ਆ ਸਕਦਾ ਹੈ। ਧਾਰਮਕ ਵਿਸ਼ਵਾਸਾਂ ਰਾਹੀਂ ਮਨੁੱਖੀ ਚੇਤਨਾ ਅਤੇ ਧਰਮ ਦੀ ਅਸਲ ਸਮਝ ਲੋਕਾਂ ਤੱਕ ਪਹੁੰਚਾਉਣ ਲਈ ਦਰਸ਼ਨ ਜਾਂ ਫਿਲਾਸਫ਼ੀ ਸਾਰਥਕ ਸਾਬਿਤ ਹੁੰਦੀ ਹੈ। ਦਰਸ਼ਨ ਧਾਰਮਕ ਵਿਸ਼ਵਾਸਾਂ ਦਾ ਵਿਸ਼ਲੇਸ਼ਣ ਕਰਕੇ ਨਾ ਕੇਵਲ ਮਨੁੱਖ ਨੂੰ ਧਰਮ ਨਾਲ ਜੋੜਨ ਦਾ ਕੰਮ ਹੀ ਕਰਦੀ ਹੈ ਸਗੋਂ ਧਰਮ ਦੇ ਖੇਤਰ ਨੂੰ ਵਿਸਥਾਰਣ ਦਾ ਵੀ ਕੰਮ ਕਰਦੀ ਹੈ। ਇਹ ਕੰਮ ਇਕੱਲੇ ਨਾ ਤਾਂ ਧਰਮ ਕਰ ਸਕਦਾ ਹੈ ਅਤੇ ਨਾ ਕੇਵਲ ਫਿਲਾਸਫ਼ੀ। ਇਥੇ ਦੋਹਾਂ ਦਾ ਮੇਲ ਹੋਣਾ ਜ਼ਰੂਰੀ ਹੈ। ਇਨ੍ਹਾਂ ਦੋਹਾਂ ਨੂੰ ਇਕੋ ਚੌਖਟੇ ਵਿਚ ਰੱਖ ਕੇ ਵੇਖਣ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਫਿਲਾਸਫ਼ੀ ਜਾਂ ਦਰਸ਼ਨ ਬਾਰੇ ਵੀ ਸੰਖੇਪ ਜਾਣਕਾਰੀ ਪ੍ਰਾਪਤ ਕਰ ਲਈ ਜਾਵੇ।ਦਰਸ਼ਨ (ਫਿਲਾਸਫ਼ੀ) ਦਾ ਮੁੱਖ ਆਧਾਰ ਹੈ ਚਿੰਤਨ ਜਾਂ ਵਿਚਾਰ। ਇਹ ਮੰਨਿਆ ਜਾਂਦਾ ਹੈ ਕਿ ਚਿੰਤਨ ਰਾਹੀਂ ਵਿਅਕਤੀ ਕਿਸੇ ਚੀਜ਼ ਬਾਰੇ ਸ਼ੁੱਧ ਜਾਣਕਾਰੀ ਹਾਸਲ ਕਰ ਸਕਦਾ ਹੈ। ਕਿਸੇ ਵੀ ਚੀਜ਼ ਬਾਰੇ ਜਾਣਕਾਰੀ ਹਾਸਲ ਕਰਨ ਲਈ ਕੀ, ਕਿਉਂ ਅਤੇ ਕਿਵੇ. ਆਦਿ ਵਿਸ਼ਿਆਂ ਦਾ ਸਹਾਰਾ ਲਿਆ ਜਾਂਦਾ ਹੈ ਜੋ ਕਿ ਵਿਅਕਤੀ ਅੰਦਰ ਇਕ ਅਜੀਬ ਕਿਸਮ ਦੀ ਉਤਸੁਕਤਾ ਪੈਦਾ ਕਰਦੇ ਹਨ ਅਤੇ ਵਿਅਕਤੀ ਨੂੰ ਵਸਤੂ ਦਾ ਸਹੀ ਗਿਆਨ ਹਾਸਲ ਕਰਨ ਲਈ ਪ੍ਰੇਰਿਤ ਕਰਦੇ ਰਹਿੰਦੇ ਹਨ। ਦਰਸ਼ਨ ਦਾ ਮੂਲ ਕੰਮ ਹੀ ਵਸਤੂਆਂ ਬਾਰੇ ਜਾਣਕਾਰੀ ਹਾਸਲ ਕਰਨਾ ਹੈ। ਇਹ ਵਿਅਕਤੀ ਦੇ ਚਿੰਤਨ ਨੂੰ ਇਸ ਹਾਲਤ ਤੱਕ ਉਤੇਜਿਤ ਅਤੇ ਤੀਖਣ ਕਰ ਦਿੰਦੀ ਹੈ ਕਿ ਉਹ ਆਪਣੇ ਨਿਸ਼ਾਨੇ ਦੀ ਪੂਰਤੀ ਲਈ ਹਮੇਸ਼ਾਂ ਯਤਨਸ਼ੀਲ ਰਹਿੰਦਾ ਹੈ। ਸੱਚੇ ਗਿਆਨ ਦੀ ਖੋਜ ਕਰਨਾ ਦਰਸ਼ਨ ਦਾ ਬੁਨਿਆਦੀ ਵਿਸ਼ਾ ਹੈ ਅਤੇ ਇਸ ਦੀ ਪ੍ਰਾਪਤੀ ਲਈ ਬੁੱਧੀ ਦਾ ਸਹਾਰਾ ਲਿਆ ਜਾਂਦਾ ਹੈ। ਬੁੱਧੀ ਰਾਹੀਂ ਵਿਅਕਤੀ ਸੱਚ, ਝੂਠ, ਭਲੇ, ਬੁਰੇ ਆਦਿ ਦਾ ਵਿਸ਼ਲੇਸ਼ਣ ਕਰਦਾ ਹੈ ਅਤੇ ਵਿਅਕਤੀ ਅਕਸਰ ਉਨ੍ਹਾਂ ਚੀਜ਼ਾਂ ਦੀ ਭਾਲ ਵਿਚ ਲੱਗਾ ਰਹਿੰਦਾ ਹੈ ਜੋ

ਮਨੁੱਖੀ ਵਿਕਾਸ ਲਈ ਲਾਹੇਵੰਦ ਹੋਣ। ਦੁਨੀਆਂ ਦੀ ਹਰ ਚੀਜ਼ ਮਨੁੱਖ ਦੀ ਬੁੱਧੀ ਦਾ ਹਿੱਸਾ ਬਣਦੀ ਹੈ। ਇਸ ਕਰਕੇ ਸ਼ਾਇਦ ਮਨੁੱਖ ਜੀਵਨ ਦੇ ਹਰ ਇਕ ਖੇਤਰ ਵਿਚ ਨਵੀਆਂ ਪੁਲਾਂਘਾਂ ਪੁੱਟਣ ਦੇ ਯੋਗ ਹੋਇਆ ਹੈ। ਮਨੁੱਖੀ ਜੀਵਨ ਦੇ ਨੇੜੇ ਰਹਿ ਕੇ ਇਹ ਵੀ ਪਤਾ ਲੱਗਦਾ ਹੈ ਕਿ ਹਰ ਮਨੁੱਖ ਬੁੱਧੀ ਦਾ ਕਿਸੇ ਨਾ ਕਿਸੇ ਰੂਪ ਵਿਚ ਇਸਤੇਮਾਲ ਕਰਦਾ ਹੈ ਤੇ ਆਪਣੀ ਬੌਧਿਕ ਸਮਰੱਥਾ ਅਨੁਸਾਰ ਜੀਵਨ ਨੂੰ ਸ਼ੁਭ ਬਣਾਉਣ ਦਾ ਯਤਨ ਕਰਦਾ ਹੈ। ਹੁਣ ਜਦੋਂ ਇਹ ਅਪਣਾਈ ਜਾਣ ਵਾਲੀ ਚੀਜ਼ ਨੂੰ ਵਿਅਕਤੀ ਆਪਣੀ ਬੌਧਿਕ ਸਮਰੱਥਾ ਅਨੁਸਾਰ ਪਰਖਦਾ ਹੈ ਤਾਂ ਧਰਮ ਅਤੇ ਧਾਰਮਿਕ ਕ੍ਰਿਆਵਾਂ ਵੀ ਇਸ ਤੋਂ ਅਪ੍ਰਭਾਵਿਤ ਨਹੀਂ ਰਹਿ ਸਕਦੀਆਂ। ਧਰਮ ਜੀਵਨ ਦਾ ਅਟੁੱਟ ਅੰਗ ਹੈ ਅਤੇ ਲਗਭਗ ਹਰ ਵਿਅਕਤੀ ਕਿਸੇ ਨਾ ਕਿਸੇ ਧਰਮ ਨਾਲ ਜੁੜਿਆ ਹੋਇਆ ਹੈ। ਧਰਮ ਵਿਅਕਤੀ ਦੀਆਂ ਬੌਧਿਕ ਕ੍ਰਿਆਵਾਂ ਦਾ ਅਹਿਮ ਹਿੱਸਾ ਬਣ ਜਾਂਦਾ ਹੈ। ਹੋਰ ਚੀਜ਼ਾਂ ਦੀ ਤਰ੍ਹਾਂ ਵਿਅਕਤੀ ਧਰਮ ਨੂੰ ਅਪਣਾਉਣ ਤੋਂ ਪਹਿਲਾਂ ਇਸ ਨੂੰ ਬੁੱਧੀ ਰਾਹੀਂ ਜੀਵਨ ਵਿਕਾਸ ਵਿਚ ਪਰਖਣ ਦੀ ਕੋਸ਼ਿਸ਼ ਕਰਦਾ ਹੈ। ਇਸੇ ਲਈ ਅਜੋਕੇ ਜੀਵਨ ਵਿਚ ਇਹ ਦੇਖਣ ਵਿਚ ਆਉਂਦਾ ਹੈ ਕਿ ਵਿਅਕਤੀ ਜਨਮ ਵੇਲੇ ਕਿਸੇ ਇਕ ਧਰਮ ਦਾ ਹਿੱਸਾ ਸੀ, ਜਵਾਨੀ ਵਿਚ ਉਸ ਨੂੰ ਕਿਸੇ ਹੋਰ ਧਰਮ ਨੇ ਪ੍ਰਭਾਵਿਤ ਕੀਤਾ ਅਤੇ ਅੰਤ ਸਮੇਂ ਇਹ ਕਿਸੇ ਹੋਰ ਧਰਮ ਦਾ ਪੱਲਾ ਫੜੀ ਬੈਠਾ ਹੈ। ਜਦੋਂ ਅਜਿਹੀਆਂ ਘਟਨਾਵਾਂ ਸਾਹਮਣੇ ਆਉਣ ਲੱਗੀਆਂ ਤਾਂ ਇਹ ਧਰਮ ਸ਼ਾਸਤਰੀਆਂ ਲਈ ਅਧਿਐਨ ਦਾ ਵਿਸ਼ਾ ਬਣ ਗਿਆ। ਉਹ ਇਸ ਦੇ ਕਾਰਨ ਲੱਭਣ ਲੱਗੇ ਕਿ ਕਿਉਂ ਵਿਅਕਤੀ ਇਸ ਧਰਮ ਨੂੰ ਛੱਡ ਗਿਆ ਹੈ ? ਅਤੇ ਉਸ ਨੂੰ ਕੋਈ ਹੋਰ ਧਰਮ ਕਿਉਂ ਚੰਗਾ ਲੱਗਣ ਲੱਗ ਪਿਆ ਹੈ ? ਇਸ ਪ੍ਰਸ਼ਨ ਦਾ ਹੱਲ ਲੱਭਣ ਦੀ ਕੋਸ਼ਿਸ਼ ਵਿਚ ਧਰਮ ਸ਼ਾਸਤਰੀ ਇਸ ਸਿੱਟੇ 'ਤੇ ਪੁੱਜੇ ਕਿ ਜਿਹੜਾ ਧਰਮ ਸਮਕਾਲੀ ਜੀਵਨ ਦੀਆਂ ਲੋੜਾਂ ਉੱਤੇ ਪੂਰਾ ਨਹੀਂ ਉੱਤਰਦਾ ਉਸ ਦਾ ਪ੍ਰਭਾਵ ਹੌਲੀ-ਹੌਲੀ ਖ਼ਤਮ ਹੋ ਜਾਂਦਾ ਹੈ ਅਤੇ ਕੇਵਲ ਉਹੀ ਧਰਮ ਲਗਾਤਾਰ ਤਰੱਕੀ ਕਰ ਸਕਦੇ ਹਨ ਜੋ ਕਿ ਵਿਅਕਤੀ ਦੀਆਂ ਰੋਜ਼ਾਨਾ ਜੀਵਨ ਦੀਆਂ ਮੁਸ਼ਕਲਾਂ ਹੱਲ ਕਰਨ ਵਿਚ ਸਹਾਈ ਹੋਣ। ਇਸ ਲਈ ਹਰ ਧਰਮ ਦੇ ਧਰਮ ਸ਼ਾਸਤਰੀਆਂ ਨੇ ਆਪਣੇ-ਆਪਣੇ ਧਰਮ ਦੀ ਵਿਆਖਿਆ ਸਮਕਾਲੀ ਜੀਵਨ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਕਰਨੀ ਸ਼ੁਰੂ ਕਰ ਦਿੱਤੀ। ਇਸ ਨਾਲ ਜਿਥੇ ਲੋਕਾਂ ਦੇ ਧਾਰਮਿਕ ਵਿਸ਼ਵਾਸ ਨੂੰ ਪੱਕਾ ਕਰਨ ਵਿਚ ਸਹਾਇਤਾ ਮਿਲੀ ਉਥੇ ਪਰੰਪਰਾਗਤ, ਬੇ-ਲੋੜੀਆਂ ਅਤੇ ਫਾਲਤੂ ਧਾਰਮਿਕ ਕ੍ਰਿਆਵਾਂ ਨੂੰ ਤਿਲਾਂਜਲੀ ਦਿੱਤੀ ਜਾਣ ਲੱਗੀ। ਕਹਿਣ ਤੋਂ ਭਾਵ ਇਹ ਕਿ ਵਿਅਕਤੀ ਅੰਦਰ ਵਿਸ੍ਵਾਸ ਨੂੰ ਦ੍ਰਿੜਤਾ ਅਤੇ ਪ੍ਰਪੱਕਤਾ ਮਿਲੀ ਅਤੇ ਅੰਧ ਵਿਸ੍ਵਾਸੀ ਕ੍ਰਿਆਵਾਂ ਦਾ ਅੰਤ ਹੋਣ ਲੱਗਾ। ਜਿਨ੍ਹਾਂ ਧਰਮਾਂ ਵਿਚ ਧਰਮ ਦੇ ਨਾ ਤੇ ਬੇਕਸੂਰ ਲੋਕਾਂ ਦੀ ਜਾਨ ਲਈ ਜਾਂਦੀ ਸੀ, ਇਥੋਂ ਤੱਕ ਕਿ ਬੱਚਿਆਂ ਦੀ ਜਾਨ ਤੱਕ ਦੀ ਵੀ ਲਿਹਾਜ ਨਹੀਂ ਕੀਤੀ ਗਈ, ਹੁਣ ਉਹ ਧਰਮ ਵੀ ਵੱਧ ਤੋਂ ਵੱਧ ਮਨੁੱਖੀ ਵਿਕਾਸ ਦੀਆਂ ਗੱਲਾਂ ਕਰਦੇ ਹਨ। ਵਿਗਿਆਨ ਅੱਜਕਲ੍ਹ ਮਨੁੱਖੀ ਵਿਕਾਸ ਵਿਚ ਅਹਿਮ ਭੂਮਿਕਾ ਨਿਭਾ ਰਿਹਾ ਹੈ। ਇਸੇ ਲਈ ਹਰ ਧਰਮ ਆਪਣੇ ਆਪ ਨੂੰ ਵਿਗਿਆਨ ਦੇ ਨੇੜੇ ਜਾਂ ਸੰਪੂਰਨ ਤੌਰ 'ਤੇ ਵਿਗਿਆਨਕ ਧਰਮ ਪ੍ਰਚਾਰਨ ਲੱਗਾ ਹੋਇਆ ਹੈ। ਇਹ ਸਭ ਕੁਝ ਤਾਂ ਹੀ ਸੰਭਵ ਹੋਇਆ ਹੈ ਕਿਉਂਕਿ ਧਰਮ ਦੇ ਵਿਕਾਸ ਵਿਚ ਫਿਲਾਸਫ਼ੀ ਨੇ ਆਪਣਾ ਮਹੱਤਵਪੂਰਨ ਯੋਗਦਾਨ ਪਾਇਆ ਹੈ। ਹੁਣ ਅਸੀਂ ਇਹ ਵੇਖ ਸਕਦੇ ਹਾਂ ਕਿ ਇਕੱਲਾ ਧਰਮ ਜਾਂ ਇਕੱਲੀ ਫਿਲਾਸਫ਼ੀ ਜ਼ਿਆਦਾ ਦੇਰ ਤੱਕ ਅਲੱਗ-ਅਲੱਗ ਨਹੀਂ ਚੱਲ ਸਕਦੇ। ਇਨ੍ਹਾਂ ਨੂੰ ਆਪਣੀ ਹੋਂਦ ਬਚਾਈ ਰੱਖਣ ਲਈ ਇਕ ਦੂਜੇ ਦਾ ਸਹਾਰਾ ਲੈਣਾ ਪੈਂਦਾ ਹੈ। ਦੋਵੇਂ ਮਿਲ ਕੇ ਕੰਮ ਕਰਨ ਤਾਂ ਹੀ ਕੋਈ ਠੋਸ ਜੀਵਨ ਮਨੋਰਥ ਸਾਹਮਣੇ ਆ ਸਕਦਾ ਹੈ ਜੋ ਵਿਸ਼ਵਾਸ ਦੇ ਪੱਧਰ ਤੇ ਧਰਮ ਦਾ ਹਿੱਸਾ ਹੋਵੇ ਅਤੇ ਵਿਕਾਸ ਦੀ ਪੱਧਰ ਤੇ ਫਿਲਾਸਫ਼ੀ ਦਾ; ਕਿਉਂਕਿ ਧਰਮ ਦਾ ਕੰਮ ਹੈ ਗਿਆਨ ਪੈਦਾ ਕਰਨਾ ਅਤੇ ਫਿਲਾਸਫ਼ੀ ਦਾ ਕੰਮ ਹੈ ਗਿਆਨ ਵੰਡਣਾ। ਇਸ ਤਰ੍ਹਾਂ ਫਿਲਾਸਫ਼ੀ ਜੋ ਗਿਆਨ ਹਾਸਲ ਕਰਦੀ ਹੈ ਉਸ ਨੂੰ ਲੋਕਾਂ ਤੱਕ ਪਹੁੰਚਾਉਣ ਦਾ ਕੰਮ ਵੀ ਕਰਦੀ ਹੈ, ਪਰ ਧਰਮ ਵਿਚ ਅਜਿਹਾ ਸੰਭਵ ਨਹੀਂ। ਧਰਮ ਕੇਵਲ ਗਿਆਨ ਦਾ ਸ੍ਰੋਤ ਹੈ ਅਤੇ ਇਸ ਗਿਆਨ ਦੇ ਸ੍ਰੋਤ ਨੂੰ ਲੋਕਾਂ ਨੂੰ ਇਕ ਮੁੱਠ ਰੱਖਣ ਵਿਚ ਵੀ ਇਸਤੇਮਾਲ ਕੀਤਾ ਜਾ ਸਕਦਾ ਹੈ ਅਤੇ ਉਨ੍ਹਾਂ ਨੂੰ ਨਿਖੇੜਨ ਵਿਚ ਵੀ। ਇਥੇ ਧਰਮ ਦੀ ਦਾਰਸ਼ਨਿਕ ਵਿਆਖਿਆ ਅਹਿਮ ਭੂਮਿਕਾ ਨਿਭਾਉਂਦੀ ਹੈ। ਪਰ ਧਰਮ ਦਰਸ਼ਨ ਬਾਰੇ ਹੋਰ ਜਾਣਕਾਰੀ ਹਾਸਲ ਕਰਨ ਤੋਂ ਪਹਿਲਾਂ ਧਰਮ ਅਤੇ ਦਰਸ਼ਨ ਦੇ ਆਪਸੀ ਸਬੰਧਾਂ ਤੋਂ ਜਾਣੂ ਹੋਣਾ ਜ਼ਰੂਰੀ ਹੈ।

### ਧਰਮ ਅਤੇ ਦਰਸ਼ਨ

ਧਰਮ ਦਾ ਆਧਾਰ ਵਿਸ਼ਵਾਸ ਹੋਣ ਕਰਕੇ ਹਰ ਇਕ ਵਿਅਕਤੀ ਬਿਨਾ ਸੋਚੇ ਸਮਝੇ ਧਾਰਮਿਕ ਕ੍ਰਿਆਵਾਂ ਕਰਦਾ ਹੈ। ਇਹ ਵਿਸ਼ਵਾਸ ਵਿਅਕਤੀ ਨੂੰ ਅੰਧ-ਵਿਸ਼ਵਾਸ ਦੀ ਹਾਲਤ ਤੱਕ ਲੈ ਜਾਂਦਾ ਹੈ ਜਿਥੇ ਵਿਅਕਤੀ ਬਿਨਾਂ ਸੋਚੇ ਸਮਝੇ ਕੇਵਲ ਲਕੀਰ ਦਾ ਫ਼ਕੀਰ ਬਣ ਕੇ ਉਹੀ ਪ੍ਰੰਪਰਾਗਤ ਕ੍ਰਿਆਵਾਂ ਕਰੀ ਜਾਂਦਾ ਹੈ ਜਿਨ੍ਹਾਂ ਦਾ ਜੀਵਨ ਦੇ ਅਸਲ ਮਨੋਰਥ ਨਾਲ ਕੋਈ ਸੰਬੰਧ

ਨਹੀਂ ਹੁੰਦਾ। ਇਥੇ ਵੇਖਣ ਵਾਲੀ ਗੱਲ ਇਹ ਹੈ ਕਿ ਉਹ ਕਿਹੜੀਆਂ ਕ੍ਰਿਆਵਾਂ ਹਨ ਜੋ ਕਿ ਵਿਅਕਤੀ ਨੂੰ ਆਪਣੇ ਉਦੇਸ਼ ਤੋਂ ਭਟਕਾ ਦਿੰਦੀਆਂ ਹਨ ਅਤੇ ਵਿਅਕਤੀ ਅੰਧ-ਵਿਸ਼ਵਾਸ ਦੀ ਪੱਧਰ 'ਤੇ ਪੁੱਜ ਜਾਂਦਾ ਹੈ। ਕਈ ਵਾਰ ਅਜਿਹੀਆਂ ਕ੍ਰਿਆਵਾਂ ਵਿਅਕਤੀ ਦਾ ਫ਼ਾਇਦਾ ਕਰਨ ਦੀ ਥਾਂ ਉਸ ਨੂੰ ਨੁਕਸਾਨ ਪਹੁੰਚਾ ਦਿੰਦੀਆਂ ਹਨ। ਜਿਵੇਂ ਕਿ :

(1) ਧਰਮ ਦਾ ਹਿੱਸਾ ਮੰਨਦੇ ਹੋਏ ਇਕ ਵਿਅਕਤੀ ਵੱਲੋਂ ਕਿਸੇ ਦੂਜੇ ਵਿਅਕਤੀ ਨੂੰ ਜਾਨ ਤੋਂ ਖ਼ਤਮ ਕਰ ਦੇਣਾ।
(2) ਪੁੱਤਰ ਦੀ ਪ੍ਰਾਪਤੀ ਲਈ ਕਿਸੇ ਅਖੌਤੀ ਧਾਰਮਿਕ ਵਿਅਕਤੀ ਦੀ ਸਲਾਹ ਮੰਨ ਕੇ ਕਿਸੇ ਦੂਜੇ ਪਰਿਵਾਰ ਦੇ ਬੱਚੇ ਨੂੰ ਮਾਰ ਦੇਣਾ।
(3) ਕਿਸੇ ਖ਼ਾਸ ਮਕਸਦ ਵਾਸਤੇ ਬੇ-ਕਸੂਰ ਜਾਨਵਰਾਂ ਦੀ ਧਾਰਮਿਕ ਦੇਵੀ-ਦੇਵਤਿਆਂ ਅੱਗੇ ਬਲੀ ਦੇ ਦੇਣੀ।
(4) ਧਾਰਮਿਕ ਦੇਵੀ-ਦੇਵਤਿਆਂ ਰਾਹੀਂ ਮਾਸ ਸ਼ਰਾਬ ਦੇ ਸਾਧਨ ਲੱਭਣੇ।
(5) ਜਿਸ ਚੀਜ਼ ਤੋਂ ਡਰਨਾ ਉਸੇ ਨੂੰ ਦੇਵਤਾ ਜਾਂ ਦੈਵੀ ਸ਼ਕਤੀ ਦਾ ਰੂਪ ਮੰਨ ਕੇ ਉਸੇ ਦੀ ਪੂਜਾ ਸ਼ੁਰੂ ਕਰ ਦੇਣੀ ਆਦਿ।

ਇਨ੍ਹਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਅਜਿਹੀਆਂ ਕ੍ਰਿਆਵਾਂ ਬਾਰੇ ਦੱਸਿਆ ਜਾ ਸਕਦਾ ਹੈ ਜੋ ਕਿ ਕੇਵਲ ਧਾਰਮਿਕ ਅੰਧ-ਵਿਸ਼ਵਾਸ ਦਾ ਹਿੱਸਾ ਹਨ ਅਤੇ ਜਿਨ੍ਹਾਂ ਦਾ ਧਰਮ ਦੀ ਅਸਲ ਸਮਝ ਅਤੇ ਗਿਆਨ ਨਾਲ ਕੋਈ ਸੰਬੰਧ ਨਹੀਂ ਹੁੰਦਾ। ਪਰ ਜਦੋਂ ਧਰਮ ਫਿਲਾਸਫ਼ੀ ਦੀ ਸਹਾਇਤਾ ਨਾਲ ਅੱਗੇ ਵੱਧਦਾ ਹੈ ਤਾਂ ਨਿਸ਼ਚਿਤ ਰੂਪ ਵਿਚ ਉਨ੍ਹਾਂ ਸਾਰੀਆਂ ਕ੍ਰਿਆਵਾਂ ਤੋਂ ਪੱਲਾ ਝਾੜ ਲੈਂਦਾ ਹੈ ਜੋ ਕ੍ਰਿਆਵਾਂ ਜੀਵਨ ਦੇ ਪਰਮ ਉਦੇਸ਼ ਦੀ ਪ੍ਰਾਪਤੀ ਲਈ ਰੋੜਾ ਅਟਕਾਉਣ ਦਾ ਕੰਮ ਕਰਦੀਆਂ ਹਨ। ਫਿਲਾਸਫ਼ੀ ਧਰਮ ਦੀ ਹਰ ਕ੍ਰਿਆ ਨੂੰ ਸ਼ੱਕ ਨਾਲ ਵੇਖਦੀ ਹੈ ਅਤੇ ਜੋ ਧਾਰਮਿਕ ਕ੍ਰਿਆਵਾਂ ਵਿਅਕਤੀ ਦੇ ਜੀਵਨ ਵਿਚ ਰੋੜਾ ਅਟਕਾਉਣ ਵਾਲੀਆਂ ਹੁੰਦੀਆਂ ਹਨ ਉਨ੍ਹਾਂ ਨੂੰ ਛੱਡ ਦੇਣ ਦੀ ਸਲਾਹ ਦੇ ਦਿੰਦੀ ਹੈ। ਇਹ ਵਿਅਕਤੀ ਨੂੰ ਹਰ ਇਕ ਧਾਰਮਿਕ ਕ੍ਰਿਆ ਬਾਰੇ ਖੋਜ ਪੜਤਾਲ ਕਰਨ ਦੀ ਪ੍ਰੇਰਨਾ ਦਿੰਦੀ ਹੈ ਕਿਉਂਕਿ ਕਈ ਵਾਰ ਪ੍ਰੋਹਿਤ ਵਰਗ ਦੁਆਰਾ ਧਾਰਮਿਕ ਕ੍ਰਿਆਵਾਂ ਬਾਰੇ ਅਜਿਹੀ ਵਿਆਖਿਆ ਕਰ ਦਿੱਤੀ ਜਾਂਦੀ ਹੈ ਜਿਸ ਨਾਲ ਆਮ ਲੋਕਾਂ ਵਿਚ ਮੱਤਭੇਦ ਪੈਦਾ ਹੋ ਜਾਂਦੇ ਹਨ। ਇਥੇ ਧਰਮ ਨਾਲ ਸੰਬੰਧਤ ਕ੍ਰਿਆਵਾਂ ਦੀ ਨਿਰਪੱਖ ਜਾਂਚ ਦੀ ਲੋੜ ਪੈ ਜਾਂਦੀ ਹੈ ਜੋ ਕਿ ਕੇਵਲ ਧਰਮ ਗ੍ਰੰਥ ਉੱਤੇ ਹੀ ਅਧਾਰਿਤ ਹੋ ਸਕਦੀ ਹੈ। ਧਰਮ ਗ੍ਰੰਥ ਦੀ ਸੂਝ-ਬੂਝ ਰੱਖਣ ਵਾਲੇ ਵਿਅਕਤੀ ਆਪਣੀ ਬੁੱਧੀ ਅਤੇ ਦਰਸ਼ਨ ਰਾਹੀਂ ਇੱਥੇ ਵਿਅਕਤੀ ਦੀ ਸਹਾਇਤਾ ਕਰਦੇ ਹਨ ਤਾਂ ਕਿ ਪ੍ਰੋਹਿਤ ਵਰਗ ਕਿਤੇ ਲੋਕਾਂ ਵਿਚ ਅੰਧ-ਵਿਸ਼ਵਾਸ ਪੈਦਾ ਕਰਕੇ ਉਹਨਾਂ ਨੂੰ ਲੁੱਟਣ ਦਾ ਕੰਮ ਹੀ ਨਾ ਕਰੀ ਜਾਣ। ਇਸ ਤਰ੍ਹਾਂ ਧਰਮ ਅਤੇ ਦਰਸ਼ਨ ਵਿਚ ਸੰਬੰਧ ਹੋਣਾ ਬਹੁਤ ਜ਼ਰੂਰੀ ਹੈ। ਧਰਮ ਅਤੇ ਦਰਸ਼ਨ ਵਿਚ ਪਰਸਪਰ ਸੰਬੰਧ ਰਾਹੀਂ ਹੀ ਧਰਮ ਦਾ ਵਿਕਾਸ ਅਤੇ ਉਦੇਸ਼ ਦੀ ਪ੍ਰਾਪਤੀ ਸੰਭਵ ਹੈ। ਭਾਵੇਂ ਕਿ ਪੱਛਮੀ ਦਰਸ਼ਨ ਨਿਰੋਲ ਤਾਰਕਿਕ ਵਿਕਾਸ ਦੀ ਗੱਲ ਕਰਦਾ ਹੈ ਅਤੇ ਤਰਕ ਅਤੇ ਬੁੱਧੀ ਰਾਹੀਂ ਹੀ ਪਰਮਸਤਿ ਦੀ ਪ੍ਰਾਪਤੀ ਦੀ ਗੱਲ ਕਰਦਾ ਹੈ। ਪ੍ਰੰਤੂ ਭਾਰਤੀ ਦਰਸ਼ਨ ਵਿਚ ਧਰਮ ਅਤੇ ਦਰਸ਼ਨ ਨਾਲ-ਨਾਲ ਚੱਲਦੇ ਹਨ ਅਤੇ ਧਰਮ ਦੇ ਬਗ਼ੈਰ ਦਾਰਸ਼ਨਿਕ ਵਿਕਾਸ ਸੰਭਵ ਨਹੀਂ ਸਮਝਿਆ ਜਾਂਦਾ ਕਿਉਂਕਿ ਭਾਰਤੀ ਦਰਸ਼ਨ ਵਿਚ ਦਰਸ਼ਨ ਧਰਮ ਵਿਚੋਂ ਉਤਪੰਨ ਹੁੰਦਾ ਹੈ ਅਤੇ ਦਰਸ਼ਨ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਦਾ ਕੰਮ ਕਰਦਾ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਭਾਰਤੀ ਦਾਰਸ਼ਨਿਕਾਂ ਵਿਚ ਧਰਮ ਦਾ ਅੰਸ਼ ਜ਼ਰੂਰ ਹੋਵੇ ਤਾਂ ਹੀ ਭਾਰਤੀ ਦਰਸ਼ਨ ਦੇ ਅਨੁਕੂਲ ਸਿੱਟੇ ਪ੍ਰਾਪਤ ਕੀਤੇ ਜਾ ਸਕਦੇ ਹਨ। ਭਾਰਤੀ ਸੱਭਿਅਤਾ ਵਿਚ ਜਿਥੇ ਵਿਅਕਤੀ ਧਰਮ ਦਾ ਹਿੱਸਾ ਬਣਨਾ ਚਾਹੁੰਦਾ ਹੈ ਉਥੇ ਉਹ ਇਕ ਚੰਗੀ ਵਿਚਾਰਧਾਰਾ ਦਾ ਵੀ ਇੱਛੁਕ ਬਣਿਆ ਰਹਿੰਦਾ ਹੈ। ਇਥੇ ਧਰਮ ਅਮਲੀ ਜੀਵਨ ਨਾਲ ਸੰਬੰਧਤ ਹੈ ਅਤੇ ਦਰਸ਼ਨ ਸ਼ੁੱਧ ਗਿਆਨ ਨਾਲ। ਸ਼ੁੱਧ ਗਿਆਨ ਰਾਹੀਂ ਹੀ ਚੰਗਾ ਜੀਵਨ ਸੰਭਵ ਹੋ ਸਕਦਾ ਹੈ। ਇਥੇ ਧਰਮ ਅਤੇ ਦਰਸ਼ਨ ਇਕ ਕਿਸ਼ਤੀ ਅਤੇ ਉਸ ਦੇ ਦੋ ਚੱਪੂਆਂ ਵਾਂਗ ਹਨ। ਧਰਮ ਇਕ ਕਿਸ਼ਤੀ ਦੀ ਤਰ੍ਹਾਂ ਹੈ। ਜੇਕਰ ਇਸਦੀ ਕੋਈ ਦਿਸ਼ਾ ਨਿਰਧਾਰਤ ਨਾ ਕੀਤੀ ਜਾਵੇ ਤਾਂ ਇਹ ਵਿਅਕਤੀ ਅੰਦਰ ਕਿਸ਼ਤੀ ਵਾਂਗ ਭਟਕਣ ਪੈਦਾ ਕਰ ਸਕਦਾ ਹੈ। ਦਰਸ਼ਨ ਏਥੇ ਕਿਸ਼ਤੀ ਦੇ ਦੋ ਚੱਪੂਆਂ ਵਾਂਗ ਹੈ ਜੋ ਕਿਸ਼ਤੀ ਨੂੰ ਹਮੇਸ਼ਾਂ ਸਹੀ ਦਿਸ਼ਾ ਵੱਲ ਲੈ ਕੇ ਜਾਣ ਦੀ ਕੋਸ਼ਿਸ਼ ਵਿਚ ਰਹਿੰਦੇ ਹਨ। ਇਥੇ ਦਰਸ਼ਨ ਹਮੇਸ਼ਾਂ ਧਰਮ ਉੱਤੇ ਨਿਰਭਰ ਕਰਦਾ ਹੈ। ਇਸ ਲਈ ਜਦੋਂ ਵਿਅਕਤੀ ਦਾਰਸ਼ਨਿਕ ਵਿਧੀਆਂ ਰਾਹੀਂ ਕਿਸੇ ਸਿੱਟੇ 'ਤੇ ਨਹੀਂ ਪਹੁੰਚ ਸਕਦਾ ਤਾਂ ਉਹ ਧਰਮ ਦੇ ਅੱਗੇ ਗੋਡੇ ਟੇਕ ਦਿੰਦਾ ਹੈ। ਇਸ ਨੂੰ ਇੰਝ ਵੀ ਕਿਹਾ ਜਾ ਸਕਦਾ ਹੈ ਕਿ ਜਿਥੇ ਦਰਸ਼ਨ ਖ਼ਤਮ ਹੁੰਦਾ ਹੈ ਉਥੇ ਧਰਮ ਸ਼ੁਰੂ ਹੁੰਦਾ ਹੈ। ਅਸੀਂ ਸਿੱਖ ਧਰਮ ਵਿਚੋਂ ਜਪੁਜੀ ਸਾਹਿਬ ਦੇ ਹਵਾਲੇ ਨਾਲ ਕਹੀਏ ਕਿ ''ਪਾਤਾਲਾ ਪਾਤਾਲ ਲਖ ਆਗਾਸਾ ਆਗਾਸ'' ਤਦ ਇਸ ਪੰਗਤੀ ਨੂੰ ਅਸੀਂ ਦਰਸ਼ਨ ਦੇ ਸਹਾਰੇ ਕਦੇ ਵੀ ਸਿੱਧ ਨਹੀਂ ਕਰ ਸਕਦੇ। ਇਸ ਲਈ

ਇਥੇ ਧਰਮ ਗ੍ਰੰਥ ਵਿਚ ਕਹੀ ਹੋਈ ਗੱਲ ਉੱਤੇ ਵਿਸ਼ਵਾਸ ਕਰਨਾ ਹੀ ਪਵੇਗਾ। ਇਥੇ ਇਹ ਵੀ ਕਿਹਾ ਜਾ ਸਕਦਾ ਹੈ ਕਿ ਜਦੋਂ ਦਾਰਸ਼ਨਿਕ ਵਿਚਾਰ ਵਿਕਾਸ ਦੀ ਦਿਸ਼ਾ ਵੱਲ ਵੱਧਦੇ ਹਨ ਤਾਂ ਧਰਮ ਵੱਲ ਮੁੜ ਪੈਂਦੇ ਹਨ। ਇਸ ਤਰ੍ਹਾਂ ਧਰਮ ਅਤੇ ਦਰਸ਼ਨ ਇਕੱਠੇ ਮਿਲ ਕੇ ਕ੍ਰਿਆਸ਼ੀਲ ਹੁੰਦੇ ਹਨ।

**ਧਰਮ ਦਰਸ਼ਨ**

ਧਰਮ ਅਤੇ ਦਰਸ਼ਨ ਦੇ ਪਰਸਪਰ ਸੰਬੰਧ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਧਰਮ ਪਰਮ ਸਤਿ ਦੀ ਪ੍ਰਾਪਤੀ ਨਾਲ ਸੰਬੰਧਤ ਹੈ ਅਤੇ ਦਰਸ਼ਨ ਵਿਅਕਤੀ ਦੁਆਰਾ ਸੱਚ ਦੀ ਖੋਜ ਨਾਲ। ਇਹ ਦੋਵੇਂ ਵਿਅਕਤੀ ਨੂੰ ਧਾਰਮਿਕ ਕਦਰਾਂ-ਕੀਮਤਾਂ ਤੋਂ ਜਾਣੂ ਕਰਾਉਂਦੇ ਹਨ। ਜਦੋਂ ਇਹ ਦੋਵੇਂ ਮਿਲਕੇ ਕੰਮ ਕਰਦੇ ਹਨ ਤਾਂ ਇਸ ਨੂੰ ਧਰਮ ਦਰਸ਼ਨ ਦਾ ਨਾਂ ਦਿੱਤਾ ਜਾਂਦਾ ਹੈ। ਇਸ ਲਈ ਧਰਮ ਦਰਸ਼ਨ ਦਾ ਮੁੱਖ ਕੰਮ ਧਰਮ ਦੇ ਅਨੁਭਵ, ਸੱਚਾਈਆਂ ਅਤੇ ਸਿਧਾਂਤਾਂ ਦੀ ਵਿਆਖਿਆ ਕਰਨਾ ਹੈ। ਧਰਮ ਦਰਸ਼ਨ ਧਾਰਮਿਕ ਅਨੁਭਵ ਦੀ ਬੌਧਿਕ ਵਿਆਖਿਆ ਦੇ ਨਾਲ ਨਾਲ ਧਰਮ ਵਿਚਲੇ ਜ਼ਰੂਰੀ ਅਤੇ ਗ਼ੈਰ-ਜ਼ਰੂਰੀ ਕਰਮਕਾਂਡਾਂ ਦਾ ਨਿਖੇੜਾ ਅਤੇ ਵਰਣਨ ਵੀ ਕਰਦਾ ਹੈ। ਇਸ ਤਰ੍ਹਾਂ ਧਰਮ ਵਿਚੋਂ ਅੰਧ-ਵਿਸ਼ਵਾਸ ਅਤੇ ਕੱਟੜਤਾ ਨੂੰ ਕੁਝ ਹੱਦ ਤੱਕ ਘੱਟ ਕਰਨ ਦਾ ਕੰਮ ਵੀ ਧਰਮ ਦਰਸ਼ਨ ਕਰਦਾ ਹੈ। ਧਰਮ ਭਾਵੇਂ ਬੌਧਿਕਤਾ ਦਾ ਹਿੱਸਾ ਨਹੀਂ ਹੈ ਪਰ ਫਿਰ ਵੀ ਇਸ ਨੂੰ ਆਪਣੇ ਸਿਧਾਂਤਾਂ ਨੂੰ ਪ੍ਰਸਾਰਨ ਲਈ ਬੌਧਿਕਤਾ ਦੀ ਜ਼ਰੂਰਤ ਪੈਂਦੀ ਹੈ ਨੋ ਧਰਮ ਦੇ ਮੂਲ ਤੱਤਾਂ ਨੂੰ ਬਚਾਉਂਦੇ ਹੋਏ ਧਾਰਮਿਕ ਸਿਧਾਂਤਾਂ ਦੀ ਵਿਆਖਿਆ ਕਰੇ। ਇਹ ਕੰਮ ਕੇਵਲ ਧਰਮ ਦਰਸ਼ਨ ਹੀ ਕਰ ਸਕਦਾ ਹੈ।

ਧਰਮ ਵਿਚ ਦੈਵੀ ਅਨੁਭਵ ਹੁੰਦਾ ਹੈ ਅਤੇ ਦਰਸ਼ਨ ਕੇਵਲ ਆਪਣੇ ਵਿਚਾਰਾਂ ਰਾਹੀਂ ਉਸ ਦੈਵੀ ਅਨੁਭਵ ਬਾਰੇ ਨਹੀਂ ਜਾਣ ਸਕਦਾ, ਭਾਵੇਂ ਕਿ ਉਹ ਦੈਵੀ ਅਨੁਭਵ ਬਾਰੇ ਗੱਲ ਕਰ ਸਕਦਾ ਹੈ। ਬਿਨਾਂ ਅਨੁਭਵ ਕੀਤੇ ਹੋਏ ਵਿਚਾਰ ਕੇਵਲ ਬੁੱਧੀ ਦਾ ਹਿੱਸਾ ਹੀ ਰਹਿ ਜਾਂਦੇ ਹਨ ਅਤੇ ਇਨ੍ਹਾਂ ਵਿਚਾਰਾਂ ਵਿਚ ਵਿਕਾਸ ਦੀ ਥਾਂ ਖੜੋਤ ਮਹਿਸੂਸ ਕੀਤੀ ਜਾ ਸਕਦੀ ਹੈ। ਇਸ ਲਈ ਇਥੇ ਕੇਵਲ ਉਨ੍ਹਾਂ ਵਿਅਕਤੀਆਂ ਦੀ ਹੀ ਲੋੜ ਮਹਿਸੂਸ ਹੁੰਦੀ ਹੈ ਜੋ ਨਾ ਕੇਵਲ ਧਾਰਮਿਕ ਹੋਣ ਅਤੇ ਨਾ ਕੇਵਲ ਦਾਰਸ਼ਨਿਕ। ਧਾਰਮਿਕ ਅਨੁਭਵ ਬਾਰੇ ਸਹੀ ਅਤੇ ਮੂਲ ਸੋਝੀ ਰੱਖਣ ਵਾਲੇ ਕੇਵਲ ਉਨ੍ਹਾਂ ਧਾਰਮਿਕ ਦਾਰਸ਼ਨਿਕਾਂ ਦਾ ਇੱਕ ਵੱਖਰਾ ਵਰਗ ਤਿਆਰ ਹੋ ਜਾਵੇਗਾ ਜੋ ਕਿ ਧਰਮ ਦੇ ਦੈਵੀ ਅਨੁਭਵਾਂ ਦੀ ਠੀਕ ਤਰ੍ਹਾਂ ਨਾਲ ਵਿਆਖਿਆ ਕਰ ਸਕਣਗੇ। ਇਥੇ ਇਹ ਸ਼ਰਤ ਵੀ ਹੋਣੀ ਜ਼ਰੂਰੀ ਹੈ ਕਿ ਜਿਸ ਧਰਮ ਦੇ ਦੈਵੀ ਅਨੁਭਵ ਦੀ ਵਿਆਖਿਆ ਕੀਤੀ ਜਾਣੀ ਹੈ ਧਾਰਮਿਕ ਦਾਰਸ਼ਨਿਕ ਵੀ ਉਸੇ ਧਰਮ ਦਾ ਹਿੱਸਾ ਹੋਣੇ ਚਾਹੀਦੇ ਹਨ, ਨਹੀਂ ਤਾਂ ਧਾਰਮਿਕ ਅਨੁਭਵ ਬਾਰੇ ਦਿੱਤੀ ਜਾ ਰਹੀ ਜਾਣਕਾਰੀ ਵਿਚੋਂ ਸ਼ਰਧਾ ਦਾ ਪੱਧਰ ਘੱਟ ਜਾਣ ਦੇ ਆਸਾਰ ਸਪਸ਼ਟ ਨਜ਼ਰ ਆਉਣ ਲੱਗ ਪੈਣਗੇ।

ਸ਼ਰਧਾ, ਵਿਸ਼ਵਾਸ, ਪਰੰਪਰਾ, ਇਲਹਾਮ, ਅਮਰਤਾ, ਕਰਮ, ਪੁਨਰ-ਜਨਮ ਆਦਿ ਧਰਮ ਦਾ ਹਿੱਸਾ ਹਨ। ਇਨ੍ਹਾਂ ਦੀ ਦਾਰਸ਼ਨਿਕ ਵਿਆਖਿਆ ਦੀ ਜ਼ਰੂਰਤ ਪੈਂਦੀ ਹੈ ਤਾਂ ਕਿ ਇਨ੍ਹਾਂ ਬਾਰੇ ਲੋਕਾਂ ਵਿਚ ਦ੍ਰਿੜ੍ਹਤਾ ਅਤੇ ਪਰਪੱਕਤਾ ਪੈਦਾ ਕੀਤੀ ਜਾ ਸਕੇ। ਇਹ ਕੰਮ ਕੇਵਲ ਦਰਸ਼ਨ ਨਹੀਂ ਕਰ ਸਕਦਾ ਕਿਉਂਕਿ ਇਨ੍ਹਾਂ ਦੀ ਦਾਰਸ਼ਨਿਕ ਵਿਆਖਿਆ ਧਰਮ ਸੰਬੰਧੀ ਵਿਸ਼ਵਾਸ ਨੂੰ ਕਮਜ਼ੋਰ ਕਰ ਸਕਦੀ ਹੈ। ਜੇਕਰ ਦਾਰਸ਼ਨਿਕ ਵਿਆਖਿਆ ਇਹ ਸਿੱਧ ਕਰ ਦੇਵੇ ਕਿ ਇਲਹਾਮ ਨਾਂ ਦੀ ਕੋਈ ਚੀਜ਼ ਹੀ ਨਹੀਂ ਹੁੰਦੀ ਜਾਂ ਵਿਅਕਤੀ ਕਰਮ ਅਤੇ ਪੁਨਰ-ਜਨਮ ਦੇ ਗੇੜ ਵਿਚ ਨਹੀਂ ਪੈਂਦਾ, ਇਹ ਸਭ ਫਾਲਤੂ ਗੱਲਾਂ ਹਨ ਤਾਂ ਧਰਮ ਤਾਂ ਜੜ੍ਹੋਂ ਹੀ ਉੱਖੜ ਜਾਵੇਗਾ। ਇਸ ਲਈ ਇਹ ਜ਼ਰੂਰੀ ਹੈ ਕਿ ਇਨ੍ਹਾਂ ਧਾਰਮਿਕ ਵਿਸ਼ਵਾਸਾਂ ਬਾਰੇ ਦ੍ਰਿੜ੍ਹਤਾ ਅਤੇ ਪ੍ਰਪੱਕਤਾ ਪੈਦਾ ਕਰਕੇ ਵੱਧ ਤੋਂ ਵੱਧ ਲੋਕਾਂ ਨੂੰ ਧਰਮ ਨਾਲ ਜੋੜਿਆ ਜਾਵੇ। ਇਹ ਕੰਮ ਕੇਵਲ ਉਹੀ ਵਿਅਕਤੀ ਕਰ ਸਕਦਾ ਹੈ ਜੋ ਧਰਮ ਦੇ ਨਾਲ-ਨਾਲ ਉਨ੍ਹਾਂ ਦਾਰਸ਼ਨਿਕ ਵਿਧੀਆਂ ਦਾ ਵੀ ਮਾਹਿਰ ਹੋਵੇ ਜੋ ਧਰਮ ਨੂੰ ਪ੍ਰਚਾਰਨ ਅਤੇ ਪ੍ਰਸਾਰਨ ਲਈ ਇਸਤੇਮਾਲ ਕੀਤੀਆ ਜਾਂਦੀਆਂ ਹਨ। ਧਰਮ ਦਰਸ਼ਨ ਏਥੇ ਵਿਅਕਤੀ ਦੀ ਸਹਾਇਤਾ ਕਰਦਾ ਹੈ ਅਤੇ ਉਸ ਨੂੰ ਸਹੀ ਦਿਸ਼ਾ ਨਿਰਦੇਸ਼ ਪ੍ਰਦਾਨ ਕਰਦਾ ਹੈ।

ਧਰਮ ਦੇ ਕੁਝ ਵਿਸ਼ੇਸ਼ ਚਿੰਨ੍ਹ ਅਤੇ ਸੰਕੇਤ ਹੁੰਦੇ ਹਨ ਜਿਨ੍ਹਾਂ ਨੂੰ ਭਾਸ਼ਾ ਰਾਹੀਂ ਸਮਝਾਇਆ ਜਾਂਦਾ ਹੈ ਉਨ੍ਹਾਂ ਚਿੰਨ੍ਹਾਂ ਅਤੇ ਸੰਕੇਤਾਂ ਬਾਰੇ ਜਾਣਕਾਰੀ ਗ੍ਰਹਿਣ ਤਾਂ ਹੀ ਹੋ ਸਕਦੀ ਹੈ ਜੇਕਰ ਉਨ੍ਹਾਂ ਦੀ ਭਾਸ਼ਾ ਦੀ ਸਮਝ ਦੇ ਨਾਲ-ਨਾਲ ਇਹ ਵੀ ਪਤਾ ਹੋਵੇ ਕਿ ਇਹ ਚਿੰਨ੍ਹ ਅਤੇ ਸੰਕੇਤ ਕਿਵੇਂ ਦੈਵੀ ਅਨੁਭਵ ਦਾ ਹਿੱਸਾ ਹੁੰਦੇ ਹਨ ਜਾਂ ਧਰਮ ਵਿਚ ਇਨ੍ਹਾਂ ਚਿੰਨ੍ਹਾਂ ਅਤੇ ਸੰਕੇਤਾਂ ਦਾ ਕੀ ਮਹੱਤਵ ਹੈ। ਜਿੱਥੇ ਧਰਮ ਕੁਝ ਨਹੀਂ ਕਹਿੰਦਾ, ਉਥੇ ਚਿੰਨ੍ਹਾਂ ਅਤੇ ਸੰਕੇਤਾਂ ਦੀ ਦਾਰਸ਼ਨਿਕ ਵਿਆਖਿਆ ਦੀ ਲੋੜ ਪੈਂਦੀ ਹੈ। ਧਰਮ ਦੀ ਇਸ ਦਾਰਸ਼ਨਿਕ ਵਿਆਖਿਆ ਰਾਹੀਂ ਚਿੰਨ੍ਹਾਂ ਅਤੇ ਸੰਕੇਤਾਂ ਦੇ ਅਸਲ ਅਰਥ ਅਤੇ ਮਹੱਤਵ

ਤੋਂ ਜਾਣੂ ਹੋਇਆ ਜਾ ਸਕਦਾ ਹੈ। ਧਰਮ ਦਰਸ਼ਨ ਇਥੇ ਅਹਿਮ ਭੂਮਿਕਾ ਨਿਭਾਉਂਦਾ ਹੈ ਅਤੇ ਧਾਰਮਿਕ ਚਿੰਨ੍ਹਾਂ ਅਤੇ ਸੰਕੇਤਾਂ ਬਾਰੇ ਸਹੀ ਜਾਣਕਾਰੀ ਦਿੰਦਾ ਹੈ।

**ਧਰਮ ਦਰਸ਼ਨ ਦਾ ਖੇਤਰ**

ਆਮ ਤੌਰ 'ਤੇ ਇਹ ਕਿਹਾ ਜਾਂਦਾ ਹੈ ਕਿ ਧਰਮ ਦਾ ਸਬੰਧ ਦਿਲ ਨਾਲ ਹੁੰਦਾ ਹੈ ਅਤੇ ਦਰਸ਼ਨ ਦਾ ਸੰਬੰਧ ਬੁਧੀ (ਦਿਮਾਗ) ਨਾਲ ਹੁੰਦਾ ਹੈ। ਦਿਲ ਦਾ ਸੰਬੰਧ ਵਿਅਕਤੀ ਦੀਆਂ ਭਾਵਨਾਵਾਂ ਨਾਲ ਹੁੰਦਾ ਹੈ। ਇਸੇ ਕਰਕੇ ਜਦੋਂ ਧਰਮ ਨਾਲ ਸੰਬੰਧਤ ਕੋਈ ਗੱਲ ਸਾਹਮਣੇ ਆਉਂਦੀ ਹੈ ਤਾਂ ਵਿਅਕਤੀ ਬਹੁਤ ਛੇਤੀ ਆਪਣੀ ਰਾਏ ਪ੍ਰਗਟ ਕਰ ਦਿੰਦੇ ਹਨ। ਇਸ ਨਾਲ ਕਈ ਵਾਰ ਵਿਅਕਤੀ ਦਾ ਨੁਕਸਾਨ ਹੋਣ ਦੀ ਸੰਭਾਵਨਾ ਵੀ ਬਣੀ ਰਹਿੰਦੀ ਹੈ। ਪਰ ਇਸਦੇ ਉਲਟ ਦਰਸ਼ਨ ਕੇਵਲ ਬੁੱਧੀ ਦਾ ਵਿਸ਼ਾ ਹੈ। ਇਸ ਵਿਚ ਕਿਸੇ ਗੁੰਝਲਦਾਰ ਪ੍ਰਸ਼ਨ ਨੂੰ ਬੁੱਧੀ ਨਾਲ ਸਮਝਾਉਣ ਦਾ ਯਤਨ ਕੀਤਾ ਜਾਂਦਾ ਹੈ। ਪਰ ਕਈ ਵਾਰ ਗੁੰਝਲ ਹੱਲ ਹੋਣ ਦੀ ਬਜਾਏ ਹੋਰ ਵੀ ਉਲਝਦੀ ਨਜ਼ਰ ਆਉਂਦੀ ਹੈ। ਇਸ ਤਰ੍ਹਾਂ ਕਰਦਾ ਹੋਇਆ ਵਿਅਕਤੀ ਕਈ ਵਾਰੀ ਕਿਸੇ ਨਤੀਜੇ ਤੇ ਨਹੀਂ ਪਹੁੰਚ ਸਕਦਾ ਅਤੇ ਉਸ ਨੂੰ ਨਿਰਾਸ਼ ਹੋਣਾ ਪੈਂਦਾ ਹੈ। ਇਸ ਲਈ ਜਿਵੇਂ ਕਿਸੇ ਮਸਲੇ ਨੂੰ ਹੱਲ ਕਰਨ ਲਈ ਬੁੱਧੀ ਅਤੇ ਭਾਵਨਾ ਇਕੱਠੇ ਮਿਲ ਕੇ ਕੰਮ ਕਰਦੇ ਹਨ ਉਸੇ ਤਰ੍ਹਾਂ ਦੁਨਿਆਵੀ ਅਤੇ ਦੁਨੀਆਂ ਤੋਂ ਪਰੇ ਦੇ ਮਸਲੇ ਹੱਲ ਕਰਨ ਲਈ ਧਰਮ ਦਰਸ਼ਨ ਦੀ ਲੋੜ ਪੈਂਦੀ ਹੈ।

ਧਰਮ ਦਰਸ਼ਨ ਵਿਚ ਹਮੇਸ਼ਾਂ ਉਨ੍ਹਾਂ ਦਾਰਸ਼ਨਿਕ ਆਧਾਰਾਂ ਦੀ ਗੱਲ ਕੀਤੀ ਜਾਂਦੀ ਹੈ ਜੋ ਵਿਅਕਤੀ ਨੂੰ ਇਕ ਚੰਗੀ ਜੀਵਨ ਜਾਂਚ ਸਿਖਾਉਣ ਵਿਚ ਮਦਦ ਕਰਦੇ ਹਨ। ਇਸ ਰਾਹੀਂ ਵਿਅਕਤੀ ਗਿਆਨ ਦੇ ਨਾਲ-ਨਾਲ ਅਨੁਭਵ ਵੀ ਹਾਸਲ ਕਰ ਸਕਦਾ ਹੈ। ਦਰਸ਼ਨ ਦਾ ਮੁੱਖ ਵਿਸ਼ਾ ਸ਼ੁੱਧ ਗਿਆਨ ਹਾਸਲ ਕਰਨਾ ਹੈ ਅਤੇ ਇਹ ਗਿਆਨ ਕਿਤੋਂ ਵੀ ਪ੍ਰਾਪਤ ਕੀਤਾ ਜਾ ਸਕਦਾ ਹੈ। ਦਰਸ਼ਨ ਹਮੇਸ਼ਾਂ ਵਿਗਿਆਨਕ ਢੰਗ ਤਰੀਕਿਆਂ ਨਾਲ ਗਿਆਨ ਹਾਸਲ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਜੋ ਗਿਆਨ ਦੀ ਪ੍ਰਾਪਤੀ ਲਈ ਕਿਸੇ ਤਰ੍ਹਾਂ ਦੀ ਅਸ਼ੁੱਧੀ ਤੋਂ ਬਚਿਆ ਜਾ ਸਕੇ। ਧਾਰਮਿਕ ਗਿਆਨ ਹਾਸਲ ਕਰਨਾ ਵੀ ਦਰਸ਼ਨ ਦਾ ਕੰਮ ਹੈ ਜੋ ਉਸ ਦੀ ਇਕ ਸ਼ਾਖਾ ਧਰਮ ਦਰਸ਼ਨ ਰਾਹੀਂ ਕੀਤਾ ਜਾਂਦਾ ਹੈ। ਕਿਸੇ ਵੀ ਤਰ੍ਹਾਂ ਦਾ ਧਾਰਮਿਕ ਗਿਆਨ ਹਾਸਲ ਕਰਨਾ ਧਰਮ ਦਰਸ਼ਨ ਦਾ ਵਿਸ਼ਾ ਬਣ ਜਾਂਦਾ ਹੈ। ਇਹ ਕਿਸੇ ਇਕ ਧਰਮ ਤੱਕ ਹੀ ਸੀਮਤ ਨਹੀਂ ਹੁੰਦਾ। ਇਸ ਵਿਚ ਸਾਰੇ ਧਰਮਾਂ ਵਿਚਲੇ ਦੈਵੀ ਅਨੁਭਵ ਆ ਜਾਂਦੇ ਹਨ ਜਿਵੇਂ ਰੂਹਾਂ ਵਿਚ ਵਿਸ਼ਵਾਸ, ਦੈਵੀ ਸ਼ਕਤੀਆਂ ਵਿਚ ਵਿਸ਼ਵਾਸ, ਜਾਦੂ ਵਿਚ ਵਿਸ਼ਵਾਸ ਆਦਿ। ਧਰਮ ਦਰਸ਼ਨ ਅਜਿਹੇ ਵਿਸ਼ਵਾਸਾਂ ਦਾ ਵਿਸ਼ਲੇਸ਼ਣ ਕਰਕੇ ਇਨ੍ਹਾਂ ਦੇ ਸਹੀ ਅਰਥ ਅਤੇ ਉਦੇਸ਼ਾਂ ਤੱਕ ਪੁੱਜਣ ਦੀ ਕੋਸ਼ਿਸ਼ ਕਰਦਾ ਹੈ। ਇਸ ਤੋਂ ਇਲਾਵਾ ਕਿਸੇ ਵੀ ਧਰਮ ਵਿਚ ਪਾਈ ਜਾਂਦੀ ਰੱਬ ਦੀ ਹੋਂਦ, ਮੁਕਤੀ, ਪੂਜਾ, ਪ੍ਰਾਰਥਨਾ, ਪਰੰਪਰਾ, ਰੀਤੀ-ਰਿਵਾਜ਼ ਆਦਿ ਦੀ ਵਿਆਖਿਆ ਵੀ ਧਰਮ ਦਰਸ਼ਨ ਦੇ ਅੰਦਰ ਹੋ ਸਕਦੀ ਹੈ। ਹੁਣ ਜੇਕਰ ਇਹ ਕਿਹਾ ਜਾਵੇ ਕਿ ਹਰ ਤਰ੍ਹਾਂ ਦੇ ਵਿਸ਼ੇ ਕੇਵਲ ਮਨੁੱਖ ਦੁਆਲੇ ਹੀ ਘੁੰਮਦੇ ਹਨ ਤਾਂ ਇਹ ਕਹਿਣਾ ਵੀ ਅਨੁਚਿਤ ਨਹੀਂ ਹੋਵੇਗਾ ਕਿ ਵਿਅਕਤੀ ਨਾਲ ਸੰਬੰਧਤ ਕਿਸੇ ਵੀ ਵਿਸ਼ੇ ਦੇ ਅਧਿਐਨ ਵਿਚ ਧਰਮ ਦਰਸ਼ਨ ਆਪਣੀ ਭੂਮਿਕਾ ਨਿਭਾਉਂਦਾ ਹੈ ਕਿਉਂਕਿ ਧਰਮ ਵਿਅਕਤੀ ਦੇ ਜਨਮ ਤੋਂ ਪਹਿਲਾਂ ਤੋਂ ਲੈ ਕੇ ਮਰਨ ਤੋਂ ਬਾਅਦ ਤੱਕ ਦੇ ਸਾਰੇ ਸੰਸਕਾਰਾਂ ਨਾਲ ਜੁੜਿਆ ਹੋਇਆ ਹੈ। ਇਕੋ ਸਮੇਂ ਵਿਅਕਤੀ ਨੂੰ ਧਰਮ ਦੇ ਨਾਲ-ਨਾਲ ਉਸਦੀ ਦਾਰਸ਼ਨਿਕ ਵਿਆਖਿਆ ਦੀ ਲੋੜ ਵੀ ਪੈਂਦੀ ਰਹਿੰਦੀ ਹੈ ਜਿਸਦੀ ਪੂਰਤੀ ਧਰਮ ਦਰਸ਼ਨ ਰਾਹੀਂ ਹੀ ਸੰਭਵ ਮੰਨੀ ਗਈ ਹੈ।

ਹਰ ਇਕ ਵਿਅਕਤੀ ਕਿਸੇ ਨਾ ਕਿਸੇ ਸਮਾਜ, ਕਬੀਲੇ ਅਤੇ ਰਾਸ਼ਟਰ ਦਾ ਹਿੱਸਾ ਹੈ। ਜਿਸ ਵੀ ਸਮਾਜ, ਕਬੀਲੇ ਜਾਂ ਰਾਸ਼ਟਰ ਵਿਚ ਵਿਅਕਤੀ ਰਹਿੰਦਾ ਹੈ ਜ਼ਰੂਰੀ ਨਹੀਂ ਕਿ ਉਥੇ ਰਹਿੰਦੇ ਸਾਰੇ ਵਿਅਕਤੀ ਇਕੋ ਧਰਮ ਵਿਚ ਵਿਸ਼ਵਾਸ਼ ਰੱਖਦੇ ਹੋਣ, ਇਸ ਤਰ੍ਹਾਂ ਇਕ ਸਮਾਜ ਵਿਚ ਵਖਰੇਵਾਂ ਦੇਖਿਆ ਜਾ ਸਕਦਾ ਹੈ। ਇਹ ਧਾਰਮਿਕ ਵਖਰੇਵਾਂ ਕਈ ਵਾਰ ਸਮਾਜ ਅਤੇ ਰਾਸ਼ਟਰ ਨੂੰ ਹਾਨੀ ਪਹੁੰਚਾ ਸਕਦਾ ਹੈ। ਇਸ ਲਈ ਜ਼ਰੂਰੀ ਹੈ ਕਿ ਹਰ ਇਕ ਵਿਅਕਤੀ ਦੇ ਧਾਰਮਿਕ ਰੀਤੀ-ਰਿਵਾਜਾਂ ਨੂੰ ਸੁਰੱਖਿਅਤ ਰੱਖਿਆ ਜਾਵੇ। ਜਦੋਂ ਇਸ ਕੰਮ ਲਈ ਕਾਨੂੰਨ ਬਣਾਏ ਜਾਂਦੇ ਹਨ ਤਾਂ ਕਈ ਵਾਰ ਉਹ ਨਾਕਾਫ਼ੀ ਸਾਬਤ ਹੁੰਦੇ ਹਨ ਕਿਉਂਕਿ ਕਾਨੂੰਨ ਵੀ ਵਿਅਕਤੀਆਂ ਦੁਆਰਾ ਹੀ ਬਣਾਏ ਜਾਂਦੇ ਹਨ। ਇਸ ਲਈ ਜੇਕਰ ਵਿਅਕਤੀ ਅੰਦਰ ਧਾਰਮਿਕ ਚੇਤਨਾ ਅਤੇ ਧਰਮ ਦੀ ਅਸਲ ਸਮਝ ਪੈਦਾ ਹੋ ਜਾਵੇ ਤਾਂ ਇਹ ਮਸਲਾ ਕਾਫ਼ੀ ਹੱਦ ਤੱਕ ਸੁਲਝਾਇਆ ਜਾ ਸਕਦਾ ਹੈ। ਇਹ ਧਾਰਮਿਕ ਚੇਤਨਾ ਪੈਦਾ ਕਿਵੇਂ ਹੋਵੇ? ਇਸ ਕੰਮ ਵਿਚ ਧਰਮ ਦਰਸ਼ਨ ਵਿਅਕਤੀ ਦੀ ਸਹਾਇਤਾ ਕਰਦਾ ਹੈ ਜੋ ਵਿਅਕਤੀ ਅੰਦਰ ਧਰਮ ਦੀ ਅਸਲ ਸੋਝੀ ਪੈਦਾ ਕਰਕੇ ਉਸ ਨੂੰ ਧਾਰਮਿਕ ਵਖਰੇਵਿਆਂ ਤੋਂ ਦੂਰ ਰੱਖਣ ਦਾ ਫਰਜ਼ ਨਿਭਾਉਂਦਾ ਹੈ।

**ਧਰਮ ਦਰਸ਼ਨ ਦੀ ਵਿਸ਼ੇਸ਼ਤਾ**

ਧਰਮ ਇਕ ਸੁਤੰਤਰ ਵਿਸ਼ਾ ਹੈ ਅਤੇ ਦਰਸ਼ਨ ਵੀ ਕਿਸੇ ਦਾ ਗੁਲਾਮ ਨਹੀਂ। ਇਨ੍ਹਾਂ ਦੋਵਾਂ ਦੇ ਮੇਲ ਤੋਂ ਜਿਹੜਾ ਨਵਾਂ ਵਿਸ਼ਾ ਹੋਂਦ ਵਿਚ ਆਇਆ ਹੈ ਉਹ ਵੀ ਆਪਣੇ ਆਪ ਵਿਚ ਸੁਤੰਤਰ ਹੈ, ਜਿਸ ਨੂੰ ਧਰਮ ਦਰਸ਼ਨ ਕਿਹਾ ਜਾਂਦਾ ਹੈ। ਇਸਦੀ ਆਪਣੀ ਵੱਖਰੀ ਪਹਿਚਾਣ ਹੈ ਅਤੇ ਇਸਦੀ ਆਪਣੀ ਵਿਸ਼ੇਸ਼ਤਾ ਹੈ। ਇਹ ਵਿਸ਼ਾ ਨਾ ਤਾਂ ਕੇਵਲ ਧਰਮ ਦਾ ਪੱਖ ਪੂਰਦਾ ਹੈ ਅਤੇ ਨਾ ਦਰਸ਼ਨ ਦਾ। ਕਹਿਣ ਤੋਂ ਭਾਵ ਕਿ ਇਹ ਵਿਸ਼ਾ ਨਾ ਕੇਵਲ ਵਿਸ਼ਵਾਸੀ ਅਤੇ ਅੰਧ ਵਿਸ਼ਵਾਸੀ ਹੋਣ ਦੀ ਪ੍ਰੇਰਣਾ ਦਿੰਦਾ ਹੈ ਅਤੇ ਨਾ ਕੇਵਲ ਫੋਕੀ ਬਹਿਸ ਦੀ। ਇਸ ਵਿਚ ਲਏ ਗਏ ਵਿਸ਼ਵਾਸ ਅਤੇ ਗਿਆਨ ਦੋਵਾਂ 'ਤੇ ਨਿਰਭਰ ਕਰਦੇ ਹਨ। ਇਸ ਵਿਸ਼ੇ ਰਾਹੀਂ ਵਿਅਕਤੀ ਨੂੰ ਇਹ ਦ੍ਰਿੜ੍ਹ ਕਰਾਉਣ ਦਾ ਉਪਰਾਲਾ ਕੀਤਾ ਗਿਆ ਹੈ ਕਿ ਧਾਰਮਿਕ ਤੱਤਾਂ ਦਾ ਬੌਧਿਕ ਗਿਆਨ ਸੰਭਵ ਹੈ, ਜੋ ਕਿ ਵਿਵੇਕ ਬੁੱਧੀ ਰਾਹੀਂ ਹਾਸਲ ਕੀਤਾ ਜਾ ਸਕਦਾ ਹੈ। ਇਥੇ ਬੌਧਿਕ ਗਿਆਨ ਦੇ ਨਾਲ-ਨਾਲ ਵਿਅਕਤੀ ਦਾ ਵਿਸ਼ਵਾਸ ਵੀ ਸ਼ਾਮਲ ਹੁੰਦਾ ਹੈ ਜੋ ਕਿ ਵਿਅਕਤੀ ਅੰਦਰ ਧਾਰਮਿਕ ਤੱਤਾਂ ਬਾਰੇ ਗੰਭੀਰ ਜਾਣਕਾਰੀ ਹਾਸਲ ਕਰਨ ਦੀ ਸਮਰੱਥਾ ਪੈਦਾ ਕਰਦਾ ਹੈ।

ਧਾਰਮਿਕ ਤੱਤਾਂ ਰਾਹੀਂ ਇਹ ਪਤਾ ਲੱਗਦਾ ਹੈ ਕਿ ਇਹ ਸੰਸਾਰ ਬੇਅੰਤ ਹੈ, ਵਿਸ਼ਾਲ ਹੈ, ਅਨੰਤ ਹੈ। ਇਸਦੇ ਬਾਰੇ ਵਿਅਕਤੀ ਦੀ ਪਹੁੰਚ ਕੇਵਲ ਸ਼ੂਨਯ ਦੇ ਬਰਾਬਰ ਹੈ। ਇਥੇ ਵਿਸ਼ਵਾਸ ਦਾ ਜਨਮ ਹੁੰਦਾ ਹੈ, ਪਰ ਜਦੋਂ ਧਰਮ ਦੇ ਇਹ ਤੱਥ ਧਰਮ ਦਰਸ਼ਨ ਦਾ ਵਿਸ਼ਾ ਬਣ ਜਾਂਦੇ ਹਨ ਤਾਂ ਸਮਝਿਆ ਜਾਂਦਾ ਹੈ ਕਿ ਵਿਅਕਤੀ ਵੀ ਇਨ੍ਹਾਂ ਤੱਥਾਂ ਬਾਰੇ ਜਾਣਕਾਰੀ ਹਾਸਲ ਕਰਨ ਦੀ ਸਮਰੱਥਾ ਰੱਖਦਾ ਹੈ ਅਤੇ ਉਹ ਕੇਵਲ ਸ਼ੂਨਯ ਨਹੀਂ ਹੈ। ਇਥੇ ਵਿਅਕਤੀ ਦੀ ਬੁੱਧੀ ਕੱਛੂਕੁੰਮੇ ਵਾਲੀ ਤੋਰ ਤੁਰਦੀ ਹੈ, ਜੋ ਕਿ ਸੜਕ ਤੇ ਤੁਰਦਾ ਹੋਇਆ ਸੜਕ ਦੇ ਹਰ ਪਹਿਲੂ ਬਾਰੇ ਜਾਣਕਾਰੀ ਹਾਸਲ ਕਰਦਾ ਹੈ। ਧਰਮ ਦਰਸ਼ਨ ਵਿਚ ਵਿਅਕਤੀ ਆਪਣੀ ਵਿਵੇਕ ਬੁੱਧੀ ਰਾਹੀਂ ਸੰਸਾਰ ਬਾਰੇ ਜਾਣਕਾਰੀ ਹਾਸਲ ਕਰਨ ਦੀ ਹਮੇਸ਼ਾਂ ਕੋਸ਼ਿਸ਼ ਵਿਚ ਰਹਿੰਦਾ ਹੈ। ਇਸ ਕੰਮ ਵਿਚ ਧਾਰਮਿਕ ਵਿਸ਼ਵਾਸ ਨੂੰ ਠੇਸ ਨਾ ਪਹੁੰਚੇ ਇਸ ਲਈ ਗੰਭੀਰ ਅਧਿਐਨ ਰਾਹੀਂ ਸਿੱਟੇ ਪ੍ਰਾਪਤ ਕਰਦਾ ਹੈ। ਧਰਮ ਦਰਸ਼ਨ ਰਾਹੀਂ ਪ੍ਰਾਪਤ ਕੀਤੇ ਸਿੱਟੇ ਭਾਵੇਂ ਸਥਾਈ ਨਹੀਂ ਹੁੰਦੇ ਫਿਰ ਵੀ ਬਹੁਗਿਣਤੀ ਇਨ੍ਹਾਂ ਨੂੰ ਅਪਨਾਉਣ ਲਈ ਤਿਆਰ ਰਹਿੰਦੀ ਹੈ ਕਿਉਂਕਿ ਧਰਮ ਦਰਸ਼ਨ ਰਾਹੀਂ ਪ੍ਰਾਪਤ ਕੀਤੇ ਸਿੱਟੇ ਵਿਅਕਤੀ ਦੀਆਂ ਭਾਵਨਾਵਾਂ ਦੇ ਨਾਲ-ਨਾਲ ਉਸਦੀਆਂ ਨਵੀਨ ਮੰਜ਼ਲਾਂ ਲਈ ਵੀ ਸਹਾਈ ਹੁੰਦੇ ਹਨ।

ਧਰਮ ਦਰਸ਼ਨ ਵਿਚ ਕਈ ਵਾਰੀ ਇਕ ਤੋਂ ਵਧੇਰੇ ਧਰਮਾਂ ਦਾ ਅਧਿਐਨ ਵੀ ਕੀਤਾ ਜਾਂਦਾ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਵੱਖ-ਵੱਖ ਧਰਮਾਂ ਦੇ ਅਧਿਐਨ ਵਿਚ ਕਿਸੇ ਧਰਮ ਨੂੰ ਠੇਸ ਨਾ ਪਹੁੰਚੇ, ਧਰਮ ਦਰਸ਼ਨ ਰਾਹੀਂ ਕੀਤੇ ਅਧਿਐਨ ਵਿਚ ਇਸ ਗੱਲ ਦਾ ਖ਼ਿਆਲ ਵੀ ਰੱਖਿਆ ਜਾਂਦਾ ਹੈ। ਇਸ ਰਾਹੀਂ ਨਿਰਪੱਖ ਦ੍ਰਿਸ਼ਟੀਕੋਣ ਤੋਂ ਧਰਮਾਂ ਦਾ ਅਧਿਐਨ ਕੀਤਾ ਜਾਂਦਾ ਹੈ। ਕਿਸੇ ਇਕ ਧਰਮ ਨੂੰ ਸ਼੍ਰੇਸ਼ਟ ਦਰਸਾਉਣਾ ਇਸ ਦੇ ਉਦੇਸ਼ਾਂ ਵਿਚ ਸ਼ਾਮਿਲ ਨਹੀਂ ਹੁੰਦਾ। ਧਰਮ ਦਰਸ਼ਨ ਦੇ ਅਜਿਹੇ ਅਧਿਐਨ ਰਾਹੀਂ ਕਈ ਵਾਰੀ ਅਸੀਂ ਇਹ ਸੋਚਣ ਤੇ ਮਜ਼ਬੂਰ ਹੋ ਜਾਂਦੇ ਹਾਂ ਕਿ ਵੱਖ-ਵੱਖ ਧਰਮਾਂ ਦਾ ਉਦੇਸ਼ ਲਗਭਗ ਇਕੋ ਹੈ ਅਤੇ ਸਾਰੇ ਧਰਮਾਂ ਵਿਚ ਬਹੁਤ ਸਾਰੀਆਂ ਸਮਾਨਤਾਵਾਂ ਹਨ। ਬਾਹਰੀ ਤੌਰ 'ਤੇ ਆਪੋ ਵਿਚ ਵਿਰੋਧੀ ਦਿਖਾਈ ਦੇ ਰਹੇ ਧਰਮ ਇਕ ਦੂਜੇ ਦੇ ਕਿੰਨੇ ਨੇੜੇ ਹਨ, ਕਿਹੜੀਆਂ ਗੱਲਾਂ ਸਾਰੇ ਧਰਮਾਂ ਵਿਚ ਸਾਂਝੀਆਂ ਹਨ, ਕਿਹੜੀਆਂ ਗੱਲਾਂ ਤੇ ਆਮ ਸਹਿਮਤੀ ਹੋ ਸਕਦੀ ਹੈ, ਧਰਮ ਵਿਚਲੇ ਕਿਹੜੇ ਵਿਸ਼ਵਾਸ ਆਪਾ ਵਿਰੋਧੀ ਹਨ ਆਦਿ ਸਬੰਧੀ ਜਾਣਕਾਰੀ ਧਰਮ ਦਰਸ਼ਨ ਰਾਹੀਂ ਸੰਭਵ ਹੋ ਸਕੀ ਹੈ। ਇਸ ਤੋਂ ਇਲਾਵਾ ਧਰਮ ਦਰਸ਼ਨ ਦੀ ਇਹ ਵੀ ਵਿਸ਼ੇਸ਼ਤਾ ਹੈ ਕਿ ਇਹ ਕਿਸੇ ਵੀ ਧਰਮ ਵਿਚਲੇ ਵਿਸ਼ਵਾਸਾਂ ਬਾਰੇ ਗਹਿਨ ਅਧਿਐਨ ਕਰਕੇ ਇਹ ਦੱਸ ਸਕਦਾ ਹੈ ਕਿ ਕਿਹੜਾ ਧਾਰਮਿਕ ਵਿਸ਼ਵਾਸ ਸੱਚ ਦੇ ਜ਼ਿਆਦਾ ਨੇੜੇ ਹੈ, ਕਿਹੜੇ ਧਾਰਮਿਕ ਵਿਸ਼ਵਾਸ ਵਿਅਕਤੀ ਲਈ ਖੜੋਤ ਦਾ ਕੰਮ ਕਰਦੇ ਹਨ, ਕਿਹੜੇ ਧਾਰਮਿਕ ਵਿਸ਼ਵਾਸ ਵਿਅਕਤੀ ਦੇ ਅਧਿਆਤਮਕ ਵਿਕਾਸ ਵਿਚ ਹਿੱਸਾ ਪਾ ਸਕਦੇ ਹਨ, ਕਿਹੜੇ ਧਾਰਮਿਕ ਵਿਸ਼ਵਾਸਾਂ ਵਿਚ ਤਾਲ-ਮੇਲ ਪੈਦਾ ਕੀਤਾ ਜਾ ਸਕਦਾ ਹੈ, ਕਿਹੜੇ ਧਾਰਮਿਕ ਵਿਸ਼ਵਾਸ ਵਿਅਕਤੀ ਦੇ ਅਮਲੀ ਜੀਵਨ ਵਿਚ ਹਿੱਸਾ ਪਾਉਂਦੇ ਹਨ। ਇਸ ਤਰ੍ਹਾਂ ਧਰਮ ਦਰਸ਼ਨ ਦੀ ਇਹ ਵਿਸ਼ੇਸ਼ਤਾ ਹੈ ਕਿ ਉਹ ਧਾਰਮਿਕ ਵਿਸ਼ਵਾਸਾਂ ਨੂੰ ਵਿਵੇਕ ਬੁੱਧੀ ਦੇ ਘੇਰੇ ਵਿਚ ਲਿਆ ਕੇ ਪਰਖਣ ਦੀ ਸਮਰੱਥਾ ਰੱਖਦਾ ਹੈ ਅਤੇ ਵਿਅਕਤੀ ਦੇ ਅਧਿਆਤਮਕ ਅਤੇ ਸਮਾਜਿਕ ਵਿਕਾਸ ਲਈ ਲਗਾਤਾਰ ਯਤਨਸ਼ੀਲ ਰਹਿੰਦਾ ਹੈ।

ਜੋ ਕੰਮ ਇਕੱਲਾ ਧਰਮ ਨਹੀਂ ਕਰ ਸਕਿਆ ਅਤੇ ਜਿਸ ਕੰਮ ਵਿਚ ਦਰਸ਼ਨ ਪੂਰੀ ਤਰ੍ਹਾਂ ਸਮਰੱਥ ਸਾਬਤ ਨਹੀਂ ਹੋਇਆ ਉਸ ਕੰਮ ਨੂੰ ਧਰਮ ਦਰਸ਼ਨ ਨੇ ਬੜੀ ਆਸਾਨੀ ਨਾਲ ਨੇਪਰੇ ਚਾੜ੍ਹਿਆ। ਫੋਕੀ ਬਹਿਸ ਅਤੇ ਅੰਧ-ਵਿਸ਼ਵਾਸ ਵਿਚੋਂ ਵਿਅਕਤੀ ਨੂੰ ਬਾਹਰ ਕੱਢਣ ਦਾ ਕੰਮ ਧਰਮ ਦਰਸ਼ਨ ਰਾਹੀਂ ਹੀ ਸੰਭਵ ਹੋ ਸਕਿਆ। ਧਰਮ ਦਰਸ਼ਨ ਨੇ ਕਦਰਾਂ-ਕੀਮਤਾਂ

ਨੂੰ ਵਿਸ਼ਵਾਸ ਦੇ ਘੇਰੇ ਵਿਚ ਲਿਆ ਕੇ ਮੰਨਣਯੋਗ ਬਣਾਇਆ ਅਤੇ ਵਿਅਕਤੀ ਦੇ ਧਾਰਮਿਕ ਵਿਸ਼ਵਾਸਾਂ ਵਿਚ ਪਾਏ ਜਾਂਦੇ ਭੁਲੇਖਿਆਂ ਨੂੰ ਦੂਰ ਕਰਨ ਦਾ ਕੰਮ ਕੀਤਾ। ਸਮਾਜ ਵਿਚ ਜਿਨ੍ਹਾਂ ਧਾਰਮਿਕ ਵਖਰੇਵਿਆਂ ਦਾ ਡਰ ਹਮੇਸ਼ਾਂ ਬਣਿਆ ਰਹਿੰਦਾ ਹੈ ਉਨ੍ਹਾਂ ਬਾਰੇ ਸਹੀ ਗਿਆਨ ਅਤੇ ਉਨ੍ਹਾਂ ਨੂੰ ਦੂਰ ਕਰਨ ਦੀ ਵਿਧੀ ਧਰਮ ਦਰਸ਼ਨ ਰਾਹੀਂ ਸੰਭਵ ਹੋ ਸਕੀ ਹੈ। ਧਰਮ ਦਰਸ਼ਨ ਨੇ ਧਾਰਮਿਕ ਵਿਸ਼ਵਾਸ ਦੀ ਪੁਣ-ਛਾਣ ਕਰਨ ਅਤੇ ਉਨ੍ਹਾਂ ਨੂੰ ਸਹੀ ਸੇਧ ਪ੍ਰਦਾਨ ਕਰਨ ਦਾ ਬੀੜਾ ਚੁੱਕਿਆ। ਇਸ ਤਰ੍ਹਾਂ ਧਰਮ ਦਰਸ਼ਨ ਨੇ ਧਾਰਮਿਕ ਵਿਸ਼ਵਾਸਾਂ ਪ੍ਰਤੀ ਮਨੁੱਖੀ ਚੇਤਨਾ ਜਾਗਰਤ ਕਰਨ ਅਤੇ ਉਨ੍ਹਾਂ ਨੂੰ ਦ੍ਰਿੜ੍ਹ ਕਰਾਉਣ ਲਈ ਸ਼ਲਾਘਾਯੋਗ ਕਦਮ ਚੁੱਕੇ ਅਤੇ ਉਹ ਧਾਰਮਿਕ ਇਤਿਹਾਸ ਦਾ ਹਿੱਸਾ ਬਣ ਗਏ।

ਪਾਠ ਨੰ: 1.2 ਲੇਖਕ : ਡਾ. ਪਰਮਵੀਰ ਸਿੰਘ

# ਧਰਮ ਦਰਸ਼ਨ ਅਤੇ ਹੋਰ ਵਿਸ਼ੇ

## ਧਰਮ ਦਰਸ਼ਨ

ਧਰਮ ਦਰਸ਼ਨ ਨਵੇਂ ਵਿਸ਼ੇ ਦੇ ਰੂਪ ਵਿਚ ਸਾਹਮਣੇ ਆਇਆ ਹੈ ਅਤੇ ਇਸ ਨੇ ਧਰਮ ਨੂੰ ਅੰਧ-ਵਿਸ਼ਵਾਸ ਵਿਚੋਂ ਕੱਢ ਕੇ ਨਵੇਂ ਤਰੀਕੇ ਨਾਲ ਅਧਿਐਨ ਦਾ ਵਿਸ਼ਾ ਬਣਾਇਆ ਹੈ। ਧਰਮ ਦਰਸ਼ਨ ਦੇ ਅਜਿਹਾ ਕਰਨ ਨਾਲ ਧਰਮ ਨੂੰ ਕੋਈ ਹਾਨੀ ਨਹੀਂ ਹੋਈ ਬਲਕਿ ਇਸ ਨੇ ਧਾਰਮਿਕ ਵਿਸ਼ਵਾਸਾਂ ਨੂੰ ਹੋਰ ਦ੍ਰਿੜ੍ਹ ਅਤੇ ਪਰਪੱਕ ਕੀਤਾ ਹੈ। ਧਰਮ ਦਰਸ਼ਨ ਨੇ ਧਰਮ ਨੂੰ ਦਾਰਸ਼ਨਿਕ ਆਧਾਰਾਂ ਤੇ ਪੇਸ਼ ਕਰਨ ਦੀ ਨਵੀਂ ਪਿਰਤ ਪਾਈ ਹੈ। ਧਰਮ ਦਰਸ਼ਨ ਦੇ ਅਜਿਹੇ ਕਾਰਜ ਨੇ ਧਰਮ ਵਿਚ ਪੈਦਾ ਹੋ ਰਹੀ ਖੜੋਤ ਨੂੰ ਤੋੜ ਕੇ ਇਸ ਨੂੰ ਅੱਗੇ ਵਧਾਉਣ ਦਾ ਕੰਮ ਕੀਤਾ ਹੈ ਅਤੇ ਧਰਮ ਨੂੰ ਨਵੀਂ ਦਿਸ਼ਾ ਪ੍ਰਦਾਨ ਕਰਕੇ ਨਵੀਂ ਪੀੜ੍ਹੀ ਦੀਆਂ ਕਈ ਮੁਸ਼ਕਲਾਂ ਹੱਲ ਕਰਨ ਵੱਲ ਕਦਮ ਪੁੱਟਿਆ ਹੈ। ਜਿਥੇ ਧਰਮ ਨੂੰ ਪੁਰਾਣੇ ਸਮੇਂ ਵਿੱਚ ਬੁੱਢੇ ਹੋ ਚੁੱਕੇ ਲੋਕਾਂ ਲਈ ਅਗਲੇ ਜਨਮ ਵਿਚਲੇ ਸਹਾਰੇ ਦੇ ਰੂਪ ਵਿਚ ਪੇਸ਼ ਕੀਤਾ ਜਾਂਦਾ ਸੀ ਉਥੇ ਧਰਮ ਦਰਸ਼ਨ ਨੇ ਧਰਮ ਨੂੰ ਦਾਰਸ਼ਨਿਕ ਆਧਾਰਾਂ ਉੱਤੇ ਪੇਸ਼ ਕਰਕੇ ਹਰ ਸਮੇਂ ਅਤੇ ਹਰ ਪੀੜ੍ਹੀ ਨੂੰ ਨਾਲ ਜੋੜਨ ਦਾ ਕੰਮ ਕੀਤਾ ਹੈ। ਦਰਸ਼ਨ ਆਪਣੇ ਚਿੰਤਨ ਅਤੇ ਬੁੱਧੀ ਦਾ ਆਧਾਰ ਆਪ ਨਹੀਂ ਬਣਾਉਂਦਾ ਬਲਕਿ ਇਹ ਤਾਂ ਚੁਣੇ ਹੋਏ ਵਿਸ਼ੇ ਨੂੰ ਆਪਣੇ ਅਧਿਐਨ ਦਾ ਕੇਂਦਰ ਬਣਾਉਂਦਾ ਹੈ। ਇਹ ਵਿਸ਼ਾ ਕਿਸੇ ਵੀ ਸਮੇਂ ਅਤੇ ਸਥਾਨ ਅਤੇ ਹੋਰ ਵਿਸ਼ਿਆਂ ਨਾਲ ਸੰਬੰਧਤ ਹੋ ਸਕਦਾ ਹੈ। ਦਰਸ਼ਨ ਤਾਂ ਕੇਵਲ ਪ੍ਰਾਪਤ ਹੋਏ ਜਾਂ ਪ੍ਰਾਪਤ ਕੀਤੇ ਗਏ ਵਿਸ਼ੇ ਬਾਰੇ ਘੋਖ ਪੜਤਾਲ ਕਰਕੇ ਉਸ ਨੂੰ ਸ਼ੁੱਧ ਅਤੇ ਸਪਸ਼ਟ ਰੂਪ ਵਿਚ ਪੇਸ਼ ਕਰਦਾ ਹੈ। ਇਸ ਨੂੰ ਜਦੋਂ ਧਰਮ ਨਾਲ ਸੰਬੰਧਤ ਵਿਸ਼ੇ ਉੱਤੇ ਕੇਂਦਰਤ ਕੀਤਾ ਜਾਂਦਾ ਹੈ ਤਾਂ ਇਹ ਧਰਮ ਵਿਚ ਕੋਈ ਨਵੇਂ ਤੱਤ ਪੈਦਾ ਨਹੀਂ ਕਰਦਾ ਅਤੇ ਨਾ ਹੀ ਧਰਮ ਨੂੰ ਆਪਣੇ ਅਨੁਸਾਰ ਚਲਾਉਂਦਾ ਹੈ। ਕਹਿਣ ਦਾ ਭਾਵ ਹੈ ਕਿ ਕਈ ਦਾਰਸ਼ਨਿਕ ਪਰਮਾਤਮਾ ਦੀ ਹੋਂਦ ਨੂੰ ਨਹੀਂ ਮੰਨਦੇ ਅਤੇ ਜੇਕਰ ਉਹ ਇਹ ਸਿੱਧ ਕਰ ਦੇਣ ਕਿ ਈਸ਼ਵਰ ਦੀ ਕੋਈ ਹੋਂਦ ਨਹੀਂ ਹੈ ਤਾਂ ਧਰਮ ਜੜ੍ਹੋਂ ਹੀ ਉੱਖੜ ਜਾਵੇਗਾ। ਇਸ ਲਈ ਦਰਸ਼ਨ ਤਾਂ ਕੇਵਲ ਧਰਮ ਵਿਚਲੇ ਤੱਤਾਂ ਅਤੇ ਸੰਕਲਪਾਂ ਬਾਰੇ ਆਪਣੀ ਰਾਏ ਪ੍ਰਗਟ ਕਰਕੇ ਇਸ ਨੂੰ ਸਮਝਣ ਯੋਗ ਬਣਾਉਣ ਦਾ ਉਪਰਾਲਾ ਕਰਦਾ ਹੈ।

ਰੋਜ਼ਾਨਾ ਜੀਵਨ ਵਿਚਲੀਆਂ ਗੱਲਾਂ ਧਰਮ ਵਿਚਲੇ ਵਿਰੋਧਾਤਮਕ ਭਾਵਾਂ ਨੂੰ ਸਮਝਣ ਅਤੇ ਸਮਝਾਉਣ ਲਈ ਨਾਕਾਫ਼ੀ ਸਿੱਧ ਹੁੰਦੀਆਂ ਹਨ। ਅਜਿਹੀਆਂ ਗੱਲਾਂ ਜਾਂ ਤਾਂ ਸ਼ਰਧਾਪੂਰਵਕ ਭਾਵ ਪੈਦਾ ਕਰਕੇ ਵਿਅਕਤੀ ਨੂੰ ਅੰਧ ਵਿਸ਼ਵਾਸ ਵੱਲ ਧੱਕ ਦਿੰਦੀਆਂ ਹਨ ਜਾਂ ਧਰਮ ਤੋਂ ਦੂਰ ਕਰ ਦਿੰਦੀਆਂ ਹਨ। ਇਸ ਕਰਕੇ ਕੋਈ ਵੀ ਧਰਮ ਸਮਾਂ ਪਾ ਕੇ ਆਪਣੇ ਮੂਲ ਸਿਧਾਂਤਾਂ ਤੋਂ ਭਟਕ ਜਾਂਦਾ ਹੈ ਅਤੇ ਨਵੇਂ-ਨਵੇਂ ਵਿਸ਼ਵਾਸ ਧਰਮ ਦਾ ਹਿੱਸਾ ਬਣਦੇ ਰਹਿੰਦੇ ਹਨ। ਇਹ ਨਵੇਂ ਵਿਸ਼ਵਾਸ ਵਿਅਕਤੀ ਆਪਣੀਆਂ ਲੋੜਾਂ ਅਤੇ ਸਵਾਰਥਾਂ ਨੂੰ ਮੁੱਖ ਰੱਖ ਕੇ ਉਸਾਰਦੇ ਰਹਿੰਦੇ ਹਨ, ਜਿਵੇਂ ਕਿ ਇਹ ਕਿਹਾ ਜਾਂਦਾ ਹੈ ਕਿ ਵੈਦਿਕ ਯੁਗ ਵਿਚ ਏਕਈਸ਼ਵਰਵਾਦ ਦਾ ਸਿਧਾਂਤ ਪ੍ਰਚੱਲਤ ਸੀ (ਏਕਮ ਸਤ ਵਿਪ੍ਰਾ ਬਹੁਧਾ ਵਦੰਤੀ) ਪਰ ਸਮਾਂ ਪਾ ਕੇ ਇਹ ਏਕਈਸ਼ਵਰਵਾਦ ਦਾ ਸਿਧਾਂਤ ਆਪਣੇ ਮੂਲ ਤੋਂ ਉੱਖੜ ਕੇ ਬਹੁਈਸ਼ਵਰਵਾਦ ਵੱਲ ਰੁਚਿਤ ਹੋ ਗਿਆ। ਸਮੇਂ ਦੇ ਬ੍ਰਾਹਮਣ ਅਤੇ ਪ੍ਰੋਹਤ ਵਰਗ ਨੇ ਵੀ ਬਹੁਤ ਸਾਰੇ ਨਵੇਂ ਸਿਧਾਂਤ ਆਪਣੇ ਸਵਾਰਥਾਂ ਨੂੰ ਮੁੱਖ ਰੱਖ ਕੇ ਘੜ ਲਏ। ਜੈਨ ਅਤੇ ਬੁੱਧ ਧਰਮ ਦੇ ਸਿਧਾਂਤ ਵਿਚ ਮੂਰਤੀ ਪੂਜਾ ਨਹੀਂ ਸੀ ਪਰ ਸਮਾਂ ਪਾ ਕੇ ਉਨ੍ਹਾਂ ਦੇ ਪੈਰੋਕਾਰਾਂ ਨੇ ਮਹਾਂਵੀਰ ਜੈਨ ਅਤੇ ਮਹਾਤਮਾ ਬੁੱਧ ਦੀਆਂ ਮੂਰਤੀਆਂ ਦੀ ਹੀ ਪੂਜਾ ਸ਼ੁਰੂ ਕਰ ਦਿੱਤੀ। ਇਸ ਤਰ੍ਹਾਂ ਧਰਮ ਵਿਚ ਪੈਦਾ ਹੋਏ ਨਵੇਂ-ਨਵੇਂ ਵਿਸ਼ਵਾਸ ਵਿਅਕਤੀ ਨੂੰ ਧਰਮ ਦੇ ਅਸਲ ਮਨੋਰਥ ਤੋਂ ਭਟਕਾ ਦੇਂਦੇ ਹਨ। ਇਨ੍ਹਾਂ ਧਾਰਮਿਕ ਵਿਸ਼ਵਾਸਾਂ ਨੂੰ ਮੂਲ ਰੂਪ ਵਿਚ ਹੀ ਪੇਸ਼ ਕੀਤਾ ਜਾਣਾ ਚਾਹੀਦਾ ਹੈ। ਇਥੇ ਦਰਸ਼ਨ ਵਿਅਕਤੀ ਦੀ ਸਹਾਇਤਾ ਕਰਦਾ ਹੈ। ਦਰਸ਼ਨ ਵਿਅਕਤੀ ਨੂੰ ਧਰਮ ਵਿਚਲੇ ਭਾਵਾਂ ਨੂੰ ਧਾਰਮਿਕ ਚਿੰਤਨ ਦੀ ਰੌਸ਼ਨੀ ਵਿਚ ਸਮਝਣ ਲਈ ਪ੍ਰੇਰਿਤ ਕਰਦਾ ਹੈ ਅਤੇ ਧਰਮ ਦੀ ਅਸਲ ਸੋਝੀ ਕਰਵਾ ਕੇ ਵਿਅਕਤੀ ਅੰਦਰ ਧਰਮ ਪ੍ਰਤੀ ਦ੍ਰਿੜ੍ਹਤਾ ਪੈਦਾ ਕਰਦਾ ਹੈ। ਇਸ ਤਰ੍ਹਾਂ ਵਿਅਕਤੀ ਧਾਰਮਿਕ ਕੱਟੜਤਾ ਤੋਂ ਬੱਚਦਾ ਹੈ। ਉਥੇ ਧਰਮ ਨੂੰ ਅੱਗੇ ਤੋਰਨ ਦਾ ਕੰਮ ਵੀ ਕਰਦਾ ਹੈ। ਇਥੇ ਇਕ ਗੱਲ ਸਪਸ਼ਟ ਕਰਨੀ ਜ਼ਰੂਰੀ ਹੈ ਕਿ ਦਾਰਸ਼ਨਿਕ ਧਾਰਮਿਕ ਸਿੱਟਿਆਂ ਪ੍ਰਤੀ ਚੇਤੰਨ ਹੋਵੇ ਅਤੇ ਇਹ ਸਿੱਟੇ ਉਸ ਸਮੇਂ ਦੀਆਂ ਸਮਾਜਿਕ,

ਧਾਰਮਿਕ, ਰਾਜਨੀਤਿਕ, ਭੂਗੋਲਿਕ ਪ੍ਰਸਥਿਤੀਆਂ ਨੂੰ ਸਾਹਮਣੇ ਰੱਖ ਕੇ ਹੀ ਕੱਢਣੇ ਚਾਹੀਦੇ ਹਨ ਜਿਥੇ ਧਰਮ ਪੈਦਾ ਹੋਇਆ ਸੀ। ਇਸ ਤਰ੍ਹਾਂ ਧਰਮ ਦਰਸ਼ਨ ਮਨੁੱਖੀ ਵਿਸ਼ਵਾਸਾਂ ਨੂੰ ਸੀਮਿਤ ਘੇਰੇ ਵਿਚੋਂ ਕੱਢ ਕੇ ਵਿਆਪਕ ਆਧਾਰ ਸਿਰਜਣ ਦੀ ਕੋਸ਼ਿਸ਼ ਕਰਦਾ ਹੈ ਜਿਸ ਲਈ ਸ੍ਵੈ-ਪੱਖੀ ਦਾਰਸ਼ਨਿਕ ਪ੍ਰਣਾਲੀਆਂ ਨੂੰ ਰੱਦ ਕਰਕੇ ਨਵੀਆਂ ਦਾਰਸ਼ਨਿਕ ਯੁਕਤੀਆਂ ਅਤੇ ਦਲੀਲਾਂ ਰਾਹੀਂ ਵਿਗਿਆਨਕ ਪਹੁੰਚ ਵਿਧੀ ਨੂੰ ਅਪਣਾਉਣਾ ਪੈਂਦਾ ਹੈ। ਅਜਿਹਾ ਕਰਦੇ ਸਮੇਂ ਧਰਮ ਦਰਸ਼ਨ ਹੋਰ ਕਈ ਵਿਸ਼ਿਆਂ ਨਾਲ ਵੀ ਸੰਬੰਧਤ ਹੁੰਦਾ ਹੈ ਜਿਨ੍ਹਾਂ ਵਿਚੋਂ ਕੁਝ ਇਕ ਦਾ ਇਥੇ ਵਰਣਨ ਕੀਤਾ ਜਾ ਰਿਹਾ ਹੈ।

## 1. ਧਰਮ ਦਰਸ਼ਨ ਅਤੇ ਧਰਮ **(Philosophy of Religion and Religion)**

ਧਰਮ ਮਨੁੱਖੀ ਜੀਵਨ ਦਾ ਕੇਂਦਰੀ ਧੁਰਾ ਹੈ ਕਿਉਂਕਿ ਜਨਮ ਤੋਂ ਲੈ ਕੇ ਮੌਤ ਅਤੇ ਇਥੋਂ ਤੱਕ ਕਿ ਮਰਨ ਤੋਂ ਬਾਅਦ ਤੱਕ ਵੀ ਇਹ ਵਿਅਕਤੀ ਨਾਲ ਸੰਬੰਧਤ ਰਹਿੰਦਾ ਹੈ ਅਤੇ ਇਸੇ ਕਰਕੇ ਵਿਅਕਤੀ ਸਾਰੀ ਜ਼ਿੰਦਗੀ ਧਾਰਮਿਕ ਕ੍ਰਿਆਵਾਂ ਨਾਲ ਜੁੜਿਆ ਰਹਿੰਦਾ ਹੈ। ਧਰਮ ਰਾਹੀਂ ਵਿਅਕਤੀ ਆਪਣੇ ਰੋਜ਼ਾਨਾ ਦੇ ਜੀਵਨ ਨੂੰ ਸਵਾਰਨ ਦੀ ਕੋਸ਼ਿਸ਼ ਕਰਦਾ ਹੈ ਜੋ ਕਿ ਉਸ ਦੀ ਇਸ ਜਨਮ ਦੇ ਨਾਲ-ਨਾਲ ਅਗਲੇ ਜਨਮ ਵਿਚ ਵੀ ਸਹਾਇਤਾ ਕਰਦਾ ਹੈ। ਭਾਰਤੀ ਦਰਸ਼ਨ ਇਸ ਗੱਲ ਵਿਚ ਵਿਸ਼ਵਾਸ ਕਰਦਾ ਹੈ ਕਿ ਵਿਅਕਤੀ ਸਾਈਕਲ ਦੇ ਇਕ ਚੱਕੇ ਵਾਂਗ ਇਸ ਦੁਨੀਆ ਦੇ ਗੇੜ ਵਿਚ ਬੱਝਾ ਹੋਇਆ ਹੈ। ਇਸੇ ਨਿਯਮ ਅਨੁਸਾਰ ਵਿਅਕਤੀ ਜੰਮਦਾ ਹੈ ਤੇ ਮਰਦਾ ਹੈ। ਇਸ ਜੀਵਨ ਵਿਚਲੇ ਕਰਮਾਂ ਦਾ ਅਸਰ ਆਉਣ ਵਾਲੇ ਜੀਵਨ ਉੱਤੇ ਪੈਂਦਾ ਹੈ। ਇਥੇ ਕੇਵਲ ਇਕ ਹੀ ਚੀਜ਼ ਹੈ ਜਿਹੜੀ ਵਿਅਕਤੀ ਨੂੰ ਇਸ ਜਨਮ-ਮਰਨ ਦੇ ਗੇੜ ਵਿਚੋਂ ਕੱਢ ਸਕਦੀ ਹੈ, ਉਹ ਹੈ ਧਰਮ। ਇਸ ਲਈ ਹਰ ਇਕ ਵਿਅਕਤੀ ਆਪਣੇ ਜੀਵਨ ਵਿਚ ਅਜਿਹੇ ਕੰਮ ਕਰਨੇ ਚਾਹੁੰਦਾ ਹੈ ਜਿਹੜੇ ਉਸ ਦੇ ਇਸ ਜੀਵਨ ਅਤੇ ਅਗਲੇ ਜੀਵਨ ਵਿਚ ਸਹਾਈ ਹੋਣ। ਧਰਮ ਵਿਅਕਤੀ ਦੇ ਜੀਵਨ ਦੇ ਹਰ ਪਹਿਲੂ ਨੂੰ ਪ੍ਰਭਾਵਿਤ ਕਰਕੇ ਉਸ ਨੂੰ ਚੰਗੇ ਕੰਮ ਕਰਨ ਦੀ ਪ੍ਰੇਰਨਾ ਦਿੰਦਾ ਹੈ। ਇਥੇ ਵਿਅਕਤੀ ਦੀ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਵੀ ਧਾਰਮਿਕ ਭਾਵਾਂ ਨੂੰ ਬਗ਼ੈਰ ਕਿੰਤੂ ਕੀਤੇ ਮੰਨੇ ਤਾਂ ਹੀ ਵਿਅਕਤੀ ਵਿਸ਼ਵਾਸ ਦੀ ਹੱਦ ਤੱਕ ਇਕ ਧਰਮ ਨੂੰ ਚੰਗੀ ਤਰ੍ਹਾਂ ਮੰਨ ਸਕਦਾ ਹੈ ਅਤੇ ਉਸੇ ਅਨੁਸਾਰ ਜੀਵਨ ਗੁਜ਼ਾਰ ਸਕਦਾ ਹੈ ਕਿਉਂਕਿ ਹਰ ਧਰਮ ਵਿਚ ਕੁਝ ਅਜਿਹੇ ਵਿਸ਼ਵਾਸ ਹੁੰਦੇ ਹਨ ਜਿਨ੍ਹਾਂ ਨੂੰ ਤਰਕ ਦੇ ਸਹਾਰੇ ਕਦੇ ਵੀ ਸਿੱਧ ਨਹੀਂ ਕੀਤਾ ਜਾ ਸਕਦਾ। ਇਸ ਤਰ੍ਹਾਂ ਕਰਨ ਨਾਲ ਧਰਮ ਦਾ ਕੁਝ ਸਵਾਰਨ ਦੀ ਬਜਾਏ ਦੁਬਿਧਾ ਖੜੀ ਹੋ ਸਕਦੀ ਹੈ। ਪਰ ਏਥੇ ਨਾਲ ਹੀ ਇਹ ਵੀ ਦੱਸ ਦੇਣਾ ਜ਼ਰੂਰੀ ਹੈ ਕਿ ਜੇਕਰ ਧਰਮ ਨੂੰ ਕੇਵਲ ਵਿਸ਼ਵਾਸ ਦੇ ਆਧਾਰ ਉੱਤੇ ਹੀ ਮੰਨ ਕੇ ਬਗ਼ੈਰ ਕਿੰਤੂ ਕੀਤੇ ਮੰਨਣ ਅਤੇ ਸਮਝਣ ਦੀ ਕੋਸ਼ਿਸ਼ ਕੀਤੀ ਗਈ ਤਾਂ ਅਜਿਹਾ ਨਾ ਹੋਵੇ ਕਿ ਧਰਮ ਵਿਅਕਤੀ ਦੇ ਜੀਵਨ ਦਾ ਕੁਝ ਸਵਾਰਨ ਦੀ ਬਜਾਏ ਆਪ ਹੀ ਖੜੋਤ ਵਿਚ ਆ ਜਾਵੇ। ਕਹਿਣ ਦਾ ਭਾਵ ਹੈ ਕਿ ਕੇਵਲ ਵਿਸ਼ਵਾਸ ਦੇ ਪੱਧਰ ਤੱਕ ਹੀ ਧਰਮ ਨੂੰ ਮੰਨੀ ਜਾਣਾ ਅੰਧ-ਵਿਸ਼ਵਾਸ ਹੋਣ ਵੱਲ ਚੁੱਕਿਆ ਹੋਇਆ ਗਲਤ ਕਦਮ ਹੋ ਸਕਦਾ ਹੈ, ਇਥੇ ਕਿੰਤੂ ਦੀ ਜ਼ਰੂਰਤ ਮਹਿਸੂਸ ਕੀਤੀ ਜਾਂਦੀ ਹੈ। ਪਰ ਹੁਣ ਇਹ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਕਿਹੜਾ ਰਸਤਾ ਅਖ਼ਤਿਆਰ ਕੀਤਾ ਜਾਵੇ ਜਿਸ ਨਾਲ ਧਰਮ ਬਾਰੇ ਸਹੀ ਜਾਣਕਾਰੀ ਹਾਸਲ ਹੋ ਸਕੇ। ਇਸ ਦੇ ਉੱਤਰ ਵਿਚ ਇਹੀ ਕਿਹਾ ਜਾ ਸਕਦਾ ਹੈ ਕਿ ਵਿਅਕਤੀ ਧਰਮ ਨੂੰ ਸਮਝਣ ਲਈ ਬੁੱਧੀ ਦਾ ਇਸਤੇਮਾਲ ਕਰੇ ਪਰ ਨਾਲ ਹੀ ਧਰਮ ਦੇ ਮੁੱਢਲੇ ਵਿਸ਼ਵਾਸ ਆਤਮਾ ਤੇ ਪਰਮਾਤਮਾ ਨੂੰ ਵੀ ਠੇਸ ਨਾ ਪਹੁੰਚਾਵੇ। ਇਥੇ ਦਰਸ਼ਨ ਅਤੇ ਧਰਮ ਇਕੱਠੇ ਮਿਲ ਕੇ ਚੱਲਦੇ ਹਨ। ਧਰਮ ਉਹ ਵਿਸ਼ਾ ਹੈ ਜਿਹੜਾ ਗਿਆਨ ਪੈਦਾ ਕਰਦਾ ਹੈ ਅਤੇ ਦਰਸ਼ਨ ਉਹ ਵਿਸ਼ਾ ਹੈ ਜਿਹੜਾ ਪੈਦਾ ਹੋਏ ਗਿਆਨ ਦੀ ਘੋਖ ਪੜਚੋਲ ਕਰਕੇ ਉਸ ਨੂੰ ਸਮਝਣ ਯੋਗ ਬਣਾਉਂਦਾ ਹੈ। ਧਰਮ ਬੁੱਧੀ ਲਈ ਕੱਚੇ ਮਾਲ ਦੇ ਤੌਰ 'ਤੇ ਕੰਮ ਕਰਦਾ ਹੈ ਅਤੇ ਬੁੱਧੀ ਉਸ ਪ੍ਰਾਪਤ ਹੋਏ ਕੱਚੇ ਮਾਲ ਨੂੰ ਸਮਝਣ ਅਤੇ ਸਮਝਾਉਣ ਦਾ ਕੰਮ ਕਰਦੀ ਹੈ। ਧਰਮ ਵਿਚ, ਸਮਾਂ ਪਾ ਕੇ, ਕੁਝ ਅਜਿਹੇ ਵਿਸ਼ਵਾਸ ਪੈਦਾ ਹੋ ਜਾਂਦੇ ਹਨ ਜਿਹੜੇ ਵਿਅਕਤੀ ਨੂੰ ਉਸ ਦੇ ਮੂਲ ਤੋਂ ਭਟਕਾ ਦਿੰਦੇ ਹਨ ਅਤੇ ਅਸਲ ਧਾਰਮਿਕ ਭਾਵ ਵਿਅਕਤੀ ਦੇ ਜੀਵਨ ਤੋਂ ਉਹਲੇ ਹੋ ਜਾਂਦੇ ਹਨ। ਇਥੇ ਧਰਮ ਦਰਸ਼ਨ ਵਿਅਕਤੀ ਲਈ ਮਾਰਗ ਦਰਸ਼ਕ ਹੁੰਦਾ ਹੈ। ਧਰਮ ਦਰਸ਼ਨ ਧਾਰਮਿਕ ਭਾਵਾਂ ਉੱਤੇ ਚੜ੍ਹਿਆ ਹੋਇਆ ਅੰਧ-ਵਿਸ਼ਵਾਸ ਦਾ ਮੁਲੱਮਾ ਹਟਾ ਕੇ ਕੇਵਲ ਵਿਸ਼ਵਾਸ ਨੂੰ ਹੀ ਦ੍ਰਿੜ੍ਹ ਕਰਵਾਉਣ ਦਾ ਕੰਮ ਕਰਦਾ ਹੈ।

ਧਰਮ ਦਾ ਮੁੱਖ ਵਿਸ਼ਾ ਆਮ ਤੌਰ 'ਤੇ ਕਾਲਪਨਿਕ ਕਹਾਣੀਆਂ ਅਤੇ ਮਿਥਿਹਾਸ ਰਾਹੀਂ ਧਾਰਮਿਕ ਵਿਸ਼ਵਾਸਾਂ ਨੂੰ ਦ੍ਰਿੜ ਅਤੇ ਪ੍ਰਪੱਕ ਕਰਾਉਣਾ ਹੈ। ਧਰਮ ਵਿਚ ਕੁਝ ਅਜਿਹੀਆਂ ਕਾਲਪਨਿਕ ਅਤੇ ਮਿਥਿਹਾਸਕ ਕਹਾਣੀਆਂ ਜੁੜੀਆਂ ਹੁੰਦੀਆਂ

ਹਨ ਜਿਨ੍ਹਾਂ ਨੂੰ ਬੁੱਧੀ ਸਿੱਧੇ ਤੌਰ 'ਤੇ ਮੰਨਣ ਤੋਂ ਇਨਕਾਰ ਕਰ ਦਿੰਦੀ ਹੈ ਜਿਵੇਂ ਕਿ ਹਨੂਮਾਨ ਦੁਆਰਾ ਪਹਾੜ ਨੂੰ ਚੁੱਕ ਲੈਣਾ, ਪੱਥਰਾਂ ਨੂੰ ਪਾਣੀ ਉੱਤੇ ਬਗ਼ੈਰ ਡੋਬੇ ਤਰਨ ਲਾ ਦੇਣਾ, ਭੀਮ ਦੁਆਰਾ ਮਹਾਂਭਾਰਤ ਦੇ ਯੁੱਧ ਸਮੇਂ ਅਸਮਾਨ ਵਿਚ ਸੁੱਟੇ ਹਾਥੀ ਅੱਜ ਤੱਕ ਵਾਪਸ ਨਾ ਆਉਣੇ ਆਦਿ। ਇਨ੍ਹਾਂ ਸਭ ਕਾਲਪਨਿਕ ਕਥਾਵਾਂ ਨੂੰ ਦਰਸ਼ਨ ਇਕਦਮ ਮੰਨਣ ਤੋਂ ਇਨਕਾਰੀ ਹੈ ਕਿਉਂਕਿ ਹਰ ਇਕ ਵਿਅਕਤੀ ਵਿਚ ਬੁੱਧੀ ਦਾ ਕੁਝ ਨਾ ਕੁਝ ਅੰਸ਼ ਜ਼ਰੂਰ ਹੁੰਦਾ ਹੈ ਅਤੇ ਜਿਹੜਾ ਕੰਮ ਬੁੱਧੀ ਦੇ ਘੇਰੇ ਤੋਂ ਬਾਹਰ ਹੈ, ਉਸ ਕੰਮ ਨੂੰ ਕਰਨਾ ਹੋਰ ਵੀ ਮੁਸ਼ਕਲ ਹੋ ਜਾਂਦਾ ਹੈ। ਇਸ ਨੂੰ ਇੰਝ ਵੀ ਕਿਹਾ ਜਾ ਸਕਦਾ ਹੈ ਕਿ ਦਰਸ਼ਨ ਕਾਲਪਨਿਕਤਾ ਦੇ ਮਹੱਤਵ ਨੂੰ ਪ੍ਰਵਾਨ ਨਹੀਂ ਕਰਦਾ। ਇਹ ਸਭ ਕਥਾ ਵਾਰਤਾਵਾਂ ਅਤੇ ਮਿਥਿਹਾਸਕ ਕਹਾਣੀਆਂ ਨੂੰ ਬੌਧਿਕਤਾ ਦੀ ਕਸੌਟੀ ਤੇ ਪਰਖਣ ਦਾ ਯਤਨ ਕਰਦਾ ਹੈ ਅਤੇ ਇਹ ਆਪਣੇ ਤਰੀਕੇ ਨਾਲ ਇਨ੍ਹਾਂ ਬਾਰੇ ਆਪਣੀ ਰਾਏ ਪ੍ਰਗਟ ਕਰਦਾ ਹੈ ਜੋ ਕਿ ਆਮ ਤੌਰ 'ਤੇ ਨਾਂਹ ਪੱਖੀ ਹੁੰਦੀ ਹੈ। ਪਰ ਧਰਮ ਦਰਸ਼ਨ ਵਿਚ ਅਜਿਹੀਆਂ ਕਥਾਵਾਂ ਨੂੰ ਵਰਤਣ ਤੋਂ ਸੰਕੋਚ ਨਹੀਂ ਕੀਤਾ ਜਾਂਦਾ ਜਿਹੜੀਆਂ ਵਿਅਕਤੀ ਅੰਦਰੋਂ ਅੰਧ-ਵਿਸ਼ਵਾਸਾਂ ਨੂੰ ਕੱਢ ਕੇ ਵਿਸ਼ਵਾਸ ਨੂੰ ਪ੍ਰਪੱਕ ਕਰਨ ਅਤੇ ਸੱਚਾਈ ਨੂੰ ਉਜਾਗਰ ਕਰਨ ਵਿਚ ਸਹਾਈ ਹੋਣ। ਧਰਮ ਵਿਚ ਬੁੱਧੀ ਨੂੰ ਦੂਜੇ ਨੰਬਰ ਤੇ ਰੱਖਿਆ ਜਾਂਦਾ ਹੈ ਤੇ ਵਿਸ਼ਵਾਸ ਨੂੰ ਪਹਿਲ ਦੇ ਆਧਾਰ 'ਤੇ ਵਰਤਿਆ ਜਾਂਦਾ ਹੈ। ਧਰਮ ਦਰਸ਼ਨ ਵਿਚ ਵਿਸ਼ਵਾਸ ਦੇ ਨਾਲ-ਨਾਲ ਬੁੱਧੀ ਨੂੰ ਵੀ ਬਰਾਬਰ ਤੇ ਰੱਖਿਆ ਜਾਂਦਾ ਹੈ ਤਾਂ ਕਿ ਬੌਧਿਕ ਪੱਧਰ ਤੇ ਧਰਮ ਦੀ ਪੜਚੋਲ ਵਿਚੋਂ ਵਿਸ਼ਵਾਸ ਮਨਫ਼ੀ ਨਾ ਹੋ ਜਾਵੇ। ਬੁੱਧੀ ਰਾਹੀਂ ਧਾਰਮਿਕ ਵਿਸ਼ਵਾਸਾਂ ਨੂੰ ਦ੍ਰਿੜ੍ਹ ਕਰਵਾਉਣ ਦਾ ਯਤਨ ਧਰਮ ਦਰਸ਼ਨ ਦਾ ਮੁੱਖ ਵਿਸ਼ਾ ਹੁੰਦਾ ਹੈ। ਧਰਮ ਦਰਸ਼ਨ ਦੀ ਹਮੇਸ਼ਾਂ ਇਹੀ ਕੋਸ਼ਿਸ਼ ਹੁੰਦੀ ਹੈ ਕਿ ਧਰਮ ਵਿਚੋਂ ਅੰਧ-ਵਿਸ਼ਵਾਸ ਨੂੰ ਮਨਫ਼ੀ ਕਰਕੇ ਧਰਮ ਨੂੰ ਤਾਰਕਿਕ ਲੀਹਾਂ ਉੱਤੇ ਤੋਰਿਆ ਜਾਵੇ ਤਾਂ ਹੀ ਧਰਮ ਹਰ ਸਮੇਂ ਵਿਚ ਮਹੱਤਵਪੂਰਨ ਭੂਮਿਕਾ ਨਿਭਾ ਸਕੇਗਾ ਜਿਵੇਂ ਕਿ ਆਤਮਾ ਅਤੇ ਪਰਮਾਤਮਾ ਵਿਚ ਵਿਸ਼ਵਾਸ ਕੇਵਲ ਧਰਮ ਦਾ ਹਿੱਸਾ ਹੈ। ਆਧੁਨਿਕ ਸਮੇਂ ਵਿਚ ਵਿਅਕਤੀ ਦਰਸ਼ਨ ਦੇ ਸਹਾਰੇ ਇਹ ਵੇਖਣ ਦੀ ਕੋਸ਼ਿਸ਼ ਕਰਦਾ ਹੈ ਕਿ ਆਤਮਾ ਅਤੇ ਪਰਮਾਤਮਾ ਜੀਵਨ ਵਿਚ ਕਿੰਨੀਆਂ ਕੁ ਜ਼ਰੂਰੀ ਚੀਜ਼ਾਂ ਹਨ ? ਕੀ ਇਨ੍ਹਾਂ ਤੋਂ ਬਗ਼ੈਰ ਕੰਮ ਚੱਲ ਸਕਦਾ ਹੈ ? ਇਸ ਉਧੇੜ ਬੁਣ ਵਿਚ ਵਿਅਕਤੀ ਕਈ ਵਾਰ ਧਰਮ ਨੂੰ ਤਿਲਾਂਜਲੀ ਦੇ ਜਾਂਦਾ ਹੈ ਕਿ ਜਿਸ ਚੀਜ਼ ਦੀ ਹੋਂਦ ਦਾ ਹੀ ਪਤਾ ਨਹੀਂ ਲੱਗ ਸਕਦਾ ਉਸ ਨੇ ਜੀਵਨ ਨੂੰ ਕਿਵੇਂ ਪ੍ਰਭਾਵਿਤ ਕਰਨਾ ਹੈ, ਜਿਵੇਂ ਪ੍ਰੋ. ਮੋਹਨ ਸਿੰਘ ਆਪਣੀ ਕਵਿਤਾ ਵਿਚ ਲਿਖਦਾ ਹੈ :

ਰੱਬ ਇਕ ਗੁੰਝਲਦਾਰ ਬੁਝਾਰਤ
ਰੱਬ ਇਕ ਗੋਰਖ ਧੰਦਾ।
ਖੋਲ੍ਹਣ ਲਗਿਆਂ ਪੇਚ ਇਸ ਦੇ
ਕਾਫ਼ਰ ਹੋ ਜਾਏ ਬੰਦਾ।

ਪਰ ਨਾਲ ਹੀ ਪ੍ਰੋ. ਮੋਹਨ ਸਿੰਘ ਦਾਰਸ਼ਨਿਕ ਵਿਚਾਰਧਾਰਾ ਨੂੰ ਅਪਣਾ ਕੇ ਧਰਮ ਵਿਚਲੇ ਅੰਧ-ਵਿਸ਼ਵਾਸੀ ਤੱਤਾਂ ਦਾ ਸਫਾਇਆ ਕਰਨ ਉੱਤੇ ਜ਼ੋਰ ਦਿੰਦਾ ਹੋਇਆ ਕਹਿੰਦਾ ਹੈ :

ਕਾਫ਼ਰ ਹੋਵੇਂ ਡਰ ਕੇ ਜੀਵੇਂ
ਖੋਜੋਂ ਮੂਲ ਨਾ ਖੁੰਝੀਂ।
ਲਾਈ ਲਗ ਮੋਮਨ ਦੇ ਕੋਲੋਂ
ਖੋਜੀ ਕਾਫ਼ਰ ਚੰਗਾ।

ਇਸ ਤਰ੍ਹਾਂ ਧਰਮ ਦਰਸ਼ਨ, ਧਰਮ ਵਿਚਲੇ ਤੱਤਾਂ ਦੀ ਖੋਜ ਕਰਦਾ ਹੋਇਆ ਧਾਰਮਿਕ ਦੁਬਿਧਾਵਾਂ ਨੂੰ ਦੂਰ ਕਰਦਾ ਹੈ ਅਤੇ ਧਰਮ ਵਿਚਲੇ ਅੰਧ-ਵਿਸ਼ਵਾਸ ਨੂੰ ਤਿਲਾਂਜਲੀ ਦੇ ਕੇ ਤਰਕ ਅਤੇ ਬੁੱਧੀ ਦਾ ਧਾਰਮਿਕ ਵਿਸ਼ਵਾਸਾਂ ਨਾਲ ਮੇਲ ਕਰਦਾ ਹੈ। ਜਿਵੇਂ ਬੱਸ ਦਾ ਡਰਾਈਵਰ ਸਟੇਅਰਿੰਗ ਦੀ ਸਹਾਇਤਾ ਨਾਲ ਬੱਸ ਨੂੰ ਚਲਾ ਕੇ ਆਪਣੇ ਟਿਕਾਣੇ 'ਤੇ ਪਹੁੰਚਾਉਂਦਾ ਹੈ। ਇਕ ਲੱਕੜਹਾਰਾ ਬੇਢੰਗੀ ਅਤੇ ਵਿੰਗੀ ਲੱਕੜ ਨਾਲੋਂ ਵਾਧੂ ਲੱਕੜ ਤਰਾਸ਼ ਕੇ ਆਪਣੀ ਕੁਹਾੜੀ ਦਾ ਦਸਤਾ ਬਣਾਉਂਦਾ ਹੈ। ਉਸੇ ਤਰ੍ਹਾਂ ਧਰਮ ਦਰਸ਼ਨ ਧਰਮ ਵਿਚਲੇ ਵਾਧੂ ਅਤੇ ਗ਼ੈਰ-ਵਾਜਬ ਵਿਸ਼ਵਾਸਾਂ ਨੂੰ ਨਿਖੇੜ ਕੇ ਧਰਮ ਨੂੰ ਅਸਲ ਰੂਪ ਵਿਚ ਸਮਝਣ ਦੀ ਕੋਸ਼ਿਸ਼ ਕਰਦਾ ਹੋਇਆ ਆਪਣੇ ਉਦੇਸ਼ ਦੀ ਪ੍ਰਾਪਤੀ ਲਈ ਯਤਨਸ਼ੀਲ ਰਹਿੰਦਾ ਹੈ।

**ਅੰਤਰ** : ਧਰਮ ਦਰਸ਼ਨ ਅਤੇ ਧਰਮ ਭਾਵੇਂ ਇਕ ਦੂਜੇ ਦੀ ਸਹਾਇਤਾ ਕਰਦੇ ਹਨ ਪਰ ਫਿਰ ਵੀ ਜਿਥੇ ਇਨ੍ਹਾਂ ਵਿਚ ਬਹੁਤ ਸਾਰੀਆਂ ਸਮਾਨਤਾਵਾਂ ਦਿਖਾਈ ਦਿੰਦੀਆਂ ਹਨ ਉਥੇ ਕੁਝ ਭਿੰਨਤਾਵਾਂ ਵੀ ਸਾਹਮਣੇ ਆਉਂਦੀਆਂ ਹਨ।

1. ਧਰਮ ਦਾ ਆਧਾਰ ਵਿਸ਼ਵਾਸ ਹੈ ਅਤੇ ਇਸੇ ਵਿਸ਼ਵਾਸ ਕਰਕੇ ਹੀ ਵਿਅਕਤੀ ਧਰਮ ਨੂੰ ਮੰਨਣ ਵੱਲ ਰੁਚਿਤ ਹੁੰਦਾ

ਹੈ, ਜੋ ਵਿਸ਼ਵਾਸ ਧਰਮ ਦਾ ਇਕ ਵਾਰ ਹਿੱਸਾ ਬਣ ਜਾਂਦੇ ਹਨ ਉਹ ਸਦੀਵੀ ਕਾਲ ਅਤੇ ਹਮੇਸ਼ਾਂ ਲਈ ਧਰਮ ਨਾਲ ਜੁੜੇ ਰਹਿੰਦੇ ਹਨ। ਪਰ ਧਰਮ ਦਰਸ਼ਨ ਵਿਚ ਜਦੋਂ ਵਿਸ਼ਵਾਸ ਦੇ ਨਾਲ-ਨਾਲ ਬੁੱਧੀ ਵੀ ਕੰਮ ਕਰਦੀ ਹੈ ਤਾਂ ਇਹ ਧਰਮ ਵਿਚਲੇ ਉਨ੍ਹਾਂ ਸਾਰੇ ਅੰਧ ਵਿਸ਼ਵਾਸਾਂ ਦਾ ਖੰਡਨ ਕਰ ਦਿੰਦੀ ਹੈ ਜੋ ਕਿ ਵਿਅਕਤੀ ਦੇ ਜੀਵਨ ਵਿਚ ਸਾਕਾਰਾਤਮਕ ਭੂਮਿਕਾ ਨਿਭਾਉਣ ਵਿਚ ਅਸਫ਼ਲ ਰਹਿੰਦੇ ਹਨ।

2. ਧਰਮ ਦਾ ਕੇਂਦਰ ਪ੍ਰਭੂ ਹੈ ਜਿਸਦੇ ਸਹਾਰੇ ਵਿਅਕਤੀ ਅੰਦਰ ਸ਼ਰਧਾ ਦੇ ਨਾਲ-ਨਾਲ ਧਰਮ ਦਾ ਭੈਅ ਤੇ ਡਰ ਪੈਦਾ ਕੀਤਾ ਜਾਂਦਾ ਹੈ। ਧਰਮ ਦਰਸ਼ਨ ਦਾ ਕੇਂਦਰ ਪ੍ਰਭੂ ਦੇ ਨਾਲ-ਨਾਲ ਬੁੱਧੀ ਵੀ ਹੈ ਜਿਸ ਰਾਹੀਂ ਪਰਮਸਤਿ ਦੀ ਵਿਆਖਿਆ ਕੀਤੀ ਜਾਂਦੀ ਹੈ। ਧਰਮ ਦਰਸ਼ਨ ਵਿਅਕਤੀ ਅੰਦਰ ਡਰ ਅਤੇ ਭੈਅ ਪੈਦਾ ਕਰਕੇ ਵਿਅਕਤੀ ਨੂੰ ਧਰਮ ਨਾਲ ਜੋੜਨ ਵਿਚ ਯਕੀਨ ਨਹੀਂ ਰੱਖਦਾ। ਬਲਕਿ ਇਹ ਤਾਂ ਰੱਬ ਬਾਰੇ ਦਲੀਲਾਂ ਦੇ ਕੇ ਵਿਅਕਤੀ ਅੰਦਰ ਸ਼ਰਧਾ ਭਾਵ ਪੈਦਾ ਕਰਦਾ ਹੈ ਅਤੇ ਉਸ ਨੂੰ ਧਰਮ ਵੱਲ ਪ੍ਰੇਰਿਤ ਕਰਨ ਦਾ ਕੰਮ ਵੀ ਕਰਦਾ ਹੈ।

3. ਧਰਮ ਦਾ ਸੰਬੰਧ ਪਰਲੋਕ ਨਾਲ ਵੀ ਹੈ ਜੋ ਵਿਅਕਤੀ ਅੰਦਰ ਅਜਿਹੇ ਭਾਵ ਪੈਦਾ ਕਰਦਾ ਹੈ ਜਿਸ ਨਾਲ ਵਿਅਕਤੀ ਅੰਦਰ ਇਸ ਜਨਮ ਦੇ ਨਾਲ-ਨਾਲ ਅਗਲੇ ਜੀਵਨ ਬਾਰੇ ਵੀ ਵਿਸ਼ਵਾਸ ਪੈਦਾ ਹੋਵੇ। ਧਰਮ ਦਰਸ਼ਨ ਦਾ ਸੰਬੰਧ ਇਸ ਦੁਨੀਆਂ ਨਾਲ ਹੈ ਕਿਉਂਕਿ ਧਰਮ ਦਰਸ਼ਨ ਵਿਅਕਤੀ ਨੂੰ ਅਜਿਹੇ ਕਰਮਾਂ ਨੂੰ ਅਪਨਾਉਣ ਉੱਤੇ ਜ਼ੋਰ ਦਿੰਦਾ ਹੈ ਜੋ ਵਿਅਕਤੀ ਨੂੰ ਇਸੇ ਜੀਵਨ ਵਿਚ ਮੁਕਤ ਕਰ ਸਕਣ। ਧਰਮ ਦੀ ਦਾਰਸ਼ਨਿਕ ਵਿਆਖਿਆ ਵਿਅਕਤੀ ਨੂੰ ਧਰਮ ਰਾਹੀਂ ਅਗਲੇ ਜੀਵਨ ਦੇ ਵਿਸ਼ਵਾਸ ਤੋਂ ਮੁਕਤ ਕਰਕੇ ਇਸੇ ਜੀਵਨ ਵਿਚ ਹੀ ਮੁਕਤੀ ਪ੍ਰਾਪਤ ਕਰਨ ਦੀ ਪ੍ਰੇਰਨਾ ਦਿੰਦੀ ਹੈ। ਧਰਮ ਦਰਸ਼ਨ, ਧਰਮ ਨੂੰ ਨਵੀਨ ਰੂਪ ਵਿਚ ਪੇਸ਼ ਕਰਦਾ ਹੈ ਕਿ ਵਿਅਕਤੀ ਇਸੇ ਜੀਵਨ ਵਿਚ ਹੋਣ ਵਾਲੀਆਂ ਕ੍ਰਿਆਵਾਂ ਪ੍ਰਤੀ ਚੇਤੰਨ ਹੋ ਕੇ ਕੰਮ ਕਰੇ।

4. ਧਰਮ ਵਿਅਕਤੀ ਅੰਦਰ ਅਜਿਹੇ ਵਿਸ਼ਵਾਸ ਪੈਦਾ ਕਰਦਾ ਹੈ ਜਿਨ੍ਹਾਂ ਦਾ ਜੀਵਨ ਦੇ ਅਸਲ ਮਨੋਰਥ ਨਾਲ ਕੋਈ ਸੰਬੰਧ ਨਹੀਂ ਹੁੰਦਾ ਜਿਵੇਂ ਕੁਝ ਧਰਮਾਂ ਵਿਚ ਯੱਗ ਅਤੇ ਬਲੀ ਦਾ ਆਮ ਰਿਵਾਜ਼ ਹੈ, ਇਸੇ ਤਰ੍ਹਾਂ ਤੀਰਥਾਂ ਉੱਤੇ ਜਾ ਕੇ ਕੇਵਲ ਨਹਾਉਣ ਦੀ ਪ੍ਰਥਾ ਪ੍ਰਚੱਲਿਤ ਹੈ (ਜੋ ਕਿ ਵਿਅਕਤੀ ਨੂੰ ਉਦੋਂ ਤੱਕ ਅੱਗੇ ਨਹੀਂ ਲਿਜਾ ਸਕਦੀ ਜਦੋਂ ਤੱਕ ਵਿਹਾਰ ਵਿਚ ਪਵਿੱਤਰਤਾ ਨਹੀਂ ਆਉਂਦੀ), ਕੁਝ ਮੰਦਰਾਂ ਵਿਚ ਦੇਵਦਾਸੀ ਪ੍ਰਥਾ ਵੇਖਣ ਨੂੰ ਮਿਲਦੀ ਹੈ ਅਤੇ ਕੁਝ ਵਿਚ ਸ਼ਰਾਬ ਵੀ ਭੇਟ ਕੀਤੀ ਜਾਂਦੀ ਹੈ। ਧਰਮ ਦੀ ਪੱਧਰ ਤੇ ਅਜਿਹੇ ਵਿਚਾਰ ਕਦੋਂ ਪੈਦਾ ਹੋਏ, ਕਿਸ ਨੇ ਪੈਦਾ ਕੀਤੇ, ਕਿਵੇਂ ਵਿਅਕਤੀ ਦੇ ਜੀਵਨ ਦਾ ਹਿੱਸਾ ਬਣੇ, ਇਸ ਬਾਰੇ ਕੋਈ ਸਪਸ਼ਟ ਜਾਣਕਾਰੀ ਨਹੀਂ ਮਿਲਦੀ। ਇਹ ਵੀ ਪਤਾ ਨਹੀਂ ਲੱਗਦਾ ਕਿ ਅਜਿਹੇ ਧਾਰਮਿਕ ਭਾਵਾਂ ਨੂੰ ਧਾਰਮਿਕ ਵਿਅਕਤੀਆਂ ਨੇ ਕਦੋਂ ਧਰਮ ਦਾ ਹਿੱਸਾ ਬਣਾਇਆ ਜਾਂ ਸਮੇਂ ਦੇ ਕਿਸ ਗੇੜ ਨਾਲ ਵਿਅਕਤੀ ਦੇ ਮਨ ਵਿਚ ਉਪਜੇ ਨਵੇਂ ਵਿਸ਼ਵਾਸਾਂ ਨੇ ਇਨ੍ਹਾਂ ਨੂੰ ਧਰਮ ਵਿਚ ਸ਼ਾਮਲ ਕਰ ਲਿਆ। ਇਸ ਲਈ ਧਰਮ ਵਿਚ ਪ੍ਰਚੱਲਤ ਯੱਗ, ਬਲੀ, ਤੀਰਥ ਭ੍ਰਮਣ, ਦੇਵਦਾਸੀ ਪ੍ਰਥਾ ਅਤੇ ਦੇਵੀ-ਦੇਵਤਿਆਂ ਨੂੰ ਸ਼ਰਾਬ ਨਾਲ ਰਿਝਾਉਣ ਦੇ ਵਿਸ਼ਵਾਸ ਧਰਮ ਦੇ ਪੱਧਰ ਉੱਤੇ ਭਾਵੇਂ ਠੀਕ ਸਮਝੇ ਅਤੇ ਮੰਨੇ ਜਾਂਦੇ ਹੋਣ ਪਰ ਧਰਮ ਦਰਸ਼ਨ ਅਜਿਹੇ ਵਿਚਾਰਾਂ ਅਤੇ ਵਿਸ਼ਵਾਸਾਂ ਨੂੰ ਅਪਣਾਉਣ ਲਈ ਬਿਲਕੁਲ ਤਿਆਰ ਨਹੀਂ ਜਿਹੜੇ ਨਿਰਾਰਥਕ ਸਿੱਧ ਹੋਣ ਜਾਂ ਜਿਹੜੇ ਵਿਸ਼ਵਾਸ ਵਿਅਕਤੀ ਦੀ ਜਾਨ ਹੀ ਲੈ ਲੈਣ। ਧਰਮ ਦਰਸ਼ਨ ਦੀ ਇਥੇ ਮਾਨਤਾ ਹੈ ਕਿ ਜਿਹੜੇ ਵਿਸ਼ਵਾਸ ਧਰਮ ਦਾ ਹਿੱਸਾ ਹਨ ਪਰ ਉਹ ਨੈਤਿਕ ਅਤੇ ਅਧਿਆਤਮਕ ਪੱਧਰ ਉੱਤੇ ਵਿਅਕਤੀ ਦੇ ਜੀਵਨ ਵਿਚ ਕੋਈ ਹਿੱਸਾ ਨਾ ਪਾ ਸਕਦੇ ਹੋਣ, ਉਹ ਸਾਰੇ ਵਿਸ਼ਵਾਸ ਮੰਨਣਯੋਗ ਨਹੀਂ।

## 2. ਧਰਮ ਦਰਸ਼ਨ ਅਤੇ ਧਰਮ ਵਿਗਿਆਨ (Philosophy of Religion and Theology)

ਦਰਸ਼ਨ ਦੀ ਸ਼ਾਖਾ ਦੇ ਤੌਰ 'ਤੇ ਉੱਭਰੇ ਧਰਮ ਵਿਗਿਆਨ ਨੂੰ ਇਕ ਅਜਿਹੇ ਰੂਪ ਵਿਚ ਵੇਖਿਆ ਜਾਂਦਾ ਹੈ ਜੋ ਕਿ ਧਰਮ ਵਿਚਲੇ ਦੈਵੀ ਭਾਵਾਂ ਦੀ ਪ੍ਰੋੜ੍ਹਤਾ ਕਰਨ ਅਤੇ ਧਾਰਮਿਕ ਗ੍ਰੰਥਾਂ ਦੇ ਸਿਧਾਂਤਾਂ ਦੀ ਵਿਆਖਿਆ ਕਰਨ ਦੇ ਕੰਮ ਆਉਂਦਾ ਹੈ। ਧਰਮ ਵਿਗਿਆਨ ਨੂੰ ਅੰਗਰੇਜ਼ੀ ਵਿਚ Theology ਕਿਹਾ ਜਾਂਦਾ ਹੈ ਜੋ ਕਿ ਦੋ ਗ੍ਰੀਕ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ। ਇਕ ਹੈ Theos ਜਿਸ ਦਾ ਅਰਥ ਈਸ਼ਵਰ ਜਾਂ ਧਰਮ ਮੰਨਿਆ ਜਾਂਦਾ ਹੈ ਅਤੇ ਦੂਜਾ logy ਜਿਸਦਾ ਅਰਥ ਵਿਗਿਆਨ ਕੀਤਾ ਜਾਂਦਾ ਹੈ। ਇਸ ਤਰ੍ਹਾਂ Theology ਨੂੰ ਧਰਮ (ਈਸ਼ਵਰ) ਦਾ ਅਧਿਐਨ ਕਰਨ ਵਾਲਾ ਵਿਗਿਆਨ ਕਿਹਾ ਜਾਂਦਾ ਹੈ।

ਡਾ. ਸ਼ਾਂਤੀ ਨਾਥ ਗੁਪਤਾ ਧਰਮ ਵਿਗਿਆਨ ਦੀ ਵਿਆਖਿਆ ਕਰਦੇ ਹੋਏ ਕਹਿੰਦੇ ਹਨ ਕਿ ਇਸ ਨੂੰ ਦੋ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ, ਇਕ ਜਿਸ ਨੂੰ ਲੌਕਿਕ ਧਰਮ ਵਿਗਿਆਨ (Natural Theology) ਕਹਿੰਦੇ ਹਨ ਅਤੇ ਦੂਜਾ ਜਿਸ ਨੂੰ ਅਲੌਕਿਕ ਧਰਮ ਵਿਗਿਆਨ (Supernatural Theology) ਦੇ ਰੂਪ ਵਿਚ ਵੇਖਿਆ ਜਾਂਦਾ ਹੈ। ਬੁੱਧੀ ਰਾਹੀਂ ਈਸ਼ਵਰ ਸੰਬੰਧੀ ਗਿਆਨ ਇਸ ਕਰਕੇ ਹਾਸਲ ਕੀਤਾ ਜਾਂਦਾ ਹੈ ਕਿਉਂਕਿ ਈਸ਼ਵਰ ਨੂੰ ਇਸ ਲੌਕਿਕ ਵਿਵਸਥਾ ਦਾ ਕਰਤਾ ਸਮਝਿਆ ਜਾਂਦਾ ਹੈ। ਪਰ ਜਦੋਂ ਈਸ਼ਵਰ ਸੰਬੰਧੀ ਗਿਆਨ ਦਾ ਆਧਾਰ ਬੁੱਧੀ ਨਾ ਹੋ ਕੇ ਕੇਵਲ ਵਿਸ਼ਵਾਸ ਰਹਿ ਜਾਂਦਾ ਹੈ ਤਾਂ ਇਸ ਨੂੰ ਅਲੌਕਿਕ ਧਰਮ ਵਿਗਿਆਨ ਕਿਹਾ ਜਾਂਦਾ ਹੈ ਕਿਉਂਕਿ ਅਕਸਰ ਇਹੀ ਵੇਖਣ ਵਿਚ ਆਉਂਦਾ ਹੈ ਕਿ ਬੁੱਧੀ ਇਕ ਸੀਮਿਤ ਦਾਇਰੇ ਵਿਚ ਰਹਿ ਕੇ ਕੰਮ ਕਰਦੀ ਹੈ ਇਸ ਕਰਕੇ ਸੰਪੂਰਨ ਜਗਤ ਬਾਰੇ ਗਿਆਨ ਬੁੱਧੀ ਦਾ ਹਿੱਸਾ ਨਹੀਂ ਹੋ ਸਕਦਾ। ਪਰ ਮਨੁੱਖ ਉਸ ਸੱਤਾ ਬਾਰੇ ਗਿਆਨ ਪ੍ਰਾਪਤ ਕਰਨਾ ਚਾਹੁੰਦਾ ਹੈ ਜੋ ਇਸ ਸੰਪੂਰਨ ਜਗਤ ਦੀ ਮਾਲਕ ਹੈ ਅਤੇ ਜੋ ਇਸ ਜਗਤ ਵਿਚਲੀਆਂ ਘਟਨਾਵਾਂ ਵਿਚ ਫੇਰ ਬਦਲ ਕਰਨ ਦੀ ਸਮਰੱਥਾ ਰੱਖਦੀ ਹੋਵੇ। ਉਹ ਅਸਾਧਾਰਨ ਸੱਤਾ ਸਾਡੀ ਬੁੱਧੀ ਦਾ ਹਿੱਸਾ ਨਹੀਂ ਹੋ ਸਕਦੀ ਕਿਉਂਕਿ ਬੁੱਧੀ ਅਪੂਰਨ ਹੈ ਅਤੇ ਸੱਤਾ ਜਿਸਨੇ ਇਸ ਨੂੰ ਬਣਾਇਆ ਹੈ ਉਹ ਸੰਪੂਰਨ ਹੈ। ਇਸ ਤਰ੍ਹਾਂ ਕਦੇ ਵੀ ਅਪੂਰਨ ਸੱਤਾ ਸੰਪੂਰਨ ਸੱਤਾ ਬਾਰੇ ਗਿਆਨ ਹਾਸਲ ਨਹੀਂ ਕਰ ਸਕਦੀ, ਉਸ ਉੱਤੇ ਕੇਵਲ ਵਿਸ਼ਵਾਸ ਕੀਤਾ ਜਾ ਸਕਦਾ ਹੈ। ਇਸ ਲਈ ਜਦੋਂ ਉਸ ਅਸਾਧਾਰਣ ਸੱਤਾ ਬਾਰੇ ਵਿਸ਼ਵਾਸ ਗ੍ਰਹਿਣ ਕੀਤਾ ਜਾਂਦਾ ਹੈ ਤਾਂ ਉਸਨੂੰ ਅਲੌਕਿਕ ਧਰਮ ਵਿਗਿਆਨ ਕਿਹਾ ਜਾਂਦਾ ਹੈ ਕਿਉਂਕਿ ਇਹ ਬੁੱਧੀ ਤੋਂ ਪਰੇ ਇਲਹਾਮ ਦੇ ਖੇਤਰ ਦਾ ਵਿਸ਼ਾ ਹੁੰਦਾ ਹੈ।

ਹਰ ਇਕ ਧਰਮ ਦਾ ਆਪੋ-ਆਪਣਾ ਧਰਮ ਵਿਗਿਆਨ ਹੁੰਦਾ ਹੈ ਅਤੇ ਧਰਮ ਵਿਗਿਆਨ ਜਿਸ ਧਰਮ ਨਾਲ ਸੰਬੰਧਤ ਹੁੰਦਾ ਹੈ ਉਸ ਧਰਮ ਵਿਚ ਪਾਏ ਜਾਂਦੇ ਪਰਮਾਤਮਾ, ਜਗਤ ਅਤੇ ਵਿਅਕਤੀ ਬਾਰੇ ਅਧਿਐਨ ਕਰਦਾ ਹੈ। ਇਹ ਅਕਸਰ ਵੇਖਣ ਵਿਚ ਆਉਂਦਾ ਹੈ ਕਿ ਜਿਹੜੇ ਧਰਮ ਈਸ਼ਵਰ ਦੀ ਹੋਂਦ ਨੂੰ ਨਹੀਂ ਮੰਨਦੇ ਉਨ੍ਹਾਂ ਦਾ ਵੀ ਆਪਣਾ ਧਰਮ ਵਿਗਿਆਨ ਹੁੰਦਾ ਹੈ ਜਿਵੇਂ ਜੈਨ, ਬੁੱਧ, ਕਨਫਿਊਸ਼ਿਸ, ਹਿੰਦੂ ਧਰਮ ਦੇ ਕੁਝ ਹਿੱਸੇ ਆਦਿ। ਇਨ੍ਹਾਂ ਧਰਮਾਂ ਦੇ ਧਰਮ ਵਿਗਿਆਨ ਆਪਣੇ ਪੈਗੰਬਰਾਂ ਦੁਆਰਾ ਦਰਸਾਈਆਂ ਨੈਤਿਕ ਸਿੱਖਿਆਵਾਂ ਦਾ ਅਧਿਐਨ ਅਤੇ ਵਿਆਖਿਆਵਾਂ ਕਰਦੇ ਹਨ। ਇਸ ਤਰ੍ਹਾਂ ਧਰਮ ਵਿਗਿਆਨ ਦੁਨੀਆਂ ਦੇ ਕਿਸੇ ਵੀ ਧਰਮ ਨਾਲ ਸੰਬੰਧਤ ਹੋ ਸਕਦਾ ਹੈ ਭਾਵੇਂ ਕਿ ਉਸ ਧਰਮ ਵਿਚ ਈਸ਼ਵਰ ਦੀ ਹੋਂਦ ਨੂੰ ਮੰਨਿਆ ਜਾਂਦਾ ਹੋਵੇ ਭਾਵੇਂ ਨਹੀਂ। ਧਰਮ ਵਿਗਿਆਨ ਤਾਂ ਕੇਵਲ ਧਰਮ ਵਿਚ ਪਾਏ ਜਾਂਦੇ ਵਿਸ਼ਵਾਸਾਂ ਦਾ ਅਧਿਐਨ ਕਰਦਾ ਹੈ ਅਤੇ ਇਸ ਕੰਮ ਵਿਚ ਉਹ ਆਪਣੇ ਧਰਮ ਦੇ ਇਤਿਹਾਸ ਦਾ ਸਹਾਰਾ ਵੀ ਲੈਂਦਾ ਹੈ। ਇਸ ਤੋਂ ਇਲਾਵਾ ਧਰਮ ਵਿਗਿਆਨ ਧਾਰਮਿਕ ਵਿਸ਼ਵਾਸਾਂ ਨੂੰ ਪ੍ਰਚਾਰਨ ਅਤੇ ਨਵੇਂ ਤਰੀਕੇ ਨਾਲ ਵਿਆਖਿਆ ਕਰਨ ਦੇ ਨਾਲ-ਨਾਲ ਦੂਜੇ ਧਰਮਾਂ ਨਾਲ ਤੁਲਨਾਤਮਕ ਅਧਿਐਨ ਅਤੇ ਆਪਣੇ ਧਰਮ ਉੱਤੇ ਪੈ ਰਹੇ ਬਾਹਰੀ ਪ੍ਰਭਾਵਾਂ ਤੋਂ ਬਚਣ ਦਾ ਯਤਨ ਕਰਦਾ ਹੈ। ਇਸ ਕੰਮ ਵਿਚ ਉਹ ਧਰਮ ਦਰਸ਼ਨ ਦੀ ਮਦਦ ਲੈਂਦਾ ਹੈ। ਧਰਮ ਵਿਗਿਆਨ ਆਪ ਕੋਈ ਵੀ ਸਿਧਾਂਤ ਜਾਂ ਵਿਸ਼ਵਾਸ ਪੈਦਾ ਨਹੀਂ ਕਰਦਾ ਬਲਕਿ ਇਹ ਤਾਂ ਧਰਮ ਤੋਂ ਸਿਧਾਂਤ ਅਤੇ ਵਿਸ਼ਵਾਸ ਲੈ ਕੇ ਉਨ੍ਹਾਂ ਦੀ ਵਿਆਖਿਆ ਦਾ ਕੰਮ ਹੀ ਕਰਦਾ ਹੈ। ਇਸ ਤਰ੍ਹਾਂ ਧਰਮ ਵਿਗਿਆਨ ਧਰਮ ਦਰਸ਼ਨ ਉੱਤੇ ਨਿਰਭਰ ਕਰਦਾ ਹੈ। ਧਰਮ ਵਿਗਿਆਨ ਧਰਮ ਵਿਚਲੇ ਅੰਧ-ਵਿਸ਼ਵਾਸਾਂ ਅਤੇ ਰੀਤਾਂ ਦੀ ਵਿਆਖਿਆ ਕਰਦਾ ਹੈ। ਇਸ ਕੰਮ ਵਿਚ ਉਹ ਬੁੱਧੀ ਦਾ ਸਹਾਰਾ ਲੈਂਦਾ ਹੈ। ਪਰ ਬੁੱਧੀ ਦੇ ਸਹਾਰੇ ਉਹ ਧਾਰਮਿਕ ਵਿਸ਼ਵਾਸਾਂ ਨੂੰ ਕੇਵਲ ਪੁਰਾਤਨ ਸਮੇਂ ਨਾਲ ਹੀ ਸੰਬੰਧਤ ਕਰੇਗਾ ਅਤੇ ਜੇਕਰ ਉਸ ਨੇ ਆਪਣੇ ਧਰਮ ਦੀ ਵਿਆਖਿਆ ਨਵੇਂ ਅਤੇ ਆਧੁਨਿਕ ਢੰਗ ਨਾਲ ਕਰਨੀ ਹੈ ਤਾਂ ਉਸ ਨੂੰ ਆਧੁਨਿਕ ਅਤੇ ਵਿਗਿਆਨਕ ਤਕਨੀਕਾਂ ਦਾ ਇਸਤੇਮਾਲ ਕਰਨਾ ਪਵੇਗਾ ਜੋ ਉਸ ਨੂੰ ਕੇਵਲ ਦਰਸ਼ਨ ਤੋਂ ਹੀ ਮਿਲ ਸਕਦਾ ਹੈ। ਇਥੇ ਇਹ ਧਰਮ ਦਰਸ਼ਨ ਨਾਲ ਸੰਬੰਧਤ ਹੈ ਅਤੇ ਧਰਮ ਦਰਸ਼ਨ ਉਸਦੀ ਸਹਾਇਤਾ ਕਰਦਾ ਹੈ।

ਧਰਮ ਵਿਚਲੇ ਅਨੁਭਵ ਧਰਮ ਨੂੰ ਤਾਂ ਹੀ ਮਜ਼ਬੂਤ ਅਤੇ ਦ੍ਰਿੜ੍ਹ ਬਣਾਉਂਦੇ ਹਨ ਜੇਕਰ ਧਰਮ ਸਮੇਂ ਅਤੇ ਸਥਾਨ ਨਾਲ ਸੰਬੰਧਤ ਰਹੇ ਪਰ ਆਪਣਾ ਅਸਲੀ ਮਨੋਰਥ ਵੀ ਨਾਲ-ਨਾਲ ਉਤਨਾ ਹੀ ਮਜ਼ਬੂਤ ਰੱਖੇ। ਧਰਮ ਵਿਗਿਆਨ ਧਰਮ ਸਿਧਾਂਤਾਂ ਅਤੇ ਅਨੁਭਵਾਂ ਦੀ ਕੇਵਲ ਵਿਆਖਿਆ ਕਰ ਸਕਦਾ ਹੈ ਅਤੇ ਧਰਮ ਨੂੰ ਬਾਹਰੀ ਖ਼ਤਰਿਆਂ ਬਾਰੇ ਜਾਣਕਾਰੀ ਵੀ ਦੇ ਸਕਦਾ ਹੈ ਪਰ ਇਹ ਇਕੱਲੇ ਤੌਰ 'ਤੇ ਨਵੇਂ ਯੁੱਗ ਦੀਆਂ ਸਮੱਸਿਆਵਾਂ ਨੂੰ ਨਜਿੱਠਣ ਅਤੇ ਧਾਰਮਿਕ ਸਿਧਾਂਤਾਂ ਦੀ ਨਾਲ-ਨਾਲ ਵਿਆਖਿਆ ਕਰਨ ਤੋਂ ਅਸਮਰੱਥ ਹੋ ਜਾਂਦਾ ਹੈ। ਇਥੇ ਇਸ ਨੂੰ ਕਿਸੇ ਹੋਰ ਅਜਿਹੇ ਵਿਸ਼ੇ ਦੀ ਸਹਾਇਤਾ ਦੀ ਲੋੜ ਪੈਂਦੀ ਹੈ ਜੋ ਸਿਧਾਂਤਕ ਤੌਰ 'ਤੇ ਉਸ ਦੀ ਸਹਾਇਤਾ ਦੇ ਨਾਲ-ਨਾਲ ਬਾਹਰੀ ਸਮੱਸਿਆਵਾਂ ਦਾ ਆਧੁਨਿਕ ਢੰਗ ਨਾਲ ਮੁਕਾਬਲਾ ਵੀ ਕਰੇ। ਇਥੇ ਧਰਮ ਵਿਗਿਆਨ ਧਰਮ ਦਰਸ਼ਨ ਨਾਲ ਸੰਬੰਧਤ ਹੋ ਜਾਂਦਾ ਹੈ। ਇਸ ਤਰ੍ਹਾਂ ਧਰਮ ਵਿਗਿਆਨ ਅਤੇ ਧਰਮ

ਦਰਸ਼ਨ ਇਕੱਠੇ ਰਹਿੰਦੇ ਹੋਏ ਇਕੋ ਹਸਤੀ ਨੂੰ ਆਧਾਰ ਬਣਾ ਕੇ ਧਰਮ ਨੂੰ ਅੰਦਰੂਨੀ ਸਮੱਸਿਆਵਾਂ ਦੇ ਨਾਲ-ਨਾਲ ਬਾਹਰੀ ਸਮੱਸਿਆਵਾਂ ਨਾਲ ਨਜਿੱਠਣ ਦੇ ਸਮਰੱਥ ਬਣਾਉਂਦੇ ਹਨ।

**ਅੰਤਰ** : ਜਿਥੇ ਧਰਮ ਵਿਗਿਆਨ ਅਤੇ ਧਰਮ ਦਰਸ਼ਨ ਇਕ ਦੂਜੇ ਨਾਲ ਸੰਬੰਧਤ ਹਨ ਅਤੇ ਇਕੱਠੇ ਰਲ ਕੇ ਧਰਮ ਨੂੰ ਅੰਦਰੂਨੀ ਅਤੇ ਬਾਹਰੀ ਸਮੱਸਿਆਵਾਂ ਤੋਂ ਬਚਾਉਂਦੇ ਹਨ ਉਥੇ ਇਨ੍ਹਾਂ ਵਿਚ ਕੁਝ ਅੰਤਰ ਵੀ ਪਾਏ ਜਾਂਦੇ ਹਨ।

1. ਧਰਮ ਵਿਗਿਆਨ ਧਰਮ ਵਿਚਲੇ ਸਿਧਾਂਤਾਂ ਅਤੇ ਅਨੁਭਵਾਂ ਦੀ ਵਿਆਖਿਆ ਕਰਦਾ ਹੈ ਤਾਂ ਜੋ ਧਰਮ ਵਿਚਲੇ ਵਿਸ਼ਵਾਸਾਂ ਨੂੰ ਸਮਝਣ ਯੋਗ ਬਣਾਇਆ ਜਾਵੇ। ਇਨ੍ਹਾਂ ਦੀ ਵਿਆਖਿਆ ਕਰਦੇ ਸਮੇਂ ਧਰਮ ਵਿਗਿਆਨ ਕਈ ਵਾਰ ਧਾਰਮਿਕ ਅੰਧ-ਵਿਸ਼ਵਾਸਾਂ ਦੀ ਪ੍ਰੋੜਤਾ ਕਰ ਜਾਂਦਾ ਹੈ ਜੋ ਕਿ ਧਰਮ ਵਿਚ ਖੜੋਤ ਲਿਆ ਦਿੰਦੇ ਹਨ। ਪਰ ਧਰਮ ਦਰਸ਼ਨ ਹਮੇਸ਼ਾਂ ਇਸ ਗੱਲ ਪ੍ਰਤੀ ਸੁਚੇਤ ਰੂਪ ਵਿਚ ਕੰਮ ਕਰਦਾ ਹੈ ਕਿ ਧਰਮ ਵਿਚਲੇ ਵਿਸ਼ਵਾਸਾਂ ਨੂੰ ਅੰਧ-ਵਿਸ਼ਵਾਸਾਂ ਨਾਲੋਂ ਪੂਰੀ ਤਰ੍ਹਾਂ ਨਿਖੇੜ ਦਿੱਤਾ ਜਾਵੇ ਤਾਂ ਕਿ ਧਰਮ ਜੀਵਨ ਦੇ ਕਿਸੇ ਵੀ ਪੱਖ ਤੋਂ ਖੜੋਤ ਵਿਚ ਨਾ ਆ ਜਾਵੇ।
2. ਧਰਮ ਵਿਗਿਆਨ ਧਰਮ ਵਿਚਲੇ ਸਿਧਾਂਤਾਂ ਅਤੇ ਅਨੁਭਵਾਂ ਦੀ ਵਿਆਖਿਆ ਵਿਸ਼ਵਾਸ 'ਤੇ ਅਧਾਰਤ ਹੋ ਕੇ ਕਰਦਾ ਹੈ। ਇਹ ਧਰਮ ਵਿਚਲੇ ਭਾਵਾਂ ਨੂੰ ਕਿਸੇ ਤਰ੍ਹਾਂ ਦੀ ਠੇਸ ਪਹੁੰਚਾਉਣ ਤੋਂ ਗੁਰੇਜ਼ ਕਰਦਾ ਹੈ ਪਰ ਧਰਮ ਦਰਸ਼ਨ ਧਾਰਮਿਕ ਅਨੁਭਵਾਂ ਦੀ ਵਿਆਖਿਆ ਬੌਧਿਕ ਪੱਧਰ ਉੱਤੇ ਵਧੇਰੇ ਕਰਦਾ ਹੈ ਅਤੇ ਇਸ ਕੰਮ ਵਿਚ ਜਿੰਨੇ ਵੀ ਵਾਧੂ ਵਿਸ਼ਵਾਸ ਧਰਮ ਨਾਲ ਜੁੜੇ ਹੁੰਦੇ ਹਨ ਉਹ ਉਨ੍ਹਾਂ ਸਭਨਾਂ ਨੂੰ ਛੱਡ ਦੇਣ ਦੀ ਸਲਾਹ ਵੀ ਦੇਂਦਾ ਹੈ ਭਾਵੇਂ ਕਿ ਇਸ ਕੰਮ ਵਿਚ ਵਿਅਕਤੀ ਦੀਆਂ ਭਾਵਨਾਵਾਂ ਨੂੰ ਠੇਸ ਵੀ ਪੁੱਜ ਸਕਦੀ ਹੈ।
3. ਧਰਮ ਵਿਗਿਆਨ ਧਾਰਮਿਕ ਭਾਵਾਂ ਨੂੰ ਕੇਵਲ ਇਕੋ ਹੀ ਧਰਮ ਨਾਲ ਸੰਬੰਧਤ ਕਰਕੇ ਵੇਖਦਾ ਹੈ ਜਿਸਦਾ ਕਿ ਉਹ ਆਪ ਹਿੱਸਾ ਹੁੰਦਾ ਹੈ ਪਰ ਧਰਮ ਦਰਸ਼ਨ ਅਜਿਹੀ ਪ੍ਰਕ੍ਰਿਆ ਨੂੰ ਜਨਮ ਦਿੰਦਾ ਹੈ ਜਿਸ ਵਿਚ ਫਿੱਟ ਕੀਤੇ ਧਰਮ ਦੇ ਭਾਵ ਅਤੇ ਵਿਸ਼ਵਾਸ ਹੋਰਨਾਂ ਧਰਮਾਂ ਵਿਚ ਵੀ ਵੇਖਣ ਨੂੰ ਮਿਲ ਜਾਂਦੇ ਹਨ ਕਿਉਂਕਿ ਧਰਮ ਦਰਸ਼ਨ ਇਕ ਧਰਮ ਦੇ ਧਾਰਮਿਕ ਅਨੁਭਵਾਂ ਦੇ ਨਾਲ-ਨਾਲ ਦੂਜੇ ਧਰਮ ਦੇ ਅਨੁਭਵਾਂ ਦਾ ਅਧਿਐਨ ਵੀ ਨਾਲ-ਨਾਲ ਕਰਦਾ ਹੈ। ਹੀਗਲ (Hegel) ਧਰਮ ਦਰਸ਼ਨ ਦੇ ਸਿਧਾਂਤ ਦੀ ਪ੍ਰੋੜ੍ਹਤਾ ਕਰਦਾ ਹੋਇਆ ਕਹਿੰਦਾ ਹੈ ਕਿ ਧਰਮ ਦਰਸ਼ਨ ਨੂੰ ਧਾਰਮਿਕ ਅਨੁਭਵਾਂ ਦੇ ਅਜਿਹੇ ਸਿੱਟੇ ਕੱਢਣੇ ਚਾਹੀਦੇ ਹਨ ਜਿਹੜੇ ਕਿ ਧਾਰਮਿਕ ਸੰਬੰਧਾਂ ਨੂੰ ਮਜ਼ਬੂਤ ਕਰਨ ਵੱਲ ਰੁਚਿਤ ਹੋਣ। ਇਸ ਤਰ੍ਹਾਂ ਹੀਗਲ ਧਰਮ ਨੂੰ ਮਨੁੱਖੀ ਆਤਮਾਵਾਂ ਦਾ ਸਰਬ ਸਾਂਝਾ ਅਤੇ ਜ਼ਰੂਰੀ ਅੰਸ਼ ਸਮਝਦਾ ਹੈ।
4. ਧਰਮ ਵਿਗਿਆਨ ਧਰਮ ਤੋਂ ਕੱਚਾ ਮਾਲ ਪ੍ਰਾਪਤ ਕਰਦਾ ਹੈ ਅਤੇ ਉਸ ਨੂੰ ਸ਼ੁੱਧ ਰੂਪ ਵਿਚ ਇਕ ਸਿਸਟਮ ਵਿਚ ਲਿਆ ਕੇ ਸਮਝਣ ਦਾ ਯਤਨ ਕਰਦਾ ਹੈ। ਇਸ ਕੰਮ ਵਿਚ ਧਰਮ ਵਿਗਿਆਨ ਵਿਸ਼ਵਾਸ ਅਤੇ ਨੈਤਿਕਤਾ ਨੂੰ ਅੱਖੋਂ ਓਹਲੇ ਨਹੀਂ ਹੋਣ ਦਿੰਦਾ। ਧਰਮ ਦਰਸ਼ਨ ਧਰਮ ਤੋਂ ਕੱਚਾ ਮਾਲ ਪ੍ਰਾਪਤ ਕਰਦਾ ਹੈ ਪਰ ਉਹ ਇਸ ਨੂੰ ਚੰਗੀ ਤਰ੍ਹਾਂ ਸਮਝਣ ਲਈ ਮਨੋਵਿਗਿਆਨ, ਗਿਆਨ-ਵਿਗਿਆਨ, ਨੈਤਿਕਤਾ, ਸਮਾਜ-ਵਿਗਿਆਨ, ਧਰਮ ਵਿਗਿਆਨ ਆਦਿ ਦਾ ਸਹਾਰਾ ਲੈਂਦਾ ਹੈ।
5. ਧਰਮ ਵਿਗਿਆਨੀ ਜਦੋਂ ਧਰਮ ਦੀ ਵਿਆਖਿਆ ਕਰਦਾ ਹੈ ਤਾਂ ਇਹ ਕਿਹਾ ਜਾਂਦਾ ਹੈ ਕਿ ਉਹ ਧਰਮ ਬਾਰੇ ਹਮਦਰਦੀ ਅਤੇ ਤਰਸ ਭਾਵਨਾ ਨਾਲ ਵਿਚਾਰ ਕਰ ਰਿਹਾ ਹੈ ਇਸ ਕਰਕੇ ਇਸਨੂੰ ਧਰਮ ਤੋਂ ਬਾਅਦ ਦੂਜੇ ਨੰਬਰ ਤੇ ਰੱਖਿਆ ਗਿਆ ਹੈ। ਪਰ ਜਦੋਂ ਧਰਮ ਦਰਸ਼ਨ ਨਾਲ ਸੰਬੰਧਤ ਦਾਰਸ਼ਨਿਕ ਧਰਮ ਦੀ ਵਿਆਖਿਆ ਕਰਦਾ ਹੈ ਤਾਂ ਉਹ ਧਾਰਮਿਕ ਭਾਵਾਂ ਦੀ ਪੜਚੋਲ ਬਿਨਾਂ ਕਿਸੇ ਲਗਾਉ ਅਤੇ ਹਮਦਰਦੀ ਦੇ ਕਰਦਾ ਹੈ ਅਤੇ ਕਈ ਵਾਰੀ ਧਰਮ ਵਿਗਿਆਨ ਦੁਆਰਾ ਪ੍ਰਾਪਤ ਕੀਤੇ ਸਿੱਟਿਆਂ ਨੂੰ ਇਸ ਦਾ ਆਧਾਰ ਵੀ ਬਣਾਉਂਦਾ ਹੈ। ਇਸ ਕਰਕੇ ਇਸ ਨੂੰ ਤੀਜੇ ਨੰਬਰ 'ਤੇ ਰੱਖਿਆ ਜਾਂਦਾ ਹੈ।

### 3. ਧਰਮ ਦਰਸ਼ਨ ਅਤੇ ਦਰਸ਼ਨ (Philosophy of Religion and Philosophy)

ਕਿਹਾ ਜਾਂਦਾ ਹੈ ਕਿ ਦਰਸ਼ਨ ਅਤੇ ਧਰਮ ਦਾ ਮੁੱਢ ਲੱਭਣਾ ਮੁਸ਼ਕਲ ਹੀ ਨਹੀਂ ਨਾਮੁਨਕਿਨ ਵੀ ਹੈ ਕਿਉਂਕਿ ਇਹ ਦੋਵੇਂ ਵਿਸ਼ੇ ਵਿਅਕਤੀ ਦੇ ਆਦਿ ਤੋਂ ਹੀ ਵਿਅਕਤੀ ਨਾਲ ਜੁੜੇ ਹੋਏ ਹਨ ਪਰ ਸਮਾਜ-ਵਿਗਿਆਨੀ ਇਹ ਮੰਨਦੇ ਹਨ ਕਿ ਸਮਾਜ ਪਹਿਲਾਂ ਬਣਿਆ ਧਰਮ ਬਾਅਦ ਵਿਚ ਹੋਂਦ ਵਿਚ ਆਇਆ ਹੈ। ਸਮਾਜ ਦੀ ਵਿਆਖਿਆ ਕਰਦੇ ਹੋਏ ਉਹ ਕਹਿੰਦੇ ਹਨ ਕਿ ਜਦੋਂ ਦੋ ਵਿਅਕਤੀਆਂ ਨੇ ਇਕੱਠੇ ਰਹਿਣ ਦਾ ਨਿਸ਼ਚਾ ਕੀਤਾ ਤਾਂ ਸਮਾਜ ਦੀ ਬੁਨਿਆਦ ਰੱਖੀ

ਗਈ ਜਿਸ ਦਾ ਆਧਾਰ ਵਿਅਕਤੀ ਦੀਆਂ ਰੋਜ਼ਾਨਾ ਜੀਵਨ ਦੀਆਂ ਲੋੜਾਂ ਨੂੰ ਬਣਾਇਆ ਗਿਆ। ਹੁਣ ਜੇਕਰ ਸਮਾਜ-ਵਿਗਿਆਨੀਆਂ ਦੀ ਇਸ ਪਰਿਭਾਸ਼ਾ ਨੂੰ ਸਹੀ ਮੰਨਿਆ ਜਾਵੇ ਤਾਂ ਇਹ ਵੀ ਕਹਿਣ ਵਿਚ ਕੋਈ ਹਿਚਕਚਾਹਟ ਨਹੀਂ ਕਿ ਜਦੋਂ ਦੋ ਵਿਅਕਤੀਆਂ ਨੇ ਆਪਣੇ ਜੀਵਨ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਇਕੱਠੇ ਰਹਿਣਾ ਸ਼ੁਰੂ ਕੀਤਾ ਤਾਂ ਇਹ ਉਸ ਦੀ ਸੋਝੀ ਕਾਰਨ ਸੰਭਵ ਹੋ ਸਕਿਆ। ਇਹ ਸੋਝੀ ਹੀ ਵਿਅਕਤੀ ਦੇ ਦਰਸ਼ਨ ਦਾ ਹਿੱਸਾ ਹੈ। ਇਸ ਤਰ੍ਹਾਂ ਇਹ ਪਤਾ ਲੱਗਦਾ ਹੈ ਕਿ ਦਰਸ਼ਨ ਸਮਾਜ ਵਿਗਿਆਨ ਤੋਂ ਵੀ ਪੁਰਾਣਾ ਹੈ ਅਤੇ ਜਦੋਂ ਤੋਂ ਵਿਅਕਤੀ ਨੇ ਸੋਝੀ ਸੰਭਾਲੀ ਹੈ ਉਹ ਆਪਣੇ ਠੀਕ ਤੇ ਗਲਤ, ਭਲੇ ਅਤੇ ਬੁਰੇ ਦਾ ਗਿਆਨ ਰੱਖਦਾ ਹੈ। ਇਸ ਤੋਂ ਇਕ ਹੋਰ ਗੱਲ ਦਾ ਵੀ ਅਹਿਸਾਸ ਹੁੰਦਾ ਹੈ ਕਿ ਦਰਸ਼ਨ ਹਰ ਵਿਅਕਤੀ ਦੇ ਜੀਵਨ ਦਾ ਅਟੁੱਟ ਅੰਗ ਹੈ ਅਤੇ ਇਸ ਦਰਸ਼ਨ ਦੀ ਘੱਟ ਜਾਂ ਵੱਧ ਜਾਣਕਾਰੀ ਵਿਅਕਤੀ ਦੀ ਬੁੱਧੀ ਦੇ ਵਿਕਾਸ ਦਾ ਹਿੱਸਾ ਹੈ।

ਦਰਸ਼ਨ ਸ਼ਾਸਤਰ ਇਹ ਕਹਿੰਦਾ ਹੈ ਕਿ ਹਰ ਇਕ ਵਿਅਕਤੀ ਸਚਾਈ ਨੂੰ ਲੱਭਣ ਦੀ ਕੋਸ਼ਿਸ਼ ਵਿਚ ਹਮੇਸ਼ਾਂ ਯਤਨਸ਼ੀਲ ਰਹਿੰਦਾ ਹੈ ਅਤੇ ਜਦੋਂ ਤੱਕ ਉਹ ਪਰਮਸਤਿ ਬਾਰੇ ਸੰਪੂਰਨ ਜਾਣਕਾਰੀ ਹਾਸਲ ਨਹੀਂ ਕਰ ਲੈਂਦਾ, ਇਹ ਪ੍ਰਕ੍ਰਿਆ ਨਿਰੰਤਰ ਚੱਲਦੀ ਰਹਿੰਦੀ ਹੈ। ਕਿਸੇ ਵੀ ਚੀਜ਼ ਦੇ ਗਿਆਨ ਲਈ ਉਸਦੀ ਬੁੱਧੀ ਦੇ ਤਿੰਨ ਪ੍ਰਸ਼ਨ ਕੀ, ਕਿਉਂ ਅਤੇ ਕਿਵੇਂ ਹਮੇਸ਼ਾਂ ਹਿੱਸਾ ਪਾਉਂਦੇ ਹਨ। ਇਹ ਤਿੰਨ ਪ੍ਰਸ਼ਨ ਵਿਅਕਤੀ ਨੂੰ ਹਮੇਸ਼ਾਂ ਕ੍ਰਿਆਸ਼ੀਲ ਰੱਖਣ ਵਿਚ ਮਦਦ ਕਰਦੇ ਹਨ। ਵਿਅਕਤੀ ਸਾਰੀ ਉਮਰ ਇਨ੍ਹਾਂ ਤਿੰਨਾਂ ਦੇ ਹੱਲ ਲਈ ਲਗਾਤਾਰ ਯਤਨ ਕਰਦਾ ਰਹਿੰਦਾ ਹੈ ਪਰ ਫਿਰ ਵੀ ਇਹ ਤਿੰਨੇ ਪ੍ਰਸ਼ਨ ਹੱਲ ਹੋਣ ਦੀ ਬਜਾਏ ਵਿਅਕਤੀ ਅੰਦਰ ਨਿਰੰਤਰ ਉਤਸੁਕਤਾ ਪੈਦਾ ਕਰਦੇ ਰਹਿੰਦੇ ਹਨ ਕਿ ਉਹ ਹਰ ਚੀਜ਼ ਬਾਰੇ ਜਾਣਕਾਰੀ ਹਾਸਲ ਕਰੇ ਅਤੇ ਹਰ ਚੀਜ਼ ਦੀ ਸਚਾਈ ਬਾਰੇ ਗਿਆਨ ਪ੍ਰਾਪਤ ਕਰੇ। ਇਨ੍ਹਾਂ ਤਿੰਨਾਂ ਪ੍ਰਸ਼ਨਾਂ ਦੇ ਹੱਲ ਲਈ ਉਹ ਜਿਨ੍ਹਾਂ ਵਿਧੀਆਂ ਦੀ ਵਰਤੋਂ ਕਰਦਾ ਹੈ ਉਨ੍ਹਾਂ ਨੂੰ ਵੀ ਦਰਸ਼ਨ ਸ਼ਾਸਤਰ ਦਾ ਇਕ ਅਹਿਮ ਹਿੱਸਾ ਮੰਨਿਆ ਜਾਂਦਾ ਹੈ। ਇਨ੍ਹਾਂ ਵਿਧੀਆਂ ਨੂੰ ਚਿੰਤਨ ਢੰਗ (Reflective Method), ਵਿਸ਼ਲੇਸ਼ਣ (Analysis), ਸੰਸਲੇਸ਼ਣ (Synthesis), ਤਰਕਵਾਦ (Rationalism), ਸਹਿਜ ਗਿਆਨ (Intuition) ਅਤੇ ਦਵੰਧਵਾਦੀ ਢੰਗ (Dialectical Method) ਕਿਹਾ ਜਾਂਦਾ ਹੈ। ਵਿਅਕਤੀ ਦੇ ਜੀਵਨ ਵਿਚ ਜਿੰਨੀਆਂ ਵੀ ਸਮੱਸਿਆਵਾਂ ਆਉਂਦੀਆਂ ਹਨ ਉਨ੍ਹਾਂ ਦੇ ਹੱਲ ਲਈ ਅਤੇ ਗਿਆਨ ਪ੍ਰਾਪਤ ਕਰਨ ਲਈ ਉਹ ਇਨ੍ਹਾਂ ਵਿਚੋਂ ਕਿਸੇ ਨਾ ਕਿਸੇ ਵਿਧੀ ਦਾ ਇਸਤੇਮਾਲ ਕਰਦਾ ਹੈ।

ਧਰਮ ਵਿਅਕਤੀ ਦੇ ਜੀਵਨ ਦਾ ਇਕ ਅਟੁੱਟ ਅੰਗ ਹੈ ਅਤੇ ਇਹ ਵਿਅਕਤੀ ਦੇ ਜੀਵਨ ਦੇ ਹਰ ਪਹਿਲੂ ਨੂੰ ਪ੍ਰਭਾਵਿਤ ਕਰਦਾ ਹੈ। ਇਹ ਵਿਅਕਤੀ ਦੇ ਜਨਮ ਤੋਂ ਪਹਿਲਾਂ ਤੋਂ ਲੈ ਕੇ ਮਰਨ ਤੋਂ ਬਾਅਦ ਤੱਕ ਵਿਅਕਤੀ ਨਾਲ ਜੁੜਿਆ ਰਹਿੰਦਾ ਹੈ। ਇਸ ਲਈ ਧਰਮ ਬਾਰੇ ਹਰ ਇਕ ਵਿਅਕਤੀ ਜਾਣਕਾਰੀ ਹਾਸਲ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਨੂੰ ਧਰਮ ਦਰਸ਼ਨ ਦਾ ਨਾਂ ਦਿੱਤਾ ਜਾਂਦਾ ਹੈ ਜੋ ਕਿ ਧਰਮ ਵਿਚਲੀਆਂ ਵਿਆਖਿਆਵਾਂ ਦੀ ਵਿਰੋਧਤਾ ਨੂੰ ਦੂਰ ਕਰਕੇ ਧਰਮ ਨੂੰ ਸਮਝਣਯੋਗ ਬਣਾਉਂਦਾ ਹੈ। ਧਰਮ ਦਰਸ਼ਨ ਲਈ ਧਰਮ ਇਕ ਪ੍ਰਮੁੱਖ ਵਿਸ਼ਾ ਹੈ ਅਤੇ ਇਸ ਵਿਚ ਬਾਕੀ ਵਿਸ਼ੇ ਗੌਣ ਰੂਪ ਵਿਚ ਲਏ ਜਾਂਦੇ ਹਨ। ਪ੍ਰੰਤੂ ਦਰਸ਼ਨ ਹਰ ਇਕ ਵਿਸ਼ੇ ਦਾ ਚੰਗੀ ਤਰ੍ਹਾਂ ਬੌਧਿਕ ਪੱਧਰ ਉੱਤੇ ਅਧਿਐਨ ਕਰਕੇ ਉਸਨੂੰ ਸਮਝਣਯੋਗ ਬਣਾਉਂਦਾ ਹੈ। ਇਸ ਲਈ ਧਰਮ ਦਰਸ਼ਨ ਜਦੋਂ ਧਰਮ ਵਿਚਲੇ ਭਾਵਾਂ ਦੀ ਵਿਆਖਿਆ ਕਰਦਾ ਹੈ ਤਾਂ ਉਹ ਦਾਰਸ਼ਨਿਕ ਵਿਧੀਆਂ ਦੀ ਵਰਤੋਂ ਕਰਦਾ ਹੈ ਅਤੇ ਉਸ ਨੂੰ ਦਰਸ਼ਨ ਦੀ ਅਗਵਾਈ ਦੀ ਲੋੜ ਪੈਂਦੀ ਹੈ। ਇਸ ਤਰ੍ਹਾਂ ਧਰਮ ਦਰਸ਼ਨ ਨੇ ਜਦੋਂ ਕਿਸੇ ਹੋਰ ਵਿਸ਼ੇ ਬਾਰੇ ਗੱਲ ਕਰਨੀ ਹੁੰਦੀ ਹੈ ਤਾਂ ਉਹ ਹੋਰ ਵਿਸ਼ਿਆਂ ਬਾਰੇ ਦਾਰਸ਼ਨਿਕ ਸਿੱਟਿਆਂ ਉੱਤੇ ਹੀ ਨਿਰਭਰ ਕਰਦੇ ਹਨ। ਦਰਸ਼ਨ ਵੀ ਜੀਵਨ ਵਿਚ ਸਿਧਾਂਤਕ ਅਤੇ ਅਮਲੀ ਦੋਵਾਂ ਪੱਧਰਾਂ 'ਤੇ ਕਾਰਜਸ਼ੀਲ ਹੁੰਦਾ ਹੈ। ਸਿਧਾਂਤਕ ਪੱਧਰ ਉੱਤੇ ਜਦੋਂ ਉਹ ਕੰਮ ਕਰਦਾ ਹੈ ਤਾਂ ਉਹ ਬਹੁਤੀ ਵਾਰੀ ਕਾਲਪਨਿਕ ਆਧਾਰ ਸਿਰਜਦਾ ਹੈ ਅਤੇ ਇਨ੍ਹਾਂ ਕਾਲਪਨਿਕ ਆਧਾਰਾਂ ਤੋਂ ਪ੍ਰਾਪਤ ਕੀਤੇ ਸਿੱਟਿਆਂ ਨੂੰ ਉਹ ਜੀਵਨ ਵਿਚ ਅਮਲੀ ਪੱਧਰ 'ਤੇ ਲਿਆ ਕੇ ਲਾਗੂ ਕਰਨ ਦੀ ਕੋਸ਼ਿਸ਼ ਕਰਦਾ ਹੈ। ਪਰ ਕਾਲਪਨਿਕ ਆਧਾਰਾਂ ਉੱਤੇ ਪ੍ਰਾਪਤ ਕੀਤੇ ਸਿੱਟੇ ਕਈ ਵਾਰੀ ਹਾਨੀਕਾਰਕ ਹੋ ਸਕਦੇ ਹਨ ਜਾਂ ਫਿਰ ਇਨ੍ਹਾਂ ਨੂੰ ਲਾਗੂ ਕਰਨ ਵਿਚ ਮੁਸ਼ਕਲਾਂ ਪੇਸ਼ ਆ ਸਕਦੀਆਂ ਹਨ। ਇਥੇ ਫਿਲਾਸਫ਼ੀ ਹਮੇਸ਼ਾਂ ਸ਼ੱਕ ਦੇ ਘੇਰੇ ਵਿਚ ਰਹਿੰਦੀ ਹੈ ਕਿਉਂਕਿ ਵਿਅਕਤੀ ਦੀ ਵਿਚਾਰਧਾਰਾ ਉਸਦੇ ਪ੍ਰਾਪਤ ਕੀਤੇ ਸਿੱਟਿਆਂ ਵਿਚ ਲਗਾਤਾਰ ਫੇਰ ਬਦਲ ਕਰਦੀ ਰਹਿੰਦੀ ਹੈ। ਜਿਵੇਂ ਰੂਸ ਵਰਗੇ ਦੇਸ਼ਾਂ ਵਿਚ ਲੈਨਿਨ, ਮਾਰਕਸ ਆਦਿ ਨੇ ਆਪਣੇ ਸਿੱਟਿਆਂ ਦਾ ਆਧਾਰ ਕੇਵਲ ਫਿਲਾਸਫ਼ੀ ਨੂੰ ਬਣਾਇਆ, ਪਰ ਅਸਫ਼ਲ ਰਹੇ। ਇਸ ਲਈ ਫਿਲਾਸਫ਼ੀ ਨੂੰ ਆਪਣੇ ਆਧਾਰਾਂ ਨੂੰ ਮਜ਼ਬੂਤ ਕਰਨ ਲਈ ਉਨ੍ਹਾਂ ਚੀਜ਼ਾਂ ਦਾ ਸਹਾਰਾ ਲੈਣਾ ਪੈਂਦਾ ਹੈ ਜੋ ਚੀਜ਼ਾਂ ਵਿਅਕਤੀ ਦੇ ਜੀਵਨ ਦਾ ਅਟੁੱਟ ਹਿੱਸਾ ਹੋਣ ਅਤੇ ਜਿੰਨ੍ਹਾਂ ਦੇ ਫੇਲ੍ਹ ਹੋਣ ਦੀ

ਸੰਭਾਵਨਾ ਘੱਟ ਹੋਵੇ ਜਾਂ ਬਿਲਕੁਲ ਹੀ ਨਾ ਹੋਵੇ। ਇਥੇ ਧਰਮ ਦਰਸ਼ਨ ਫਿਲਾਸਫ਼ੀ ਨੂੰ ਅਜਿਹੇ ਆਧਾਰ ਪ੍ਰਦਾਨ ਕਰਦਾ ਹੈ ਕਿਉਂਕਿ ਧਰਮ ਦਰਸ਼ਨ ਧਰਮ ਦੀ ਅਜਿਹੀ ਵਿਆਖਿਆ ਵਿਚ ਯਕੀਨ ਰੱਖਦਾ ਹੈ ਜਿਹੜੀ ਵਿਅਕਤੀ ਵਿਚ ਧਰਮ ਨੂੰ ਦ੍ਰਿੜ੍ਹ ਕਰ ਸਕੇ ਅਤੇ ਧਰਮ ਵਿਚਲਾ ਵਿਅਕਤੀਗਤ ਆਧਾਰ ਮਜ਼ਬੂਤ ਹੋਵੇ। ਇਸ ਤਰ੍ਹਾਂ ਧਰਮ ਦਰਸ਼ਨ ਅਤੇ ਫਿਲਾਸਫ਼ੀ ਇਕ ਦੂਜੇ ਦੀ ਸਹਾਇਤਾ ਨਾਲ ਅੱਗੇ ਵੱਧਦੇ ਹਨ ਅਤੇ ਇਕ ਨੂੰ ਦੂਜੇ ਦੀ ਲੋੜ ਹਮੇਸ਼ਾਂ ਬਣੀ ਰਹਿੰਦੀ ਹੈ। ਇਨ੍ਹਾਂ ਸਮਾਨਤਾਵਾਂ ਦੇ ਬਾਵਜੂਦ ਇਨ੍ਹਾਂ ਵਿਚ ਕੁਝ ਅੰਤਰ ਵੀ ਸਪਸ਼ਟ ਦਿਖਾਈ ਦਿੰਦੇ ਹਨ।

**ਅੰਤਰ** :

1. ਦਰਸ਼ਨ ਹਮੇਸ਼ਾਂ ਤਰਕ ਦੇ ਆਧਾਰ 'ਤੇ ਗਿਆਨ ਅਤੇ ਸਚਾਈ ਪ੍ਰਾਪਤ ਕਰਨਾ ਚਾਹੁੰਦਾ ਹੈ। ਇਸ ਦੇ ਸਿੱਟੇ ਭਾਵੇਂ ਕੁਝ ਵੀ ਹੋਣ। ਇਸ ਤਰ੍ਹਾਂ ਜੇਕਰ ਵਿਅਕਤੀ ਧਰਮ ਨਾਲ ਸੰਬੰਧਤ ਹੋਵੇ ਅਤੇ ਦਾਰਸ਼ਨਿਕ ਉਸ ਧਰਮ ਵਿਚਲੇ ਭਾਵਾਂ ਦੀ ਗਲਤ ਵਿਆਖਿਆ ਕਰ ਦੇਵੇ ਤਾਂ ਵਿਅਕਤੀਆਂ ਵਿਚ ਟਕਰਾਓ ਦੀ ਸੰਭਾਵਨਾ ਪੈਦਾ ਹੋ ਜਾਵੇਗੀ। ਇਸ ਤਰ੍ਹਾਂ ਦਰਸ਼ਨ ਦੀ ਗਲਤ ਵਰਤੋਂ ਸਮਾਜ ਲਈ ਹਾਨੀਕਾਰਕ ਸਿੱਧ ਹੋ ਜਾਵੇਗੀ। ਪਰ ਜਦੋਂ ਧਰਮ ਅਤੇ ਦਰਸ਼ਨ ਮਿਲਕੇ ਕੰਮ ਕਰਦੇ ਹਨ ਤਾਂ ਸਮਾਜਿਕ ਸਮਤੋਲ ਕਾਇਮ ਰਹਿਣ ਦੀ ਸੰਭਾਵਨਾ ਬਣੀ ਰਹਿੰਦੀ ਹੈ।
2. ਧਰਮ ਦਰਸ਼ਨ ਦਾ ਘੇਰਾ ਦਰਸ਼ਨ ਦੇ ਮੁਕਾਬਲੇ ਸੀਮਿਤ ਹੈ ਜਾਂ ਇੰਝ ਕਿਹਾ ਜਾ ਸਕਦਾ ਹੈ ਕਿ ਦਰਸ਼ਨ ਦਾ ਖੇਤਰ ਜ਼ਿਆਦਾ ਵਿਸ਼ਾਲ ਹੈ ਕਿਉਂਕਿ ਦਰਸ਼ਨ ਹਰ ਇਕ ਵਿਸ਼ੇ ਬਾਰੇ ਵਿਸਤ੍ਰਿਤ ਗਿਆਨ ਹਾਸਲ ਕਰਨ ਦੀ ਕੋਸ਼ਿਸ਼ ਕਰਦਾ ਹੈ ਅਤੇ ਹਰ ਇਕ ਦੁਨਿਆਵੀ ਵਿਸ਼ਾ ਫਿਲਾਸਫ਼ੀ ਦੇ ਖੇਤਰ ਦਾ ਵਿਸ਼ਾ ਹੈ ਪਰ ਧਰਮ ਦਰਸ਼ਨ ਆਪਣੀਆਂ ਵਿਧੀਆਂ ਦੀ ਵਰਤੋਂ ਕੇਵਲ ਧਾਰਮਿਕ ਵਿਸ਼ਵਾਸਾਂ ਤੱਕ ਹੀ ਸੀਮਿਤ ਰੱਖਦਾ ਹੈ ਜਿਸ ਦਾ ਮੁੱਖ ਕੰਮ ਧਰਮ ਵਿਚਲੇ ਵਿਰੋਧਾਭਾਵਾਂ ਨੂੰ ਬੁੱਧੀ ਦੇ ਸਹਾਰੇ ਦੂਰ ਕਰਕੇ ਵਿਅਕਤੀ ਅੰਦਰ ਵਿਸ਼ਵਾਸ ਦੀ ਭਾਵਨਾ ਪੈਦਾ ਕਰਨਾ ਹੁੰਦਾ ਹੈ, ਭਾਵੇਂ ਕਿ ਇਸ ਕੰਮ ਵਿਚ ਇਹ ਹੋਰ ਵਿਸ਼ਿਆਂ ਦੀ ਮਦਦ ਵੀ ਲੈਂਦਾ ਹੈ।
3. ਦਰਸ਼ਨ ਕੇਵਲ ਵਿਅਕਤੀ ਨਾਲ ਸੰਬੰਧਤ ਹੈ ਜਾਂ ਦਰਸ਼ਨ ਕੇਵਲ ਉਨ੍ਹਾਂ ਚੀਜ਼ਾਂ ਦੀ ਵਿਆਖਿਆ ਕਰ ਸਕਦਾ ਹੈ ਜੋ ਹੋਂਦ ਜਾਂ ਜਗਤ ਦਾ ਵਿਸ਼ਾ ਹੋਣ। ਜੋ ਦ੍ਰਿਸ਼ਟੀਗੋਚਰ ਨਹੀਂ ਦਰਸ਼ਨ ਉਸ ਬਾਰੇ ਗਿਆਨ ਪ੍ਰਾਪਤ ਕਰ ਨਹੀਂ ਸਕਦਾ ਅਤੇ ਜੇਕਰ ਅਜਿਹਾ ਕਰਨ ਦੀ ਕੋਸ਼ਿਸ਼ ਕਰੇਗਾ ਤਾਂ ਹਮੇਸ਼ਾਂ ਸ਼ੱਕ ਦੇ ਘੇਰੇ ਵਿਚ ਰਹੇਗਾ। ਪਰ ਧਰਮ ਦਰਸ਼ਨ ਭੌਤਿਕ ਜਗਤ ਦੇ ਨਾਲ-ਨਾਲ ਅਭੌਤਿਕ ਜਗਤ ਨਾਲ ਵੀ ਸੰਬੰਧਤ ਹੈ ਕਿਉਂਕਿ ਇਸ ਵਿਚ ਆਤਮਾ ਅਤੇ ਪਰਮਾਤਮਾ ਆਦਿ ਅਜਿਹੇ ਵਿਸ਼ੇ ਹਨ ਜਿਨ੍ਹਾਂ ਨੂੰ ਨਿਰੋਲ ਤਰਕ ਦੇ ਸਹਾਰੇ ਸਿੱਧ ਨਹੀਂ ਕੀਤਾ ਜਾ ਸਕਦਾ। ਧਰਮ ਦਰਸ਼ਨ ਅਜਿਹੇ ਵਿਸ਼ਿਆਂ ਪ੍ਰਤੀ ਵਿਸ਼ਵਾਸ ਦੀ ਭਾਵਨਾ ਪੈਦਾ ਕਰਨ ਲਈ ਧਰਮ ਗ੍ਰੰਥ ਨੂੰ ਅਧਾਰ ਬਣਾਉਂਦਾ ਹੈ।
4. ਦਰਸ਼ਨ ਆਪਣੇ ਵਿਚਾਰਾਂ ਦਾ ਘੇਰਾ ਕਲਪਨਾ ਦੇ ਦੁਆਲੇ ਸਿਰਜਦਾ ਹੈ ਅਤੇ ਕਲਪਨਾ ਰਾਹੀਂ ਪ੍ਰਾਪਤ ਕੀਤੇ ਸਿਟਿਆਂ ਨੂੰ ਜੀਵਨ ਦਾ ਆਧਾਰ ਬਣਾਉਣ ਦੀ ਕੋਸ਼ਿਸ਼ ਕਰਦਾ ਹੈ। ਇਸ ਤਰ੍ਹਾਂ ਇਨ੍ਹਾਂ ਆਧਾਰਾਂ ਦੇ ਕਲਪਨਾ 'ਤੇ ਅਧਾਰਿਤ ਹੋਣ ਕਰਕੇ ਫੇਲ੍ਹ ਹੋਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਪਰ ਧਰਮ ਦਰਸ਼ਨ ਕਦੇ ਵੀ ਕਲਪਨਾ ਦੇ ਆਧਾਰ 'ਤੇ ਆਪਣਾ ਸੰਸਾਰ ਨਹੀਂ ਸਿਰਜਦਾ ਬਲਕਿ ਇਸ ਕੋਲ ਆਧਾਰ ਪਹਿਲਾਂ ਤੋਂ ਹੀ ਮੌਜੂਦ ਹੁੰਦੇ ਹਨ ਇਹ ਤਾਂ ਕੇਵਲ ਉਨ੍ਹਾਂ ਆਧਾਰਾਂ ਉੱਤੇ ਦਾਰਸ਼ਨਿਕ ਵਿਧੀਆਂ ਦੀ ਵਰਤੋਂ ਕਰਦਾ ਹੋਇਆ ਉਨ੍ਹਾਂ ਨੂੰ ਸਮਝਣਯੋਗ ਬਣਾਉਂਦਾ ਹੈ। ਧਰਮ ਦਰਸ਼ਨ ਦੁਆਰਾ ਪ੍ਰਾਪਤ ਕੀਤੇ ਸਿੱਟੇ ਸਥਿਰ ਅਤੇ ਚਿਰੰਕਾਲੀ ਹੁੰਦੇ ਹਨ, ਇਨ੍ਹਾਂ ਦੇ ਫੇਲ੍ਹ ਹੋਣ ਦੀ ਸੰਭਾਵਨਾ ਬਿਲਕੁਲ ਹੀ ਨਹੀਂ ਰਹਿੰਦੀ।
5. ਦਰਸ਼ਨ ਚਿੰਤਨ ਦਾ ਵਿਸ਼ਾ ਹੋਣ ਕਰਕੇ ਹਮੇਸ਼ਾਂ ਗਤੀਸ਼ੀਲ ਰਹਿੰਦਾ ਹੈ ਕਹਿਣ ਦਾ ਭਾਵ ਕਿ ਇਸਦੇ ਨਤੀਜਿਆਂ ਵਿਚ ਤਬਦੀਲੀ ਦੀ ਸੰਭਾਵਨਾ ਹਮੇਸ਼ਾਂ ਬਣੀ ਰਹਿੰਦੀ ਹੈ। ਸਮੇਂ ਅਤੇ ਸਥਾਨ ਦੀਆਂ ਪ੍ਰਸਥਿਤੀਆਂ ਦੇ ਹਿਸਾਬ ਨਾਲ ਇਨ੍ਹਾਂ ਦੀ ਵਿਆਖਿਆ ਸਮੇਂ ਸਮੇਂ ਤੇ ਬਦਲਦੀ ਰਹਿੰਦੀ ਹੈ ਜਿਵੇਂ ਜੇਕਰ ਸ਼ਰਾਬ ਪੀਣਾ ਠੀਕ ਨਹੀਂ ਹੈ ਤਾਂ ਕਈ ਵਾਰੀ ਵਿਅਕਤੀ ਨੂੰ ਅਜਿਹੀਆਂ ਪ੍ਰਸਥਿਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਥੇ ਜਾ ਕੇ ਵਿਅਕਤੀ ਨੂੰ ਸ਼ਰਾਬ ਪੀਣ ਵਿਚ ਜੀਵਨ ਦੀ ਆਸ ਦੀ ਸੰਭਾਵਨਾ ਨਜ਼ਰ ਆਉਂਦੀ ਹੈ, ਅਤੇ ਜੇਕਰ ਇਸ ਤੋਂ ਬਗੈਰ ਜੀਵਨ ਦਾ ਅੰਤ ਨਜ਼ਰ ਆਉਣ ਲੱਗੇ ਤਾਂ ਇਸ ਦੇ ਸੇਵਨ ਨੂੰ ਠੀਕ ਸਮਝਿਆ ਜਾਂਦਾ ਹੈ। ਗਾਂ ਦਾ ਮਾਸ ਖਾਣਾ ਇਕ ਦੇਸ਼ ਦੇ ਵਸਨੀਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾ ਸਕਦਾ ਹੈ ਅਤੇ ਦੂਜੇ ਦੇਸ਼ ਦੇ

ਵਸਨੀਕ ਇਸਦੇ ਸੇਵਨ ਲਈ ਆਜ਼ਾਦ ਹੋ ਸਕਦੇ ਹਨ। ਦਾਰਸ਼ਨਿਕ ਸਿੱਟੇ ਹਮੇਸ਼ਾਂ ਸਮੇਂ ਅਤੇ ਸਥਾਨ ਦੇ ਅਨੁਸਾਰ ਬਦਲਦੇ ਰਹਿੰਦੇ ਹਨ ਪਰ ਧਰਮ ਦਰਸ਼ਨ ਦੁਆਰਾ ਪ੍ਰਾਪਤ ਕੀਤੇ ਸਿੱਟੇ ਹਮੇਸ਼ਾਂ ਲਈ ਅਤੇ ਸਥਿਰਕਾਲੀ ਹੁੰਦੇ ਹਨ। ਸਮੇਂ ਅਤੇ ਸਥਾਨ ਦੇ ਬਦਲਣ ਨਾਲ ਇਨ੍ਹਾਂ ਦੇ ਬਦਲਣ ਦੀ ਸੰਭਾਵਨਾ ਵਿਚ ਫ਼ਰਕ ਨਹੀਂ ਪੈ ਸਕਦਾ। ਜੇਕਰ ਇਕ ਧਰਮ ਵਿਚ ਨਸ਼ਿਆਂ ਦੇ ਸੇਵਨ ਦੀ ਮਨਾਹੀ ਹੈ ਤਾਂ ਦੁਨੀਆਂ ਦੇ ਹਰ ਕੋਨੇ ਵਿਚ ਧਰਮ ਵਿਅਕਤੀ ਨੂੰ ਇਹੀ ਵੰਗਾਰ ਦਿੰਦਾ ਰਹੇਗਾ। ਧਰਮ ਦਰਸ਼ਨ ਅਤੇ ਦਰਸ਼ਨ ਵਿਚ ਫ਼ਰਕ ਸਪੱਸ਼ਟ ਨਜ਼ਰ ਆਉਂਦਾ ਹੈ।

## 4. ਧਰਮ ਦਰਸ਼ਨ ਅਤੇ ਵਿਗਿਆਨ (Philosophy of Religion and Science)

ਵਿਗਿਆਨ ਨੂੰ ਇਕ ਕਿਸਮ ਦਾ ਗਿਆਨ ਕਿਹਾ ਜਾਂਦਾ ਹੈ ਜਿਹੜਾ ਪ੍ਰਯੋਗ ਦੇ ਆਧਾਰ 'ਤੇ ਸਿੱਟੇ ਪ੍ਰਾਪਤ ਕਰਦਾ ਹੈ, ਇਹ ਸਿੱਟੇ ਦੁਨੀਆਂ ਦੇ ਕਿਸੇ ਵੀ ਕੋਨੇ ਤੇ ਜਾ ਕੇ ਪ੍ਰਯੋਗ ਦੇ ਆਧਾਰ 'ਤੇ ਸਿੱਧ ਕੀਤੇ ਜਾ ਸਕਦੇ ਹਨ। ਸਮੇਂ ਤੇ ਸਥਾਨ ਦਾ ਇਨ੍ਹਾਂ ਸਿੱਟਿਆਂ ਤੇ ਕੋਈ ਅਸਰ ਨਹੀਂ ਪੈਂਦਾ। ਜੇਕਰ ਅਸੀਂ ਵਿਸ਼ੇਸ਼ ਉਪਕਰਣਾਂ ਦੀ ਸਹਾਇਤਾ ਨਾਲ ਇਸ ਦੇਸ਼ ਵਿਚ ਜਹਾਜ਼ ਬਣਾ ਲਏ ਤਾਂ ਉਸੇ ਤਰ੍ਹਾਂ ਦੇ ਉਪਕਰਣ ਜੇਕਰ ਕਿਸੇ ਦੂਜੇ ਦੇਸ਼ ਦੇ ਕੋਲ ਵੀ ਹੋਣ ਤਾਂ ਉਹ ਵੀ ਉਸੇ ਤਰ੍ਹਾਂ ਦਾ ਜਹਾਜ਼ ਤਿਆਰ ਕਰਨ ਦੇ ਸਮਰੱਥ ਹੋ ਸਕਦੇ ਹਨ। ਅੰਗ੍ਰੇਜ਼ੀ ਦਾ ਸ਼ਬਦ Science ਲਾਤੀਨੀ ਭਾਸ਼ਾ ਦੇ ਸ਼ਬਦ Scientia ਤੋਂ ਨਿਕਲਿਆ ਹੈ ਜਿਸਦਾ ਅਰਥ ਗਿਆਨ ਹੈ। ਇਸ ਲਈ ਵਿਗਿਆਨ ਨੂੰ ਹੀ ਗਿਆਨ ਕਿਹਾ ਜਾਂਦਾ ਹੈ ਪਰ ਹਰ ਕਿਸਮ ਦਾ ਗਿਆਨ ਵਿਗਿਆਨ ਦਾ ਰੂਪ ਨਹੀਂ ਲੈ ਸਕਦਾ। ਕਿਸੇ ਵੀ ਕਿਸਮ ਨਾਲ ਪ੍ਰਾਪਤ ਕੀਤੇ ਗਿਆਨ ਨੂੰ ਇਕ ਵਿਸ਼ੇਸ਼ ਪ੍ਰਣਾਲੀਬੱਧ ਵਿਵਸਥਾ ਵਿਚ ਰੱਖ ਕੇ ਅਤੇ ਵਿਸ਼ੇਸ਼ ਢੰਗ ਤਰੀਕਿਆਂ ਦੀ ਮਦਦ ਨਾਲ ਵਿਗਿਆਨ ਵਿਚ ਬਦਲਿਆ ਜਾ ਸਕਦਾ ਹੈ। ਇਸ ਲਈ ਜੋ ਤਰੀਕੇ ਵਿਗਿਆਨ ਵਿਚ ਅਪਣਾਏ ਜਾਂਦੇ ਹਨ ਉਹ ਹਰ ਸਮੇਂ ਅਤੇ ਸਥਾਨ ਵਿਚ ਇਕੋ ਜਿਹੇ ਰਹਿੰਦੇ ਹਨ। ਪ੍ਰਮੁੱਖ ਤੌਰ 'ਤੇ ਵਿਗਿਆਨ ਕਿਸੇ ਵੀ ਗਿਆਨ ਨੂੰ ਆਪਣੇ ਵਿਚ ਮਿਲਾਉਣ ਲਈ ਜਿਨ੍ਹਾਂ ਢੰਗ ਤਰੀਕਿਆਂ ਦਾ ਇਸਤੇਮਾਲ ਕਰਦੀ ਹੈ ਉਨ੍ਹਾਂ ਨੂੰ ਲੜੀਵਾਰ ਪਰਖਣ (Observation), ਪਰਿਕਲਪਨਾ (Hypothesis), ਸਧਾਰਨੀਕਰਨ (Generalization) ਅਤੇ ਵਿਆਖਿਆ (Explanation) ਕਿਹਾ ਜਾਂਦਾ ਹੈ। ਨਿਰੀਖਣ ਵਿਧੀ ਰਾਹੀਂ ਉਸ ਚੀਜ਼ ਦੀ ਚੰਗੀ ਤਰ੍ਹਾਂ ਪਰਖ ਕਰਨੀ ਹੁੰਦੀ ਹੈ ਜਿਸਦਾ ਗਿਆਨ ਹਾਸਲ ਕਰਨਾ ਹੈ। ਗਿਆਨ ਲਈ ਪ੍ਰਾਪਤ ਕੀਤੀ ਚੀਜ਼ ਨੂੰ ਵਿਸ਼ੇਸ਼ ਪ੍ਰਸਥਿਤੀਆਂ ਵਿਚ ਰੱਖ ਕੇ ਵਾਰ ਵਾਰ ਉਸਦਾ ਚੰਗੀ ਤਰ੍ਹਾਂ ਨਿਰੀਖਣ ਕਰਨਾ ਹੁੰਦਾ ਹੈ ਤਾਂ ਜੋ ਪ੍ਰਤੱਖੀਕਰਣ ਦੀ ਪ੍ਰਕਿਰਿਆ ਰਾਹੀਂ ਉਸ ਚੀਜ਼ ਬਾਰੇ ਬਾਹਰੀ ਤੌਰ 'ਤੇ ਮੋਟੀ ਜਿਹੀ ਜਾਣਕਾਰੀ ਪ੍ਰਾਪਤ ਕੀਤੀ ਜਾ ਸਕੇ। ਪਰਿਕਲਪਨਾ ਵਿਚ ਪ੍ਰਤੱਖੀਕਰਣ ਰਾਹੀਂ ਪ੍ਰਾਪਤ ਕੀਤੇ ਗਿਆਨ ਬਾਰੇ ਹੋਰ ਚੰਗੀ ਤਰ੍ਹਾਂ ਜਾਣਨ ਲਈ ਅਤੇ ਉਸ ਵਸਤੂ ਤੋਂ ਯੋਗ ਸਿੱਟੇ ਪ੍ਰਾਪਤ ਕਰਨ ਲਈ ਪਰਿਕਲਪਨਾ ਕੀਤੀ ਜਾਂਦੀ ਹੈ ਜਿਵੇਂ ਮਨੁੱਖ ਧਰਤੀ ਉੱਤੇ ਬੈਠ ਕੇ ਇਹ ਪਰਿਕਲਪਨਾ ਕਰ ਸਕਦਾ ਹੈ ਕਿ ਜੇਕਰ ਧਰਤੀ ਵਿਚ ਗੁਰੂਤਾਕਰਸ਼ਣ ਹੈ ਤਾਂ ਇਸ ਦਾ ਕਿਸੇ ਵਿਸ਼ੇਸ਼ ਦਿਸ਼ਾ ਵੱਲ ਜਾਣ ਤੇ ਪ੍ਰਭਾਵ ਘੱਟ ਵੀ ਸਕਦਾ ਹੈ ਅਤੇ ਇਸ ਚੀਜ਼ ਨੂੰ ਮੁੱਖ ਰੱਖ ਕੇ ਵਿਅਕਤੀ ਆਪਣੀ ਯੋਜਨਾ ਬਣਾਉਂਦਾ ਹੈ ਅਤੇ ਸਿੱਟੇ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਸਧਾਰਨੀਕਰਨ ਵਿਚ ਅਸੀਂ ਛੋਟੇ ਛੋਟੇ ਦ੍ਰਿਸ਼ਟਾਤਾਂ ਤੋਂ ਵੱਡੇ ਵੱਡੇ ਦ੍ਰਿਸ਼ਟਾਤਾਂ ਵੱਲ ਜਾਣ ਦੀ ਕੋਸ਼ਿਸ਼ ਕਰਦੇ ਹਾਂ ਜਿਵੇਂ ਕਿ ਜਦੋਂ ਵਿਅਕਤੀ ਦੀ ਮੌਤ ਹੁੰਦੀ ਹੈ ਤਾਂ ਵਿਅਕਤੀ ਇਹ ਕਹਿੰਦੇ ਹਨ ਕਿ ਉਸ ਅੰਦਰ ਆਕਸੀਜਨ ਖ਼ਤਮ ਹੋ ਗਈ ਹੈ ਤਾਂ ਉਹ ਇਹ ਵੀ ਸਿੱਧ ਕਰਨ ਦੀ ਕੋਸ਼ਿਸ਼ ਕਰਦੇ ਹਨ ਕਿ ਘੱਟ ਆਕਸੀਜਨ ਵਾਲੇ ਸਥਾਨਾਂ ਤੇ ਜਾ ਕੇ ਵਿਅਕਤੀ ਦਾ ਜੀਵਨ ਔਖਾ ਹੀ ਨਹੀਂ ਅਸੰਭਵ ਵੀ ਹੋ ਜਾਂਦਾ ਹੈ। ਇਸੇ ਤਰ੍ਹਾਂ ਸਿੱਖ ਧਰਮ ਦੇ ਪੈਰੋਕਾਰ ਜਦੋਂ ਹੇਮਕੁੰਟ ਵਰਗੀਆਂ ਉੱਚੀਆਂ ਥਾਵਾਂ ਦੀ ਯਾਤਰਾ ਤੇ ਜਾਂਦੇ ਹਨ ਤਾਂ ਉਨ੍ਹਾਂ ਨੂੰ ਅਕਸਰ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਜੇਕਰ ਸਾਹ ਦੀ ਕੋਈ ਸਮੱਸਿਆ ਹੈ ਤਾਂ ਉਥੇ ਜਾ ਕੇ ਇਸ ਸਮੱਸਿਆ ਦੇ ਵੱਧ ਜਾਣ ਦਾ ਖ਼ਤਰਾ ਬਣਿਆ ਰਹੇਗਾ, ਇਸ ਲਈ ਕੁਝ ਵਿਸ਼ੇਸ਼ ਗੱਲਾਂ ਦਾ ਖ਼ਿਆਲ ਰੱਖਣ ਲਈ ਕਿਹਾ ਜਾਂਦਾ ਹੈ। ਵਿਆਖਿਆ, ਵਿਗਿਆਨ ਦੀ ਵਿਧੀ ਦਾ ਅੰਤਮ ਪੜਾਅ ਮੰਨਿਆ ਜਾਂਦਾ ਹੈ। ਇਸ ਵਿਚ ਗੁੰਝਲਦਾਰ ਅਤੇ ਔਖੀਆਂ ਘਟਨਾਵਾਂ ਨੂੰ ਬਹੁਤ ਸਰਲ ਤਰੀਕੇ ਨਾਲ ਪੇਸ਼ ਕੀਤਾ ਜਾਂਦਾ ਹੈ।

ਵਿਗਿਆਨ ਆਪਣੀ ਖੋਜ ਅਤੇ ਖੋਜ ਦੇ ਢੰਗ ਤਰੀਕਿਆਂ ਨਾਲ ਹਰ ਵਿਅਕਤੀ ਦੇ ਜੀਵਨ 'ਤੇ ਪ੍ਰਭਾਵ ਪਾਉਂਦੀ ਹੈ। ਵਿਗਿਆਨਕ ਖੋਜਾਂ ਨੇ ਵਿਅਕਤੀ ਨੂੰ ਆਮ ਜੀਵਨ ਦੀਆਂ ਸੁਖ-ਸਹੂਲਤਾਂ ਪ੍ਰਦਾਨ ਕਰਕੇ ਆਮ ਵਿਅਕਤੀ ਵਿਚ ਇਸ ਸੰਬੰਧੀ ਇਕ ਵਿਸ਼ੇਸ਼ ਖਿੱਚ ਪੈਦਾ ਕੀਤੀ ਹੈ। ਇਸਨੇ ਜਨ-ਜੀਵਨ ਨੂੰ ਇਸ ਤਰ੍ਹਾਂ ਨਵੇਂ ਢੰਗ ਤਰੀਕਿਆਂ ਨਾਲ ਪੇਸ਼ ਕੀਤਾ ਹੈ ਕਿ ਵਿਅਕਤੀ ਲਈ ਹੈਰਾਨ ਹੋਣ ਤੋਂ ਸਿਵਾ ਹੋਰ ਕੋਈ ਚਾਰਾ ਨਹੀਂ ਰਹਿ ਜਾਂਦਾ ਅਤੇ ਵਿਅਕਤੀ ਇਸ ਤੋਂ ਇੰਨਾ

ਪ੍ਰਭਾਵਿਤ ਹੋਇਆ ਹੈ ਕਿ ਉਸਨੇ ਵਿਗਿਆਨ ਨੂੰ ਜੀਵਨ ਦੇ ਹਰ ਪਹਿਲੂ ਦਾ ਇਕ ਜ਼ਰੂਰੀ ਅੰਗ ਸਮਝਣਾ ਸ਼ੁਰੂ ਕਰ ਦਿੱਤਾ ਅਤੇ ਜਿਸ ਵਿਅਕਤੀ ਦੀ ਪਹੁੰਚ ਵਿਗਿਆਨਕ ਢੰਗ ਤਰੀਕਿਆਂ ਵਾਲੀ ਨਹੀਂ ਉਸ ਵਿਅਕਤੀ ਨੂੰ ਰੂੜ੍ਹੀਵਾਦੀ ਅਤੇ ਪਿਛਾਂਹ-ਖਿੱਚੂ ਸਮਝਿਆ ਜਾਂਦਾ ਹੈ। ਧਰਮ ਵੀ ਕਿਉਂਕਿ ਜੀਵਨ ਦਾ ਇਕ ਅਹਿਮ ਪਹਿਲੂ ਹੈ ਇਸ ਕਰਕੇ ਧਰਮ ਵੀ ਵਿਗਿਆਨ ਦੇ ਪ੍ਰਭਾਵ ਤੋਂ ਨਹੀਂ ਬਚ ਸਕਿਆ। ਇਸ ਕਰਕੇ ਹਰ ਧਰਮ ਦੇ ਵਿਦਵਾਨ ਵਿਗਿਆਨ ਨੂੰ ਧਰਮ ਦੇ ਸਿਧਾਂਤਾਂ ਨਾਲ ਜੋੜ ਕੇ ਪੇਸ਼ ਕਰਨ ਦੀ ਕੋਸ਼ਿਸ਼ ਵਿਚ ਲੱਗੇ ਹੋਏ ਹਨ ਅਤੇ ਹਰ ਇਕ ਧਰਮ ਆਪਣੇ ਆਪ ਨੂੰ ਵਿਗਿਆਨਕ ਅਖਵਾਉਣ ਵਿਚ ਫਖਰ ਮਹਿਸੂਸ ਕਰ ਰਿਹਾ ਹੈ। ਵਿਗਿਆਨ ਅਤੇ ਧਰਮ ਦੀ ਭਾਵੇਂ ਆਪਸ ਵਿਚ ਕੋਈ ਬਹੁਤੀ ਨੇੜਤਾ ਤਾਂ ਨਹੀਂ ਪਰ ਫਿਰ ਵੀ ਜੇਕਰ ਇਹ ਦੋਵੇਂ ਇਕੱਠੇ ਮਿਲ ਕੇ ਕੰਮ ਕਰਨ ਤਾਂ ਹੀ ਸਮਾਜ ਵਿਚ ਰਹਿੰਦੇ ਹਰ ਇਕ ਵਿਅਕਤੀ ਦਾ ਭਲਾ ਹੋ ਸਕਦਾ ਹੈ ਕਿਉਂਕਿ ਦੋਵੇਂ ਹੀ ਵਿਅਕਤੀ ਦੇ ਜੀਵਨ ਨੂੰ ਪ੍ਰਭਾਵਿਤ ਕਰਦੇ ਹਨ। ਵਿਗਿਆਨ ਨੇ ਆਪਣੀਆਂ ਖੋਜਾਂ ਰਾਹੀਂ ਵਿਅਕਤੀ ਨੂੰ ਅਜਿਹੇ ਚਮਤਕਾਰ ਕਰ ਵਿਖਾਏ ਹਨ ਕਿ ਵਿਅਕਤੀ ਹਜ਼ਾਰਾਂ ਮੀਲਾਂ ਦੀ ਦੂਰੀ 'ਤੇ ਬੈਠ ਕੇ ਇਕ ਦੂਜੇ ਦੇ ਨੇੜੇ ਪਹੁੰਚ ਗਏ ਹਨ। ਵਿਗਿਆਨ ਦੁਆਰਾ ਹਵਾਈ ਜਹਾਜ਼ ਬਣਾਏ ਗਏ, ਤੇਜ ਰਫ਼ਤਾਰ ਰੇਲ ਗੱਡੀਆਂ ਦੀ ਖੋਜ ਕੀਤੀ ਗਈ, ਪ੍ਰਿੰਟ ਮੀਡੀਆ ਨਵੇਂ ਅਤੇ ਉਭਰਵੇਂ ਰੂਪ ਵਿਚ ਸਾਹਮਣੇ ਆਇਆ ਅਤੇ ਬਿਲਕੁਲ ਨਵੀਨਤਮ ਖੋਜਾਂ ਵਿਚ ਇਲੈਕਟ੍ਰੌਨਿਕ ਮੀਡੀਏ ਦੀ ਸਥਾਪਨਾ ਕਰਕੇ ਕੇਬਲ ਨੈਟਵਰਕ ਰਾਹੀਂ ਦੁਨੀਆਂ ਨੂੰ ਇਕ ਤਾਰ ਵਿਚ ਪਰੋਣ ਦਾ ਯਤਨ ਕੀਤਾ ਗਿਆ ਜਿਸ ਕਰਕੇ ਵਿਅਕਤੀ ਦੁਨੀਆਂ ਦੀ ਹਰ ਘਟਨਾ ਬਾਰੇ ਮਿੰਟਾਂ ਸਕਿੰਟਾਂ ਵਿਚ ਜਾਣਕਾਰੀ ਹਾਸਲ ਕਰ ਸਕਦਾ ਹੈ। ਪਰ ਇਸ ਨੇ ਜਿੰਨੇ ਫਾਇਦੇ ਦੁਨੀਆਂ ਨੂੰ ਦਿੱਤੇ ਹਨ ਨੁਕਸਾਨ ਵੀ ਉਨਾ ਹੀ ਵੱਡਾ ਕੀਤਾ ਹੈ। ਪਹਿਲਾਂ ਲੜਾਈ ਬੰਦੂਕਾਂ ਤੱਕ ਸੀਮਿਤ ਸੀ, ਫਿਰ ਹੱਥ ਗੋਲੇ ਆਏ, ਫਿਰ ਟੈਂਕ ਤੇ ਹੁਣ ਮਿਜ਼ਾਇਲਾਂ, ਮਿਜ਼ਾਇਲਾਂ ਵੀ ਉਹ ਜਿਹੜੀਆਂ ਲੰਮੀ ਦੂਰੀ ਤੱਕ ਮਾਰ ਕਰ ਸਕਦੀਆਂ ਹੋਣ ਅਤੇ ਆਪਣੇ ਨਾਲ ਅਜਿਹੇ ਪ੍ਰਮਾਣੂ ਸ਼ਸਤਰ ਲਿਜਾ ਸਕਦੀਆਂ ਹੋਣ ਜਿਹੜੇ ਦੁਨੀਆਂ ਨੂੰ ਖ਼ਤਮ ਵੀ ਕੁਝ ਹੀ ਸਮੇਂ ਵਿਚ ਕਰ ਸਕਦੇ ਹੋਣ। ਇਸ ਤਰ੍ਹਾਂ ਸਾਇੰਸ ਨੇ ਵਿਅਕਤੀ ਨੂੰ ਜਿਥੇ ਇਕ ਦੂਜੇ ਦੇ ਨੇੜੇ ਲਿਆਉਣ ਦਾ ਸ਼ਲਾਘਾਯੋਗ ਕੰਮ ਕੀਤਾ ਹੈ ਉਥੇ ਮਾਰੂ ਹਥਿਆਰਾਂ ਦੀ ਖੋਜ ਨੇ ਵਿਨਾਸ਼ ਦਾ ਸਾਧਨ ਵੀ ਤਿਆਰ ਕਰ ਦਿੱਤਾ ਹੈ। ਇਸ ਲਈ ਵਿਗਿਆਨ ਦਾ ਅਜਿਹੇ ਢੰਗ ਤਰੀਕਿਆਂ ਨਾਲ ਇਸਤੇਮਾਲ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਇਹ ਵਿਅਕਤੀ ਦਾ ਨੁਕਸਾਨ ਕਰਨ ਦੀ ਬਜਾਏ ਮਨੁੱਖਤਾ ਦੀ ਬਿਹਤਰੀ ਲਈ ਕੰਮ ਕਰੇ। ਪਰ ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇਕਰ ਵਿਗਿਆਨੀਆਂ ਦੇ ਮਨ ਵਿਚ ਤਰਸ, ਉਦਾਰਤਾ ਅਤੇ ਸ਼ਰਧਾ ਦੀ ਭਾਵਨਾ ਪੈਦਾ ਕੀਤੀ ਜਾਵੇ। ਇਹ ਭਾਵਨਾਵਾਂ ਤਾਂ ਹੀ ਪੈਦਾ ਹੋ ਸਕਦੀਆਂ ਹਨ ਜੇਕਰ ਵਿਗਿਆਨੀ ਸਦਾਚਾਰਕ ਕੀਮਤਾਂ ਤੋਂ ਜਾਣੂ ਹੋਣ। ਇਹ ਸਦਾਚਾਰਕ ਕੀਮਤਾਂ ਕੇਵਲ ਧਰਮ ਤੋਂ ਹੀ ਪ੍ਰਾਪਤ ਹੋ ਸਕਦੀਆਂ ਹਨ ਕਿਉਂਕਿ ਵਿਅਕਤੀ ਦੁਆਰਾ ਨਿਰਧਾਰਿਤ ਕੀਤੀਆਂ ਕੀਮਤਾਂ ਵਿਚ ਵਿਸ਼ਵਾਸ ਦੀ ਭਾਵਨਾ ਦੀ ਅਣਹੋਂਦ ਅਤੇ ਇਨ੍ਹਾਂ ਦੇ ਟੁੱਟਣ ਦਾ ਖ਼ਤਰਾ ਬਣਿਆ ਰਹਿੰਦਾ ਹੈ ਅਤੇ ਕੇਵਲ ਧਾਰਮਿਕ ਕਦਰਾਂ-ਕੀਮਤਾਂ ਹੀ ਵਿਅਕਤੀ ਅੰਦਰ ਅਜਿਹੇ ਵਿਸ਼ਵਾਸ ਪੈਦਾ ਕਰ ਸਕਦੀਆਂ ਹਨ ਜਿਨ੍ਹਾਂ ਨੂੰ ਛੱਡ ਸਕਣਾ ਆਮ ਵਿਅਕਤੀ ਦੇ ਵਸ ਦੀ ਗੱਲ ਨਹੀਂ ਹੈ। ਵਿਗਿਆਨ ਨੇ ਵਿਅਕਤੀ ਨੂੰ ਬਾਹਰੀ ਤੌਰ 'ਤੇ ਪ੍ਰਭਾਵਤ ਕਰਨਾ ਹੈ ਅਤੇ ਧਰਮ ਨੇ ਅੰਦਰੂਨੀ ਤੌਰ 'ਤੇ। ਇਸ ਲਈ ਜੇਕਰ ਦੋਵੇਂ ਮਿਲ ਕੇ ਕੰਮ ਕਰਨ ਤਾਂ ਹੀ ਵਿਅਕਤੀ ਨੂੰ ਅੰਦਰੂਨੀ ਅਤੇ ਬਾਹਰੀ ਵਿਕਾਸ ਦੀ ਦਿਸ਼ਾ ਵੱਲ ਲੈ ਕੇ ਜਾ ਸਕਦੇ ਹਨ। ਵਿਗਿਆਨ ਆਪਣੀਆਂ ਖੋਜਾਂ ਰਾਹੀਂ ਧਰਮ ਦੇ ਵਿਸ਼ਵਾਸ ਨੂੰ ਦ੍ਰਿੜ੍ਹ ਕਰਨ ਦੀਆਂ ਸੰਭਾਵਨਾਵਾਂ ਬਾਰੇ ਖੋਜ ਕਰੇ ਅਤੇ ਨਵੇਂ ਢੰਗ ਤਰੀਕੇ ਅਪਣਾਉਂਦੇ ਹੋਏ ਧਾਰਮਿਕ ਕਦਰਾਂ-ਕੀਮਤਾਂ ਦਾ ਪ੍ਰਚਾਰ ਕਰੇ। ਧਰਮ ਵੀ ਆਧੁਨਿਕ ਪਹੁੰਚ ਵਿਧੀਆਂ ਨੂੰ ਅਪਣਾਉਂਦੇ ਹੋਏ ਵਿਗਿਆਨਕ ਤਰੀਕੇ ਨਾਲ ਲੋਕਾਂ ਅੰਦਰ ਵਿਸ਼ਵਾਸ ਪੈਦਾ ਕਰਨ ਦੀ ਕੋਸ਼ਿਸ਼ ਕਰੇ ਕਿਉਂਕਿ ਧਰਮ ਨਾਲ ਬਹੁਤ ਸਾਰੇ ਅੰਧ-ਵਿਸ਼ਵਾਸ ਵੀ ਜੁੜੇ ਹੋਏ ਹਨ ਜਿਨ੍ਹਾਂ ਨੂੰ ਮੰਨਣ ਲਈ ਵਿਗਿਆਨ ਤਿਆਰ ਨਹੀਂ ਹੁੰਦਾ। ਇਥੇ ਧਰਮ ਦਰਸ਼ਨ ਰਾਹੀਂ ਵਿਅਕਤੀ ਵਿਗਿਆਨਕ ਪਹੁੰਚ ਵਿਧੀਆਂ ਨੂੰ ਅਪਣਾ ਸਕਦਾ ਹੈ ਕਿਉਂਕਿ ਧਰਮ ਦਰਸ਼ਨ ਅੰਧ-ਵਿਸ਼ਵਾਸ ਨੂੰ ਪਹਿਲਾਂ ਹੀ ਜੜ੍ਹੋਂ ਪੁੱਟ ਦਿੰਦਾ ਹੈ ਅਤੇ ਨਿਰੋਲ ਸੱਚ ਅਤੇ ਵਿਸ਼ਵਾਸ ਨੂੰ ਅੱਗੇ ਲੈ ਕੇ ਜਾਣ ਦਾ ਕੰਮ ਕਰਦਾ ਹੈ ਅਤੇ ਇਸ ਕੰਮ ਵਿਚ ਜੇਕਰ ਵਿਗਿਆਨ ਵੀ ਉਸ ਦਾ ਸਾਥ ਦੇਵੇ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੋ ਜਾਵੇਗੀ। ਵਿਗਿਆਨ ਹਮੇਸ਼ਾਂ ਵਿਅਕਤੀ ਨੂੰ ਵਿਸ਼ੇਸ਼ ਢੰਗ ਤਰੀਕੇ ਅਪਣਾਉਂਦੇ ਹੋਏ ਹੀ ਕਿਸੇ ਚੀਜ਼ ਨੂੰ ਪ੍ਰਵਾਨ ਕਰਨ ਦੀ ਸਲਾਹ ਦਿੰਦੀ ਹੈ ਅਤੇ ਧਰਮ ਦਰਸ਼ਨ ਹਰ ਇਕ ਚੀਜ਼ ਨੂੰ ਧਰਮ ਦੇ ਚੌਖਟੇ ਵਿਚ ਰੱਖ ਕੇ ਵੇਖਣ ਦੀ ਕੋਸ਼ਿਸ਼ ਕਰਦਾ ਹੈ ਕਿਉਂਕਿ ਧਰਮ ਦੁਆਰਾ ਲਾਈ ਗਈ ਮੋਹਰ ਵਿਅਕਤੀ ਦੇ ਵਿਸ਼ਵਾਸ ਦਾ ਹਿੱਸਾ ਬਣ ਜਾਂਦੀ ਹੈ ਅਤੇ ਫਿਰ ਵਿਅਕਤੀ ਉਸ ਚੀਜ਼ ਨੂੰ ਕਿਸੇ ਵੀ ਹਾਲਤ ਵਿਚ ਛੱਡਣ ਦੀ ਗੱਲ ਨਹੀਂ ਕਰਦਾ। ਧਰਮ ਦਰਸ਼ਨ ਦੁਆਰਾ ਅਪਣਾਇਆ ਗਿਆ ਕੋਈ ਵੀ ਸਿਧਾਂਤ ਜੇਕਰ ਵਿਅਕਤੀ ਦੁਆਰਾ ਪ੍ਰਚਾਰਿਆ ਜਾਵੇ ਤਾਂ ਇਸ ਵਿਚ ਰਲਾ ਪੈਣ ਦੀ ਸੰਭਾਵਨਾ ਬਣੀ ਰਹਿੰਦੀ ਹੈ ਕਿਉਂਕਿ ਹਰ ਇਕ ਵਿਅਕਤੀ ਕਿਸੇ ਵੀ ਚੀਜ਼ ਦੀ ਵਿਆਖਿਆ ਲਈ ਆਪਣੀ

ਬੁੱਧੀ ਦਾ ਇਸਤੇਮਾਲ ਕਰਦਾ ਹੈ। ਪਰ ਜੇਕਰ ਉਹ ਵਿਅਕਤੀ ਇਕੋ ਸਮੇਂ ਬਹੁਤ ਸਾਰੀਆਂ ਜਗ੍ਹਾ ਤੇ ਇਕੋ ਗੱਲ ਕਰ ਸਕਦਾ ਹੋਵੇ ਤਾਂ ਰਲਾ ਪੈਣ ਦੀ ਸੰਭਾਵਨਾ ਬਹੁਤ ਘੱਟ ਜਾਂਦੀ ਹੈ। ਇਸ ਕੰਮ ਵਿਚ ਵਿਗਿਆਨ ਧਰਮ ਦਰਸ਼ਨ ਦੀ ਮਦਦ ਕਰ ਸਕਦਾ ਹੈ। ਇਹ ਆਪਣੇ ਵਿਸ਼ੇਸ਼ ਢੰਗ ਤਰੀਕਿਆਂ (ਇਲੈਕਟ੍ਰਾਨਿਕ ਮੀਡੀਏ) ਰਾਹੀਂ ਧਰਮ ਦਰਸ਼ਨ ਦੇ ਸਿਧਾਂਤ ਨੂੰ ਇਕੋ ਸਮੇਂ ਦੁਨੀਆਂ ਦੇ ਵੱਖ-ਵੱਖ ਕੋਨਿਆਂ ਵਿਚ ਪ੍ਰਸਾਰਿਤ ਅਤੇ ਪ੍ਰਚਾਰਿਤ ਕਰ ਸਕਦਾ ਹੈ। ਇਸ ਤਰ੍ਹਾਂ ਧਰਮ ਦਰਸ਼ਨ ਅਤੇ ਵਿਗਿਆਨ ਇਕ ਦੂਜੇ ਦੀ ਸਹਾਇਤਾ ਨਾਲ ਮਾਨਵਤਾ ਦਾ ਭਲਾ ਕਰ ਸਕਦੇ ਹਨ ਕਿਉਂਕਿ ਇਕ ਦੱਸਦਾ ਹੈ ਕਿ ਸੋਨਾ ਬਣਦਾ ਕਿਵੇਂ ਹੈ ਅਤੇ ਦੂਜਾ ਇਸ ਗੱਲ ਵੱਲ ਪ੍ਰੇਰਿਤ ਕਰਦਾ ਹੈ ਕਿ ਸੋਨਾ ਬਣਨਾ ਕਿਵੇਂ ਹੈ। ਇਸ ਤਰਾਂ ਧਰਮ ਅਤੇ ਵਿਗਿਆਨ ਦੀ ਸੁਮੇਲਤਾ ਮਨੁੱਖੀ ਜੀਵਨ ਲਈ ਬੜੀ ਲਾਹੇਵੰਦ ਸਾਬਤ ਹੋ ਸਕਦੀ ਹੈ।

**ਅੰਤਰ** :

1. ਵਿਗਿਆਨ ਕਿਸੇ ਵੀ ਤੱਥ ਦੀ ਖੋਜ ਕਰਦੇ ਸਮੇਂ ਇਸ ਗੱਲ ਦਾ ਖ਼ਿਆਲ ਰੱਖਦਾ ਹੈ ਕਿ ਇਹ ਆਪਣੇ ਆਪ ਨੂੰ ਕਿੰਨਾ ਫ਼ਾਇਦਾ ਦਿੰਦੀ ਹੈ। ਕਹਿਣ ਦਾ ਭਾਵ ਕਿ ਵਿਗਿਆਨਕ ਖੋਜਾਂ ਵਿਚ ਸਵਾਰਥ ਛੁਪਿਆ ਹੁੰਦਾ ਹੈ। ਪਰ ਧਰਮ ਦਰਸ਼ਨ ਹਮੇਸ਼ਾਂ ਉਨ੍ਹਾਂ ਸਚਾਈਆਂ ਦੀ ਖੋਜ ਕਰਦਾ ਹੈ ਜੋ ਵਿਅਕਤੀ ਦੇ ਨਿਜ ਨਾਲ ਸਬੰਧਤ ਨਾ ਹੋ ਕੇ ਸਰਬੱਤ ਦੇ ਭਲੇ ਦੀਆਂ ਗੱਲਾਂ ਕਰਦੀਆਂ ਹਨ ਜਿਵੇਂ ਕਿ ਸਾਨੂੰ ਧਾਰਮਿਕ ਖੋਜਾਂ ਤੋਂ ਇਹ ਪਤਾ ਲੱਗਦਾ ਹੈ ਕਿ ਕੋਈ ਵੀ ਧਰਮ ਹਿੰਸਾ ਦੀ ਗੱਲ ਨਹੀਂ ਕਰਦਾ ਅਤੇ ਸਾਰੇ ਧਰਮ ਆਪਸੀ ਪ੍ਰੇਮ ਅਤੇ ਭਾਈਚਾਰੇ ਦਾ ਸੰਦੇਸ਼ ਦਿੰਦੇ ਹਨ। ਇਥੇ ਇਕ ਗੱਲ ਵਰਣਨਯੋਗ ਹੈ ਕਿ ਧਰਮਾਂ ਵਿਚ ਜੋ ਖ਼ੂਨ ਖਰਾਬਾ ਦਿਖਾਈ ਦੇ ਰਿਹਾ ਹੈ ਉਹ ਧਰਮ ਦੇ ਉਪਦੇਸ਼ਾਂ ਕਰਕੇ ਨਹੀਂ ਬਲਕਿ ਨਿੱਜੀ ਸਵਾਰਥਾਂ ਹਿਤ ਧਰਮ ਨੂੰ ਢਾਲ ਦੇ ਤੌਰ 'ਤੇ ਵਰਤਿਆ ਜਾਂਦਾ ਹੈ। ਪਰ ਵਿਗਿਆਨਕ ਖੋਜਾਂ ਹਮੇਸ਼ਾਂ ਹੀ ਵਿਅਕਤੀ ਨੂੰ ਆਪਣੇ ਨਿੱਜ ਨਾਲ ਜੋੜਦੀਆਂ ਹਨ ਭਾਵੇਂ ਉਹ ਨਿੱਜੀ ਜ਼ਿੰਦਗੀ ਹੋਵੇ ਜਾਂ ਨਿੱਜੀ ਤੌਰ ਤੇ ਰਾਸ਼ਟਰ ਦੀ ਉਹ ਸੇਵਾ ਕਰ ਰਿਹਾ ਹੋਵੇ। ਪਰ ਦੂਜੇ ਰਾਸ਼ਟਰਾਂ ਦੇ ਲੋਕ ਉਸ ਵਿਗਿਆਨਕ ਖੋਜ ਤੋਂ ਡਰਦੇ ਨਜ਼ਰ ਆਉਂਦੇ ਹਨ। ਇਸੇ ਕਰਕੇ ਕੁਝ ਦੇਸ਼ ਜ਼ਿਆਦਾ ਸ਼ਕਤੀਸ਼ਾਲੀ ਹੋ ਜਾਂਦੇ ਹਨ ਜਿਹੜੇ ਗਰੀਬ ਦੇਸ਼ਾਂ ਉੱਤੇ ਆਪਣਾ ਅਧਿਕਾਰ ਜਮਾਉਣਾ ਚਾਹੁੰਦੇ ਹਨ।
2. ਵਿਗਿਆਨ ਅਤੇ ਧਰਮ ਦੋਵੇਂ ਇਕ ਦੂਜੇ ਦੀ ਵਰਤੋਂ ਕਰਦੇ ਹਨ। ਧਰਮ ਜਿਥੇ ਵਿਅਕਤੀ ਦੇ ਭਲੇ ਹਿਤ ਕੰਮ ਕਰਨ ਵਾਸਤੇ ਵਿਗਿਆਨ ਦੇ ਸਾਧਨਾਂ ਦਾ ਇਸਤੇਮਾਲ ਕਰਦਾ ਹੈ ਉਥੇ ਵਿਗਿਆਨ ਧਰਮ ਦਾ ਚੋਲਾ ਪਹਿਨ ਕੇ ਵਿਅਕਤੀਆਂ ਅੰਦਰ ਭਰਮ-ਭੁਲੇਖੇ ਪੈਦਾ ਕਰਦਾ ਹੈ ਜਿਵੇਂ ਪਿਛੇ ਜਿਹੇ ਭਾਰਤ ਵਿਚ ਹੋਈਆਂ ਨਵੀਨਤਮ ਖੋਜਾਂ ਰਾਹੀਂ ਆਧੁਨਿਕ ਮਿਜ਼ਾਇਲਾਂ ਦੀ ਕਾਢ ਕੱਢੀ ਗਈ ਹੈ ਪਰ ਲੋਕਾਂ ਦੀਆਂ ਭਾਵਨਾਵਾਂ ਜੋੜਨ ਲਈ ਇਨ੍ਹਾਂ ਦੇ ਨਾਂ ਅਗਨੀ, ਪ੍ਰਿਥਵੀ, ਤ੍ਰਿਸੂਲ ਆਦਿ ਰੱਖੇ ਗਏ ਹਨ। ਇਹ ਨਾਂ ਭਾਰਤੀ ਸਮਾਜ ਵਿਚ ਜਾਣੇ ਪਛਾਣੇ ਨਾਂ ਹਨ ਅਤੇ ਭਾਰਤ ਦੀ ਬਹੁਤੀ ਵਸੋਂ ਇਨ੍ਹਾਂ ਨੂੰ ਦੇਵਤੇ ਸਮਝ ਕੇ ਪੂਜਦੀ ਹੈ। ਇਥੇ ਇਹ ਗੱਲ ਵਿਚਾਰਨਯੋਗ ਹੈ ਕਿ ਜਿਸ ਵੀ ਦੇਸ਼ ਦੇ ਲੋਕਾਂ ਉੱਤੇ ਇਹ ਮਿਜ਼ਾਇਲਾਂ ਡਿੱਗਣਗੀਆਂ ਕੀ ਉਥੋਂ ਦੀ ਵਸੋਂ ਵਿਚ ਰਹਿ ਰਹੇ ਇਨ੍ਹਾਂ ਦੇਵਤਿਆਂ ਦੇ ਪੁਜਾਰੀ ਬਚ ਸਕਣਗੇ ?
3. ਵਿਗਿਆਨ ਦਾ ਖੇਤਰ ਕੇਵਲ ਭੌਤਿਕ ਚੀਜ਼ਾਂ ਤੱਕ ਹੀ ਸੀਮਿਤ ਹੈ ਅਤੇ ਜੋ ਕੁਝ ਦਿਖਾਈ ਦੇ ਰਿਹਾ ਹੈ ਵਿਗਿਆਨ ਕੇਵਲ ਉਨ੍ਹਾਂ ਚੀਜ਼ਾਂ ਤੋਂ ਹੀ ਫਾਇਦਾ ਲੈ ਸਕਦੀ ਹੈ। ਪਰ ਧਰਮ ਕੇਵਲ ਇਸ ਭੌਤਿਕ ਦੁਨੀਆਂ ਤੱਕ ਹੀ ਸੀਮਿਤ ਨਹੀਂ ਹੈ। ਇਹ ਦੁਨੀਆਂ ਵਿਚ ਦਿਖਾਈ ਦੇ ਰਹੀਆਂ ਭੌਤਿਕ ਚੀਜਾਂ ਦੇ ਨਾਲ-ਨਾਲ ਉਨ੍ਹਾਂ ਦੀ ਵਿਆਖਿਆ ਵੀ ਕਰਦਾ ਹੈ ਜਿਹੜੀਆਂ ਅਭੌਤਿਕ ਜਗਤ ਦਾ ਵੀ ਹਿੱਸਾ ਹਨ।
4. ਵਿਗਿਆਨਕ ਖੋਜਾਂ ਵਿਚ ਸਮੇਂ-ਸਮੇਂ ਤੇ ਤਬਦੀਲੀ ਕੀਤੀ ਜਾਂਦੀ ਹੈ। ਜਿਵੇਂ ਕੰਪਿਊਟਰ ਦਾ ਯੁਗ ਹੈ, ਜੋ ਖੋਜਾਂ ਕੱਲ੍ਹ ਤੱਕ ਕੰਪਿਊਟਰ ਦੇ ਖੇਤਰ ਵਿਚ ਹੋਈਆਂ ਸਨ ਉਹ ਅੱਜ ਪੁਰਾਣੀਆਂ ਹੋ ਗਈਆਂ ਹਨ ਇਸ ਲਈ ਵਿਗਿਆਨ ਨੂੰ ਆਪਣੀ ਹੋਂਦ ਬਚਾਈ ਰੱਖਣ ਲਈ ਲਗਾਤਾਰ ਆਪਣੇ ਪੁਰਾਣੇ ਤਜ਼ਰਬਿਆਂ ਵਿਚ ਤਬਦੀਲੀ ਕਰਨੀ ਪੈਂਦੀ ਹੈ ਅਤੇ ਆਧੁਨਿਕਤਾ 'ਤੇ ਅਧਾਰਤ ਨਵੇਂ ਸਾਧਨਾਂ ਦੀ ਖੋਜ ਕਰਨੀ ਪੈਂਦੀ ਹੈ। ਕਹਿਣ ਦਾ ਭਾਵ ਕਿ ਵਿਗਿਆਨਕ ਖੋਜਾਂ ਬਹੁਤਾ ਸਮਾਂ ਸਥਿਰ ਨਹੀਂ ਰਹਿ ਸਕਦੀਆਂ। ਦੂਜੇ ਪਾਸੇ ਧਰਮ ਦੇ ਖੇਤਰ ਵਿਚ ਪੈਗੰਬਰ ਦੁਆਰਾ ਕਹੀ ਹੋਈ ਗੱਲ ਸਮੇਂ ਦੇ ਬਦਲਣ ਦੇ ਨਾਲ ਵੀ ਸਥਿਰ ਰਹਿੰਦੀ ਹੈ ਜਿਵੇਂ ਗੁਰੂ ਨਾਨਕ ਸਾਹਿਬ ਜੀ ਨੇ ਜੋ ਗੱਲ ਪੰਜ ਸੌ ਸਾਲ ਪਹਿਲਾਂ ਕਹੀ ਸੀ ਉਹ ਆਉਣ ਵਾਲੇ ਪੰਜ ਹਜ਼ਾਰ ਸਾਲ ਬਾਅਦ ਵੀ ਉਹੀ ਰਹੇਗੀ। ਇਸ ਵਿਚ ਬਦਲਾਉ ਦੀ ਕੋਈ ਸੰਭਾਵਨਾ ਨਹੀਂ।
5. ਵਿਗਿਆਨ ਹਰ ਇਕ ਚੀਜ਼ ਨੂੰ ਆਪਣੀਆਂ ਵਿਗਿਆਨਕ ਪ੍ਰਣਾਲੀਆਂ ਰਾਹੀਂ ਸਿੱਧ ਕਰਕੇ ਮੰਨਣ ਦੀ ਲੋੜ 'ਤੇ

ਜ਼ੋਰ ਦਿੰਦੀ ਹੈ ਅਤੇ ਇਸ ਕੰਮ ਵਿਚ ਉਹ ਦਰਸ਼ਨ ਦਾ ਸਹਾਰਾ ਵੀ ਲੈਂਦੀ ਹੈ। ਧਰਮ ਵੀ ਭਾਵੇਂ ਆਪਣੇ ਸਿਧਾਂਤਾਂ ਦੀ ਵਿਆਖਿਆ ਲਈ ਦਰਸ਼ਨ ਦਾ ਇਸਤੇਮਾਲ ਕਰਦਾ ਹੈ ਪਰ ਇਹ ਦਾਰਸ਼ਨਿਕ ਅਤੇ ਵਿਗਿਆਨਕ ਸਿੱਟਿਆਂ ਤੇ ਨਿਰਭਰ ਨਾ ਕਰਦਾ ਹੋਇਆ ਵਿਸ਼ਵਾਸ ਨੂੰ ਆਧਾਰ ਬਣਾਉਂਦਾ ਹੈ ਕਿਉਂਕਿ ਧਰਮ ਵਿਚਲੇ ਕੁਝ ਸਿਧਾਂਤਾਂ ਨੂੰ ਜਿਵੇਂ ਆਤਮ, ਪਰਮਾਤਮਾ ਆਦਿ ਨੂੰ ਬੁੱਧੀ ਦੇ ਸਹਾਰੇ ਨਾ ਤਾਂ ਸਿੱਧ ਕੀਤਾ ਜਾ ਸਕਦਾ ਹੈ ਅਤੇ ਨਾ ਇਨ੍ਹਾਂ ਦੀ ਵਿਆਖਿਆ ਸੰਭਵ ਹੈ। ਇਸ ਤਰ੍ਹਾਂ ਧਰਮ ਦਰਸ਼ਨ ਵਿਗਿਆਨ ਤੋਂ ਅਲੱਗ ਆਪਣੀਆਂ ਪਹੁੰਚ ਵਿਧੀਆਂ ਦੀ ਪ੍ਰੋੜ੍ਹਤਾ ਕਰਦਾ ਹੈ ਅਤੇ ਇਨ੍ਹਾਂ ਨੂੰ ਹੀ ਮੰਨਣ ਦੀ ਗੱਲ ਕਰਦਾ ਹੈ। ਇਸ ਤਰ੍ਹਾਂ ਧਰਮ ਅਤੇ ਵਿਗਿਆਨ ਵਿਚ ਅੰਤਰ ਸਪੱਸ਼ਟ ਵੇਖੇ ਜਾ ਸਕਦੇ ਹਨ।

ਪਾਠ ਨੰ: 1.3 ਲੇਖਕ : ਡਾ. ਪਰਮਵੀਰ ਸਿੰਘ

# ਦੈਵੀ ਹਸਤੀ ਦੇ ਪ੍ਰਮੁੱਖ ਸੰਕਲਪ

ਆਦਿ ਕਾਲ ਤੋਂ ਵਿਅਕਤੀ ਦੇ ਮਨ ਵਿਚ ਕੁਝ ਅਜਿਹੇ ਵਿਚਾਰਾਂ ਦਾ ਜਨਮ ਹੋ ਗਿਆ ਕਿ ਮਨੁੱਖੀ ਸੱਤਾ ਦੇ ਨਾਲ-ਨਾਲ ਕੋਈ ਅਜਿਹੀ ਸੱਤਾ ਵੀ ਹੈ ਜਿਹੜੀ ਇਸ ਦੁਨੀਆਂ ਵਿਚਲੀਆਂ ਘਟਨਾਵਾਂ ਲਈ ਜ਼ਿੰਮੇਵਾਰ ਹੈ। ਇਹ ਸੱਤਾ ਹਮੇਸ਼ਾਂ ਤੋਂ ਹੀ ਇਕ ਜੇਤੂ ਸੱਤਾ ਦੇ ਰੂਪ ਵਿਚ ਸਾਹਮਣੇ ਆਈ ਹੈ ਕਿਉਂਕਿ ਇਸ ਉੱਤੇ ਕਾਬੂ ਪਾ ਸਕਣਾ ਦੁਨੀਆਂ ਦੀਆਂ ਸਭ ਸ਼ਕਤੀਆਂ ਵੱਲੋਂ ਅਸੰਭਵ ਸਿੱਧ ਹੋਇਆ। ਮਨੁੱਖ ਜਾਤੀ ਕਿਉਂਕਿ ਸਭ ਜੀਵ-ਜਾਤੀਆਂ ਨਾਲੋਂ ਸ੍ਰੇਸ਼ਟ ਮੰਨੀ ਗਈ ਹੈ ਇਸ ਕਰਕੇ ਇਸ ਜਾਤੀ ਨਾਲ ਸੰਬੰਧਤ ਲੋਕਾਂ ਵੱਲੋਂ ਦੈਵੀ ਹਸਤੀ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਗਏ ਹਨ। ਦੈਵੀ ਹਸਤੀ ਬਾਰੇ ਵਿਚਾਰਾਂ ਨੇ ਜਿਹੜੇ ਨਵੇਂ ਸਿਧਾਂਤਾਂ ਨੂੰ ਜਨਮ ਦਿੱਤਾ ਹੈ ਉਨ੍ਹਾਂ ਨੂੰ ਈਸ਼ਵਰਵਾਦ (Theism), ਏਕਈਸ਼ਵਰਵਾਦ (Monotheism), ਸਰਵੀਸ਼ਵਰਵਾਦ (Pantheism), ਪਰਮਦੇਵਦਾਦ (Deism), ਪੁਰਖਵਾਦ (Personalism) ਆਦਿ ਕਿਹਾ ਜਾਂਦਾ ਹੈ। ਇਹ ਸਿਧਾਂਤ ਕੇਵਲ ਉਨ੍ਹਾਂ ਵਿਚਾਰਵਾਨਾਂ ਵੱਲੋਂ ਦਿੱਤੇ ਗਏ ਹਨ ਜਿਹੜੇ ਈਸ਼ਵਰ ਦੀ ਹੋਂਦ ਵਿਚ ਵਿਸ਼ਵਾਸ ਰੱਖਦੇ ਹਨ। ਜਿਹੜੇ ਵਿਚਾਰਵਾਨਾਂ ਨੇ ਈਸ਼ਵਰ ਦੀ ਹੋਂਦ ਨੂੰ ਮੰਨਣ ਤੋਂ ਇਨਕਾਰ ਕੀਤਾ ਹੈ ਉਨ੍ਹਾਂ ਦੇ ਸਿਧਾਂਤ ਨੂੰ ਅਨੀਸ਼ਵਰਵਾਦ (Atheism) ਕਿਹਾ ਜਾਂਦਾ ਹੈ। ਜੋ ਵਿਅਕਤੀ ਈਸ਼ਵਰ ਬਾਰੇ ਬਿਲਕੁਲ ਕੁਝ ਕਹਿਣ ਤੋਂ ਅਸਮਰੱਥ ਹਨ ਜਾਂ ਜਿਨ੍ਹਾਂ ਨੇ ਕਿਹਾ ਈਸ਼ਵਰ ਦੀ ਹੋਂਦ ਬਾਰੇ ਗਿਆਨ ਪ੍ਰਾਪਤ ਨਹੀਂ ਕੀਤਾ ਜਾ ਸਕਦਾ ਉਨ੍ਹਾਂ ਦੇ ਸਿਧਾਂਤ ਨੂੰ ਨਿਰਗਿਆਨਵਾਦ (Agnosticism) ਕਿਹਾ ਜਾਂਦਾ ਹੈ, ਇਨ੍ਹਾਂ ਤੋਂ ਇਲਾਵਾ ਜਿਨ੍ਹਾਂ ਨੇ ਇਕ ਤੋਂ ਵਧੇਰੇ ਦੈਵੀ ਹਸਤੀਆਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਹਨ ਉਨ੍ਹਾਂ ਦੇ ਸਿਧਾਂਤ ਨੂੰ ਬਹੁਦੇਵਵਾਦੀ (Polytheistic) ਕਿਹਾ ਜਾਂਦਾ ਹੈ। ਇਨ੍ਹਾਂ ਦੇ ਵਿਚਾਰ ਅਨੁਸਾਰ ਦੇਵੀ-ਦੇਵਤੇ ਸੰਸਾਰ ਦਾ ਕੰਮ ਚਲਾਉਂਦੇ ਹਨ ਜਿਵੇਂ ਹਿੰਦੂ ਧਰਮ ਵਿਚ ਇਹ ਮੰਨਿਆ ਜਾਂਦਾ ਹੈ ਕਿ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵਜੀ ਸੰਸਾਰ ਦਾ ਕਾਰ ਵਿਹਾਰ ਚਲਾ ਰਹੇ ਹਨ। ਬ੍ਰਹਮਾ ਜੀ ਸੰਸਾਰ ਨੂੰ ਪੈਦਾ ਕਰ ਰਹੇ ਹਨ, ਵਿਸ਼ਨੂੰ ਜੀ ਸੰਸਾਰ ਦੀ ਦੇਖ-ਭਾਲ ਕਰ ਰਹੇ ਹਨ ਅਤੇ ਸਮਾਂ ਪਾ ਕੇ ਜਦੋਂ ਕੋਈ ਗੜਬੜ ਦਿਖਾਈ ਦੇਵੇ ਤਾਂ ਉਹ ਅਵਤਾਰ ਧਾਰ ਕੇ ਦੁਨੀਆਂ ਦਾ ਪ੍ਰਬੰਧ ਠੀਕ ਵੀ ਕਰ ਜਾਂਦੇ ਹਨ, ਇਸੇ ਕਰਕੇ ਵਿਸ਼ਨੂੰ ਜੀ ਦੇ ਸਭ ਤੋਂ ਵੱਧ ਅਵਤਾਰ ਹੋਏ ਹਨ। ਇਨ੍ਹਾਂ ਦੋਵਾਂ ਤੋਂ ਇਲਾਵਾ ਸ਼ਿਵ ਜੀ ਦੁਨੀਆਂ ਨੂੰ ਸਮੇਟਣ ਦੀ ਕੋਸ਼ਿਸ਼ ਵਿਚ ਲੱਗੇ ਹੋਏ ਹਨ। ਇਸ ਤਰ੍ਹਾਂ ਇਕ ਤੋਂ ਵਧੇਰੇ ਦੈਵੀ ਹਸਤੀਆਂ ਸੰਸਾਰਕ ਕਾਰ-ਵਿਹਾਰ ਚਲਾ ਰਹੀਆਂ ਹਨ। ਇਨ੍ਹਾਂ ਸਾਰੇ ਵਿਚਾਰਵਾਨਾਂ ਤੋਂ ਇਲਾਵਾ ਦੈਵੀ ਹਸਤੀ ਬਾਰੇ ਕੁਝ ਕੁ ਅਜਿਹੇ ਵਿਚਾਰਵਾਨ ਵੀ ਸਾਹਮਣੇ ਆਏ ਹਨ ਜਿਹੜੇ ਹਰ ਚੀਜ਼ ਨੂੰ ਸ਼ੱਕ ਦੀ ਨਿਗਾਹ ਨਾਲ ਨਿਹਾਰਦੇ ਹਨ। ਅਜਿਹੇ ਵਿਚਾਰਵਾਨ ਕਦੀ ਵੀ ਕਿਸੇ ਨਤੀਜੇ ਤੇ ਨਹੀਂ ਪਹੁੰਚ ਸਕਦੇ, ਇਨ੍ਹਾਂ ਨੂੰ ਸ਼ੰਕਾਵਾਦੀ (Sceptic) ਕਿਹਾ ਜਾਂਦਾ ਹੈ। ਇਸ ਸਿਧਾਂਤ ਵਿਚ ਵਿਸ਼ਵਾਸ ਰੱਖਣ ਵਾਲੇ ਲੋਕ ਕਦੇ ਵੀ ਅੰਤਿਮ ਨਤੀਜੇ ਤੇ ਨਹੀਂ ਪਹੁੰਚ ਸਕਦੇ, ਕਿਉਂਕਿ ਇਹ ਸਚਾਈ ਨੂੰ ਹਮੇਸ਼ਾਂ ਸ਼ੱਕ ਦੀ ਨਿਗਾਹ ਨਾਲ ਵੇਖਦੇਹਨ ਅਤੇ ਹਰ ਤਰ੍ਹਾਂ ਦਾ ਵਿਸ਼ਵਾਸ ਇਨ੍ਹਾਂ ਦੀ ਜ਼ਿੰਦਗੀ ਵਿਚੋਂ ਮਨਫ਼ੀ ਹੈ। ਦੈਵੀ ਹਸਤੀ ਦੀ ਹੋਂਦ, ਅਨੁਭਵ ਅਤੇ ਵਿਸ਼ਵਾਸ ਉੱਤੇ ਟਿਕੀ ਹੋਈ ਹੈ। ਦੈਵੀ ਹਸਤੀ ਬਾਰੇ ਅਨੁਭਵ ਕਰਨ ਵਿਚ ਬਹੁਤ ਸਮਾਂ ਲੱਗ ਸਕਦਾ ਹੈ। ਇਸ ਲਈ ਜਿਨ੍ਹਾਂ ਮਹਾਂਪੁਰਸ਼ਾਂ, ਪੀਰਾਂ ਪੈਗੰਬਰਾਂ ਨੇ ਇਸਦਾ ਅਨੁਭਵ ਕੀਤਾ ਹੈ ਅਸੀਂ ਕੇਵਲ ਉਨ੍ਹਾਂ ਦੇ ਵਚਨਾਂ 'ਤੇ ਵਿਸ਼ਵਾਸ ਕਰਕੇ ਹੀ ਇਹ ਕਹਿ ਸਕਦੇ ਹਾਂ ਕਿ ਦੈਵੀ ਹਸਤੀ ਦੀ ਹੋਂਦ ਹੈ। ਵਿਚਾਰਾਂ ਨਾਲ ਕਦੇ ਵੀ ਦੈਵੀ ਹਸਤੀ ਦੀ ਹੋਂਦ ਅਵੱਸ਼ ਸਿੱਧ ਨਹੀਂ ਹੋ ਸਕਦੀ ਅਤੇ ਇਹ ਹਮੇਸ਼ਾਂ ਸ਼ੱਕ ਦੇ ਘੇਰੇ ਅੰਦਰ ਰਹੇਗੀ। ਵੱਖ-ਵੱਖ ਵਿਚਾਰਵਾਨਾਂ ਦੁਆਰਾ ਦੈਵੀ ਹਸਤੀ ਦੇ ਸੰਕਲਪਾਂ ਤੇ ਵਿਚਾਰ ਕੀਤੀ ਗਈ ਅਤੇ ਉਨ੍ਹਾਂ ਵਿਚੋਂ ਕੁਝ ਪ੍ਰਮੁੱਖ ਸੰਕਲਪਾਂ ਬਾਰੇ ਇਥੇ ਜਾਣਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ :

1. ਪਰਮਦੇਵਵਾਦ (Deism)
2. ਸਰਈਸ਼ਵਰਵਾਦ (Pantheism)
3. ਨਿਰੰਤਰ ਈਸ਼ਵਰਵਾਦ (Panentheism)
4. ਏਕਈਸ਼ਵਰਵਾਦ (Monotheism)

5. ਪੁਰਖਵਾਦ (ਸਗੁਣ) (Personalism)
6. ਅਪੁਰਖਵਾਦ (ਨਿਰਗੁਣ) (Impersonalism)

1. ਪਰਮਦੇਵਵਾਦ **(Deism)**

ਇਸ ਸਿਧਾਂਤ ਵਿਚ ਇਹ ਸਥਾਪਿਤ ਕੀਤਾ ਗਿਆ ਹੈ ਕਿ ਈਸ਼ਵਰ ਇਸ ਸੰਸਾਰ ਤੋਂ ਪਰੇ ਅਤੇ ਬਾਹਰ ਹੈ। ਲਾਤੀਨੀ ਭਾਸ਼ਾ ਤੋਂ ਨਿਕਲੇ ਸ਼ਬਦ 'deus' ਦਾ ਅਰਥ ਇਹ ਲਿਆ ਗਿਆ ਹੈ ਕਿ ਈਸ਼ਵਰ ਨੇ ਇਸ ਸ੍ਰਿਸ਼ਟੀ ਨੂੰ ਪੈਦਾ ਕੀਤਾ ਅਤੇ ਉਸ ਤੋਂ ਬਾਅਦ ਉਸਦਾ ਇਸ ਜਗਤ ਨਾਲ ਕੋਈ ਸੰਬੰਧ ਨਹੀਂ। ਇਸ ਸਿਧਾਂਤ ਦਾ ਪ੍ਰਯੋਗ ਸਭ ਤੋਂ ਪਹਿਲਾਂ ਬ੍ਰਿਟਿਸ਼ ਵਿਚਾਰਵਾਨਾਂ ਨੇ ਆਪਣੇ ਧਰਮ-ਦਰਸ਼ਨ ਵਿਚ ਕੀਤਾ। ਇਨ੍ਹਾਂ ਵਿਚ ਨਿਊਟਨ, ਡਾਰਵਿਨ ਆਦਿ ਦਾ ਨਾਂ ਵਰਣਨਯੋਗ ਹੈ। ਡਾਰਵਿਨ ਨੇ ਜਗਤ ਰਚਨਾ ਦੇ ਸੰਬੰਧ ਵਿਚ ਵਿਕਾਸਵਾਦ ਦਾ ਸਿਧਾਂਤ ਪੇਸ਼ ਕੀਤਾ ਹੈ। ਉਹ ਕਹਿੰਦਾ ਹੈ ਕਿ ਸੰਸਾਰ ਹੌਲੀ-ਹੌਲੀ ਵਿਕਾਸ ਦੀ ਦਿਸ਼ਾ ਵਲ ਵਧ ਰਿਹਾ ਹੈ। ਇਸ ਵਿਚ ਵਿਕਾਸ ਕਰਨ ਵਾਲਾ ਕੋਈ ਵਿਅਕਤੀ ਜਾਂ ਦੇਵੀ-ਦੇਵਤਾ ਨਹੀਂ ਬਲਕਿ ਇਹ ਸਭ ਆਪਣੇ ਆਪ ਹੋ ਰਿਹਾ ਹੈ। 'Origin of Species' ਨਾਂ ਦੀ ਕਿਤਾਬ ਵਿਚ ਡਾਰਵਿਨ ਨੇ ਸਪਸ਼ਟ ਕੀਤਾ ਕਿ ਕੁਝ ਕੁ ਸੈਲਾਂ ਵਿਚ ਸ਼ਕਤੀ ਅਜੈਵਿਕ (inorganic) ਤੋਂ ਜੈਵਿਕ (organic) ਹੋਣ ਕਰਕੇ ਪੈਦਾ ਹੋਈ ਅਤੇ ਇਹ ਨਿਰੰਤਰ ਵਿਕਾਸ ਦੀ ਦਿਸ਼ਾ ਵਲ ਵਧ ਰਹੇ ਹਨ। ਗੁਰਬਾਣੀ ਵਿਚ ਵੀ ਵਿਕਾਸਵਾਦ ਦੇ ਅਜਿਹੇ ਹਵਾਲੇ ਮਿਲਦੇ ਹਨ ਜਿਵੇਂ "ਤੂ ਪੇਡੁ ਸਾਖ ਤੇਰੀ ਫੂਲੀ" (102) ਆਦਿ।

ਇਸ ਸਿਧਾਂਤ ਨੂੰ ਮੰਨਣ ਵਾਲੇ ਈਸ਼ਵਰ ਨੂੰ ਸਰਬ ਸ਼ਕਤੀਮਾਨ ਮੰਨਦੇ ਹੋਏ ਜਗਤ ਰਚਨਾ ਦਾ ਖਾਸ ਸਮੇਂ 'ਤੇ ਹੋਇਆ ਮੁੱਢ ਮੰਨਦੇ ਹਨ ਪਰ ਨਾਲ ਹੀ ਉਹ ਇਹ ਵੀ ਕਹਿੰਦੇ ਹਨ ਕਿ ਈਸ਼ਵਰ ਸ੍ਰਿਸ਼ਟੀ ਦੀ ਰਚਨਾ ਸ਼ੂਨਯ ਤੋਂ ਕਰਕੇ ਆਪ ਇਸ ਤੋਂ ਵੱਖ ਹੋ ਗਿਆ। ਸਾਮੀ ਧਰਮ ਇਸ ਸਿਧਾਂਤ ਦੀ ਪ੍ਰੋੜ੍ਹਤਾ ਕਰਦੇ ਹੋਏ ਕਹਿੰਦੇ ਹਨ ਕਿ ਈਸ਼ਵਰ ਇਸ ਜਗਤ ਰਚਨਾ ਤੋਂ ਬਾਅਦ ਇਸ ਤੋਂ ਵੱਖ ਹੋ ਗਿਆ ਹੈ ਅਤੇ ਉਹ ਸੱਤਵੇਂ ਅਸਮਾਨ ਤੇ ਦੈਵੀ ਕੁਰਸੀ ਉੱਤੇ ਬਿਰਾਜਮਾਨ ਹੋ ਗਿਆ। ਈਸ਼ਵਰ ਉਦੋਂ ਹੀ ਇਸ ਜਗਤ ਵਿਚ ਦਖ਼ਲ ਦਿੰਦਾ ਹੈ ਜਦੋਂ ਇਥੇ ਕੁਝ ਵਿਗਾੜ ਪੈਦਾ ਹੋ ਜਾਵੇ। ਇਸ ਸਿਧਾਂਤ ਨੂੰ ਹੋਰ ਚੰਗੀ ਤਰ੍ਹਾਂ ਨਾਲ ਸਮਝਣ ਲਈ ਘੜੀ ਅਤੇ ਘੜੀਸਾਜ਼ ਦੀ ਉਦਾਹਰਣ ਆਮ ਵੇਖਣ ਨੂੰ ਮਿਲਦੀ ਹੈ। ਘੜੀਸਾਜ਼ ਘੜੀ ਬਣਾ ਦਿੰਦਾ ਹੈ ਅਤੇ ਇਹ ਘੜੀ ਉਸਦੇ ਬਣਾਏ ਹੋਏ ਮਕੈਨੀਕਲ ਸਿਧਾਂਤ ਅਨੁਸਾਰ ਆਪਣੇ ਆਪ ਚਲਦੀ ਰਹਿੰਦੀ ਹੈ। ਘੜੀਸਾਜ਼ ਇਸ ਘੜੀ ਨਾਲ ਬਿਨਾ ਵਜਾ ਛੇੜਛਾੜ ਨਹੀਂ ਕਰਦਾ, ਉਹ ਇਸ ਵਿਚ ਉਦੋਂ ਦਖ਼ਲ ਦਿੰਦਾ ਹੈ ਜਦੋਂ ਇਸ ਵਿਚ ਕੋਈ ਖਰਾਬੀ ਪੈਦਾ ਹੁੰਦੀ ਹੈ। ਇਸੇ ਤਰ੍ਹਾਂ ਇਸ ਸਿਧਾਂਤ ਨੂੰ ਮੰਨਣ ਵਾਲੇ ਇਹ ਕਹਿੰਦੇ ਹਨ ਕਿ ਈਸ਼ਵਰ ਨੇ ਇਸ ਜਗਤ ਦੀ ਰਚਨਾ ਸ਼ੂਨਯ (Nothing) ਵਿਚੋਂ ਕੀਤੀ ਹੈ ਅਤੇ ਉਹ ਇਸ ਜਗਤ ਦੀ ਰਚਨਾ ਦਾ ਮੁੱਢ, ਆਰੰਭ ਅਤੇ ਪਹਿਲਾ ਕਾਰਨ (Causa sui) ਹੈ। ਉਹ ਇਸ ਜਗਤ ਦੀ ਰਚਨਾ ਤੋਂ ਬਾਅਦ ਇਸ ਤੋਂ ਵੱਖ ਹੋ ਗਿਆ ਅਤੇ ਹਰ ਵਕਤ ਇਸ ਵਿਚ ਦਖ਼ਲ ਨਹੀਂ ਦਿੰਦਾ ਰਹਿੰਦਾ। ਈਸ਼ਵਰ ਉਦੋਂ ਆਪਣੀ ਸਾਜੀ ਹੋਈ ਰਚਨਾ ਵਿਚ ਦਖ਼ਲ ਦਿੰਦਾ ਹੈ ਜਦੋਂ ਇਥੇ ਕੋਈ ਵਿਗਾੜ ਪੈਦਾ ਹੋ ਜਾਵੇ। ਇਸ ਸਿਧਾਂਤ ਵਿਚ ਈਸ਼ਵਰ ਨੂੰ ਜਗਤ ਤੋਂ ਬਾਹਰ (Transcendent) ਮੰਨਿਆ ਗਿਆ ਹੈ।

**ਆਲੋਚਨਾ** :

1. ਇਸ ਸਿਧਾਂਤ ਵਿਚ ਕਿਹਾ ਗਿਆ ਹੈ ਕਿ ਈਸ਼ਵਰ ਇਸ ਸ੍ਰਿਸ਼ਟੀ ਦੀ ਰਚਨਾ ਇਕ ਨਿਸ਼ਚਿਤ ਸਮੇਂ ਵਿਚ ਕਰਕੇ ਆਪ ਇਸ ਤੋਂ ਬਾਹਰ ਹੋ ਗਿਆ। ਪਰ ਇਹ ਸਿਧਾਂਤ ਇਹ ਸਪਸ਼ਟ ਕਰਨ ਤੋਂ ਇਨਕਾਰੀ ਹੈ ਕਿ ਈਸ਼ਵਰ ਨੇ ਕਿਸ ਸਮੇਂ ਇਸ ਸ੍ਰਿਸ਼ਟੀ ਦੀ ਰਚਨਾ ਕੀਤੀ ਅਤੇ ਇਸ ਸ੍ਰਿਸ਼ਟੀ ਰਚਨਾ ਦਾ ਕੀ ਉਦੇਸ਼ ਹੈ ? ਅਸੀਂ ਕਦੇ ਵੀ ਸਮੇਂ ਅਤੇ ਸਥਾਨ ਦੀ ਹੱਦ ਨਹੀਂ ਮਿੱਥ ਸਕਦੇ, ਅਤੇ ਨਾ ਹੀ ਕਦੇ ਉਸ ਦੇ ਉਦੇਸ਼ ਬਾਰੇ ਜਾਣ ਸਕਦੇ ਹਾਂ।
2. ਇਸ ਸਿਧਾਂਤ ਵਿਚ ਇਹ ਦੱਸਿਆ ਗਿਆ ਹੈ ਕਿ ਈਸ਼ਵਰ ਨੇ ਜਗਤ ਦੀ ਰਚਨਾ ਸ਼ੂਨਯ ਵਿਚੋਂ ਕੀਤੀ ਹੈ। ਪਰ ਤਾਰਕਿਕ ਤੌਰ 'ਤੇ ਇਹ ਸਿਧਾਂਤ ਗ਼ਲਤ ਹੋ ਜਾਂਦਾ ਹੈ ਕਿਉਂਕਿ ਸ਼ੂਨਯ ਵਿਚੋਂ ਸਿਰਫ਼ ਸ਼ੂਨਯ ਹੀ ਨਿਕਲ ਸਕਦਾ ਹੈ ਹੋਰ ਕੁਝ ਵੀ ਨਹੀਂ।
3. ਇਹ ਸਿਧਾਂਤ ਇਸ ਗੱਲ ਤੇ ਜ਼ੋਰ ਦਿੰਦਾ ਹੈ ਕਿ ਈਸ਼ਵਰ ਨੇ ਇਸ ਸ੍ਰਿਸ਼ਟੀ ਜਾਂ ਜਗਤ ਦੀ ਰਚਨਾ ਕੀਤੀ ਅਤੇ ਆਪ ਇਸ ਤੋਂ ਬਾਹਰ ਹੋ ਗਿਆ। ਇਸ ਤਰ੍ਹਾਂ ਇਹ ਸਿਧਾਂਤ ਏਕਈਸ਼ਵਰਵਾਦ ਦੇ ਸਿਧਾਂਤ ਤੋਂ ਥਿੜਕ ਕੇ ਦਵੈਤਵਾਦ ਦੇ ਸਿਧਾਂਤ ਵੱਲ ਮੁੜ ਜਾਂਦਾ ਹੈ ਜਿੱਥੇ ਈਸ਼ਵਰ ਅਤੇ ਜਗਤ ਦੋ ਵੱਖ-ਵੱਖ ਹਸਤੀਆਂ ਹਨ ਅਤੇ ਦੋਵਾਂ ਦੀ ਵੱਖਰੀ-ਵੱਖਰੀ ਹੋਂਦ ਸਥਾਪਤ ਹੁੰਦੀ ਹੈ।

4. ਜੇਕਰ ਇਹ ਸਿੱਧ ਹੋ ਜਾਵੇ ਕਿ ਈਸ਼ਵਰ ਸ੍ਰਿਸ਼ਟੀ ਰਚਨਾ ਤੋਂ ਬਾਅਦ ਇਸ ਸੰਸਾਰ ਤੋਂ ਅਲੱਗ ਹੋ ਗਿਆ ਤਾਂ ਇਸ ਜਗਤ ਨੂੰ ਇਕਸੁਰਤਾ ਵਿਚ ਜੋੜਨਾ ਮੁਸ਼ਕਿਲ ਹੀ ਨਹੀਂ ਬਲਕਿ ਅਸੰਭਵ ਹੋ ਜਾਵੇਗਾ। ਈਸ਼ਵਰ ਦੀ ਹੋਂਦ ਜਗਤ ਤੋਂ ਬਾਹਰ ਲੋਕਾਂ ਵਿਚ ਆਪਹੁਦਰਾਪਣ ਪੈਦਾ ਕਰ ਦੇਵੇਗੀ ਅਤੇ ਲੋਕ ਸੁਤੰਤਰ ਹੋਕੇ ਇਕ ਦੂਜੇ ਦੇ ਵਿਰੋਧੀ ਹੋ ਜਾਣਗੇ। ਸਮਾਜ ਨੂੰ ਇਕੱਠਾ ਅਤੇ ਇਕਮੁੱਠ ਰੱਖਣ ਵਿਚ ਮੁਸ਼ਕਲ ਪੈਦਾ ਹੋ ਜਾਵੇਗੀ।
5. ਈਸ਼ਵਰ ਸੰਪੂਰਨ ਹੈ ਅਤੇ ਉਸਨੇ ਜਗਤ ਦੀ ਰਚਨਾ ਕੀਤੀ ਹੈ। ਇਸ ਸਿਧਾਂਤ ਅਨੁਸਾਰ ਅਸੀਂ ਵੇਖ ਸਕਦੇ ਹਾਂ ਕਿ ਇਹ ਜਗਤ ਸੰਪੂਰਨ ਨਹੀਂ ਹੈ। ਜਗਤ ਵਿਚਲੀ ਕਿਸੇ ਵੀ ਚੀਜ਼ ਨੂੰ ਸੰਪੂਰਨ ਨਹੀਂ ਕੀਤਾ ਜਾ ਸਕਦਾ। ਇਹ ਈਸ਼ਵਰ ਦੀ ਸੰਪੂਰਨਤਾ ਨੂੰ ਘਟਾ ਕੇ ਵੇਖਣ ਵਾਲਾ ਸਿਧਾਂਤ ਬਣ ਜਾਵੇਗਾ ਕਿ ਇਕ ਸੰਪੂਰਨ ਹਸਤੀ ਕਿਸੇ ਸੰਪੂਰਨ ਹਸਤੀ ਨੂੰ ਪੈਦਾ ਨਹੀਂ ਕਰ ਸਕਦੀ। ਕਿਉਂਕਿ ਇਸ ਸਿਧਾਂਤ ਅਨੁਸਾਰ ਜਗਤ ਵਿਚ ਜਦੋਂ ਵਿਗਾੜ ਪੈਦਾ ਹੁੰਦਾ ਹੈ ਤਾਂ ਈਸ਼ਵਰ ਇਸ ਵਿਚ ਦਖ਼ਲ ਦਿੰਦਾ ਹੈ। ਕਦੇ ਵੀ ਸੰਪੂਰਨਤਾ ਦੇ ਸਿਧਾਂਤ ਤੇ ਨਹੀਂ ਪਹੁੰਚਿਆ ਜਾ ਸਕੇਗਾ। ਇਹ ਸਿਧਾਂਤ ਈਸ਼ਵਰ ਦੀ ਹਸਤੀ ਨੂੰ ਸ਼ੱਕ ਦੀ ਨਿਗਾਹ ਨਾਲ ਵੇਖਣ ਤੇ ਮਜ਼ਬੂਰ ਕਰਦਾ ਹੈ ਜੋ ਕਦੇ ਵੀ ਸੰਪੂਰਨ ਹੋਂਦ ਸਥਾਪਿਤ ਨਹੀਂ ਕਰ ਸਕਦਾ।
6. ਈਸ਼ਵਰ ਜੇ ਇਸ ਜਗਤ ਨੂੰ ਛੱਡ ਜਾਏ ਤਦ ਇਕ ਧਾਰਮਿਕ ਮੁਸ਼ਕਲ ਪੈਦਾ ਹੋ ਜਾਂਦੀ ਹੈ। ਇਸ ਨਾਲ ਜਿੱਥੇ ਵਿਅਕਤੀ ਦੇ ਨਿੱਜੀ ਜੀਵਨ ਵਿਚ ਅਧਿਆਤਮਕਤਾ ਦੀ ਘਾਟ ਮਹਿਸੂਸ ਕੀਤੀ ਜਾਏਗੀ ਉਥੇ ਨਾਲ ਹੀ ਸਮਾਜ ਵਿਚ ਅਨੈਤਿਕਤਾ ਦਾ ਬੋਲਬਾਲਾ ਹੋਣ ਦਾ ਡਰ ਵੀ ਬਣਿਆ ਰਹੇਗਾ ਕਿਉਂਕਿ ਵਿਅਕਤੀਆਂ ਅੰਦਰ ਨੈਤਿਕਤਾ ਨੂੰ ਉਜਾਗਰ ਕਰਨ ਲਈ ਉਨ੍ਹਾਂ ਅੰਦਰ ਈਸ਼ਵਰ ਦਾ ਡਰ ਪੈਦਾ ਕੀਤਾ ਜਾਂਦਾ ਹੈ।

## 2. ਸਰਵੀਸ਼ਵਰਵਾਦ **(Pantheism) :**

ਅੰਗ੍ਰੇਜ਼ੀ ਦਾ ਸ਼ਬਦ ਪੈਨਥੀਇਜ਼ਮ ਦੋ ਗ੍ਰੀਕ ਸ਼ਬਦਾਂ ਦੇ ਮੇਲ ਤੋਂ ਬਣਿਆ ਹੈ ਇਕ ਹੈ ਪੈਨ (pan) ਜਿਸ ਦਾ ਅਰਥ ਹੈ ਸਭ ਜਾਂ ਸਰਬ ਅਤੇ ਦੂਜਾ ਹੈ ਥੀਇਜ਼ਮ (Theism) ਜਿਸਦਾ ਅਰਥ ਹੈ ਈਸ਼ਵਰ। ਅੰਗਰੇਜ਼ੀ ਦੇ ਸ਼ਬਦ ਪੈਨਥੀਇਜ਼ਮ ਦਾ ਅਰਥ ਹੋਇਆ ਕਿ ਸਭ ਕੁਝ ਈਸ਼ਵਰ ਹੈ। ਇਸ ਸਿਧਾਂਤ ਨੂੰ ਮੰਨਣ ਵਾਲੇ ਕਹਿੰਦੇ ਹਨ ਕਿ ਸਭ ਕੁਝ ਈਸ਼ਵਰ ਹੈ ਅਤੇ ਈਸ਼ਵਰ ਹੀ ਸਭ ਕੁਝ ਹੈ (All is God and God is All)। ਇਸ ਸਿਧਾਂਤ ਨੇ ਜਗਤ ਅਤੇ ਈਸ਼ਵਰ ਵਿਚ ਭਿੰਨਤਾ ਖ਼ਤਮ ਕਰਕੇ ਇਕਸੁਰਤਾ ਅਭੇਦਤਾ ਦੀ ਗੱਲ ਕੀਤੀ ਹੈ। ਇਸ ਸਿਧਾਂਤ ਦੇ ਮੁਤਾਬਿਕ ਜੋ ਕੁਝ ਦਿਖਾਈ ਦੇ ਰਿਹਾ ਹੈ, ਸੁਣਾਈ ਦੇ ਰਿਹਾ ਹੈ ਜਾਂ ਜੋ ਵੀ ਚੀਜ਼ ਗਿਆਨ ਇੰਦਰੀਆਂ ਦਾ ਹਿੱਸਾ ਹੈ ਉਹ ਸਭ ਕੁਝ ਈਸ਼ਵਰ ਹੀ ਹੈ। ਇਸ ਤਰ੍ਹਾਂ ਸਾਰੇ ਕੁਦਰਤੀ ਤੱਤ ਈਸ਼ਵਰ ਦਾ ਹੀ ਹਿੱਸਾ ਮੰਨੇ ਜਾਂਦੇ ਹਨ। ਹੁਣ ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਜਿਹੜੀਆਂ ਜਾਨਦਾਰ ਚੀਜ਼ਾਂ ਹਨ ਜਾਂ ਜਿਨ੍ਹਾਂ ਵਿਚ ਆਤਮਾ ਮੌਜੂਦ ਹੁੰਦੀ ਹੈ ਕੀ ਕੇਵਲ ਉਨ੍ਹਾਂ ਨੂੰ ਹੀ ਈਸ਼ਵਰ ਦਾ ਹਿੱਸਾ ਮੰਨਿਆ ਜਾ ਸਕਦਾ ਹੈ ਜਾਂ ਉਨ੍ਹਾਂ ਨੂੰ ਵੀ ਜਿਹੜੀਆਂ ਨਿਰਜਿੰਦ ਵਸਤੂਆਂ ਦੇ ਰੂਪ ਵਿਚ ਸਾਡੇ ਸਾਹਮਣੇ ਆਉਂਦੀਆਂ ਹਨ ਜਾਂ ਜਿਨ੍ਹਾਂ ਨੂੰ ਜੜ੍ਹ ਵਸਤੂ ਮੰਨਿਆ ਜਾਂਦਾ ਹੈ ਉਹ ਵੀ ਈਸ਼ਵਰ ਦਾ ਅੰਗ ਹਨ। ਇਸ ਸਿਧਾਂਤ ਦੇ ਮੁਤਾਬਿਕ ਹਰ ਚੀਜ਼ ਭਾਵੇਂ ਉਹ ਚੇਤਨ ਤੱਤ ਦਾ ਹਿੱਸਾ ਹੈ ਜਾਂ ਜੜ੍ਹ ਵਸਤੂਆਂ ਦਾ, ਈਸ਼ਵਰ ਦਾ ਹਿੱਸਾ ਮੰਨੀ ਜਾਂਦੀ ਹੈ। ਇਸ ਸਿਧਾਂਤ ਦੀ ਪ੍ਰੋੜ੍ਹਤਾ ਸਪਿਨੋਜ਼ਾ (Spinoza) ਨੇ ਕੀਤੀ ਹੈ। ਉਹ ਕਹਿੰਦਾ ਹੈ ਕਿ ਹਰ ਇਕ ਦ੍ਰਵ (Substance), ਜਿਸ ਨਾਲ ਜਗਤ ਹੋਂਦ ਵਿਚ ਆਉਂਦਾ ਹੈ, ਈਸ਼ਵਰ ਹੈ। ਇਸ ਤਰ੍ਹਾਂ ਸਪਿਨੋਜ਼ਾ ਦੇ ਦਰਸ਼ਨ ਵਿਚ ਹਰ ਇਕ ਦ੍ਰਵ ਈਸ਼ਵਰ ਹੈ ਅਤੇ ਈਸ਼ਵਰ ਹੀ ਦ੍ਰਵ ਹੈ। ਦ੍ਰਵ ਦੇ ਬਗੈਰ ਜਗਤ ਦੀ ਹੋਂਦ ਸੰਭਵ ਨਹੀਂ ਅਤੇ ਇਸ ਤਰ੍ਹਾਂ ਸਪਿਨੋਜ਼ਾ ਪ੍ਰਕ੍ਰਿਤੀ ਨੂੰ ਈਸ਼ਵਰ ਨਾਲ ਜੋੜਦਾ ਹੈ। ਇਸ ਸਿਧਾਂਤ ਨੂੰ ਸਰਵੀਸ਼ਵਰਵਾਦ ਦਾ ਨਾਂ ਦਿੱਤਾ ਗਿਆ ਹੈ ਅਤੇ ਇਹ ਸਿਧਾਂਤ ਉਪਨਿਸ਼ਦਾਂ ਦੇ 'ਸਰਵਮ ਖਲਵਿਦਮ ਬ੍ਰਹਮ' ਨਾਲ ਮੇਲ ਖਾਂਦਾ ਹੈ। ਸਿੱਖ ਧਰਮ ਵਿਚ ਇਸ ਦੀ ਉਦਾਹਰਣ ਇਸ ਤਰ੍ਹਾਂ ਦਿੱਤੀ ਜਾ ਸਕਦੀ ਹੈ :

ਆਪਿ ਕੀਨੋ ਆਪਨ ਬਿਸਥਾਰੁ ।।
ਸਭੁ ਕਛੁ ਉਸ ਕਾ ਓਹੁ ਕਰਨੈਹਾਰੁ ।। (ਗੁਰੂ ਗ੍ਰੰਥ ਅੰਕ 279)

**ਆਲੋਚਨਾ** :

ਦਾਰਸ਼ਨਿਕ ਪੱਖ ਤੋਂ ਇਸ ਸਿਧਾਂਤ ਵਿਚ ਕੁਝ ਖਾਮੀਆਂ ਸਪੱਸ਼ਟ ਹੁੰਦੀਆਂ ਹਨ ਜਿਸ ਕਰਕੇ ਇਸ ਨੂੰ ਪੂਰਨ ਰੂਪ ਵਿਚ ਸੰਪੂਰਨ ਨਹੀਂ ਮੰਨਿਆ ਜਾ ਸਕਦਾ। ਕੁਝ ਇਕ ਖਾਮੀਆਂ ਦਾ ਇਥੇ ਵਰਣਨ ਕੀਤਾ ਜਾ ਰਿਹਾ ਹੈ।

1. ਜੇਕਰ ਅਸੀਂ ਇਹ ਮੰਨ ਲਈਏ ਕਿ ਸਭ ਕੁਝ ਈਸ਼ਵਰ ਹੈ ਅਤੇ ਈਸ਼ਵਰ ਹੀ ਸਭ ਕੁਝ ਹੈ ਤਾਂ ਜਿੰਨੀ ਵੀ ਧਰਤੀ ਉੱਤੇ ਬੁਰਾਈ ਦਿਖਾਈ ਦੇ ਰਹੀ ਤਾਂ ਉਹ ਵੀ ਈਸ਼ਵਰ ਦਾ ਹੀ ਹਿੱਸਾ ਹੋਵੇਗੀ ਜਾਂ ਜੇਕਰ ਈਸ਼ਵਰ

ਹੀ ਜਗਤ ਹੈ ਤਾਂ ਉਸਨੇ ਇਸਨੂੰ ਸੰਪੂਰਨ ਅਤੇ ਬੁਰਾਈ ਰਹਿਤ ਕਿਉਂ ਨਹੀਂ ਬਣਾਇਆ ? ਇਸ ਤਰ੍ਹਾਂ ਈਸ਼ਵਰ ਵਿਚ ਵੀ ਖਾਮੀਆਂ ਨਜ਼ਰ ਆਉਣ ਲੱਗ ਜਾਣਗੀਆਂ ਅਤੇ ਅਸੀਂ ਕਦੇ ਵੀ ਈਸ਼ਵਰ ਦੀ ਸੰਪੂਰਨ ਸੱਤਾ ਤੱਕ ਨਹੀਂ ਪਹੁੰਚ ਸਕਾਂਗੇ।

2. ਜੇਕਰ ਈਸ਼ਵਰ ਹੀ ਸੰਸਾਰ ਜਾਂ ਜਗਤ ਹੈ ਤਾਂ ਇਹ ਦੁਨੀਆਂ ਵਿਨਾਸ਼ਮੁਕਤ ਹੋਣੀ ਚਾਹੀਦੀ ਹੈ। ਇਹ ਮੰਨਿਆ ਜਾਂਦਾ ਹੈ ਕਿ ਜੋ ਵੀ ਚੀਜ਼ ਇਸ ਦ੍ਰਿਸ਼ਟੀਗੋਚਰ ਸੰਸਾਰ ਦਾ ਹਿੱਸਾ ਹੈ ਉਹ ਨਾਸ਼ਵਾਨ ਹੈ। ਇਸ ਤਰ੍ਹਾਂ ਕਰਕੇ ਅਸੀਂ ਈਸ਼ਵਰ ਨੂੰ ਵੀ ਨਾਸ਼ਵਾਨ ਜਗਤ ਦਾ ਹਿੱਸਾ ਬਣਾਉਣ ਵੱਲ ਕੇਂਦਰਿਤ ਹੋ ਰਹੇ ਹੋਵਾਂਗੇ।
3. ਦੁਨਿਆਵੀ ਤੌਰ 'ਤੇ ਇਹ ਕਿਹਾ ਜਾਂਦਾ ਹੈ ਕਿ ਕੋਈ ਵੀ ਚੀਜ਼ ਕਾਰਣਮੁਕਤ ਨਹੀਂ। ਜੋ ਚੀਜ਼ ਇਸ ਸੰਸਾਰ ਦਾ ਹਿੱਸਾ ਹੈ ਉਹ ਕਿਸੇ ਨਾ ਕਿਸੇ ਤਰ੍ਹਾਂ ਨਾਲ ਕਾਰਨ ਅਤੇ ਕਾਰਜ (Cause and Effect) ਦੇ ਨਿਯਮ ਵਿਚ ਬੱਝੀ ਹੋਈ ਹੈ। ਜੇਕਰ ਇਸ ਨਿਯਮ ਨੂੰ ਮੰਨੀਏ ਫਿਰ ਈਸ਼ਵਰ ਕਿਵੇਂ ਇਸ ਕਾਰਨ ਅਤੇ ਕਾਰਜ ਦੇ ਸਿਧਾਂਤ ਤੋਂ ਬਾਹਰ ਹੋਇਆ। ਅਸੀਂ ਕਦੇ ਵੀ ਤਰਕ ਦੇ ਸਹਾਰੇ ਇਸ ਸਿਧਾਂਤ ਨੂੰ ਸਥਾਪਿਤ ਨਹੀਂ ਕਰ ਸਕਦੇ।
4. ਜੇਕਰ ਇਹ ਮੰਨ ਲਈਏ ਕਿ ਹਰ ਇਕ ਚੀਜ਼ ਈਸ਼ਵਰ ਹੈ ਤਾਂ ਅਸੀਂ ਧਰਮ ਵਿਚਲੇ ਇਕ ਈਸ਼ਵਰ ਦੇ ਸਿਧਾਂਤ ਦਾ ਖੰਡਨ ਕਰ ਰਹੇ ਹੋਵਾਂਗੇ। ਕਿਉਂਕਿ ਇਸ ਸਿਧਾਂਤ ਦੇ ਮੁਤਾਬਿਕ ਜੇਕਰ ਦੁਨੀਆਂ ਵਿਚਲੀ ਹਰ ਇਕ ਚੀਜ਼ ਈਸ਼ਵਰ ਹੈ ਤਾਂ ਏਥੇ ਏਕਈਸ਼ਵਰਵਾਦ ਦੀ ਥਾਂ ਤੇ ਬਹੁਈਸ਼ਵਰਵਾਦ ਦੇ ਸਿਧਾਂਤ ਨੂੰ ਪ੍ਰਫੁੱਲਤ ਕਰ ਰਹੇ ਹਾਂ ਜੋ ਕਿ ਸਿਧਾਂਤਕ ਤੌਰ 'ਤੇ ਬਹੁਤ ਸਾਰੇ ਧਰਮਾਂ ਲਈ ਦੁਬਿਧਾ ਪੈਦਾ ਕਰ ਦੇਵੇਗੀ। ਬਹੁਤ ਸਾਰੇ ਧਰਮ ਕੇਵਲ ਏਕਈਸ਼ਵਰਵਾਦ ਦੇ ਸਿਧਾਂਤ ਦੀ ਹੀ ਗੱਲ ਕਰਦੇ ਹਨ। ਜੇਕਰ ਇਹ ਪਤਾ ਲੱਗ ਜਾਵੇ ਕਿ ਪੱਥਰਾਂ ਅਤੇ ਜੜ੍ਹ ਰੂਪੀ ਚੀਜ਼ਾਂ ਵਿਚ ਵੀ ਈਸ਼ਵਰ ਹੈ ਤਾਂ ਉਹ ਆਪਣੇ ਏਕਈਸ਼ਵਰਵਾਦ ਦੇ ਸਿਧਾਂਤ ਨੂੰ ਬਚਾ ਨਹੀਂ ਸਕਣਗੇ।
5. ਜੇਕਰ ਹਰ ਇਕ ਚੀਜ਼ ਈਸ਼ਵਰ ਹੈ ਤਾਂ ਇਥੇ ਵਿਅਕਤੀ ਦੀ ਸੁਤੰਤਰਤਾ ਮਨਫ਼ੀ ਹੋ ਜਾਵੇਗੀ ਅਤੇ ਵਿਅਕਤੀ ਸਮਾਜ ਵਿਚ ਜੋ ਵੀ ਅਨੈਤਿਕ ਕੰਮ ਕਰਦਾ ਹੈ ਉਹ ਉਸਦੀ ਆਪਣੀ ਸੁਤੰਤਰ ਸੋਚ ਦਾ ਹਿੱਸਾ ਨਹੀਂ ਬਲਕਿ ਉਹ ਈਸ਼ਵਰ ਕਰ ਰਿਹਾ ਹੈ ਇਸ ਤਰ੍ਹਾਂ ਸੰਸਾਰ ਵਿਚਲੀ ਅਨੈਤਿਕਤਾ ਦੀ ਜ਼ਿੰਮੇਵਾਰੀ ਈਸ਼ਵਰ ਦੇ ਹਿੱਸੇ ਆਵੇਗੀ ਜੋ ਕਿ ਸੰਭਵ ਨਹੀਂ।
6. ਜੇਕਰ ਈਸ਼ਵਰ ਜਗਤ ਹੈ ਤਾਂ ਉਹ ਈਸ਼ਵਰ ਦੀ ਤਰ੍ਹਾਂ ਕਾਲ ਅਤੇ ਸੀਮਾਂ ਤੋਂ ਰਹਿਤ ਹੋਣਾ ਚਾਹੀਦਾ ਹੈ। ਜੇਕਰ ਅਜਿਹਾ ਹੁੰਦਾ ਹੈ ਤਾਂ ਈਸ਼ਵਰੀ ਏਕਤਾ ਦੀ ਸੰਭਵਾਨਾਂ ਨੂੰ ਖ਼ਤਰਾ ਖੜਾ ਹੋ ਜਾਵੇਗਾ। ਏਕਈਸ਼ਵਰਵਾਦ ਦੀ ਥਾਂ ਦਵੈਤ ਈਸ਼ਵਰਵਾਦ ਦਾ ਸਿਧਾਂਤ ਖੜਾ ਹੋ ਜਾਵੇਗਾ, ਇਕ ਜਿਹੜਾ ਕਿ ਕਾਲ ਸੀਮਾ ਤੋਂ ਬਾਹਰ ਹੈ ਅਤੇ ਦੂਜਾ ਜੋ ਇਸ ਦੇ ਅੰਦਰ ਹੈ। ਇਸ ਤਰ੍ਹਾਂ ਅਦਵੈਤਵਾਦ ਦੀ ਥਾਂ ਦਵੈਤਵਾਦ ਦਾ ਜਨਮ ਹੋ ਜਾਵੇਗਾ।

### 3. ਨਿਰੰਤਰ ਈਸ਼ਵਰਵਾਦ (Panentheism)

ਇਸ ਸਿਧਾਂਤ ਨੂੰ ਸਰਵੀਸ਼ਵਰਵਾਦ ਅਤੇ ਪਰਮਦੇਵਵਾਦ ਦੇ ਸਿਧਾਂਤ ਨਾਲ ਸੰਬੰਧਿਤ ਸਮਝਿਆ ਜਾਂਦਾ ਹੈ ਕਿਉਂਕਿ ਇਸ ਵਿਚ ਜੋ ਸਿਧਾਂਤ ਪੇਸ਼ ਕੀਤਾ ਗਿਆ ਹੈ ਉਸ ਵਿਚ ਉਪਰੋਕਤ ਦੋਵਾਂ ਸਿਧਾਂਤਾਂ ਦੇ ਅੰਸ਼ ਸ਼ਾਮਲ ਕੀਤੇ ਗਏ ਹਨ। ਇਸ ਸਿਧਾਂਤ ਵਿਚ ਈਸ਼ਵਰ ਨੂੰ ਗੋਚਰ ਅਤੇ ਅਗੋਚਰ ਦੋਵਾਂ ਰੂਪਾਂ ਵਿਚ ਪੇਸ਼ ਕੀਤਾ ਗਿਆ ਹੈ। ਅੰਗਰੇਜ਼ੀ ਦੇ ਸ਼ਬਦ ਪੈਨਇਨਥੀਇਜ਼ਮ ਗ੍ਰੀਕ ਭਾਸ਼ਾ ਤੋਂ ਨਿਕਲਿਆ ਹੈ, ਪੈਨ ਦਾ ਅਰਥ ਹੈ ਸਰਬ ਜਾਂ ਸਭ, ਇਨ ਦਾ ਅਰਥ ਹੈ ਵਿਚ ਅਤੇ ਥੀਇਜ਼ਮ ਦਾ ਅਰਥ ਹੈ ਈਸ਼ਵਰ (Pan-all, en-in, Theism-God)। ਇਸ ਤਰ੍ਹਾਂ ਪੈਨਇਨਥੀਇਜ਼ਮ ਦੇ ਸਿਧਾਂਤ ਅਨੁਸਾਰ ਸਭ ਕੁਝ ਈਸ਼ਵਰ ਵਿਚ ਹੀ ਮੌਜੂਦ ਹੈ। ਇਸ ਸਿਧਾਂਤ ਦੇ ਅਨੁਸਾਰ ਈਸ਼ਵਰ ਨੇ ਇਸ ਸ੍ਰਿਸ਼ਟੀ ਨੂੰ ਪੈਦਾ ਕਰਨ ਤੋਂ ਬਾਅਦ ਇਸ ਨੂੰ ਅਜ਼ਾਦ ਤੌਰ 'ਤੇ ਛੱਡ ਨਹੀਂ ਦਿੱਤਾ ਬਲਕਿ ਆਪ ਵੀ ਇਸ ਦੇ ਕਣ-ਕਣ ਵਿਚ ਮੌਜੂਦ ਹੋ ਗਿਆ। ਇਹ ਸਿਧਾਂਤ ਪੈਨਥੀਇਜ਼ਮ ਦੇ ਸਿਧਾਂਤ ਦੀ ਤਰ੍ਹਾਂ ਇਹ ਤਾਂ ਨਹੀਂ ਮੰਨਦਾ ਕਿ ਇਸ ਜਗਤ ਦੀ ਹਰ ਇਕ ਚੀਜ਼ ਹੀ ਈਸ਼ਵਰ ਹੈ। ਇਹ ਸਿਧਾਂਤ ਤਾਂ ਕੇਵਲ ਇੰਨੀ ਗੱਲ ਦੀ ਹੀ ਪ੍ਰੋੜ੍ਹਤਾ ਕਰਦਾ ਹੈ ਕਿ ਈਸ਼ਵਰ ਨੇ ਇਸ ਜਗਤ ਦੀ ਰਚਨਾ ਕਰਨ ਤੋਂ ਬਾਅਦ ਇਸਨੂੰ ਪੂਰਨ ਤੌਰ 'ਤੇ ਸੁਤੰਤਰਤਾ ਨਹੀਂ ਬਖ਼ਸ਼ੀ ਜਿਵੇਂ ਕਿ ਪਰਮਦੇਵਵਾਦ (Deism) ਦੇ ਸਿਧਾਂਤ ਵਿਚ ਦਰਸਾਇਆ ਜਾਂਦਾ ਹੈ ਬਲਕਿ ਈਸ਼ਵਰ ਆਪ ਵੀ ਇਸ ਜਗਤ ਰਚਨਾ ਤੋਂ ਬਾਅਦ ਇਸ ਦੇ ਵਿਚ ਵਿਦਮਾਨ ਹੋ ਗਿਆ। ਇਸ ਤਰ੍ਹਾਂ ਨਾ ਤਾਂ ਇਹ ਜਗਤ ਪੂਰਨ ਤੌਰ 'ਤੇ ਸੁਤੰਤਰ ਹੋ ਸਕਿਆ ਅਤੇ ਨਾ ਹੀ ਇਸ ਦੀ ਹਰ ਇਕ ਚੀਜ਼ ਨੂੰ ਈਸ਼ਵਰ ਦਾ ਨਾਂ ਦਿੱਤਾ ਗਿਆ। ਇਸ ਸਿਧਾਂਤ ਰਾਹੀਂ ਕੇਵਲ ਇੰਨਾ ਹੀ ਦ੍ਰਿੜ ਕਰਨ ਦਾ ਯਤਨ ਕੀਤਾ ਗਿਆ ਹੈ ਕਿ ਈਸ਼ਵਰ ਇਸ ਜਗਤ ਦੇ ਅੰਦਰ ਵੀ ਮੌਜੂਦ ਹੈ ਅਤੇ ਇਸ ਜਗਤ

ਤੋਂ ਬਾਹਰ ਵੀ।

ਹੀਗਲ (Hegel) ਇਸ ਸਿਧਾਂਤ ਦੀ ਪ੍ਰੋੜ੍ਹਤਾ ਕਰਦਾ ਹੋਇਆ ਕਹਿੰਦਾ ਹੈ ਕਿ ਇਸ ਜਗਤ ਦਾ ਸ੍ਰਿਸ਼ਟੀ ਰਚਨਾ ਨਾਲ ਗੂੜ੍ਹਾ ਸੰਬੰਧ ਹੈ ਅਤੇ ਈਸ਼ਵਰ ਬਾਹਰੀ ਅਤੇ ਅੰਦਰੂਨੀ, ਦੋਵਾਂ ਤਰ੍ਹਾਂ ਨਾਲ ਇਸ ਜਗਤ ਨਾਲ ਜੁੜਿਆ ਹੋਇਆ ਹੈ। ਉਹ ਇਸ ਸਿਧਾਂਤ ਦੀ ਪ੍ਰੋੜ੍ਹਤਾ ਕਰਦਾ ਹੋਇਆ ਕਹਿੰਦਾ ਹੈ ਕਿ ਦੁਨੀਆਂ ਵਿਚ ਲਗਾਤਾਰ ਵਿਕਾਸ ਹੋ ਰਿਹਾ ਹੈ। ਇਹ ਵਿਕਾਸ ਭੌਤਿਕ ਨਹੀਂ ਹੈ ਬਲਕਿ ਇਸ ਵਿਕਾਸ ਨੂੰ ਅਧਿਆਤਮਕ ਵਿਕਾਸ ਦਾ ਨਾਂ ਦਿੱਤਾ ਜਾਣਾ ਚਾਹੀਦਾ ਹੈ। ਉਹ ਕਹਿੰਦਾ ਹੈ ਕਿ ਹਰ ਇਕ ਦਿਖਾਈ ਦੇ ਰਹੀ ਵਸਤੂ ਵਿਚ ਅਧਿਆਤਮਕ ਤੱਤ ਮੌਜੂਦ ਹੁੰਦੇ ਹਨ ਪ੍ਰੰਤੂ ਕਈ ਵਾਰੀ ਇਨ੍ਹਾਂ ਦਾ ਪ੍ਰਗਟਾਵਾ ਨਹੀਂ ਹੁੰਦਾ। ਜਿਵੇਂ-ਜਿਵੇਂ ਅਤੇ ਜਿਸ ਵਸਤੂ ਅੰਦਰ ਅਧਿਆਤਮਕ ਤੱਤ ਵਿਕਾਸ ਕਰਦੇ ਹਨ ਉਹ ਵਸਤੂ ਉਨੀ ਹੀ ਜ਼ਿਆਦਾ ਚੇਤਨ ਹੁੰਦੀ ਹੈ। ਇਹ ਚੇਤਨ ਤੱਤ ਵਿਕਾਸ ਕਰਦੇ-ਕਰਦੇ ਜਦੋਂ ਮਨੁੱਖ ਤੱਕ ਪਹੁੰਚਦੇ ਹਨ ਤਾਂ ਬਿਲਕੁਲ ਸ਼ੁੱਧ ਅਤੇ ਸਪਸ਼ਟ ਰੂਪ ਵਿਚ ਪ੍ਰਗਟ ਹੋ ਜਾਂਦੇ ਹਨ। ਜਦੋਂ ਵਿਅਕਤੀ ਅੰਦਰ ਇਹ ਅਧਿਆਤਮਕ ਤੱਤ ਵਿਕਾਸ ਕਰਦੇ ਹੋਏ ਵਿਅਕਤੀ ਤੋਂ ਵੀ ਉੱਪਰਲੇ ਦਰਜੇ ਤੱਕ ਪਹੁੰਚ ਜਾਂਦੇ ਹਨ ਤਾਂ ਪੂਰਨ ਤੌਰ ਤੇ ਚੇਤਨ ਹੋ ਜਾਂਦੇ ਹਨ ਜਿਨ੍ਹਾਂ ਨੂੰ ਈਸ਼ਵਰ ਕਿਹਾ ਜਾਂਦਾ ਹੈ। ਇਹੋ ਈਸ਼ਵਰ ਪਰਮ ਤੱਤ ਅਤੇ ਪਰਮ ਸਚਾਈ ਹੈ ਜੋ ਜਗਤ ਵਿਚ ਸਾਰੇ ਪੱਧਰਾਂ ਤੇ ਮਿਲਦੀ ਹੈ ਅਤੇ ਵੱਖ-ਵੱਖ ਰੂਪਾਂ ਵਿਚ ਪ੍ਰਗਟ ਹੁੰਦੀ ਹੈ। ਇਸ ਸਿਧਾਂਤ ਨੂੰ ਹੀਗਲ ਤੋਂ ਇਲਾਵਾ ਹੋਰ ਬਹੁਤ ਸਾਰੇ ਆਦਰਸ਼ਵਾਦੀਆਂ ਜਿਵੇਂ ਡੇਕਾਰਟ (Descartes), ਸਪਿਨੋਜ਼ਾ (Spinoza) ਆਦਿ ਅਤੇ ਅਨੁਭਵਵਾਦੀਆਂ ਜਿਵੇਂ ਲਾਕ (Locke), ਬਰਕਲੇ (Berkley) ਆਦਿ ਨੇ ਵੀ ਮੰਨਿਆ ਹੈ।

**ਆਲੋਚਨਾ :**

ਇਸ ਸਿਧਾਂਤ ਦੀ ਭਾਵੇਂ ਬਹੁਤ ਸਾਰੇ ਦਾਰਸ਼ਨਿਕਾਂ ਨੇ ਪ੍ਰੋੜ੍ਹਤਾ ਕੀਤੀ ਹੈ ਅਤੇ ਉਨ੍ਹਾਂ ਨੇ ਇਸੇ ਸਿਧਾਂਤ ਅਨੁਸਾਰ ਆਪਣੇ ਅਧਿਆਤਮਕ ਫਲਸਫੇ ਦਾ ਪ੍ਰਗਟਾਵਾ ਵੀ ਕੀਤਾ ਹੈ ਪਰ ਫਿਰ ਵੀ ਇਸਦੇ ਆਲੋਚਕ ਆਪਣੇ ਵਿਚਾਰ ਇਉਂ ਪ੍ਰਗਟ ਕਰਦੇ ਹਨ :

1. ਸਭ ਤੋਂ ਪਹਿਲਾਂ ਤਾਂ ਆਲੋਚਕਾਂ ਨੇ ਇਹ ਸਵਾਲ ਕੀਤਾ ਹੈ ਕਿ ਈਸ਼ਵਰ ਇਕ ਹੀ ਸਮੇਂ ਅੰਤਰ (Immanent) ਅਤੇ ਬਾਹਰ (Transcendent) ਕਿਵੇਂ ਹੋ ਸਕਦਾ ਹੈ। ਤਾਰਕਿਕ ਤੌਰ 'ਤੇ ਇਹ ਗ਼ਲਤ ਹੈ।
2. ਇਸ ਸਿਧਾਂਤ ਵਿਚ ਇਹ ਕਿਹਾ ਜਾਂਦਾ ਹੈ ਕਿ ਇਸ ਵਿਚ, ਸਰਵੀਸ਼ਵਰਵਾਦ (Panthesim) ਅਤੇ ਪਰਮਦੇਵਾਦ (Deism), ਦੋਵਾਂ ਸਿਧਾਂਤਾਂ ਨੂੰ ਇਕੱਠੇ ਕੀਤਾ ਗਿਆ ਹੈ ਅਤੇ ਇਹ ਕਿਹਾ ਗਿਆ ਹੈ ਕਿ ਹਰ ਇਕ ਚੀਜ਼ ਜਾਂ ਵਸਤੂ ਵਿਚ ਈਸ਼ਵਰ ਹੈ ਤਾਂ ਈਸ਼ਵਰ ਵੀ ਕਿਸੇ ਚੀਜ਼ ਜਾਂ ਵਸਤੂ ਤੋਂ ਵੱਧ ਕੁਝ ਵੀ ਨਹੀਂ।
3. ਇਸ ਸਿਧਾਂਤ ਰਾਹੀਂ ਇਹ ਦਰਸਾਉਣ ਦਾ ਯਤਨ ਕੀਤਾ ਗਿਆ ਹੈ ਕਿ ਈਸ਼ਵਰ ਇਕ ਹੀ ਸਮੇਂ ਜਗਤ ਵਿਚ ਹੈ ਅਤੇ ਉਸੇ ਸਮੇਂ ਜਗਤ ਤੋਂ ਬਾਹਰ ਵੀ ਹੈ। ਇਥੇ ਇਹ ਦੱਸਣਾ ਅਯੋਗ ਨਹੀਂ ਹੋਵੇਗਾ ਕਿ ਜਗਤ ਕਿਸੇ ਸਮੇਂ ਅਤੇ ਸਥਾਨ ਵਿਚ ਬੱਝਾ ਹੋਇਆ ਹੈ। ਇਸ ਤਰ੍ਹਾਂ ਈਸ਼ਵਰ ਇਕ ਹੀ ਵੇਲੇ ਸਮੇਂ ਅਤੇ ਸਥਾਨ ਵਿਚ ਅਤੇ ਉਸੇ ਹੀ ਵਕਤ ਸਮੇਂ ਅਤੇ ਸਥਾਨ ਤੋਂ ਬਾਹਰ ਕਿਵੇਂ ਹੋ ਸਕਦਾ ਹੈ ? ਇਹ ਇਕ ਤਾਰਕਿਕ ਅਸ਼ੁੱਧੀ ਅਤੇ ਵਿਰੋਧਤਾ ਹੈ।
4. ਇਸ ਸਿਧਾਂਤ ਦੀ ਇਹ ਮਾਨਣਾ ਹੈ ਕਿ ਈਸ਼ਵਰ ਇਕ ਹੀ ਸਮੇਂ ਅੰਦਰ ਵੀ ਹੈ ਅਤੇ ਬਾਹਰ ਵੀ। ਇਸ ਤਰ੍ਹਾਂ ਈਸ਼ਵਰ ਦੀ ਏਕਤਾ ਨੂੰ ਕਾਇਮ ਰੱਖਣਾ ਮੁਸ਼ਕਿਲ ਹੋ ਜਾਵੇਗਾ ਅਤੇ ਏਕਈਸ਼ਵਰਵਾਦ ਦੀ ਥਾਂ ਦਵੈਤਵਾਦ ਦਾ ਸਿਧਾਂਤ ਸਿੱਧ ਹੋ ਜਾਵੇਗਾ।

## 4. ਏਕਈਸ਼ਵਰਵਾਦ (Monotheism)

ਅੰਗਰੇਜ਼ੀ ਦਾ ਸ਼ਬਦ ਮੋਨੋਥੀਇਜ਼ਮ ਦੋ ਗ੍ਰੀਕ ਸ਼ਬਦਾਂ ਦੇ ਮੇਲ ਤੋਂ ਬਣਿਆ ਹੈ ਇਕ ਹੈ (Mono) ਜਿਸਦਾ ਅਰਥ ਹੈ ਇਕ (alone, single, one) ਅਤੇ ਥੀਇਜ਼ਮ ਦਾ ਅਰਥ ਹੈ ਈਸ਼ਵਰ ਜਾਂ ਪਰਮਾਤਮਾ। ਇਸ ਤਰ੍ਹਾਂ ਮੋਨੋਥੀਇਜ਼ਮ ਤੋਂ ਭਾਵ ਹੈ ਕਿ ਕੇਵਲ ਅਤੇ ਕੇਵਲ ਇਕ ਈਸ਼ਵਰ ਵਿਚ ਵਿਸ਼ਵਾਸ। ਇਸ ਸਿਧਾਂਤ ਨੂੰ ਮੰਨਣ ਵਾਲੇ ਇਹ ਕਹਿੰਦੇ ਹਨ ਕਿ ਕੇਵਲ ਇਕ ਈਸ਼ਵਰ ਹੀ ਹੈ ਅਤੇ ਉਹੀ ਇਕ ਜਰਨੈਲ ਵਾਂਗ ਇਸ ਜਗਤ ਦੀ ਅਗਵਾਈ ਕਰ ਰਿਹਾ ਹੈ ਅਤੇ ਉਸ ਦੇ ਹੁਕਮ ਅਨੁਸਾਰ ਹੀ ਜਗਤ ਵਿਚ ਸਭ ਕ੍ਰਿਆਵਾਂ ਹੋ ਰਹੀਆਂ ਹਨ। ਇਸ ਇਕ ਈਸ਼ਵਰ ਨੂੰ ਜਗਤ ਦਾ ਰਚਨਹਾਰ, ਪਾਲਣਹਾਰ ਅਤੇ ਵਿਨਾਸ਼ਕਾਰ ਸਮਝਿਆ ਜਾਂਦਾ ਹੈ। ਹੁਣ ਮਸਲਾ ਇਹ ਪੈਦਾ ਹੁੰਦਾ ਹੈ ਕਿ ਜੇਕਰ ਈਸ਼ਵਰ ਇਕ ਹੀ ਹੈ ਅਤੇ ਸਭ ਕੁਝ ਉਸ ਰਾਹੀਂ ਹੀ ਸੰਭਵ ਹੋ ਰਿਹਾ ਹੈ ਤਾਂ ਅਜਿਹੇ ਸਿਧਾਂਤ ਨੂੰ ਪ੍ਰਪੱਕ ਕਰਾਉਣ ਦੀ ਲੋੜ ਕਿਉਂ ਪਈ ?ਇਸ ਪ੍ਰਸ਼ਨ ਦੇ ਉੱਤਰ

ਵਿਚ ਇਹ ਕਿਹਾ ਜਾਂਦਾ ਹੈ ਕਿ ਧਰਮ ਦਾ ਆਧਾਰ ਹਮੇਸ਼ਾਂ ਤੋਂ ਹੀ ਵਿਸ਼ਵਾਸ ਰਿਹਾ ਹੈ। ਇਸ ਵਿਸ਼ਵਾਸ ਕਰਕੇ ਕੁਝ ਅਜਿਹੇ ਵਿਚਾਰ ਲੋਕਾਂ ਦੇ ਅਧਿਆਤਮਕ ਜੀਵਨ ਦਾ ਅਟੁੱਟ ਹਿੱਸਾ ਬਣ ਗਏ ਜਿਸ ਕਰਕੇ ਸਮਾਜ ਦੇ ਟੁੱਟਣ ਦਾ ਖ਼ਤਰਾ ਵੱਧ ਗਿਆ। ਅਜਿਹੇ ਅਖੌਤੀ ਵਿਸ਼ਵਾਸਾਂ ਦਾ ਖੰਡਨ ਪੀਰਾਂ, ਫ਼ਕੀਰਾਂ, ਪੈਗੰਬਰਾਂ, ਮਹਾਂਪੁਰਸ਼ਾਂ ਨੇ ਕੀਤਾ। ਇਨ੍ਹਾਂ ਪੀਰਾਂ, ਪੈਗੰਬਰਾਂ ਅਤੇ ਮਹਾਂਪੁਰਸ਼ਾਂ ਨੇ ਲੋਕਾਂ ਵਿਚ ਏਕਤਾ ਲਿਆਉਣ ਦਾ ਯਤਨ ਕੀਤਾ ਅਤੇ ਇਸ ਏਕਤਾ ਨੂੰ ਸਮਾਜਕ ਅਤੇ ਅਧਿਆਤਮਕ ਪੱਧਰ ਉੱਤੇ ਦ੍ਰਿੜ੍ਹ ਕਰਾਉਣਾ ਜ਼ਰੂਰੀ ਸੀ। ਇਹ ਏਕਤਾ ਤਾਂ ਹੀ ਸੰਭਵ ਹੋ ਸਕਦੀ ਸੀ ਜੇਕਰ ਲੋਕਾਂ ਅੰਦਰ ਇਹ ਵਿਸ਼ਵਾਸ ਦ੍ਰਿੜ ਕੀਤਾ ਜਾ ਸਕੇ ਕਿ ਉਹ ਸਭ ਕੇਵਲ ਇਕ ਧੁਰੇ ਨਾਲ ਜੁੜੇ ਹੋਏ ਹਨ, ਇਹ ਦੁਨਿਆਵੀ ਵੱਖਰੇਵੇਂ ਤਾਂ ਕੇਵਲ ਵਿਅਕਤੀ ਦੇ ਆਪਣੇ ਹੀ ਬਣਾਏ ਹੋਏ ਹਨ। ਇਸ ਲਈ ਇਸ ਨੂੰ ਇਕ ਧੁਰੇ ਨਾਲ ਜੋੜਨਾ, ਸਮਾਜਕ ਅਤੇ ਅਧਿਆਤਮਕ ਬਰਾਬਰੀ ਨੂੰ ਠੀਕ ਤਰ੍ਹਾਂ ਸਮਝਾਉਣਾ, ਹੀ ਇਨ੍ਹਾਂ ਦਰਵੇਸ਼ਾਂ ਦਾ ਮੁੱਖ ਉਦੇਸ਼ ਸੀ। ਇਹ ਇਕ ਧੁਰਾ, ਜਿਸ ਨਾਲ ਸਾਰੀ ਲੋਕਾਈ ਨੂੰ ਜੋੜਨ ਦਾ ਯਤਨ ਕੀਤਾ ਗਿਆ, ਉਸ ਨੂੰ ਪਰਮਾਤਮਾ ਕਿਹਾ ਗਿਆ। ਇਹ ਵਿਸ਼ਵਾਸ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਗਈ ਕਿ ਇਹ ਇਕ ਈਸ਼ਵਰ ਹੀ ਸਾਰੇ ਜਗਤ ਨੂੰ ਪਾਲਦਾ ਤੇ ਸੰਭਾਲਦਾ ਹੈ ਅਤੇ ਜੋ ਹਰ ਦੈਵੀ ਪੁਰਸ਼ ਸਮੇਂ-ਸਮੇਂ ਤੇ ਇਸ ਦੁਨੀਆਂ ਵਿਚ ਆਏ ਹਨ ਉਨ੍ਹਾਂ ਦਾ ਵੱਡਾ-ਵਡੇਰਾ ਵੀ ਪਰਮਾਤਮਾ ਹੈ।

ਸੰਸਾਰ ਦੇ ਪੁਰਾਤਨ ਧਰਮਾਂ ਵਿਚ ਵੇਖਣ ਨੂੰ ਮਿਲਦਾ ਹੈ ਕਿ ਇਨ੍ਹਾਂ ਵਿਚ ਅਮਲੀ ਪੱਧਰ ਤੇ ਬਹੁਈਸ਼ਵਰਵਾਦ ਪ੍ਰਚੱਲਿਤ ਸੀ ਜਾਂ ਕਿਤੇ-ਕਿਤੇ ਈਸ਼ਵਰ ਦੀ ਹੋਂਦ ਨੂੰ ਮੰਨਿਆ ਹੀ ਨਹੀਂ ਗਿਆ। ਭਾਰਤ ਵਿਚ ਹਿੰਦੂ ਧਰਮ ਅਤੇ ਯੂਨਾਨ ਦੇ ਪੁਰਾਤਨ ਧਰਮ ਵਿਚ ਇਸ ਤਰ੍ਹਾਂ ਦੇ ਬਹੁ-ਦੇਵੀ ਦੇਵਤਿਆਂ ਦੀ ਪੂਜਾ ਦਾ ਬੋਲਬਾਲਾ ਸੀ। ਇਨ੍ਹਾਂ ਤੋਂ ਇਲਾਵਾ ਜੈਨ ਅਤੇ ਬੁੱਧ ਧਰਮ ਨੇ ਨਾਂ ਤਾਂ ਕਿਸੇ ਦੇਵੀ-ਦੇਵਤੇ ਨੂੰ ਮੰਨਿਆ ਅਤੇ ਨਾ ਪਰਮਾਤਮਾ ਨੂੰ। ਇਹ ਵੱਖਰੇਵੇਂ ਲੋਕਾਂ ਦੇ ਅਮਲੀ ਜੀਵਨ ਦਾ ਹਿੱਸਾ ਬਣ ਗਏ। ਹਿੰਦੂ ਧਰਮ ਵਿਚ ਤਾਂ ਬਹੁਈਸ਼ਵਰਵਾਦ ਤੋਂ ਇਲਾਵਾ ਦਵੈਤਵਾਦ, ਏਕਈਸ਼ਵਰਵਾਦ ਅਤੇ ਨਿਜਦੇਵਵਾਦ (Henotheism) ਆਦਿ ਸਭ ਕੁਝ ਪ੍ਰਚੱਲਿਤ ਸੀ। ਕਹਿਣ ਦਾ ਭਾਵ ਕਿ ਵੱਖਰੇਵੇ ਇੰਨੇ ਜ਼ਿਆਦਾ ਸੀ ਕਿ ਲੋਕਾਂ ਦਾ ਅਧਿਆਤਮਕ ਜੀਵਨ ਉੱਚਾ ਉੱਠਣ ਦੀ ਬਜਾਏ ਰਸਾਤਲ ਵੱਲ ਜਾ ਰਿਹਾ ਸੀ। ਭਾਰਤ ਦੀ ਧਰਤੀ 'ਤੇ ਪੈਦਾ ਹੋਏ ਭਗਤਾਂ ਤੇ ਗੁਰੂਆਂ ਨੇ ਸਮੇਂ-ਸਮੇਂ ਤੇ ਲੋਕਾਂ ਨੂੰ ਏਕਈਸ਼ਵਰਵਾਦ ਦੇ ਸਿਧਾਂਤ ਨਾਲ ਜੋੜਿਆ। ਇਨ੍ਹਾਂ ਵਿਚ ਹਿੰਦੂ ਰਿਸ਼ੀਆਂ ਤੋਂ ਇਲਾਵਾ ਭਗਤ ਕਬੀਰ, ਨਾਮਦੇਵ, ਰਵਿਦਾਸ, ਬਾਬਾ ਫ਼ਰੀਦ ਆਦਿ ਦੇ ਨਾਲ-ਨਾਲ ਸਿੱਖ ਗੁਰੂ ਸਾਹਿਬਾਨਾਂ ਦਾ ਨਾਮ ਵਰਣਨਯੋਗ ਹੈ। ਵੇਦਾਂਤ ਦੇ ਫਿਲਾਸਫ਼ਰਾਂ ਨੇ ਆਪਣੇ ਤਰੀਕੇ ਨਾਲ ਬ੍ਰਹਮਸੂਤਰਾਂ ਦਾ ਅਧਿਐਨ ਕਰਦੇ ਹੋਏ ਕੇਵਲ ਇਕ ਬ੍ਰਹਮ ਦੀ ਗੱਲ ਕੀਤੀ। ਗੁਰੂ ਸਾਹਿਬਾਨ ਨੇ ਸਮੇਂ ਦੀਆਂ ਰਵਾਇਤਾਂ ਵਿਚ ਪ੍ਰਚੱਲਿਤ 'ਓਅਮ' ਜਿਸ ਦਾ ਭਾਵ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਲਿਆ ਜਾਂਦਾ ਸੀ ਅਤੇ ਜੋ ਸੰਸਾਰ ਦੇ ਰਚਨਹਾਰ, ਪਾਲਣਹਾਰ ਅਤੇ ਵਿਨਾਸ਼ਕਾਰੀ ਬਣੇ ਹੋਏ ਸਨ, ਦੇ ਅੱਗੇ 'ਇਕ' ਲਗਾ ਕੇ ਏਕਈਸ਼ਵਰ ਦਾ ਸਿਧਾਂਤ ਪ੍ਰਗਟ ਕੀਤਾ। ਈਸਾਈ ਧਰਮ ਵਿਚ ਕਿਹਾ ਗਿਆ ਕਿ ਰੱਬ ਪਿਤਾ ਹੈ, ਰੱਬ ਪੁੱਤਰ ਹੈ ਅਤੇ ਰੱਬ ਹੀ ਪਵਿੱਤਰ ਆਤਮਾ ਹੈ। ਉਨ੍ਹਾਂ ਨੇ ਆਪਣੇ ਪ੍ਰਚੱਲਿਤ ਹੋ ਰਹੇ 'ਤ੍ਰੀਏਕਤਾ' ਦੇ ਸਿਧਾਂਤ ਨੂੰ ਵੀ ਏਕਈਸ਼ਵਰ ਨਾਲ ਜੋੜਿਆ। ਇਸਲਾਮ ਅਤੇ ਯਹੂਦੀ ਵੀ ਕੇਵਲ ਏਕਈਸ਼ਵਰ ਦੇ ਸਿਧਾਂਤ ਵਿਚ ਵਿਸ਼ਵਾਸ ਰੱਖਦੇ ਸਨ।

ਇਸ ਤਰ੍ਹਾਂ ਏਕਈਸ਼ਵਰਵਾਦ ਦੇ ਪ੍ਰਚੱਲਿਤ ਸਿਧਾਂਤ ਨੇ ਦੋ ਮਹੱਤਵਪੂਰਨ ਕਾਰਜ ਕੀਤੇ (1) ਸਮੇਂ-ਸਮੇਂ ਤੇ ਪ੍ਰਚੱਲਿਤ ਦੇਵੀ-ਦੇਵਤਿਆਂ ਦੇ ਵਿਸ਼ਵਾਸ ਨੂੰ ਘੱਟ ਕੀਤਾ ਅਤੇ (2) ਉਨ੍ਹਾਂ ਵਿਸ਼ਵਾਸਾਂ ਨੂੰ ਖ਼ਤਮ ਕਰਨ ਵਿਚ ਯੋਗਦਾਨ ਪਾਇਆ ਜਿਹੜੇ ਪੱਥਰਾਂ, ਦਰਖ਼ਤਾਂ, ਰੂਹਾਂ ਅਤੇ ਪਿੱਤਰਾਂ ਦੀ ਪੂਜਾ ਵੱਲ ਰੁਚਿਤ ਸਨ।

**ਆਲੋਚਨਾ :**

1. ਜੇਕਰ ਈਸ਼ਵਰ ਇਕ ਹੈ ਅਤੇ ਉਹ ਹੀ ਸੰਸਾਰ ਦਾ ਰਚਨਹਾਰ, ਪਾਲਣਹਾਰ ਅਤੇ ਵਿਨਾਸ਼ਕ ਹੈ ਤਾਂ ਇਸ ਤਰ੍ਹਾਂ ਸਾਰੇ ਸੰਸਾਰ ਵਿਚ ਜੋ ਨੇਕੀ ਅਤੇ ਬਦੀ ਪਾਈ ਜਾਂਦੀ ਹੈ ਉਹ ਉਸੇ ਦਾ ਹਿੱਸਾ ਹੈ।
2. ਜੇਕਰ ਈਸ਼ਵਰ ਇਕ ਹੈ ਤਾਂ ਉਸਨੂੰ ਦਵੈਤ ਵਿਚ ਆਉਣ ਦੀ ਕੀ ਲੋੜ ਸੀ ਭਾਵ ਇਸ ਜਗਤ ਰਚਨਾ ਦਾ ਕੀ ਅਰਥ ਹੈ ? ਕੀ ਇਸ ਤਰ੍ਹਾਂ ਕਰਕੇ ਈਸ਼ਵਰ ਨੇ ਆਪ ਹੀ ਅਜਿਹੇ ਲੋਕ ਪੈਦਾ ਕੀਤੇ ਹਨ ਜਿਹੜੇ ਉਸਨੂੰ ਮੰਨਣ ਤੋਂ ਇਨਕਾਰੀ ਹਨ ? ਅਤੇ ਉਸੇ ਦੀ ਬਣਾਈ ਹੋਈ ਸ੍ਰਿਸ਼ਟੀ ਵਿਚ ਵਿਘਨ ਪੈਦਾ ਕਰ ਰਹੇ ਹਨ। ਇਸ ਤਰ੍ਹਾਂ ਕਰਕੇ ਈਸ਼ਵਰ ਕੀ ਸਿੱਧ ਕਰਨਾ ਚਾਹੁੰਦਾ ਹੈ ?
3. ਏਕਈਸ਼ਵਰਵਾਦ ਦਾ ਸਿਧਾਂਤ ਸੰਪੂਰਨ ਤੌਰ 'ਤੇ ਠੀਕ ਨਾ ਹੋਣ ਕਰਕੇ ਕੁਝ ਧਰਮਾਂ ਨੇ ਸ਼ੈਤਾਨ ਨੂੰ ਵੱਖਰੇ ਰੂਪ

ਵਿਚ ਪੇਸ਼ ਕੀਤਾ ਹੈ ਜੋ ਕਿ ਈਸ਼ਵਰ ਦੀ ਬਣਾਈ ਹੋਈ ਸ੍ਰਿਸ਼ਟੀ ਵਿਚ ਵਿਘਨ ਪਾ ਰਿਹਾ ਹੈ। ਇਨ੍ਹਾਂ ਧਰਮਾਂ ਵਿਚ ਯਹੂਦੀ, ਈਸਾਈ, ਇਸਲਾਮ, ਜਰਤੁਸਤ ਆਦਿ ਆ ਜਾਂਦੇ ਹਨ। ਇਨ੍ਹਾਂ ਧਰਮਾਂ ਵਿਚ ਇਹ ਦਰਸਾਉਣ ਦਾ ਯਤਨ ਕੀਤਾ ਗਿਆ ਹੈ ਕਿ ਈਸ਼ਵਰ ਇਸ ਜਗਤ ਰਚਨਾ ਤੋਂ ਬਾਅਦ ਸੱਤਵੇਂ ਅਸਮਾਨ ਤੇ ਜਾ ਕੇ ਦੈਵੀ ਕੁਰਸੀ ਉੱਤੇ ਜਾ ਬਿਰਾਜਮਾਨ ਹੋਇਆ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਸ੍ਰਿਸ਼ਟੀ ਦਾ ਸਿਰਜਨਹਾਰ ਕੋਈ ਹੋਰ ਹੈ ਅਤੇ ਉਸਨੂੰ ਚਲਾਉਣ ਵਾਲਾ ਕੋਈ ਹੋਰ ਅਤੇ ਉਹ ਨਿਸ਼ਚਿਤ ਰੂਪ ਵਿਚ ਸ਼ੈਤਾਨ ਹੀ ਹੋਵੇਗਾ ਕਿਉਂਕਿ ਲੋਕਾਂ ਅੰਦਰ ਬੁਰੀ ਬਿਰਤੀ ਭਾਰੂ ਦੇਖੀ ਜਾ ਸਕਦੀ ਹੈ। ਇਉਂ ਇਹ ਸਿਧਾਂਤ ਅਦਵੈਤਵਾਦ ਦੀ ਥਾਂ ਦਵੈਤਵਾਦ ਦੀ ਗੱਲ ਕਰਦਾ ਪ੍ਰਤੀਤ ਹੁੰਦਾ ਹੈ।

5. **ਪੁਰਖਵਾਦ (ਸਗੁਣ) (Personalism)**

ਇਹ ਸਿਧਾਂਤ ਆਮ ਤੌਰ 'ਤੇ ਬਹੁਤ ਪਰਚਾਰਿਆ ਜਾਂਦਾ ਹੈ ਜਿਸ ਰਾਹੀਂ ਪਰਮਾਤਮਾ ਨੂੰ ਇਕ ਵਿਅਕਤੀ ਦੇ ਰੂਪ ਵਿਚ ਵੇਖਿਆ ਜਾਂਦਾ ਹੈ ਜਿਹੜਾ ਕਿ ਲੋਕਾਈ ਦੀਆਂ ਰੋਜ਼ਾਨਾਂ ਦੀਆਂ ਲੋੜਾਂ ਨੂੰ ਪੂਰਾ ਕਰ ਰਿਹਾ ਹੈ। ਇਸ ਸਗੁਣ ਪਰਮਾਤਮਾ ਬਾਰੇ ਇਹ ਕਿਆਸ ਕੀਤਾ ਜਾਂਦਾ ਹੈ ਕਿ ਜਦੋਂ ਪਰਮਾਤਮਾ ਨਿਰਗੁਣ ਸਰੂਪ ਸੀ ਤਾਂ ਉਸ ਨੇ ਆਪਣੇ ਆਪ ਨੂੰ ਸਗੁਣ ਸਰੂਪ ਵਿਚ ਲਿਆ ਕੇ ਜਗਤ ਦੀ ਰਚਨਾ ਕੀਤੀ ਅਤੇ ਆਪ ਇਸ ਵਿਚ ਵਿਦਮਾਨ ਹੋ ਗਿਆ। ਜਗਤ ਨਾਲ ਸੰਬੰਧਤ ਸਾਰੀਆਂ ਹਸਤੀਆਂ ਉਸ ਨੂੰ ਆਪਣੇ ਵਰਗਾ ਕਿਆਸਦੀਆਂ ਹਨ ਅਤੇ ਉਸ ਰਾਹੀਂ ਆਪਣੀਆਂ ਛੋਟੀਆਂ ਵੱਡੀਆਂ ਲੋੜਾਂ ਦੀ ਪੂਰਤੀ ਕਰਦੀਆਂ ਹਨ। ਸਗੁਣ ਬ੍ਰਹਮ ਜਾਂ ਈਸ਼ਵਰ ਦੀ ਭਗਤੀ ਅਤੇ ਪੂਜਾ ਕੀਤੀ ਜਾਂਦੀ ਹੈ ਅਤੇ ਇਸੇ ਤੱਕ ਪਹੁੰਚਣ ਦੇ ਵੱਖ-ਵੱਖ ਰਸਤੇ ਅਤੇ ਗੁਰੂ ਧਾਰਨ ਕੀਤੇ ਜਾਂਦੇ ਹਨ। ਇਸ ਸਗੁਣ ਬ੍ਰਹਮ ਨੂੰ ਰਿਧੀਆਂ ਸਿਧੀਆਂ ਵੰਡਣ ਵਾਲਾ ਅਤੇ ਮੁਕਤੀਦਾਤਾ ਦੇ ਰੂਪ ਵਿਚ ਵੇਖਿਆ ਜਾਂਦਾ ਹੈ। ਸਰਵਵਿਆਪਕ ਮੰਨਦੇ ਹੋਏ ਇਸ ਹਸਤੀ ਨੂੰ ਜਗਤ ਦੇ ਜ਼ਰ੍ਰੇ-ਜ਼ਰ੍ਰੇ ਵਿਚ ਮਹਿਸੂਸ ਕੀਤਾ ਜਾਂਦਾ ਹੈ।

ਹਿੰਦੂ ਧਰਮ ਵਿਚ ਈਸ਼ਵਰ ਦੇ ਸਗੁਣ ਸਰੂਪ ਨੂੰ ਅਵਤਾਰ ਦੇ ਰੂਪ ਵਿਚ ਵੇਖਿਆ ਜਾਂਦਾ ਹੈ ਅਤੇ ਇਹ ਕਿਹਾ ਜਾਂਦਾ ਹੈ ਕਿ ਇਸ ਧਰਤੀ ਤੇ ਜਦੋਂ ਧਰਮ ਨੂੰ ਹਾਨੀ ਹੁੰਦੀ ਹੈ ਤਾਂ ਸਗੁਣ ਸਰੂਪ ਈਸ਼ਵਰ ਅਵਤਾਰ ਧਾਰ ਕੇ ਦੁਨੀਆਂ ਉੱਤੇ ਮਨੁੱਖੀ ਜਾਮੇ ਵਿਚ ਆਉਂਦਾ ਹੈ ਅਤੇ ਬੁਰਾਈ ਉੱਤੇ ਜਿੱਤ ਪ੍ਰਾਪਤ ਕਰਕੇ ਲੋਕਾਂ ਨੂੰ ਧਰਮ ਨਾਲ ਜੋੜਦਾ ਹੈ। ਇਸ ਕਰਕੇ ਹਮੇਸ਼ਾਂ 'ਸਤਯਮੇਵ ਜਯਤੇ' ਦਾ ਹੋਕਾ ਦਿੱਤਾ ਜਾਂਦਾ ਹੈ ਅਤੇ ਲੋਕਾਂ ਨੂੰ ਚੰਗੇ ਕੰਮ ਕਰਨ ਲਈ ਪ੍ਰੇਰਿਆ ਜਾਂਦਾ ਹੈ। ਸ੍ਰਿਸ਼ਟੀ ਰਚਨ ਸਮੇਂ ਉਸਨੂੰ 'ਪਰਮ ਪੁਰਸ਼' ਕਹਿ ਕੇ ਸੰਬੋਧਨ ਕੀਤਾ ਗਿਆ ਹੈ ਜਿਸਦੇ ਹਜ਼ਾਰਾਂ ਹੱਥ, ਹਜ਼ਾਰਾਂ ਪੈਰ ਆਦਿ ਹਨ। ਮਹਾਂਭਾਰਤ ਵਿਚ ਕ੍ਰਿਸ਼ਨ ਅਰਜੁਨ ਨੂੰ ਆਪਣਾ ਵਿਰਾਟ ਰੂਪ ਦਿਖਾ ਕੇ ਇਹ ਦੱਸਣ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਉਹ ਹੀ ਸਗੁਣ ਸਰੂਪ ਈਸ਼ਵਰ ਹੈ ਜੋ ਸਮੇਂ-ਸਮੇਂ ਤੇ ਧਰਮ ਅਤੇ ਸੱਚ ਦਾ ਬੋਲਬਾਲਾ ਦ੍ਰਿੜ ਕਰਨ ਲਈ ਧਰਤੀ ਉੱਤੇ ਅਵਤਾਰ ਧਾਰਦਾ ਹੈ। ਹਿੰਦੂ ਧਰਮ ਵਿਚ ਵਿਸ਼ਨੂੰ, ਸ਼ਿਵਜੀ ਅਤੇ ਬ੍ਰਹਮਾ ਦੇ ਵੱਖ-ਵੱਖ ਸਮੇਂ ਅਵਤਾਰਾਂ ਦੀ ਹੋਂਦ ਦਾ ਪਤਾ ਲੱਗਦਾ ਹੈ। ਇਸਲਾਮਿਕ ਸਿਧਾਂਤ ਅਨੁਸਾਰ ਈਸ਼ਵਰ ਨੇ ਆਪ ਸ੍ਰਿਸ਼ਟੀ ਰਚਨਾ ਕੀਤੀ। ਅੱਲਾਹ ਨੇ 'ਕੁਨ' ਸ਼ਬਦ ਉਚਾਰਿਆ ਅਤੇ ਸਾਰੀ ਸ੍ਰਿਸ਼ਟੀ ਆਪਣੇ ਆਪ ਹੋਂਦ ਵਿਚ ਆ ਗਈ। ਇਨ੍ਹਾਂ ਨੇ ਵੀ ਈਸ਼ਵਰ ਨੂੰ ਪੁਰਖ ਸਰੂਪ ਜਾਣ ਕੇ ਉਸ ਦੇ ਗੁਣਾਂ ਦਾ ਵਖਿਆਨ ਕੀਤਾ ਹੈ। ਇਸ ਤੋਂ ਇਲਾਵਾ ਉਹ ਇਹ ਵੀ ਮੰਨਦੇ ਹਨ ਕਿ ਕਿਆਮਤ ਵਾਲੇ ਦਿਨ ਅੱਲਾਹ ਲੋਕਾਂ ਦੇ ਚੰਗੇ ਮਾੜੇ ਕਰਮਾਂ ਦਾ ਹਿਸਾਬ ਕਰੇਗਾ। ਈਸਾਈ ਧਰਮ ਵਾਲਿਆਂ ਨੇ 'ਯਸੂ ਮਸੀਹ' ਨੂੰ ਈਸ਼ਵਰ ਦਾ ਪੁੱਤਰ ਦੱਸ ਕੇ ਉਸਦੇ ਸਗੁਣ ਸਰੂਪ ਦਾ ਵਰਣਨ ਕੀਤਾ ਹੈ ਜਿਹੜਾ ਲੋਕਾਂ ਦਾ ਮੁਕਤੀਦਾਤਾ ਬਣਦਾ ਹੈ। ਸਿੱਖ ਧਰਮ ਵਿਚ ਪਰਮਾਤਮਾ ਦੇ ਸਗੁਣ ਸਰੂਪ ਨੂੰ ਮੰਨ ਕੇ ਉਸਦੇ ਗੁਣਾਂ ਦਾ ਵਖਿਆਨ ਕੀਤਾ ਗਿਆ ਹੈ। ਉਸਨੂੰ ਮਿੱਤਰ, ਪਿਆਰਾ, ਪ੍ਰੀਤਮ, ਸੱਜਣ ਆਦਿ ਤੋਂ ਇਲਾਵਾ ਉਸਦੇ ਸ਼ਕਤੀਪੂਰਕ ਨਾਵਾਂ ਨਾਲ ਜਿਵੇਂ ਖੜਗਕੇਤ, ਸਰਬਲੋਹ ਆਦਿ ਦਾ ਜ਼ਿਕਰ ਸਿੱਖ ਧਰਮ ਗ੍ਰੰਥਾਂ ਵਿਚ ਆਮ ਵੇਖਣ ਨੂੰ ਮਿਲਦਾ ਹੈ। ਇੰਨਾ ਹੀ ਨਹੀਂ ਉਸਦੇ ਸਗੁਣ ਸਰੂਪ ਈਸ਼ਵਰ ਨੂੰ 'ਪੁਰਖ' ਕਿਹਾ ਗਿਆ ਹੈ ਪਰ ਇਹ ਪੁਰਖ ਹਿੰਦੂ ਧਰਮ ਦੇ ਅਵਤਾਰਾਂ ਵਾਂਗ ਜੰਮਣ ਅਤੇ ਮਰਨ ਦੇ ਗੇੜ ਵਿਚੋਂ ਬਾਹਰ ਹੈ। ਸਿੱਖ ਧਰਮ ਅਨੁਸਾਰ ਰੱਬ ਨੂੰ ਹਰ ਵਿਅਕਤੀ ਨੇ ਆਪਣੇ-ਆਪਣੇ ਸੁਭਾਅ ਤੇ ਕਿੱਤੇ ਦੇ ਮੁਤਾਬਕ ਸਿਰਜਿਆ ਹੈ ਅਤੇ ਉਸੇ ਤਰ੍ਹਾਂ ਦੇ ਨਾਵਾਂ ਨਾਲ ਉਸਨੂੰ ਸੰਬੋਧਨ ਵੀ ਕੀਤਾ ਗਿਆ ਹੈ। ਡਾ. ਸ਼ੇਰ ਸਿੰਘ ਇਸ ਸੰਬੰਧ ਵਿਚ ਟਿੱਪਣੀ ਕਰਦੇ ਹੋਏ ਕਹਿੰਦੇ ਹਨ ਕਿ 'ਗੁਰਬਾਣੀ ਵਿਚ ਅਕਾਲ ਪੁਰਖ ਨੂੰ ਕਿਰਸਾਣ, ਬਾਣੀਆ, ਧਨੀ, ਬੀਰ, ਮੀਰ, ਸ਼ਾਹ, ਪਾਤਸ਼ਾਹ, ਸ਼ਹਿਨਸ਼ਾਹ ਆਦਿ ਕਿਹਾ ਹੈ। ਕਈ ਨਾਉਂ ਧਾਰਮਿਕ ਭਾਵ ਵੀ ਜਤਲਾਂਦੇ ਹਨ ਜਿਵੇਂ ਰੱਬ ਨੂੰ ਜੋਗੀ ਕਰਕੇ ਲਿਖਿਆ ਹੈ। ਬਨਵਾਰੀ ਜਾਂ ਬਨਵਾਲੀ ਭੀ ਕਿਹਾ ਹੈ, ਭਾਵ ਕਿ ਬਨਸਪਤੀ ਦਾ ਮਾਲਕ ਹੈ। ਵਿੱਦਿਆ ਮੰਡਲ ਵਿਚ ਉਸਨੂੰ ਵੱਡਾ ਪੰਡਿਤ ਵੀ

ਕਿਹਾ ਗਿਆ ਹੈ। ਜਗਿਆਸੂ ਦੀ ਪਹਿਲੀ ਅਵਸਥਾ ਵਿਚ ਅਜਿਹਾ ਰੱਬ ਹੀ ਮਨ ਨੂੰ ਟਿਕਾਣੇ ਰੱਖਦਾ ਹੈ। ਇਸ ਤਰ੍ਹਾਂ ਵੱਖ-ਵੱਖ ਧਰਮਾਂ ਵਿਚ ਈਸ਼ਵਰ ਦੇ ਸਗੁਣ ਸਰੂਪ ਨੂੰ ਸਵੀਕਾਰ ਕਰਕੇ ਪਰਚਾਰਿਆ ਗਿਆ ਹੈ।

**ਆਲੋਚਨਾ** :

1. ਈਸ਼ਵਰ ਨੂੰ ਪੁਰਖ ਹਸਤੀ ਵਿਚ ਬਿਆਨ ਕਰਨਾ ਉਸਦੇ ਬੇਅੰਤ ਅਤੇ ਅਨੰਤ ਸਰੂਪ ਨੂੰ ਘਟਾ ਕੇ ਵੇਖਣ ਦਾ ਯਤਨ ਹੈ। ਜੇਕਰ ਈਸ਼ਵਰ ਨੂੰ ਕਿਸੇ ਇਕ ਨਾ ਨਾਲ ਸੰਬੋਧਨ ਕੀਤਾ ਜਾਵੇ ਤਾਂ ਕੀ ਈਸ਼ਵਰ ਕੇਵਲ ਉਸੇ ਗੁਣ ਦਾ ਹੀ ਮਾਲਕ ਹੈ ? ਈਸ਼ਵਰ ਬਾਰੇ ਦੁਨਿਆਵੀ ਸ਼ਬਦਾਵਲੀ ਹਮੇਸ਼ਾਂ ਉਸਨੂੰ ਸੀਮਿਤ ਕਰਨ ਵਿਚ ਸਹਾਈ ਹੁੰਦੀ ਹੈ। ਇਸ ਕਰਕੇ ਉਸ ਬਾਰੇ ਲਾਈਆਂ ਜਾਂਦੀਆਂ ਕਿਆਸ ਅਰਾਈਆਂ ਉਸ ਦੀ ਅਨੰਤਤਾ ਅਤੇ ਬੇਅੰਤਤਾ ਨੂੰ ਘਟਾ ਕੇ ਵੇਖਣਾ ਅਤੇ ਉਸਨੂੰ ਸੀਮਿਤ ਕਰਨਾ ਹੋਵੇਗਾ।
2. ਇਹ ਕਿਹਾ ਜਾਂਦਾ ਹੈ ਕਿ ਈਸ਼ਵਰ ਨੇ ਸਗੁਣ ਸਰੂਪ ਵਿਚ ਆ ਕੇ ਸ੍ਰਿਸ਼ਟੀ ਦੀ ਰਚਨਾ ਕੀਤੀ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਸ੍ਰਿਸ਼ਟੀ ਨੂੰ ਪੈਦਾ ਕਰਨਾ ਅਤੇ ਵਿਨਾਸ਼ ਕਰਨਾ ਹੀ ਈਸ਼ਵਰ ਦਾ ਕੰਮ ਹੈ ? ਜਾਂ ਉਸਨੂੰ ਸ੍ਰਿਸ਼ਟੀ ਰਚਨਾ ਦੀ ਕੀ ਲੋੜ ਸੀ ? ਜੇਕਰ ਉਹ ਅਜਿਹਾ ਬਾਰ-ਬਾਰ ਕਰੀ ਜਾ ਰਿਹਾ ਹੈ ਤਾਂ ਉਹ ਕੀ ਸਿੱਧ ਕਰਨਾ ਚਾਹੁੰਦਾ ਹੈ ? ਇਹ ਸਾਰੇ ਪ੍ਰਸ਼ਨ ਈਸ਼ਵਰ ਬਾਰੇ ਸ਼ੰਕੇ ਪੈਦਾ ਕਰਦੇ ਹਨ।

**6. ਅਪੁਰਖਵਾਦ (ਨਿਰਗੁਣ) (Impersonalism)**

ਇਹ ਸਿਧਾਂਤ ਈਸ਼ਵਰ ਦੇ ਸਗੁਣ ਸਰੂਪ ਦੇ ਬਿਲਕੁਲ ਉਲਟ ਹੈ। ਸਗੁਣ ਸਿਧਾਂਤ ਵਿਚ ਇਹ ਮੰਨਿਆ ਗਿਆ ਹੈ ਕਿ ਈਸ਼ਵਰ ਸਾਰੀਆਂ ਦੁਨੀਆਵੀ ਸ਼ਕਤੀਆਂ ਦਾ ਮਾਲਕ ਹੈ, ਪਰ ਨਿਰਗੁਣ ਸਿਧਾਂਤ ਵਿਚ ਇਹ ਕਿਹਾ ਜਾਂਦਾ ਹੈ ਕਿ ਈਸ਼ਵਰ ਆਪਣੇ ਇਸ ਸਰੂਪ ਵਿਚ ਆਪਣੀਆਂ ਇਨ੍ਹਾਂ ਸ਼ਕਤੀਆਂ ਨੂੰ ਪ੍ਰਗਟ ਨਹੀਂ ਕਰਦਾ ਬਲਕਿ ਇਹ ਅਨੰਤ ਅਤੇ ਬੇਅੰਤ ਸ਼ਕਤੀਆਂ ਈਸ਼ਵਰ ਦੇ ਅੰਦਰ ਹੀ ਛੁਪੀਆਂ ਰਹਿੰਦੀਆਂ ਹਨ। ਇਸ ਅਵਸਥਾ ਵਿਚ ਈਸ਼ਵਰ ਪ੍ਰਕ੍ਰਿਤੀ ਦੇ ਤਿੰਨਾਂ ਗੁਣਾਂ ਸਤੋ, ਰਜੋ, ਤਮੋ ਤੋਂ ਪਰੇ ਹੁੰਦਾ ਹੈ ਅਤੇ ਇਸ ਸਮੇਂ ਨਾ ਚੰਨ ਸੀ, ਨਾ ਸੂਰਜ ਸੀ, ਨਾ ਤਾਰੇ ਸਨ। ਕਹਿਣ ਦਾ ਭਾਵ ਕਿ ਸਾਰੀ ਦੁਨੀਆਂ ਅਲੋਪ ਸੀ ਅਤੇ ਕੇਵਲ ਇਕ ਈਸ਼ਵਰ ਆਪਣੇ ਆਪ ਵਿਚ ਸਗੁਨ ਹੁੰਦਾ ਸੀ ਜਿਹੜਾ ਕਿ ਇਸ ਸਮੇਂ ਸੁਪਨੇ ਰਹਿਤ (ਅਫੁਰ) ਅਵਸਥਾ ਦਾ ਧਾਰਨੀ ਸੀ। ਵੱਖ-ਵੱਖ ਧਰਮਾਂ ਵਿਚ ਉਸਨੂੰ ਅਨੰਤ, ਅਗਮਿ, ਅਲੱਖ, ਅਗੋਚਰ ਮੰਨਿਆ ਗਿਆ ਹੈ ਜਿਹੜਾ ਕਿ ਗਿਆਨ ਇੰਦ੍ਰੀਆਂ ਦੀ ਪਹੁੰਚ ਤੋਂ ਪਰੇ ਹੈ। ਸਾਮੀ ਧਰਮ ਤਾਂ ਉਸਨੂੰ ਗਿਆਨ ਇੰਦ੍ਰੀਆਂ ਤਾਂ ਕੀ ਦੁਨੀਆਂ ਤੋਂ ਵੀ ਪਰੇ ਦੱਸਦੇ ਹਨ ਜਿਸ ਤੱਕ ਕਿਸੇ ਦੀ ਪਹੁੰਚ ਨਹੀਂ ਹੋ ਸਕਦੀ। ਸ਼ੰਕਰਾਚਾਰੀਆ ਨੇ ਇਸਨੂੰ ''ਅਦਵੈਤ'' ਦਾ ਨਾ ਦਿੱਤਾ ਹੈ ਜਿਹੜਾ ਕਿ ਹਰ ਪ੍ਰਕਾਰ ਦੀ ਦੁਨਿਆਵੀ ਪ੍ਰਕ੍ਰਿਆ ਤੋਂ ਬਾਹਰ ਅਤੇ ਅਪਹੁੰਚ ਹੈ। ਸਿੱਖ ਧਰਮ ਵਿਚ ਵੀ ਅਜਿਹੇ ਵਿਚਾਰ ਮਿਲਦੇ ਹਨ ਜਿਹੜੇ ਨਿਰਗੁਣ ਨਿਰੰਕਾਰ ਦੀ ਗੱਲ ਕਰਦੇ ਹਨ :

> ਅਲਖ ਅਪਾਰ ਅਗੰਮ ਅਗੋਚਰ ਨਾ ਤਿਸੁ ਕਾਲੁ ਨਾ ਕਰਮਾ
> ਜਾਤਿ ਅਜਾਤਿ ਅਜੋਨੀ ਸੰਭਉ ਨਾ ਤਿਸੁ ਭਾਉ ਨ ਭਰਮਾ ।।

> ਤਾ ਕਾ ਅੰਤੁ ਨ ਪਾਰਾਵਾਰੁ ।। ਆਪੇ ਗੁਪਤੁ ਆਪੇ ਪਾਸਰੁ ।।

> ਚਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ।। (ਜਾਪੁ ਸਾਹਿਬ)

> ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ ।।
> ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰਿ ਏਕ ।। (ਜਾਪੁ ਸਾਹਿਬ)

ਇਸ ਤਰ੍ਹਾਂ ਈਸ਼ਵਰ ਬਾਰੇ ਪ੍ਰਗਟ ਕੀਤੇ ਗਏ ਦਾਰਸ਼ਨਿਕ ਸਿਧਾਂਤਾਂ ਤੋਂ ਸਪਸ਼ਟ ਹੈ ਕਿ ਕੋਈ ਵੀ ਸਿਧਾਂਤ ਆਪਣੇ ਆਪ ਵਿਚ ਮੁਕੰਮਲ ਨਹੀਂ ਹੈ। ਹਰ ਇਕ ਸਿਧਾਂਤ ਕਿਸੇ ਨਾ ਕਿਸੇ ਰੂਪ ਵਿਚ ਅਧੂਰਾ ਹੈ। ਇਕ ਧਰਮ ਨੂੰ ਕਿਸੇ ਇਕ ਸਿਧਾਂਤ ਰਾਹੀਂ ਸਮਝਣਾ ਉਸ ਧਰਮ ਬਾਰੇ ਇਕ ਪਾਸੜ ਜਾਣਕਾਰੀ ਪ੍ਰਾਪਤ ਕਰਨਾ ਹੋਵੇਗਾ। ਇਸ ਲਈ ਕਿਸੇ ਵੀ ਧਰਮ ਵਿਚ ਈਸ਼ਵਰ ਦੇ ਸਿਧਾਂਤ ਨੂੰ ਸਮਝਣ ਲਈ ਇਕ ਤੋਂ ਵਧੇਰੇ ਸਿਧਾਂਤਾਂ ਦੀ ਲੋੜ ਪੈਂਦੀ ਹੈ ਤਾਂ ਹੀ ਕਿਸੇ ਧਰਮ ਵਿਚਲੇ ਈਸ਼ਵਰ ਦੇ ਸਿਧਾਂਤ ਨੂੰ ਚੰਗੀ ਤਰ੍ਹਾਂ ਸਮਝਿਆ ਜਾ ਸਕੇਗਾ। ਈਸ਼ਵਰ ਦੇ ਹੋਰ ਵੀ ਕਈ ਸਿਧਾਂਤਾਂ ਨੂੰ ਪੇਸ਼ ਕਰਦਾ

ਚਿੱਤਰ ਵਾਈ. ਮਸੀਹ Y. Masih ਦੀ ਕਿਤਾਬ Introduction of Religious Philosophy ਵਿਚੋ ਲਿਆ ਗਿਆ ਹੈ। ਇਸ ਚਿੱਤਰ ਵਿਚ ਪੇਸ਼ ਕੀਤੇ ਗਏ ਸਿਧਾਂਤਾਂ ਤੋਂ ਇਲਾਵਾ ਹੋਰ ਵੀ ਕਈ ਸਿਧਾਂਤ ਪ੍ਰਚੱਲਿਤ ਹਨ ਜਿਹੜੇ ਇਸ ਚਿੱਤਰ ਵਿਚ ਸ਼ਾਮਲ ਨਹੀਂ ਹਨ।

**Religion**

- Pure Nirvanist religion the best example of which is Hinayana Buddhism.
- Religion of worship which requires an object to sustain worship.
  - Monistic Religion
    - Metaphysical
      - Deism
      - Pantheism
      - Theism
    - Religious Monotheism
  - Non-Monistic Religion
    - Polytheism
    - Dualism
- Mixed form of Nirvanism and worship. This includes Sankarite vedantism, Mahayanism and some types of mystic religions.

Y. Masih, Introduction to Religious Philosophy

**Theories of Religion**

- Theories believe in the oneness of God
  - Monotheism
  - Panentheism
  - Pantheism
  - Deism
  - Personalism
  - Impersonalism
- Theories do not believe in the oneness of God
  - Polytheism
  - Henotheism
  - Dualism
- Theories do not believe in God
  - Atheism
  - Agnosticism
  - Scepticism
  - Naturalism
  - Pragmatism
  - Materialism

ਪਾਠ ਨੰ : 1.4 ਲੇਖਕ : ਪ੍ਰੋ. ਨਿਰਭੈ ਸਿੰਘ

# ਧਾਰਮਿਕ ਭਾਸ਼ਾ ਅਤੇ ਪ੍ਰਤੀਕਵਾਦ

## (i) ਭੂਮਿਕਾ

ਭਾਸ਼ਾ ਦਾ ਅਰਥ ਖਿਆਲਾਂ ਦੀ ਸੰਚਾਰ ਪ੍ਰਣਾਲੀ ਹੈ। ਦੂਜੇ ਜੀਵਾਂ ਤੋਂ ਵੱਧ ਕੇ ਮਨੁੱਖ ਕੋਲ ਭਾਸ਼ਾ ਅਜਿਹਾ ਹਥਿਆਰ ਹੈ ਜਿਸ ਦੁਆਰਾ ਮਨੁੱਖ ਨਵੇਂ ਨਵੇਂ ਯੰਤਰ ਘੜ ਲੈਂਦਾ ਹੈ। ਮਨੁੱਖ ਦੇ ਬਹੁਦਿਸ਼ਾਵੀ ਵਿਕਾਸ ਵਿਚ ਭਾਸ਼ਾ ਦਾ ਅਹਿਮ ਰੋਲ ਹੈ। ਹੋਰ ਕਿਸੇ ਪਸ਼ੂ, ਪਰਿੰਦੇ ਜਾਂ ਜੀਵ ਕੋਲ ਭਾਸ਼ਾ ਵਰਗਾ ਮੌਲਿਕ ਤੇ ਰਚਨਾਤਮਕ ਹਥਿਆਰ ਨਹੀਂ ਹੈ। ਹੋਰ ਪਸ਼ੂਆਂ ਅੰਦਰ ਯਾਦ ਸ਼ਕਤੀ ਤਾਂ ਹੋ ਸਕਦੀ ਹੈ ਪਰ ਕਲਪਨਾ (imagination) ਅਤੇ ਜਗਿਆਸਾ (wonder) ਵਰਗੀਆਂ ਸ਼ਕਤੀਆਂ ਨਹੀਂ ਹਨ। ਮਨੁੱਖ ਅੰਦਰਲੀ ਜਗਿਆਸਾ ਰਾਹੀਂ ਮਨੁੱਖ ਪਰਮ ਸੱਤ, ਜੀਵਨ ਦਾ ਰਾਜ ਤੇ ਹੋਰ ਉਚੇਰੀਆਂ ਮਾਨਵੀ ਸਮੱਸਿਆਵਾਂ ਨੂੰ ਬੁੱਝਣ ਦੀ ਤੀਬਰ ਤਾਂਘ ਰੱਖਦਾ ਹੈ। ਇਹ ਭਾਸ਼ਾ ਦੀ ਸਹਾਇਤਾ ਨਾਲ ਸੰਭਵ ਹੋ ਸਕਦਾ ਹੈ। ਭਾਸ਼ਾ ਮਨੁੱਖੀ ਖਿਆਲਾਂ ਦਾ ਵਾਹਨ ਹੈ। ਇਸ ਲਈ ਭਾਸ਼ਾ ਤੇ ਵਿਚਾਰ ਇਕ ਦੂਜੇ ਤੋਂ ਅਤੁੱਟ ਹਨ। ਅਸੀਂ ਇਹ ਕਹਿ ਸਕਦੇ ਹਾਂ ਕਿ ਮਨੁੱਖ ਪਾਸ ਭਾਸ਼ਾ ਇਕ ਅਜਿਹੀ ਸ਼ਕਤੀ ਹੈ ਜਿਸ ਦੁਆਰਾ ਉਹ ਆਪਣੇ ਵਿਚਾਰਾਂ ਨੂੰ ਦੂਜਿਆਂ ਤਾਂਈ ਪਹੁੰਚਾ ਸਕਦਾ ਹੈ ਅਤੇ ਮਨੁੱਖੀ ਉਲਝਣਾਂ ਨੂੰ ਸੁਲਝਾ ਸਕਦਾ ਹੈ।
ਸੰਸਾਰ ਦੇ ਧਾਰਮਿਕ ਗ੍ਰੰਥ ਵੱਖ-ਵੱਖ ਭਾਸ਼ਾਵਾਂ ਦੀਆਂ ਲਿਪੀਆਂ (scripts) ਵਿੱਚ ਲਿਖੇ ਗਏ ਹਨ। ਹਰ ਇਕ ਧਰਮ ਗ੍ਰੰਥ ਦੀ ਭਾਸ਼ਾ ਉਸ ਦੇ ਰਚਨਾ ਕਾਲ ਦੇ ਸਮੇਂ ਦੀ ਲੋਕ-ਭਾਸ਼ਾ ਹੁੰਦੀ ਹੈ। ਜਿਵੇਂ ਵੇਦਾਂ ਦੀ ਸੰਸਕ੍ਰਿਤ ਭਾਸ਼ਾ ਉਸ ਸਮੇਂ ਦੀ ਪ੍ਰਚੱਲਤ ਬੋਲੀ ਸੀ। ਬੁੱਧ ਧਰਮ ਦੇ ਧਰਮ ਗ੍ਰੰਥ ਪਾਲੀ ਭਾਸ਼ਾ ਵਿਚ ਹਨ। ਇਹ ਵੀ ਆਪਣੇ ਸਮੇਂ ਦੀ ਪ੍ਰਚੱਲਤ ਬੋਲੀ ਸੀ। ਇਸ ਤਰ੍ਹਾਂ ਜੈਨ-ਮੱਤ ਦੇ ਗ੍ਰੰਥ ਪ੍ਰਾਕ੍ਰਿਤਕ ਭਾਸ਼ਾ ਵਿਚ ਹਨ। ਕੁਰਾਨ ਸ਼ਰੀਫ ਅਰਬੀ ਭਾਸ਼ਾ ਵਿਚ ਹੈ। ਈਸਾਈਆਂ ਦੀ ਅੰਜੀਲ ਯੂਨਾਨੀ ਬੋਲੀ 'ਚ ਲਿਪੀਬੱਧ ਕੀਤੀ ਗਈ ਸੀ। ਗੁਰੂ ਗ੍ਰੰਥ ਸਾਹਿਬ ਸਮਕਾਲੀ ਭਾਸ਼ਾ ਤੇ ਗੁਰਮੁਖੀ ਲਿਪੀ ਵਿਚ ਲਿਖਿਆ ਹੋਇਆ ਹੈ।
ਇਨ੍ਹਾਂ ਸਾਰੇ ਧਾਰਮਿਕ ਗ੍ਰੰਥਾਂ ਦੀ ਭਾਸ਼ਾ ਨੂੰ ਧਾਰਮਿਕ ਪ੍ਰਭਾਵ ਦਿੱਤਾ ਗਿਆ ਹੁੰਦਾ ਹੈ।ਇਸ ਤੋਂ ਭਾਵ ਇਹ ਹੈ ਕਿ ਧਰਮ ਗ੍ਰੰਥ ਦੀ ਭਾਸ਼ਾ, ਵਿਗਿਆਨਕ ਭਾਸ਼ਾ ਵਾਂਗ ਮਨੁੱਖੀ ਭਾਵੁਕਤਾ ਤੇ ਵਲਵਲਿਆਂ ਤੋਂ ਮੁਕਤ ਨਹੀਂ ਹੈ।' ਇਹ ਧਾਰਮਿਕ ਭਾਸ਼ਾ ਅਲੰਕਾਰਾਂ, ਪ੍ਰਤੀਕਾਂ, ਚਿੰਨ੍ਹਾਂ ਤੇ ਵਲਵਲਿਆਂ ਵਾਲੀ ਹੁੰਦੀ ਹੈ। ਇਸ ਵਿਚ ਮਨੁੱਖੀ ਭਾਵੁਕਤਾ (sentiments) ਹਾਵੀ ਹੁੰਦੀ ਹੈ। ਧਾਰਮਿਕ ਭਾਸ਼ਾ ਵਿਚ ਰਹੱਸਮਈ ਅਰਥ ਛੁਪੇ ਹੁੰਦੇ ਹਨ। ਇਨ੍ਹਾਂ ਅਰਥਾਂ ਨੂੰ ਸਮਝਣਾ ਇਕ ਕਲਾ ਹੈ। ਅਰਥਾਂ ਤਕ ਪੁੱਜਣ ਤੋਂ ਪਹਿਲਾਂ ਧਾਰਮਿਕ ਭਾਸ਼ਾ ਤੇ ਪ੍ਰਤੀਕਵਾਦ (symbolism) ਦੇ ਸਿਧਾਂਤਾਂ ਨੂੰ ਸਮਝਣਾ ਲਾਜ਼ਮੀ ਹੈ ਕਿਉਂਕਿ ਇਹ ਇਕ ਕਲਾ ਹੈ। ਇਸ ਪਾਠ ਵਿਚ ਧਾਰਮਿਕ ਭਾਸ਼ਾ, ਇਸ ਦੇ ਕਾਰਜ ਤੇ ਪ੍ਰਤੀਕਵਾਦ ਨੂੰ ਸਪਸ਼ਟ ਕਰਨ ਦਾ ਯਤਨ ਕੀਤਾ ਗਿਆ ਹੈ।

## (ii) ਧਾਰਮਿਕ ਭਾਸ਼ਾ

ਯੂਨਾਨ ਦੇ ਪ੍ਰਸਿੱਧ ਦਾਰਸ਼ਨਿਕ ਅਰਸਤੂ (Aristotle) ਨੇ ਮਨੁੱਖ ਦੀ ਪਰਿਭਾਸ਼ਾ ਦਿੰਦੇ ਹੋਏ ਕਿਹਾ ਸੀ ਕਿ ਮਨੁੱਖ ਤੇ ਪਸ਼ੂ ਅੰਦਰ ਕੇਵਲ ਇਕ ਤੱਤ ਦਾ ਅੰਤਰ ਇਹ ਹੈ ਕਿ ਮਨੁੱਖ ਤਰਕਸ਼ੀਲ ਪਸ਼ੂ (rational animal) ਹੈ। ਇਸ ਤੋਂ ਭਾਵ ਹੈ ਕਿ ਸਾਰੇ ਜੀਵਾਂ ਦੇ ਮੁਕਾਬਲੇ ਵਿਚ ਮਨੁੱਖ ਪਾਸ ਹੀ ਵਿਚਾਰ ਸ਼ਕਤੀ ਹੈ ਜਿਸ ਨਾਲ ਉਹ ਦਲੀਲ ਉਸਾਰ ਸਕਦਾ ਹੈ। ਇਸ ਦੀ ਸਹਾਇਤਾ ਨਾਲ ਸੰਕਲਪ ਤੇ ਜੀਵਨ ਜਾਂਚ ਦੇ ਆਦਰਸ਼ ਘੜ ਸਕਦਾ ਹੈ। ਮਨੁੱਖ ਪਾਸ ਇਹ ਸ਼ਕਤੀ ਹੈ ਜਿਸ ਦੁਆਰਾ ਉਹ ਸ਼ਬਦ ਦਾ ਨਿਰਮਾਣ ਕਰਕੇ ਭਾਸ਼ਾ ਦੇ ਢਾਂਚੇ ਨੂੰ ਉਸਾਰ ਸਕਦਾ ਹੈ। ਭਾਸ਼ਾ ਮਨੁੱਖ ਨੂੰ ਉਸ ਦੇ ਆਲੇ-ਦੁਆਲੇ ਤੇ ਹੋਰ ਜੀਵਾਂ ਨੂੰ ਸਮਝਣ ਵਿਚ ਸਹਾਈ ਹੁੰਦੀ ਹੈ। ਇਸੇ ਦੁਆਰਾ ਹੀ ਵਿਚਾਰਾਂ ਦਾ ਸੰਚਾਰ ਤੇ ਵਿਕਾਸ ਹੁੰਦਾ ਹੈ।
ਭਾਸ਼ਾ ਇਕ ਅਜਿਹਾ ਹਥਿਆਰ ਹੈ, ਜਿਸ ਦੁਆਰਾ ਗ੍ਰੰਥਾਂ ਵਿਚ ਦਿੱਤਾ ਅਰਥ ਪ੍ਰਗਟ ਕੀਤਾ ਜਾਂਦਾ ਹੈ। ਇਹ ਵਿਚਾਰ ਆਮ ਪ੍ਰਚੱਲਤ ਹੈ ਕਿ ਰਹੱਸਮਈ ਅਨੁਭਵ ਦੁਆਰਾ ਪਰਮ-ਤੱਤ ਦੀ ਸੂਝ ਤਾਂ ਹੋ ਜਾਂਦੀ ਹੈ ਪਰ ਉਸ ਨੂੰ ਸ਼ਬਦ ਜਾਂ ਭਾਸ਼ਾ ਦੁਆਰਾ ਬਿਆਨ ਕਰਨਾ ਬਹੁਤ ਕਠਿਨ ਹੈ। ਗੁਰੂ ਨਾਨਕ ਦੇਵ ਜੀ ਪਰਮ-ਤੱਤ ਨੂੰ ਕਥਨ ਕਰਨ ਬਾਰੇ ਆਪਣੀ ਰਚਨਾ 'ਜਪੁਜੀ ਸਾਹਿਬ' ਵਿਚ ਦਸਦੇ ਹਨ ਕਿ ਉਸਨੂੰ 'ਕਥਨ ਕਰਨਾ' ''ਕਰੜਾ ਸਾਰ'' ਹੈ। ਇਸ ਤਰ੍ਹਾਂ ਸ਼ੰਕਰਾਚਾਰੀਆ ਨੇ ਵੀ ਬ੍ਰਹਮ ਨੂੰ ਸ਼ਬਦਾਂ ਦੀ ਪਹੁੰਚ ਤੋਂ ਦੂਰ ਦੱਸਿਆ ਹੈ। ਉਸ ਨੇ ਇਸ ਨੂੰ ਨਿਰਵਚਨੀਯਾ (inexplicable) ਕਿਹਾ ਹੈ। ਬੁੱਧ ਦਾ ਵੀ ਵਿਚਾਰ ਹੈ ਕਿ ਸਚਾਈ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਇਹ ਹੋਂਦ (existence) ਅਤੇ ਅਣ-ਹੋਂਦ (non-existence) ਤੋਂ ਅਤੀਤ ਦੀ ਅਵਸਥਾ ਹੈ।

ਇਸ ਨੂੰ ਸੁੰਨ ਅਵਸਥਾ ਕਿਹਾ ਜਾ ਸਕਦਾ ਹੈ। ਇਨ੍ਹਾਂ ਉਦਾਹਰਣਾਂ ਤੋ ਸਿੱਟਾ ਇਹ ਨਿਕਲਦਾ ਹੈ ਕਿ ਪਰਮ-ਤੱਤ ਸ਼ਬਦਾਂ ਦੁਆਰਾ ਬਿਆਨ ਅਤੇ ਭਾਸ਼ਾ ਰਾਹੀ ਪ੍ਰਗਟ ਨਹੀਂ ਕੀਤਾ ਜਾ ਸਕਦਾ।

ਹੁਣ ਇਹ ਪ੍ਰਸ਼ਨ ਉੱਠਦਾ ਹੈ ਕਿ ਜੇ ਪਰਮ-ਤੱਤ ਭਾਸ਼ਾ ਤੋਂ ਅਤੀਤ ਹੈ ਤਾਂ ਉਸ ਦੀ ਵਿਆਖਿਆ ਕਿਵੇਂ ਕੀਤੀ ਜਾਵੇ? ਇਸ ਦੇ ਉੱਤਰ ਵਿਚ ਭਾਸ਼ਾ ਵਿਗਿਆਨੀਆਂ ਤੇ ਚਿੰਤਕਾਂ ਦਾ ਖ਼ਿਆਲ ਹੈ ਕਿ ਪਰਮ ਸਚਾਈ ਨੂੰ ਚਿਨ੍ਹਾਂ (signs), ਪ੍ਰਤੀਕਾਂ (symbols) ਅਤੇ ਅਲੰਕਾਰਾਂ (metaphors) ਦੁਆਰਾ ਕੁੱਝ ਬਿਆਨ ਕਰਨ ਦਾ ਯਤਨ ਕੀਤਾ ਜਾ ਸਕਦਾ ਹੈ। ਪ੍ਰਤੀਕ ਤੇ ਚਿੰਨ੍ਹ ਮੂਲ ਦੇ ਸਮਰੂਪ ਪ੍ਰਤੀਨਿਧ ਹੁੰਦੇ ਹਨ। ਸੰਸਾਰ ਦੇ ਧਾਰਮਿਕ ਗ੍ਰੰਥ ਅਜਿਹੀਆਂ ਭਾਸ਼ਾਵਾਂ ਵਿਚ ਹੀ ਲਿਖੇ ਗਏ ਹਨ। ਇਸ ਨੂੰ ਧਾਰਮਿਕ ਭਾਸ਼ਾ ਕਹਿੰਦੇ ਹਨ। ਧਰਮ ਗ੍ਰੰਥਾਂ ਦੀ ਭਾਸ਼ਾ ਵਿਗਿਆਨਕ ਭਾਸ਼ਾ ਤੋਂ ਵੱਖਰੀ ਹੈ। ਧਾਰਮਿਕ ਭਾਸ਼ਾ ਪਰਾਭੌਤਿਕ ਤੱਤਾਂ ਨੂੰ ਸ਼ਬਦਾਂ ਦੁਆਰਾ ਬਿਆਨ ਕਰਨ ਦਾ ਨਮੂਨਾ ਜਾਂ ਯਤਨ ਹੈ।

ਜੇ ਪਰਮ-ਤੱਤ ਨੂੰ ਕਿਸੇ ਵੀ ਢੰਗ ਨਾਲ ਕਥਿਆ ਨਾ ਜਾ ਸਕੇ ਤਾਂ ਧਾਰਮਿਕ ਗ੍ਰੰਥਾਂ ਦੀ ਕੋਈ ਮਹੱਤਤਾ ਨਹੀਂ ਹੈ। ਇਨ੍ਹਾਂ ਦੀ ਰਚਨਾ ਦਾ ਮਨੋਰਥ ਪਾਠਕ ਜਾਂ ਸਰੋਤੇ ਤੱਕ ਗ੍ਰੰਥ ਦੇ ਸੰਦੇਸ਼ ਜਾਂ ਅਰਥ ਦਾ ਸੰਚਾਰ ਕਰਨਾ ਹੈ। ਜੇ ਇਹ ਮਨੋਰਥ ਪੂਰਾ ਨਾ ਹੋ ਸਕੇ ਤਾਂ ਇਹ ਧਰਮ ਗ੍ਰੰਥ ਕਿਸ ਕੰਮ ਆਉਣਗੇ? ਧਰਮ ਗ੍ਰੰਥ ਪਰਮ-ਤੱਤ ਨੂੰ ਆਪਣੇ ਢੰਗ ਨਾਲ ਤੇ ਭੂਗੋਲਿਕ ਖਿਤਿਆਂ ਦੇ ਸਾਂਸਕ੍ਰਿਤਕ ਸੰਦਰਭ ਵਿਚ ਬਿਆਨ ਕਰਨ ਦਾ ਯਤਨ ਕਰਦੇ ਹਨ। ਇਸ ਲਈ ਸਾਨੂੰ ਧਰਮ ਗ੍ਰੰਥ ਵਿਚ ਵਰਤੀ ਧਾਰਮਿਕ ਭਾਸ਼ਾ ਦੇ ਚਿੰਨ੍ਹ ਵਿਧਾਨ (semiology) ਨੂੰ ਸਮਝਣ ਦੀ ਲੋੜ ਹੈ। ਚਿੰਨ੍ਹ-ਵਿਗਿਆਨ (semiotics) ਵਿਚ ਸ਼ਬਦ, ਧੁਨੀ, ਵਾਕ ਬਣਤਰ ਤੇ ਅਰਥਾਂ ਨੂੰ ਸੁਚੱਜੇ ਢੰਗ ਨਾਲ ਵਾਚਿਆ ਜਾਂਦਾ ਹੈ।

ਵਰਤਮਾਨ ਸਦੀ ਦੇ ਆਰੰਭ ਵਿਚ ਭਾਸ਼ਾ ਦੇ ਵਿਸ਼ਲੇਸ਼ਣ ਦੀ ਪੱਛਮ ਵਿਚ ਇਕ ਦਾਰਸ਼ਨਿਕ ਲਹਿਰ ਉਪਜੀ ਸੀ ਜਿਸ ਨੂੰ ਤਾਰਕਕ ਪ੍ਰਤੱਖਵਾਦ (logical positivism) ਕਹਿੰਦੇ ਹਨ। ਇਹ ਲਹਿਰ ਆਸਟਰੀਆ ਦੇ ਸ਼ਹਿਰ ਵਿਆਨਾ ਤੋਂ ਸ਼ੁਰੂ ਹੋਈ। ਇਸ ਲਈ ਇਸ ਨੂੰ 'ਵਿਆਨਾ ਸਰਕਲ' ਦੀ ਲਹਿਰ ਕਹਿੰਦੇ ਹਨ। ਇਸ ਦੇ ਸਭ ਮੈਂਬਰ ਤਕਰੀਬਨ ਵਿਗਿਆਨਕ ਤੇ ਫ਼ਿਲਾਸਫ਼ਰ ਸਨ। ਇਨ੍ਹਾਂ ਦਾ ਵਿਚਾਰ ਸੀ ਕਿ ਜੋ ਤੱਥ ਪ੍ਰਤੱਖ ਭਾਸ਼ਾ ਤੋਂ ਅਤੀਤ ਹਨ ਉਨ੍ਹਾਂ ਬਾਰੇ ਸਾਨੂੰ ਕੁਝ ਨਹੀਂ ਕਹਿਣਾ ਚਾਹੀਦਾ। ਲੁਡਵਿਗ ਵਿਟਗਨਸਟਾਇਨ (Ludwig Wittgenstein) ਆਪਣੀ ਪੁਸਤਕ ਟ੍ਰੈਕਟੇਟਸ (Tractatus) ਦੇ ਅੰਤਲੇ ਸੂਤਰ ਵਿਚ ਲਿਖਦਾ ਹੈ ਕਿ ਜਿਸ ਖ਼ਿਆਲ ਨੂੰ ਭਾਸ਼ਾ ਦੁਆਰਾ ਸਪਸ਼ਟ ਤੌਰ ਤੇ ਬਿਆਨ ਨਹੀਂ ਕੀਤਾ ਜਾ ਸਕਦਾ ਉਥੇ ਚੁੱਪ ਹੀ ਭਲੀ ਹੈ। ਏ .ਜੇ. ਆਇਰ ਆਪਣੀ ਪੁਸਤਕ ''ਲੈਂਗੁਏਜ ਟਰੁਥ ਐਂਡ ਲਾਜਿਕ" (Language, Truth and Logic) ਵਿਚ ਲਿਖਦਾ ਹੈ ਕਿ ਪਰਮਾਤਮਾ ਬਾਰੇ ਜੋ ਵੀ ਕਥਨੀ ਕੀਤੀ ਜਾਂਦੀ ਹੈ ਉਹ ਨਿਰਾਰਥਕ ਕਥਨੀ (Non-sensical statement) ਹੁੰਦੀ ਹੈ ਕਿਉਂਕਿ ਉਸ ਦੀ ਪੁਸ਼ਟੀ (verification) ਇੰਦ੍ਰੀ-ਗਿਆਨ (empirical observation) ਦੁਆਰਾ ਪ੍ਰਤੱਖ ਨਹੀਂ ਕੀਤੀ ਜਾ ਸਕਦੀ। ਧਰਮ ਦੀਆਂ ਕਥਨੀਆਂ ਵਧੇਰੇ ਕਰਕੇ ਮਨੁੱਖੀ ਜਜ਼ਬਿਆਂ ਤੇ ਸੰਵਾਦਾਂ ਨਾਲ ਜਕੜੀਆਂ ਹੁੰਦੀਆਂ ਹਨ ਜਿਸ ਕਰਕੇ ਕਈ ਵਾਰ ਉਨ੍ਹਾਂ ਦਾ ਅਰਥ ਸਪਸ਼ਟ ਨਹੀਂ ਹੁੰਦਾ।

ਧਾਰਮਿਕ ਭਾਸ਼ਾ ਦੇ ਵਿਸ਼ਲੇਸ਼ਣ ਬਾਰੇ ਆਈ.ਟੀ. ਰੇਮੇਜ਼ੇ (I.T. Ramsey) ਨੇ ਸਾਰਥਕ ਖੋਜ ਕੀਤੀ ਹੈ। ਉਸ ਨੇ ਧਾਰਮਿਕ ਵਿਸ਼ਵਾਸ (religious faith) ਨੂੰ ਪਰਾਭੌਤਿਕ-ਤੱਤ (ontology) ਤੋਂ ਅਲੱਗ ਕਰਕੇ ਦੇਖਿਆ ਹੈ। ਉਸ ਦਾ ਖ਼ਿਆਲ ਹੈ ਕਿ ਧਾਰਮਿਕ ਭਾਸ਼ਾ ਵਿਚ ਮਨੁੱਖ ਦੇ ਜਜ਼ਬਾਤ ਤੇ ਨਿੱਜੀ ਖ਼ਿਆਲ ਹੁੰਦੇ ਹਨ ਜਿਨ੍ਹਾਂ ਨਾਲ ਆਤਮਨਿਸ਼ਠ (subjective) ਤੱਤ ਆ ਜਾਂਦੇ ਹਨ ਜਿਸ ਕਰਕੇ ਅਰਥ ਦਾ ਸੰਚਾਰ ਕਰਨਾ ਕਠਨ ਹੋ ਜਾਂਦਾ ਹੈ, ਭਾਸ਼ਾ ਮੂਲਕ (objective) ਅਰਥ ਨੂੰ ਪ੍ਰਗਟ ਕਰਨ ਵਿਚ ਅਸਫ਼ਲ ਹੋ ਜਾਂਦੀ ਹੈ। ਇਸ ਕਰਕੇ ਧਾਰਮਿਕ ਭਾਸ਼ਾ ਨੂੰ ਪਰਮ ਤੱਤ ਤੋਂ ਨਿਖੇੜ ਕੇ ਬੜੇ ਧਿਆਨ ਨਾਲ ਸਮਝਣ ਦੀ ਲੋੜ ਹੈ। ਮਨੁੱਖ ਦੀਆਂ ਮਨੋਵ੍ਰਿਤੀਆਂ ਨੂੰ ਪੂਰੀ ਤਰ੍ਹਾਂ ਜਾਂਚ ਕੇ ਉਨ੍ਹਾਂ ਦੇ ਸੰਦਰਭ ਨੂੰ ਸਮਝ ਕੇ ਧਾਰਮਿਕ ਕਥਨੀਆਂ ਦੀ ਵਿਆਖਿਆ ਕਰਨੀ ਚਾਹੀਦੀ ਹੈ। ਵਿਆਖਿਆ-ਸਿਧਾਂਤ ਦੇ ਚਿੰਤਕ ਇਸ ਗੱਲ ਤੇ ਸਹਿਮਤ ਹਨ ਕਿ ਬੁੱਧੀ ਦੁਆਰਾ ਪਰਮ ਤੱਤ ਨੂੰ ਬਿਆਨ ਨਹੀਂ ਕੀਤਾ ਜਾਂਦਾ ਕਿਉਂਕਿ ਉਸਦਾ ਅਨੁਭਵ ਬੁੱਧੀ ਤੋਂ ਪਰੇ ਤੇ ਸ਼ਬਦਾਂ ਦੀ ਪਹੁੰਚ ਤੋਂ ਪਰੇ ਹੈ।

ਰੈਮਜ਼ੇ ਨੇ ਧਾਰਮਿਕ ਭਾਸ਼ਾ ਦੀਆਂ ਹੱਦਾਂ ਨਿਰਧਾਰਤ ਕਰ ਦਿੱਤੀਆਂ ਹਨ। ਵਿਟਗਨਸਟਾਇਨ ਨੇ ਤਾਂ ਸਿੱਧੇ ਰੂਪ ਵਿਚ ਭਾਸ਼ਾ ਨੂੰ ਪਰਮ ਤੱਤ ਤੋਂ ਨਿਖੇੜ ਦਿੱਤਾ ਹੈ। ਉਸ ਦੇ ਸਿਧਾਂਤ ਅਨੁਸਾਰ ਤਾਂ ਭਾਸ਼ਾ ਦਾ ਕੰਮ ਕੇਵਲ ਤੱਥਾਂ (facts) ਜਾਂ ਘਟਨਾਵਾਂ (events) ਨੂੰ ਦਰਸਾਉਣਾ ਜਾਂ ਚਿਤਰਨਾ ਹੀ ਹੈ। ਉਹ ਤੱਥਾਂ ਦੀ ਤੱਤ ਮੀਮਾਂਸਾ (ontology) ਬਾਰੇ ਬਿਲਕੁਲ ਸਹਿਮਤ ਨਹੀਂ ਸੀ। ਵਿਟਗਨਸਟਾਇਨ ਦੀਆਂ ਭਾਸ਼ਾ-ਖੇਡਾਂ (Language-games) ਕੇਵਲ ਭਾਸ਼ਾ ਦਾ ਨਿਰੋਲ ਵਿਸ਼ਲੇਸ਼ਣ ਵੀ ਨਹੀਂ ਹਨ ਬਲਕਿ ਭਾਸ਼ਾ ਦੀਆਂ ਖੇਡਾਂ ਨੂੰ ਅਮਲੀ ਜੀਵਨ ਦੇ ਸੰਦਰਭ ਨਾਲ ਜੋੜ ਕੇ ਇਨ੍ਹਾਂ ਦੀ ਵਰਤੋਂ ਨੂੰ ਵੀ ਨਿਰਖਿਆ ਪਰਖਿਆ ਜਾਂਦਾ

ਹੈ। ਇਸ ਲਈ ਉਹਨਾਂ ਸ਼ਬਦਾਂ ਦੇ ਅਰਥ ਇਕਾਰਥਕ (univocal) ਤੇ ਸਥਿਰ ਨਹੀਂ ਰਹਿੰਦੇ। ਸ਼ਬਦ ਦੇ ਅਰਥ ਹਰ ਸੰਦਰਭ ਤੇ ਪ੍ਰਸਥਿਤੀ ਵਿਚ ਬਦਲ ਜਾਂਦੇ ਹਨ। ਜਿਵੇਂ ਇਕ ਵਿਅਕਤੀ ਘਰ ਵਿਚ ਪਤੀ, ਬਾਪ ਤੇ ਬੇਟਾ ਹੁੰਦਾ ਹੈ ਪਰ ਯੂਨੀਵਰਸਿਟੀ ਵਿਚ ਉਸ ਨੂੰ ਪ੍ਰੋਫੈਸਰ, ਖੋਜੀ ਜਾਂ ਯੂਨੀਵਰਸਿਟੀ ਦਾ ਮੁਲਾਜ਼ਮ ਸਮਝਿਆ ਜਾਂਦਾ ਹੈ। ਹਿੰਦੂ ਧਰਮ ਗ੍ਰੰਥਾਂ ਵਿਚ ਬ੍ਰਹਮ ਸ਼ਬਦ ਦਾ ਅਰਥ ਗੁਰਬਾਣੀ ਦੇ ਬ੍ਰਹਮ ਸ਼ਬਦ ਤੋਂ ਵੱਖਰਾ ਹੈ। ਇਸ ਦਾ ਕਾਰਨ ਹੈ ਕਿ ਇਨ੍ਹਾਂ ਦੇ ਸੰਦਰਭ ਵੱਖਰੇ ਹਨ। ਇਸ ਲਈ ਅਰਥ ਰੂਪਾਂਤਰਨ ਹੋ ਗਿਆ ਹੈ। ਇਸੇ ਤਰ੍ਹਾਂ ਧਰਮ ਗ੍ਰੰਥਾਂ ਦੀ ਵਿਆਖਿਆ ਕਰਨ ਸਮੇਂ ਸ਼ਬਦਾਂ ਦੇ ਸਮੁੱਚੇ ਸੰਦਰਭ ਨੂੰ ਸਭਿਆਚਾਰਕ ਪਿਛੋਕੜ ਵਿਚ ਰੱਖ ਕੇ ਜਾਂਚ ਲੈਣਾ ਚਾਹੀਦਾ ਹੈ।

ਧਾਰਮਿਕ ਭਾਸ਼ਾ ਦੇ ਸੰਬੰਧ ਵਿਚ ਭਾਰਤੀ ਤੇ ਪੱਛਮੀ ਧਰਮਾਂ ਵਿਚ ਇਲਹਾਮ ਜਾਂ ਸ਼ਰੁਤੀ (revelation) ਦੇ ਸੰਕਲਪ ਦਾ ਜ਼ਿਕਰ ਕਰਨਾ ਵੀ ਉਚਿਤ ਹੋਵੇਗਾ। ਭਾਰਤੀ ਪਰੰਪਰਾ ਅਨੁਸਾਰ ਜੀਵ ਪਰਮ-ਤੱਤ ਨਾਲ ਅਭੇਦ ਹੋ ਕੇ ਕੁਝ ਵੀ ਸ਼ਬਦ ਬੋਲਣ ਦੇ ਸਮਰੱਥ ਨਹੀਂ ਰਹਿੰਦਾ। ਇਸ ਲਈ ਭਾਰਤ ਦੇ ਧਰਮ ਗ੍ਰੰਥਾਂ ਵਿਚ ਪਰਮ-ਤੱਤ ਦੇ ਰਹੱਸਮਈ ਅਨੁਭਵ ਨੂੰ ਸ਼ਬਦਾਂ ਦੁਆਰਾ ਬੋਲਣ ਦੇ ਅਸਮਰੱਥ ਸਮਝਿਆ ਗਿਆ ਹੈ। ਇਸੇ ਤਰ੍ਹਾਂ ਪੱਛਮ ਵਿਚ ਵੀ ਰਹੱਸਮਈ ਅਨੁਭਵ ਨੂੰ 'ਚੁੱਪ' ਜਾਂ 'ਮੋਨ' ਦਾ ਅਨੁਭਵ ਦੱਸਿਆ ਗਿਆ ਹੈ। ਜਦੋਂ ਮਨਸੂਰ ਨੇ ਆਪਣੇ ਰਹੱਸਮਈ ਅਨੁਭਵ ਦਾ ਇਜ਼ਹਾਰ 'ਅਨ-ਅਲ-ਹੱਕ' (ਮੈਂ ਹਾਂ ਸੱਚ) ਦੁਆਰਾ ਕੀਤਾ ਤਾਂ ਉਹ ਸ਼ਬਦਾਂ ਦੁਆਰਾ ਅਭੇਦਤਾ ਦੀ ਅਵਸਥਾ ਦਾ ਗੁੱਝਾ ਪ੍ਰਗਟਾਵਾ ਕਰ ਰਿਹਾ ਸੀ। ਇਸੇ ਸੰਕਲਪ ਨੂੰ ਉਪਨਿਸ਼ਦਾਂ ਵਿਚ 'ਅਹਮ ਬ੍ਰਹਮ ਅਸਮੀ' (ਮੈਂ ਹੀ ਬ੍ਰਹਮ ਹਾਂ) ਕਹਿ ਕੇ ਪੁਕਾਰਿਆ ਗਿਆ ਹੈ। ਇਹ ਅੰਤਰਗਤਿ ਪਰਮ-ਤੱਤ ਦਾ ਗਿਆਨ ਹੈ। ਇਹ ਬ੍ਰਹਮੰਡ ਤੇ ਪਿੰਡ ਜਾਂ ਆਤਮਾ ਤੇ ਪਰਮਾਤਮਾ ਦੀ ਅਭੇਦਤਾ ਦਰਸਾਂਦਾ ਹੈ। ਪਰਮ-ਤੱਤ ਫਿਰ ਵੀ ਸ਼ਬਦਾਤੀਤ ਰਹਿੰਦਾ ਹੈ।

ਉਪਰੋਕਤ ਦਲੀਲਾਂ ਤੋਂ ਸਪਸ਼ਟ ਹੈ ਕਿ ਧਰਮ ਗ੍ਰੰਥਾਂ ਦੀ ਭਾਸ਼ਾ ਬਹੁਤ ਗੁੱਝੇ ਅਰਥਾਂ ਦਾ ਸੰਦੇਸ਼ ਦਿੰਦੀ ਹੈ। ਇਨ੍ਹਾਂ ਅਰਥਾਂ ਨੂੰ ਤਰਕਸ਼ੀਲ ਢੰਗ ਨਾਲ ਸਮਝਣਾ ਹੀ ਮਨੁੱਖੀ ਸਿਆਣਪ ਦੀ ਨਿਸ਼ਾਨੀ ਹੈ। ਇਸ ਵਾਸਤੇ ਪ੍ਰਤੀਕ (sign) ਅਤੇ ਚਿੰਨ੍ਹਵਾਦ (symbolism) ਨੂੰ ਧਾਰਮਿਕ ਸੰਦਰਭ ਵਿਚ ਸਮਝਣ ਦੀ ਲੋੜ ਹੈ।

### (iii) ਚਿੰਨ੍ਹਵਾਦ (Symbolism)

ਜੇ ਗਹੁ ਨਾਲ ਦੇਖਿਆ ਜਾਵੇ ਤਾਂ ਸਾਰੀ ਭਾਸ਼ਾ ਚਿੰਨ੍ਹਾਂ ਤੇ ਪ੍ਰਤੀਕਾਂ ਦਾ ਹੀ ਸੰਗ੍ਰਹਿ ਹੈ। ਚਿੰਨ੍ਹਾਂ ਦੁਆਰਾ ਸੰਕਲਪਾਂ (concepts) ਦੇ ਲੱਛਣਾਂ ਦਾ ਪ੍ਰਗਟਾਵਾ ਕਰਨਾ ਹੁੰਦਾ ਹੈ। ਇਸ ਦੀ ਵਰਤੋਂ ਵਧੇਰੇ ਕਰਕੇ ਧਰਮ ਗ੍ਰੰਥਾਂ ਵਿਚ ਸੂਖਮ ਸੰਕਲਪਾਂ ਨੂੰ ਦਰਸਾਉਣ ਲਈ ਕੀਤੀ ਜਾਂਦੀ ਹੈ। ਇਨ੍ਹਾਂ ਚਿੰਨ੍ਹਾਂ ਬਗ਼ੈਰ ਖ਼ਿਆਲਾਂ ਦਾ ਪ੍ਰਗਟਾਵਾ ਨਹੀਂ ਹੋ ਸਕਦਾ। ਆਮ-ਸਾਧਾਰਨ ਬੋਲ-ਚਾਲ ਵਿਚ ਸਿੰਬਲ ਤੇ ਸਾਈਨ ਜਾਂ ਚਿੰਨ੍ਹ ਤੇ ਪ੍ਰਤੀਕ ਨੂੰ ਸਮਾਨਰਥੀ ਸਮਝਿਆ ਜਾਂਦਾ ਹੈ। ਪਰੰਤੂ ਤਕਨੀਕੀ ਦ੍ਰਿਸ਼ਟੀਕੋਣ ਤੋਂ ਇਨ੍ਹਾਂ ਦੋਵਾਂ ਵਿਚ ਸੂਖਮ ਅੰਤਰ ਹੈ। ਪ੍ਰਤੀਕ ਕਿਸੇ ਵਸਤੂ ਦੇ ਤੱਤ ਜਾਂ ਸੰਕਲਪ ਦਾ ਚਿਤਰਨ ਜਾਂ ਪ੍ਰਗਟਾਵਾ ਹੁੰਦਾ ਹੈ। ਜਿਵੇਂ ਬ੍ਰਹਮ ਪਰਮ-ਤੱਤ ਦੀ ਇਕਾਈ ਦਾ ਸਿੰਬਲ ਹੈ। ਇਸੇ ਤਰ੍ਹਾਂ ਈਸਾਈ ਧਰਮ ਵਿਚ ਗਾਡ (God) ਤੇ ਇਸਲਾਮ ਅੰਦਰ ਅੱਲਾ ਵੀ ਵਿਅਕਤੀਗਤ ਪਰਮ ਸਚਾਈ ਦੇ ਪ੍ਰਤੀਕ ਹਨ। ਜਦੋਂ ਕੋਈ ਈਸਾਈ ਧਰਮ ਦਾ ਮੰਨਣ ਵਾਲਾ ਗਾਡ ਨੂੰ ਆਪਣੇ ਜੀਵਨ ਦਾ ਅੰਗ ਬਣਾ ਲੈਂਦਾ ਹੈ ਤਾਂ ਇਹ ਉਸ ਲਈ ਸਾਈਨ ਦਾ ਰੂਪ ਧਾਰਨ ਕਰ ਜਾਂਦਾ ਹੈ। ਆਮ ਸਾਧਾਰਨ ਵਿਦਵਾਨ ਲਈ ਇਹ ਇਕ ਪ੍ਰਤੀਕ ਹੀ ਹੈ। ਇਸ ਨੁਕਤੇ ਨੂੰ ਇਕ ਹੋਰ ਉਦਾਹਰਣ ਦੇ ਕੇ ਵੀ ਸਪਸ਼ਟ ਕੀਤਾ ਜਾ ਸਕਦਾ ਹੈ। ਜਿਵੇਂ ਸੜਕ ਉਤੇ ਲਾਲ ਬੱਤੀ ਖਤਰੇ ਦੀ ਨਿਸ਼ਾਨੀ ਹੁੰਦੀ ਹੈ। ਜੇ ਕੋਈ ਇਸ ਲਾਲ ਬੱਤੀ ਦੀ ਪਰਵਾਹ ਨਾ ਕਰੇ ਕਿਉਂਕਿ ਇਹ ਤਾਂ ਕੇਵਲ ਪ੍ਰਤੀਕ ਹੀ ਹੁੰਦੀ ਹੈ ਤਦ ਐਕਸੀਡੈਂਟ ਹੋ ਸਕਦਾ ਹੈ। ਜਦੋਂ ਸੜਕ ਤੇ ਆਉਣ ਜਾਣ ਵਾਲੇ ਵਾਹਨ ਇਸ ਲਾਲ ਬੱਤੀ ਦੇ ਅਨੁਸਾਰ ਚਲਦੇ ਹਨ ਤਾਂ ਇਹ ਪ੍ਰਤੀਕ ਹੋ ਜਾਂਦੀ ਹੈ। ਉਪਰੋਕਤ ਉਦਾਹਰਣਾਂ ਤੋਂ ਇਹ ਨਿਰਣਾ ਲਿਆ ਜਾ ਸਕਦਾ ਹੈ ਕਿ ਪ੍ਰਤੀਕ ਤੇ ਚਿੰਨ੍ਹ (symbol & sign) ਵਿਚ ਅੰਤਰ ਉਸ ਸਮੇਂ ਉਤਪੰਨ ਹੁੰਦਾ ਹੈ ਜਦੋਂ ਸਿੰਬਲ ਦੇ ਸੰਦਰਭ (context) ਨੂੰ ਧਿਆਨ ਵਿਚ ਰੱਖਕੇ ਉਸ ਤੇ ਅਮਲ ਕੀਤਾ ਜਾਵੇ। ਲਾਲ ਬੱਤੀ ਦੇਖ ਕੇ ਜਦੋਂ ਅਸੀਂ ਆਪਣੀ ਕਾਰ ਜਾਂ ਸਕੂਟਰ ਖੜ੍ਹਾ ਕਰ ਲੈਂਦਾ ਹਾਂ ਤਾਂ ਆਲੇ ਦੁਆਲੇ ਦਾ ਸਾਡੇ ਉਤੇ ਅਸਰ ਹੁੰਦਾ ਹੈ। ਇਸ ਤੱਥ ਨੂੰ ਧਿਆਨ ਵਿਚ ਰੱਖਕੇ ਫਰਾਂਸ ਦੇ ਇਕ ਆਧੁਨਿਕ ਵਿਦਵਾਨ ਪਾਲ ਰਿਕਰ (Paul Ricoeur) ਨੇ ਆਪਣੇ ਵਿਆਖਿਆ ਸਿਧਾਂਤ ਵਿਚ ਸਿੰਬਲ ਅਤੇ ਸਾਈਨ ਵਿਚ ਨਿਖੇੜਾ ਕੀਤਾ ਹੈ।

ਪਾਲ ਰਿਕਰ ਨੇ ਅਰਥਾਂ ਦਾ ਸਿਧਾਂਤ ਪੇਸ਼ ਕਰਨ ਸਮੇਂ ਪ੍ਰਤੀਕਵਾਦ ਤੇ ਚਿੰਨ੍ਹਵਾਦ ਦਾ ਅੰਤਰ ਸਾਂਸਕ੍ਰਿਤਕ ਸੰਦਰਭ ਨੂੰ ਮੁੱਖ ਰੱਖਕੇ ਕੀਤਾ ਹੈ। ਪ੍ਰਤੀਕ ਸਾਂਸਕ੍ਰਿਤਕ ਸੰਦਰਭ ਤੋਂ ਮੁਕਤ ਹੁੰਦਾ ਹੈ ਅਤੇ ਪਰਾਭੌਤਿਕ ਤੱਤ ਨੂੰ ਦਰਸਾਉਂਦਾ ਹੈ। ਇਸ ਤਰ੍ਹਾਂ ਅਰਥ ਆਲੇ ਦੁਆਲੇ ਦੇ ਸੰਦਰਭ ਤੋਂ ਮੁਕਤ ਹੋ ਕੇ ਪਰਮ ਤੱਤ ਦੀ ਗੱਲ ਕਰਦਾ ਹੈ। ਇਸ ਦੇ ਹੀ ਉਲਟ ਚਿੰਨ੍ਹ (sign) ਇਕ ਖਾਸ ਸੰਸਕ੍ਰਿਤੀ ਦੇ ਸੰਦਰਭ ਵਿਚ ਹੀ ਅਰਥ ਦਾ ਸੰਚਾਰ ਕਰਦਾ ਹੈ। ਸਾਧਾਰਨ ਸ਼ਬਦਾਂ ਵਿਚ ਪ੍ਰਤੀਕ ਅਦ੍ਰਿਸ਼ਟਮਾਨ ਅਤੇ ਚਿੰਨ੍ਹ ਦ੍ਰਿਸ਼ਟਮਾਨ ਜਗਤ

ਨਾਲ ਸੰਬੰਧ ਰੱਖਦੇ ਹਨ। ਇਨ੍ਹਾਂ ਦੋਹਾਂ ਨੂੰ ਮਿਲਾ ਕੇ ਪ੍ਰਤੀਕਵਾਦ ਦਾ ਵਿਧਾਨ ਪੂਰਾ ਹੁੰਦਾ ਹੈ। ਪਾਲ ਰਿਕਰ ਨੇ ਇਨ੍ਹਾਂ ਦੋਹਾਂ ਨੂੰ ਮੂਲ ਆਧਾਰ ਬਣਾ ਕੇ ਆਪਣੇ ਵਿਆਖਿਆ ਸਿਧਾਂਤ ਨੂੰ ਪੇਸ਼ ਕੀਤਾ।

ਰਹੱਸਵਾਦੀ ਅਨੁਭਵ ਦੇ ਸੰਚਾਰ ਲਈ ਪ੍ਰਤੀਕਾਂ ਤੇ ਚਿਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ। ਕਈ ਵਿਅਕਤੀ ਰਹੱਸਵਾਦ ਦੀ ਸ਼ਬਦਾਵਲੀ ਨੂੰ ਸ਼ਾਬਦਿਕ (literal) ਅਰਥ ਦੇ ਦਿੰਦੇ ਹਨ। ਇਸ ਨਾਲ ਅਰਥਾਂ ਦਾ ਅਨਾਰਥ ਹੋ ਜਾਂਦੇ ਹਨ, ਜਿਵੇਂ ਭਾਰਤੀ ਧਰਮਾਂ ਵਿਚ ਕਾਲ ਨੂੰ ਦਰਸਾਉਣ ਲਈ ਕਲਪਤ ਚਾਰ ਯੁੱਗਾਂ ਦੀ ਵਰਤੋਂ ਕੀਤੀ ਗਈ ਹੈ, ਇਸ ਤੋਂ ਇਹ ਸੰਕੇਤ ਮਿਲਦਾ ਹੈ ਕਿ ਮਨੁੱਖੀ ਆਤਮਾ ਅਮਰ ਹੈ ਜੋ ਬਾਰ-ਬਾਰ ਜਨਮ ਲੈਂਦੀ ਰਹਿੰਦੀ ਹੈ। ਫਿਰ ਨੈਤਿਕ ਪਤਨ ਨੂੰ ਪ੍ਰਗਟਾਉਣ ਲਈ ਸਤਯੁੱਗ ਤੋਂ ਕਲਯੁੱਗ ਦੀ ਯਾਤਰਾ ਵੀ ਚਿੰਨ੍ਹਾਂਤਮਕ ਜਾਂ ਪ੍ਰਤੀਕਾਤਮਕ ਹੈ। ਇਨ੍ਹਾਂ ਦੁਆਰਾ ਕਾਲ ਦੇ ਸੰਕਲਪ ਦੀ ਗਤੀਸ਼ੀਲਤਾ ਨੂੰ ਸਪਸ਼ਟ ਕੀਤਾ ਜਾਂਦਾ ਹੈ। ਇਸ ਦਲੀਲ ਦਾ ਭਾਵ ਇਹ ਹੈ ਕਿ ਧਾਰਮਿਕ ਭਾਸ਼ਾ ਦੇ ਅਰਥਾਂ ਨੂੰ ਸ਼ਾਬਦਿਕ ਅਰਥਾਂ ਦੁਆਰਾ ਨਹੀਂ ਸਮਝਣਾ ਚਾਹੀਦਾ। ਇਨ੍ਹਾਂ ਨੂੰ ਚਿੰਨ੍ਹਾਂਤਮਕ ਦ੍ਰਿਸ਼ਟੀ ਤੋਂ ਹੀ ਦੇਖਣਾ ਠੀਕ ਹੋਵੇਗਾ।

ਪਾਠਕ ਨੂੰ ਇਕ ਗਲ ਹੋਰ ਚੇਤੇ ਰੱਖਣੀ ਚਾਹੀਦੀ ਹੈ। ਕਿਸੇ ਸ਼ਬਦ ਨੂੰ ਜਦੋਂ ਮੌਖਿਕ ਤੌਰ ਤੇ ਬੋਲਿਆ ਜਾਂਦਾ ਹੈ ਤਾਂ ਉਸ ਦਾ ਸੰਦਰਭ ਵੱਖਰਾ ਹੁੰਦਾ ਹੈ। ਜਦੋਂ ਉਸ ਸ਼ਬਦ ਨੂੰ ਲਿਖਤੀ ਰੂਪ ਵਿਚ ਕਿਸੇ ਪਾਠ-ਪੁਸਤਕ ਵਿਚ ਦਰਜ ਕਰ ਦਿੱਤਾ ਜਾਵੇ ਤਾਂ ਉਸਦਾ ਸੰਦਰਭ (context) ਬਦਲ ਜਾਂਦਾ ਹੈ। ਇਸ ਵਾਸਤੇ ਕਿਸੇ ਰਹੱਸਵਾਦੀ (mystic) ਜਾਂ ਸੂਫ਼ੀ ਜਾਂ ਹੋਰ ਮਹਾਂਪੁਰਸ਼ਾਂ ਦੇ ਦੈਵੀ ਬੋਲਾਂ ਦੀ ਵਿਆਖਿਆ ਕਰਦੇ ਹੋਏ ਇਨ੍ਹਾਂ ਤੱਥਾਂ ਦਾ ਧਿਆਨ ਰੱਖਣਾ ਜਰੂਰੀ ਹੈ।

ਇਥੇ ਨੁਕਤੇ ਨੂੰ ਸਪਸ਼ਟ ਕਰਨਾ ਉਚਿਤ ਜਾਪਦਾ ਹੈ ਕਿ ਕਿਸੇ ਧਰਮ ਗ੍ਰੰਥ ਨੂੰ ਇਕ ਭਾਸ਼ਾ ਤੋਂ ਦੂਜੀ ਭਾਸ਼ਾ ਅੰਦਰ ਅਨੁਵਾਦ ਕਰਨਾ ਬੜਾ ਕਠਨ ਕਾਰਜ ਹੈ। ਹਰ ਸ਼ਬਦ ਦਾ ਆਪਣਾ ਇਕ ਸਾਂਸਕ੍ਰਿਤਕ ਤੇ ਸਭਿਅਕ ਵਾਤਾਵਰਨ ਹੁੰਦਾ ਹੈ। ਉਸ ਵਾਤਾਵਰਨ ਵਿਚ ਸ਼ਬਦ ਦਾ ਵਿਕਾਸ ਹੋਇਆ ਹੁੰਦਾ ਹੈ। ਇਹ ਸ਼ਬਦ ਖਾਸ-ਖਾਸ ਅਰਥਾਂ ਵਿਚ ਵਰਤੇ ਜਾਂਦੇ ਹਨ। ਜੇ ਅਨੁਵਾਦ ਕਰਨ ਵਾਲੇ ਨੂੰ ਦੋਵਾਂ ਵਾਤਾਵਰਨਾਂ ਦੀ ਪੂਰੀ ਪੂਰੀ ਜਾਣਕਾਰੀ ਹੋਵੇ ਤਾਂ ਅਨੁਵਾਦ ਮੌਲਿਕ ਅਰਥ ਦੇ ਨੇੜੇ ਹੋਵੇਗਾ। ਜੇਕਰ ਉਲਥਾਕਾਰ ਨੂੰ ਦੂਜੀ ਸਾਂਸਕ੍ਰਿਤੀ ਦਾ ਪੂਰਾ ਗਿਆਨ ਨਹੀਂ ਤਾਂ ਅਨੁਵਾਦ ਕੀਤਾ ਅਰਥ ਅਸਲੀ ਅਰਥ ਦਾ ਸੰਚਾਰ ਨਹੀਂ ਕਰੇਗਾ। ਇਸੇ ਲਈ ਅਨੁਵਾਦਕਾਰ ਭਾਸ਼ਾ ਦਾ ਵਿਸ਼ੇਸ਼ਗ ਤੇ ਵਿਚਾਰਧਾਰਾ ਦਾ ਪੂਰਾ ਗਿਆਤਾ ਹੋਣਾ ਚਾਹੀਦਾ ਹੈ। ਸ਼ਬਦ ਬੋਧ ਤੋਂ ਪਿਛੋਂ ਹੀ ਅਨੁਵਾਦ ਕਰਨ ਦੀ ਗੱਲ ਸੋਚੀ ਜਾ ਸਕਦੀ ਹੈ।

ਚਿੰਨ੍ਹਵਾਦ ਨੂੰ ਸਮਝਣ ਦੀ ਲੋੜ ਇਸ ਲਈ ਹੈ ਕਿ ਪਾਠ-ਪੁਸਤਕ (text) ਦੇ ਕਰਤਾ ਦੀ ਅੰਤਰੀਵ ਭਾਵਨਾ (meaning) ਨੂੰ ਜਾਨਣਾ ਹੀ ਵਿਆਖਿਆ ਦਾ ਮਨੋਰਥ ਹੈ। ਇਥੇ ਵਿਆਖਿਆ ਸਿਧਾਂਤ ਅੰਦਰ ਪੰਜ ਚੀਜ਼ਾਂ ਜ਼ਰੂਰੀ ਹੁੰਦੀਆਂ ਹਨ :

1. ਪਾਠਕ ਜਾਂ ਸਰੋਤਾ
2. ਪਾਠ-ਪੁਸਤਕ
3. ਅਰਥ
4. ਸੰਦਰਭ ਤੇ ਭਾਸ਼ਾ ਵਿਗਿਆਨ
5. ਵਿਆਖਿਆਕਾਰ

ਪਾਠਕ ਜਾਂ ਸਰੋਤਾ ਬਦਲਦਾ ਰਹਿੰਦਾ ਹੈ। ਜਦੋਂ ਕਿਸੇ ਪਾਠ-ਪੁਸਤਕ ਦੀ ਰਚਨਾ ਹੋਈ ਸੀ ਤਾਂ ਉਸ ਸਮੇਂ ਪਾਠਕ ਹੋਰ ਸੀ। ਸਮਾਂ ਬੀਤ ਜਾਣ ਤੇ ਪਾਠਕ ਬਦਲ ਜਾਂਦਾ ਹੈ। ਦੂਜਾ, ਪਾਠ-ਪੁਸਤਕ ਵਿਚ ਵੀ ਕਈ ਵਾਰ ਰਲਾ ਪਾ ਦਿੱਤਾ ਜਾਂਦਾ ਹੈ। ਇਸ ਲਈ ਮੌਲਿਕ ਅਰਥ ਨੂੰ ਕਾਇਮ ਰੱਖਣ ਲਈ ਪਾਠ ਪੁਸਤਕ ਵਿਚ ਰਲਾ ਪਾਉਣ ਤੋਂ ਬਚਾਅ ਕਰਨਾ ਚਾਹੀਦਾ ਹੈ। ਜੇ ਪਾਠ-ਪੁਸਤਕ ਵਿਚ ਰਲਾ ਪੈ ਜਾਵੇ ਤਾਂ ਪਾਠ-ਪੁਸਤਕ ਦੇ ਰਚਨਹਾਰ ਦੀਆਂ ਮੌਲਿਕ ਮਨੋਭਾਵਨਾਵਾਂ ਸਮਝੀਆਂ ਨਹੀਂ ਜਾ ਸਕਦੀਆਂ। ਮਨੋਭਾਵਨਾਵਾਂ ਹੀ ਪਾਠ-ਪੁਸਤਕ ਦੇ ਅਰਥ ਹੁੰਦੇ ਹਨ। ਇਨ੍ਹਾਂ ਅਰਥਾਂ ਨੂੰ ਬੁੱਝਣ ਲਈ ਇਕ ਵਿਸ਼ੇਸ਼ ਸੂਖਮ ਸੂਝ (insight) ਪੈਦਾ ਕਰਨੀ ਪੈਂਦੀ ਹੈ ਜੋ ਅਧਿਆਤਮਕ ਸਾਧਨਾ ਦੁਆਰਾ ਪ੍ਰਾਪਤ ਹੁੰਦੀ ਹੈ। ਸਾਮੀ ਧਰਮਾਂ ਵਿਚ ਤਾਂ ਇਹ ਸੂਝ ਗਾਡ ਦੀ ਕ੍ਰਿਪਾ ਜਾਂ ਮਿਹਰ (grace) ਦੁਆਰਾ ਪ੍ਰਾਪਤ ਕੀਤੀ ਜਾ ਸਕਦੀ ਹੈ। ਸਿੱਖ ਧਰਮ ਵਿਚ ਅਕਾਲ ਪੁਰਖ ਦੀ ਕ੍ਰਿਪਾ ਦੁਆਰਾ ਅਧਿਆਤਮਕ ਅਰਥਾਂ ਦੀ ਸੂਝ ਹੁੰਦੀ ਹੈ।

ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਕਿਸੇ ਵੀ ਧਰਮ ਗ੍ਰੰਥ ਦੇ ਅਰਥ ਸਦਾ ਇਕ ਹੀ ਨਹੀਂ ਰਹਿੰਦੇ। ਅਰਥਾਂ ਦੀ ਵਿਆਖਿਆ ਬਦਲਦੀ ਰਹਿੰਦੀ ਹੈ। ਇਸ ਦਾ ਕਾਰਨ ਇਹ ਹੈ ਕਿ ਇਤਿਹਾਸਕ ਪ੍ਰਸਥਿਤੀਆਂ ਹਰ ਸਮੇਂ ਬਦਲ ਰਹੀਆਂ ਹਨ। ਜੇ ਇਹ ਪ੍ਰਸਥਿਤੀਆਂ ਬਦਲ ਰਹੀਆਂ ਹਨ ਤਾਂ ਮਨੁੱਖੀ ਚੇਤਨਾ ਵੀ ਬਦਲ ਰਹੀ ਹੈ। ਇਸ ਲਈ ਵਿਆਖਿਆਕਾਰ (interpreter)

ਗ੍ਰੰਥ ਜਾਂ ਪਾਠ-ਪੁਸਤਕ ਦੇ ਅਰਥ ਦੱਸਣ ਸਮੇਂ ਸਮਕਾਲੀ ਪ੍ਰਸਥਿਤੀਆਂ ਅਤੇ ਪਾਠਕ ਜਾਂ ਸਰੋਤੇ ਨੂੰ ਵੀ ਧਿਆਨ ਵਿਚ ਰੱਖੇਗਾ। ਜਿਵੇਂ ਇਕ ਭਾਸ਼ਣਕਾਰ ਪੰਜਾਬ ਵਿਚ ਸਿੱਖ ਧਰਮ ਦੀ ਵਿਆਖਿਆ ਇਥੋਂ ਦੇ ਸਰੋਤਿਆਂ ਮੁਤਾਬਿਕ ਕਰੇਗਾ ਅਤੇ ਮੁੰਬਈ ਜਾਂ ਮਦਰਾਸ ਵਿਚ ਕੀਤੇ ਭਾਸ਼ਣ ਵਿਚਲੀ ਵਿਆਖਿਆ ਵੱਖਰੀ ਹੋਵੇਗੀ।

ਪ੍ਰਤੀਕ ਜਾਂ ਚਿੰਨ੍ਹ ਵਿਧਾਨ ਦੇ ਅਨੁਸਾਰ ਮੂਲ ਦੀ ਭਾਵਨਾ ਨੂੰ ਬਦਲਣਾ ਨਹੀਂ ਚਾਹੀਦਾ। ਇਤਿਹਾਸਕ ਤੱਥਾਂ ਦੇ ਨਾਲ ਕਈ ਹੋਰ ਤੱਤ ਅਰਥਾਂ ਨਾਲ ਮਿਲ ਜਾਂਦੇ ਹਨ। ਇਹ ਤੱਤ ਬਾਹਰੀ ਰੂਪ ਵਿਚ ਰਲਦੇ ਹਨ। ਪਰ ਅਰਥ ਦਾ ਤੱਤ ਰੂਪ (essence) ਸਥਿਰ ਰਹਿੰਦਾ ਹੈ। ਜੇ ਧਾਰਮਿਕ ਪਾਠ ਪੁਸਤਕਾਂ ਦੇ ਕਈ ਅਰਥ ਕੱਢੀ ਜਾਈਏ ਤਾਂ ਕਈ ਅਰਥ ਨਿਕਲ ਆਉਣਗੇ। ਅਸਲੀ ਅਰਥ ਰੁਲ ਜਾਵੇਗਾ। ਪ੍ਰਤੀਕਵਾਦ ਦਾ ਮਨੋਰਥ ਅਰਥਾਂ ਨੂੰ ਵਧੇਰੇ ਸਪਸ਼ਟ ਕਰਨਾ ਹੈ ਨਾ ਕਿ ਧੁੰਦਲਾ ਬਨਾਉਣਾ। ਇਸ ਵਾਸਤੇ ਅਰਥ ਸਮਝਣ ਸਮੇਂ ਕੇਵਲ ਇਕ ਸੰਦਰਭ ਵਿਚ ਇਕ ਹੀ ਅਰਥ ਹੋਣਾ ਚਾਹੀਦਾ ਹੈ।

ਕਿਸੇ ਰਚਨਾ ਦੇ ਰਚਨਹਾਰ ਦੀ ਮਨੋਭਾਵਨਾ (intention) ਤੋਂ ਭਾਵ ਹੈ ਕਿ ਇਹ ਕਿਸੇ ਸੰਕਲਪ ਜਾਂ ਤੱਥ (fact) ਵੱਲ ਸੰਕੇਤ ਕਿਵੇਂ ਕਰਦੀ ਹੈ। ਇਹ ਸੰਕੇਤ ਪੁਸਤਕ ਦੇ ਅਰਥਾਂ ਜਾਂ ਸੈਂਸ (sense) ਦਾ ਪ੍ਰਤੀਕ ਹੁੰਦਾ ਹੈ। ਇਸ ਨੂੰ ਸਮਝਣ ਲਈ ਕੇਵਲ ਗਿਆਨ ਮੀਮਾਂਸਾ (epistemology) ਦੀ ਸਮੱਸਿਆ ਹੀ ਨਹੀਂ ਬਲਕਿ ਇਹ ਚਿੰਨ੍ਹ-ਵਿਗਿਆਨ ਦੀ ਸਮੱਸਿਆ ਵੀ ਹੈ। ਚਿੰਨ੍ਹਾਂ ਦੁਆਰਾ ਕਿਸੇ ਤੱਥ ਵੱਲ ਜੋ ਸੰਕੇਤ ਕਰਦਾ ਹੈ ਉਸ ਨੂੰ ਸਿਗਨੀਫਾਇਰ (signifier) ਕਹਿੰਦੇ ਹਨ। ਵਿਆਖਿਆਕਾਰ ਦੋਵਾਂ ਨੂੰ ਸੰਦਰਭ ਦੇ ਮੁਤਾਬਕ ਬਦਲ ਕੇ ਅਰਥ ਕੱਢਦਾ ਹੈ।

### (iv) ਸਿੱਟਾ

ਅੰਤ ਵਿਚ ਅਸੀਂ ਇਹ ਸਿੱਟਾ ਕੱਢ ਸਕਦੇ ਹਾਂ ਕਿ ਧਾਰਮਿਕ ਭਾਸ਼ਾ ਤੇ ਪ੍ਰਤੀਕਵਾਦ ਪਰਮ-ਤੱਤ ਨੂੰ ਦਰਸਾਉਣ ਲਈ ਚਿੰਨ੍ਹਾਂ ਜਾਂ ਪ੍ਰਤੀਕਾਂ ਦੇ ਰੂਪ ਵਿਚ ਵਰਤੇ ਜਾਂਦੇ ਹਨ। ਇਨ੍ਹਾਂ ਚਿਨ੍ਹਾਂ ਤੇ ਪ੍ਰਤੀਕਾਂ ਦੀ ਵਿਆਖਿਆ ਕਰਨਾ ਹੀ ਹਰਮੇਨਿਊਟਿਕਸ (hermeneutics) ਦਾ ਮੁੱਖ ਉਦੇਸ਼ ਹੈ। ਪ੍ਰਤੀਕਵਾਦ ਤੇ ਧਾਰਮਿਕ ਭਾਸ਼ਾ ਉਤੇ ਬਹੁਤ ਖੋਜ ਹੋ ਰਹੀ ਹੈ। ਜਿਵੇਂ ਅਰਨੈਸਟ ਕੈਸਾਇਰਰ ਨੇ ਚਿੰਨ੍ਹਵਾਦ ਉੱਤੇ ਮਹੱਤਵਪੂਰਨ ਕੰਮ ਕੀਤਾ ਹੈ। ਕਾਰਲ ਬੁਲਟਮਾਨ (Karl Bultmann) ਨੇ ਮਿਥਾਂ ਅਤੇ ਲੈਵੀ ਸਟਰਾਸ (Levi Strausse) ਨੇ ਸਟਰਕਚਰਲਿਜ਼ਮ (structuralism) 'ਚ ਯੋਗਦਾਨ ਪਾਇਆ ਹੈ। ਪਾਲ ਰਿਕਰ ਜੋ ਹੁਸਰਲ (Husserl) ਦਾ ਸ਼ਿਸ਼ ਸੀ, ਉਸ ਨੇ ਮਨੁੱਖ ਦੀ ਸਵਤੰਤਰ ਇੱਛਾ (free will) ਨੂੰ ਇਤਿਹਾਸ ਦੇ ਸੰਦਰਭ ਵਿਚ ਵਾਚਿਆ ਹੈ। ਇਸ ਤੋਂ ਪਹਿਲਾਂ ਗੀਤਾ ਵਿਚ ਵੀ ਮਨੁੱਖ ਦੀ ਸੁਤੰਤਰ ਇੱਛਾ ਦਾ ਅਧਿਐਨ ਕੀਤਾ ਗਿਆ ਸੀ। ਇਹ ਸਾਰੇ ਧਰਮ ਗ੍ਰੰਥਾਂ ਦੇ ਅਰਥਾਂ ਨੂੰ ਸਮਝਣ ਦੇ ਗੰਭੀਰ ਉਪਰਾਲੇ ਹਨ। ਇਨ੍ਹਾਂ ਨੂੰ ਹਲ ਕਰੇ ਬਿਨ੍ਹਾਂ ਅਰਥਾਂ ਦੀ ਸੂਝ ਨਹੀਂ ਹੋ ਸਕਦੀ। ਇਹ ਹੀ ਧਰਮ ਅਧਿਐਨ ਦਾ ਵਿਧੀਬੱਧ ਤਰੀਕਾ ਹੈ।

### ਕੁਝ ਪੁਸਤਕਾਂ ਦੀ ਸੂਚੀ

1. Ludwig wittgenstein : *Philosophical Investigations.*
2. Roy J. Howard : *Three Faces of Hermeneutics (Chapter-1)*
3. Hans-George Gadamer: *Philosophical Hermeneutics (Chapers 4, 5, 6.)*
4. Anthony-C. Thiselton : *The Two Horizons.*
5. F.J. Streng : *Emptiness : Study in Religious Meaning.*
6. Jan Ramsey : *Religious Language.*
7. Paul Ricoeur : *"The Hermeneutics of Symbols" in Inter-national Philosophical Quarterly-1 (1962)*

ਪਾਠ ਨੰਬਰ : 2.1 ਲੇਖਕ ਡਾ. ਗੁਰਨਾਮ ਕੌਰ

# ਮੂਲ ਮੰਤ੍ਰ ਅਨੁਸਾਰ ਪਰਮਾਤਮਾ ਦੇ ਗੁਣ

**ਜਾਣ ਪਛਾਣ :**

ਮੂਲ ਮੰਤ੍ਰ ਉਸ ਸੰਖੇਪ ਬਾਣੀ ਦਾ ਨਾਂ ਹੈ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੁੱਢ ਵਿੱਚ ਜਪੁਜੀ ਸਾਹਿਬ ਤੋਂ ਪਹਿਲਾਂ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਮੂਲ ਮੰਤ੍ਰ ਦੀ ਵਿਆਖਿਆ ਕਰਦਿਆਂ ਕਿਹਾ ਹੈ, ''ਸਾਰੇ ਮੰਤ੍ਰਾਂ ਦੀ ਜੜ ਓਅੰਕਾਰ।'' ਉਹ ਅੱਗੇ ਕਹਿੰਦੇ ਹਨ ਕਿ ਸਿੱਖ ਮਤ ਅਨੁਸਾਰ ਇਸ ਦਾ ਮਤਲਬ ਹੈ, ''ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ।।''

ਉਹ ਹੋਰ ਉਦਾਹਰਣ ਗੁਰੂ ਨਾਨਕ ਦੇਵ ਜੀ ਦੀ ਰਚੀ ਬਾਣੀ ਮਾਰੂ ਸੋਲਹੇ ਵਿਚੋਂ ਦਿੰਦੇ ਹਨ, ''ਮੂਲਮੰਤ੍ਰ ਹਰਿ ਨਾਮੁ ਰਸਾਇਣੁ ਕਹੁ ਨਾਨਕ ਪੂਰਾ ਪਾਇਆ।'' ਇਸ ਦੀ ਵਿਆਖਿਆ ਕਰਦਿਆਂ ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤੀਜੀ ਪੋਥੀ ਵਿੱਚ ਕਿਹਾ ਗਿਆ ਹੈ, ''ਹਰੀ ਨਾਮ ਜੋ ਮੁੱਢਲਾ ਮੰਤਰ ਹੈ, ਭਾਵ ਜਿਸ ਵਿੱਚੋਂ ਹੋਰ ਸਾਰੇ ਮੰਤ੍ਰ ਨਿਕਲਦੇ ਹਨ, ਸ਼ਿਰੋਮਣੀ ਮੰਤਰ।।'' ਉਪਰ ਦਿੱਤੀ ਵਿਆਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਅਸੀਂ ਕਹਿ ਸਕਦੇ ਹਾਂ ਕਿ ਸਿੱਖ ਧਰਮ ਅਨੁਸਾਰ ਦੈਵੀ ਨਾਮ ਮੁੱਢਲਾ ਸਿਧਾਂਤ ਹੈ, ਮੂਲ ਮੰਤ੍ਰ ਹੈ, ਜੋ ਇਸ ਦਾ ਸਿਮਰਨ ਪਰਮਾਤਮਾ ਅੱਗੇ ਕਰਦੇ ਹਨ ਉਹ ਪੂਰਨਤਾ ਪ੍ਰਾਪਤ ਕਰ ਲੈਂਦੇ ਹਨ। ਜਿਸ ਦਾ ਅਰਥ ਹੈ ਕਿ ਵਾਹਿਗੁਰੂ ਦੇ ਨਾਮ ਵਿਚ ਸਾਰੀ ਸ਼ਕਤੀ ਹੈ, ਜਿਸ ਦਾ ਸਿਮਰਨ ਮਨੁੱਖ ਦੇ ਮੁਕਤੀ ਪ੍ਰਾਪਤ ਕਰਨ ਵਿਚ ਸਹਾਈ ਹੁੰਦਾ ਹੈ। ਪੂਰਨਤਾ ਤੋਂ ਇਥੇ ਭਾਵ ਜੀਵ-ਆਤਮਾ ਦਾ ਪਰਮਾਤਮਾ, ਦੈਵੀ ਆਤਮਾ ਵਿੱਚ ਸਮਾ ਜਾਣਾ ਹੈ।

ਪਹਿਲੇ ਪਾਠ ਵਿਚ ਅਸੀਂ ਸਿੱਖ ਧਰਮ ਅਨੁਸਾਰ ਅੰਤਿਮ ਸਤਿ, ਪਰਮਾਤਮਾ ਦੇ ਸੁਭਾਅ ਦਾ ਅਧਿਐਨ ਕੀਤਾ ਹੈ। ਇਸ ਪਾਠ ਵਿਚ ਅਸੀਂ ਮੂਲ-ਮੰਤ੍ਰ ਅਨੁਸਾਰ ਪਰਮਾਤਮਾ ਦੇ ਗੁਣਾਂ ਦੀ ਵਿਚਾਰ-ਚਰਚਾ ਕਰਾਂਗੇ। ਮੂਲ-ਮੰਤ੍ਰ ਗੁਰੂ ਨਾਨਕ ਦੇਵ ਜੀ ਦੀ ਰਚਨਾ ਹੈ। ਗੁਰੂ ਨਾਨਕ ਦੇਵ ਜੀ ਸਾਹਮਣੇ ਮੂਲ ਸਮੱਸਿਆ ਇਹ ਸੀ ਕਿ ਮਾਨਵ ਜੀਵਨ ਦਾ ਆਦਰਸ਼ ਕੀ ਹੈ ਅਤੇ ਇਸ ਨੂੰ ਇਸ ਸੰਸਾਰ ਵਿਚ ਜੀਵਨ ਬਸਰ ਕਰਦੇ ਹੋਏ ਕਿਵੇਂ ਪ੍ਰਾਪਤ ਕੀਤਾ ਜਾ ਸਕਦਾ ਹੈ। ਜਪੁਜੀ ਦੇ ਮੁੱਢ ਵਿਚ ਹੀ ਗੁਰੂ ਨਾਨਕ ਦੇਵ ਪ੍ਰਸ਼ਨ ਰੱਖਦੇ ਹਨ, ''ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ।।'' ਇਸ ਦਾ ਉਤਰ ਆਪ ਹੀ ਅਗਲੀਆਂ ਪੰਕਤੀਆਂ ਵਿਚ ਦਿੰਦੇ ਹਨ, ''ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ।।'' ਇਸ ਤਰ੍ਹਾਂ ਮਨੁੱਖ ਦੇ ਸਾਹਮਣੇ ਆਦਰਸ਼ ਇਹ ਰੱਖਿਆ ਹੈ ਕਿ ''ਸਚਿਆਰ'' ਕਿਵੇਂ ਬਣਨਾ ਹੈ। ਸਚਿ ਜਾਂ ਸਤਿ ਮੂਲ ਮੰਤ੍ਰ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹੋਰ ਬਾਣੀ ਵਿਚ ਦਿੱਤਾ ਹੋਇਆ ਪਰਮਾਤਮਾ ਦਾ ਇੱਕ ਗੁਣ ਹੈ। ਇਸ ਲਈ ਆਦਰਸ਼ ਉਸ ਵਰਗਾ, ਪਰਮਾਤਮਾ ਵਰਗਾ, ਅੰਤਮ ਸਤਿ ਵਰਗਾ ਹੋਣਾ ਹੈ। ਸਿੱਖ ਧਰਮ ਵਿੱਚ ਦੱਸਿਆ ਪਰਮਾਤਮਾ ਮਹਿਜ ਪੂਜਾ ਦਾ ਵਿਸ਼ਾ ਹੀ ਨਹੀਂ ਹੈ, ਉਹ ਇੱਕ ਅਜਿਹਾ ਆਦਰਸ਼ ਹੈ ਜਿਸ ਨੂੰ ਅਸੀਂ ਦੁਨੀਆਂ ਵਿਚ ਰਹਿੰਦਿਆ ਹੋਇਆ ਪ੍ਰਾਪਤ ਕਰਨਾ ਹੈ। ਮਨੁੱਖ ਨੇ ਜੀਵਨ ਢੰਗ ਇਸ ਕਿਸਮ ਦਾ ਬਣਾਉਣਾ ਹੈ ਜੋ ਉਸ ਨੂੰ ਇਸ ਆਦਰਸ਼ ਦੀ ਪ੍ਰਾਪਤੀ ਦੇ ਰਾਹ ਤੇ ਲੈ ਕੇ ਚੱਲੇ। ਇਹੀ ਕਾਰਨ ਹੈ ਕਿ ਪਰਮਾਤਮਾ ਦੇ ਗੁਣ ਮੂਲ-ਮੰਤ੍ਰ ਵਿਚ ਮੁੱਢ ਵਿੱਚ ਹੀ ਦੱਸੇ ਹਨ ਤਾਂ ਕਿ ਮਨੁੱਖ ਮਾਤਰ, ਜਗਿਆਸੂ ਇਨ੍ਹਾਂ ਗੁਣਾਂ ਦਾ ਅਨੁਭਵ ਕਰੇ। ਜਗਿਆਸੂ ਇਨ੍ਹਾਂ ਦਾ ਅਨੁਭਵ ਤਾਂ ਹੀ ਕਰ ਸਕਦਾ ਹੈ ਜੇ ਉਹ ਪਰਮਾਤਮਾ ਵੱਲ ਸਫਰ ਕਰਦਿਆਂ ਇਨਾਂ ਨੂੰ ਆਪਣੇ ਮਨ ਵਿਚ ਵਸਾਈ ਰੱਖੇ। ਪਰਮਾਤਮਾ ਦੇ ਗੁਣ ਕੀ ਹਨ ? ਇਹ ਧਰਮ ਦੇ ਗੁਣ ਕੀ ਹਨ ? ਇਹ ਧਰਮ ਦੇ ਦਰਸ਼ਨ ਦੀ ਜਾਂ ਕਿਸੇ ਵੀ ਧਰਮ-ਦਰਸ਼ਨ ਦੀ ਮੂਲ ਸਮੱਸਿਆ ਰਹੀ ਹੈ। ਹੁਣ ਅਸੀਂ ਸਿੱਖ ਧਰਮ ਦੇ ਮੁੱਢਲੇ ਸਿਧਾਂਤ ਮੂਲ-ਮੰਤ੍ਰ ਵਿਚ ਪਰਮਾਤਮਾ ਦੇ ਕੀ ਗੁਣ ਦੱਸੇ ਹਨ, ਦਾ ਅਧਿਐਨ ਕਰਾਂਗੇ।

**ਪਰਮਾਤਮਾ ਦੇ ਗੁਣ :**

## 1. ਪਰਮਾਤਮਾ ਇੱਕੋ ਇੱਕ ਅਤੇ ਕੇਵਲ ਸਤਿ ਹੈ

ਮੂਲ ਮੰਤ੍ਰ ਅਨੁਸਾਰ ਪਰਮਾਤਮਾ ਕੇਵਲ ਇੱਕੋ ਇਕ ਸਤਿ ਹੈ। ਉਸ ਤੋਂ ਬਿਨਾਂ ਕੋਈ ਹੋਰ ਦੂਸਰਾ ਸਤਿ ਨਹੀਂ ਹੈ, ਉਹ ਅਦ੍ਵੈਤ ਅਤੇ ਅਸਲੀ ਹੋਂਦ ਹੈ। ਮੂਲ ਮੰਤ੍ਰ ਵਿਚ ਗੁਰੂ ਨਾਨਕ ਦੇਵ ਜੀ ਨੇ ਵਿਅਕਤੀਗਤ ਪਰਮਾਤਮਾ ਦੀ ਏਕਤਾ ਅਤੇ ਪਰਮ ਸਤਿ ਦੀ ਅਵਿਅਕਤੀਗਤ ਏਕਤਾ ਦਾ ਵਰਣਨ ਕੀਤਾ ਹੈ। ਪਰਮਾਤਮ-ਏਕਤਾ ਦਾ ਇਹ ਸੰਕਲਪ ਇਸ ਦੇ ਪਦ

''ੴ'' ਵਿੱਚੋਂ ਨਿਕਲਿਆ ਹੈ ਜੋ ਕਿ ਮੂਲ ਮੰਤ੍ਰ ਦੇ ਸ਼ੁਰੂ ਵਿਚ ਹੀ ਹੈ। ਆਮ ਤੌਰ ਤੇ ਇਸ ਪਦ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ : ਇੱਕ (੧) ਓਮਕਾਰ। ਓਮ ਸ਼ਬਦ-ਬ੍ਰਹਮ ਦਾ ਪ੍ਰਤੀਕ ਹੈ ਜੋ ਕਿ ਪਰਗਟ ਸੰਸਾਰ ਦਾ ਪਹਿਲਾ ਅਤੇ ਮੁੱਢਲਾ ਕਾਰਨ ਹੈ। ਇਕ (੧) ਦਾ ਹਿੰਦਸਾ ਦੈਵੀ ਏਕਤਾ ਵਾਸਤੇ ਆਇਆ ਹੈ। ਇਸ ਤੋਂ 'ਜੋ ਅਰਥ ਨਿਕਲਦਾ ਹੈ ਉਹ ਹੈ ਕਿ ਪਰਮਾਤਮਾ ਇੱਕੋ ਇੱਕ ਅਤੇ ਕੇਵਲ ਸਤਿ ਹੈ ਜਿਸ ਤੋਂ ਇਸ ਸਾਰੇ ਬ੍ਰਹਮਾਂਡ ਦਾ ਪ੍ਰਕਾਸ਼ਨ ਹੋਇਆ ਹੈ। ਪਰਮਾਤਮ ਤੋਂ ਬਿਨਾਂ ਹੋਰ ਕੋਈ ਦੂਸਰਾ ਸਤਿ ਨਹੀਂ ਹੈ ਉਹ ਇਸ ਪਸਾਰੇ ਦਾ ਕਾਰਨ ਹੈ। ਪਰਮਾਤਮਾ-ਏਕਤਾ ਤੇ ਜ਼ੋਰ ਦੇਣ ਲਈ ਗੁਰੂ ਨਾਨਕ ਦੇਵ ਜੀ ਨੇ ਓਅੰਕਾਰ ਤੋਂ ਪਹਿਲਾਂ ਇਕ (੧) ਲਾਇਆ ਹੈ। ਪ੍ਰੋਫ਼ੈਸਰ ਸਾਹਿਬ ਸਿੰਘ ਨੇ ੴ ਦਾ ਅਰਥ ਕਰਦਿਆਂ ਲਿਖਿਆ ਹੈ, ''ਇੱਕ (੧) ਓਮ ਦਾ ਅਰਥ ਹੈ ਉਹ ਹਸਤੀ ਹੈ ਜੋ ਇਕ ਹੈ, ਜਿਸ ਵਰਗਾ ਹੋਰ ਕੋਈ ਨਹੀਂ ਹੈ, ਅਤੇ ਜਿਸ ਵਿਚ ਇਹ ਸਾਰਾ ਜਗਤ ਸਮਾ ਜਾਂਦਾ ਹੈ। ਕਾਰ ਦਾ ਅਰਥ ਹੈ 'ਇੱਕ ਰਸ' ਜਿਸ ਵਿਚ ਤਬਦੀਲੀ ਨਾ ਆਵੇ। ਸੋ ''ੴ ਦਾ ਉਚਾਰਣ ਹੈ ਇਕ (ਏਕ) ਓਅੰਕਾਰ ਅਤੇ ਇਸ ਦਾ ਅਰਥ ਹੈ, ਇਕ ਅਕਾਲ ਪੁਰਖ ਜੋ ਇਕ ਰਸ ਵਿਆਪਕ ਹੈ।''

ਇੱਕ ਹੋਰ ਵਿਦਵਾਨ ਡਾ. ਸੋਹਣ ਸਿੰਘ ਨੇ ਵਿਆਖਿਆ ਕਰਦਿਆਂ ਲਿਖਿਆ ਹੈ ਕਿ ਇੱਕੋ ਅੰਕਾਰ ੧ (ਇੱਕ)+ਓਮ+ਆਕਾਰ। ਸਿੱਖ ਲਿਖਤਾਂ ਵਿੱਚ ਪਵਿੱਤਰ ਸ਼ਬਦਾਂਗ ਦੇ ਅਗੇਤਰ ਇੱਕ (੧) ਦਾ ਪੂਰਨ ਅੰਕ ਲਾਇਆ ਜਾਂਦਾ ਹੈ। ਇਸ ਦਾ ਸਪਸ਼ਟ ਅਰਥ ਹੈ ਕਿ ਇੱਕ ਹਸਤੀ। ਓਅੰਕਾਰ ਓਅਮ ਤਿੰਨ ਅੱਖਰਾਂ ਤੋਂ ਬਣਿਆ ਹੈ ਓ, ਅ ਅਤੇ ਮ – ਓ ਉਰਧਮ ਵਾਸਤੇ ਭਾਵ ਉੱਪਰ; ਅ ਅਰਧਮ ਵਾਸਤੇ ਭਾਵ ਥੱਲੇ; ਅਤੇ ਮ ਮਧਮ ਵਾਸਤੇ ਭਾਵ ਵਿਚਕਾਰ। ਇਸ ਤਰ੍ਹਾਂ ਸਬਦ ਓਅਮ ਦਾ ਅਰਥ ਹੈ ਜੋ ਉਪਰ, ਨੀਚੇ ਅਤੇ ਮੱਧ ਵਿੱਚ ਹੈ। ਭਾਵ ਕੁੱਲ ਬ੍ਰਹਮਾਂਡ। ਸ਼ਬਦ ਅਕਾਰ ਦਾ ਅਰਥ ਹੈ ਪਰਗਟ ਪਾਸਾਰ ਜਾਂ ਪਾਸਾਰਾ। ਇਕ ਓਅਮਕਾਰ ਦੇ ਤਿੰਨਾਂ ਹਿੱਸਿਆਂ ਨੂੰ ਇੱਕਠਾ ਕਰਕੇ ਅਸੀਂ ਕਹਿ ਸਕਦੇ ਹਾਂ ਕਿ ਇਸ ਦਾ ਅਰਥ ਹੈ ਇੱਕ ਸਰਬ-ਵਿਆਪਕ ਹਸਤੀ।

ਉਪਰ ਦਿੱਤੀ ਵਿਚਾਰ ਚਰਚਾ ਤੋਂ ਅਸੀਂ ਨਤੀਜਾ ਕੱਢ ਸਕਦੇ ਹਾਂ ਕਿ ਪਰਮਾਤਮਾ ਦਾ ਪਹਿਲਾ ਗੁਣ ਹੈ ਕਿ ਉਹ ਇੱਕੋ ਇੱਕ ਅਤੇ ਕੇਵਲ ਹਸਤੀ, ਇਕ ਸਰਬ-ਵਿਆਪਕ ਹੋਂਦ, ਬਹਮਾਂਡ ਦਾ ਪਹਿਲਾ ਕਾਰਨ ਹੈ। ਉਹ ਅਨੇਕਤਾ ਵਿਚ ਏਕਤਾ ਹੈ, ਸਾਰੇ ਕਾਰਨਾਂ ਦਾ ਕਾਰਨ ਹੈ। ਉਹ ਇਸ ਬ੍ਰਹਮਾਂਡ ਦਾ ਸਾਰ ਤੱਤ ਹੈ। ਜਿਵੇਂ ਸੁਖਮਨੀ ਸਾਹਿਬ, ਰਾਗ ਗਉੜੀ ਵਿਚ ਗੁਰੂ ਅਰਜਨ ਦੇਵ ਜੀ ਨੇ ਦੱਸਿਆ ਹੈ ਕਿ ਪਰਮਾਤਮਾ ਇੱਕੋ ਇਕ ਅਤੇ ਕੇਵਲ ਸਤਿ ਹੈ। ਉਸ ਤੋਂ ਬਿਨਾਂ ਕੋਈ ਦੂਸਰਾ ਸਤਿ ਨਹੀਂ ਹੈ। ਉਹ ਕਾਰਨਾਂ ਦਾ ਕਾਰਨ ਅਤੇ ਸਭ ਕੁਝ ਕਰਨ ਵਾਲਾ ਹੈ। ਉਹ ਜਲ ਅਤੇ ਥਲ ਹਰ ਥਾਂ ਵਿਆਪਕ ਹੈ। ਅਸੀਂ ਕਹਿ ਸਕਦੇ ਹਾਂ ਕਿ ਉਹ ਇੱਕ ਹੈ, ਸਭ ਕੁਝ ਕਰਨ ਵਾਲਾ ਹੈ, ਇਸ ਬ੍ਰਹਮਾਂਡ ਦਾ ਕਾਰਨ ਹੈ। ਉਹ ਆਪਣੀ ਰਚਨਾ ਵਿਚ ਵਿਆਪਕ ਹੈ, ਇਸ ਲਈ ਉਹ ਅਨੇਕਤਾ ਵਿਚ ਏਕਤਾ ਹੈ, ਇਹ ਸੰਸਾਰ ਦਾ ਸਾਰਾ ਪਸਾਰਾ ਉਸੇ ਪਰਮਾਤਮਾ ਤੋਂ ਹੈ। ਇਕੋ-ਅੰਕਾਰ ਤੋਂ ਪਰਮਾਤਮਾ ਦੇ ਇਹ ਗੁਣ ਸਾਹਮਣੇ ਆ ਜਾਂਦੇ ਹਨ : ਕਿ ਉਹ ਇੱਕ ਹੈ, ਬ੍ਰਹਮਾਂਡ ਦਾ ਪਹਿਲਾ ਕਾਰਨ ਹੈ, ਸਰਬ ਵਿਆਪਕ ਹੈ ਅਤੇ ਅਨੇਕਤਾ ਵਿਚ ਏਕਤਾ ਹੈ।

## 2. ਸਤਿਨਾਮੁ

ਮੂਲ ਮੰਤ੍ਰ ਅਨੁਸਾਰ ਸਤਿਨਾਮ ਉਸ ਦਾ ਅਗਲਾ ਗੁਣ ਹੈ। ਜਿਸ ਦਾ ਅਰਥ ਹੈ ਕਿ ਉਸ ਦੀ ਹੋਂਦ ਹੈ। ਉਹ ਅਸਲੀ ਹੈ, ਸਤਿ ਹੈ। ਸਤਿ ਅਤੇ ਅਸਲੀਅਤ ਉਸੇ ਦਾ ਗੁਣ ਹੋ ਸਕਦਾ ਹੈ ਜਿਸ ਦੀ ਹੋਂਦ ਹੈ। ਅਣਹੋਂਦ ਵਾਲੀ ਵਸਤੂ ਸਚੀ ਅਤੇ ਅਸਲੀ ਨਹੀਂ ਹੋ ਸਕਦੀ। ਪ੍ਰੋਫੈਸਰ ਸਾਹਿਬ ਸਿੰਘ ਨੇ ਸਤਿਨਾਮ ਦੀ ਵਿਆਖਿਆ ਕਰਦਿਆਂ ਲਿਖਿਆ ਹੈ, ''ਉਹ ਇਕ ਓਅੰਕਾਰ ਜਿਸ ਦਾ ਨਾਮ ਹੈ ਹੋਂਦ ਵਾਲਾ।'' ਡਾ. ਸੋਹਣ ਸਿੰਘ ਅਨੁਸਾਰ, ''ਭਾਰਤੀ ਦਰਸ਼ਨ ਵਿਚ, ਹਰ ਵਿਅਕਤੀ ਨਾਮ ਅਤੇ ਰੂਪ ਦਾ ਸੁਮੇਲ ਹੈ ਪ੍ਰੰਤੂ ਸਰਬ ਵਿਆਪਕ ਹਸਤੀ ਨੂੰ ਕਿਸੇ ਖਾਸ ਰੂਪ ਰਾਹੀਂ ਨਹੀਂ ਪਛਾਣਿਆ ਜਾ ਸਕਦਾ। ਇਸ ਲਈ ਉਹ ਸਿਰਫ ਨਾਮ (ਰੂਹ, ਆਤਮਾ) ਹੈ।'' ਅੱਗੇ ਦੱਸਿਆ ਹੈ, ''ਇਹ ਨਾਮ ਇੱਕ ਸਰਬ ਵਿਆਪਕ ਕੁੱਝ ਹੈ, ਇਹ ਅਜਿਹੀ ਚੀਜ਼ ਹੈ ਜੋ ਹਰ ਇੱਕ ਵਿਚ ਹੈ। (ਜੇਤਾ ਕੀਤਾ ਤੇਤਾ ਨਾਉ – ਜੋ ਵੀ ਰਚਿਆ ਹੈ ਉਸ ਦਾ ਨਾਮ ਹੈ) ਇਹ ਕਿਸੇ ਵੀ ਚੀਜ਼ ਵਿਚ ਹੋ ਸਕਦਾ ਹੈ, ਇਸ ਲਈ, ਇੱਕ ਰੂਪ ਦੇ ਤੌਰ ਤੇ ਨਹੀਂ, ਕਿਉਂਕਿ ਉਸ ਨੂੰ ਵੱਖ ਕਰ ਦਿੱਤਾ ਹੈ, ਪ੍ਰੰਤੂ ਇਸ ਦੀ ਆਤਮਾ ਵੱਜੋਂ ਹੈ। ਨਾਮ ਇਸ ਲਈ ਸਰਬ ਵਿਆਪਕ ਆਤਮ (Spirit) ਹੈ।'' ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਪਰਮਾਤਮਾ ਇੱਕ ਸਰਬ ਵਿਆਪਕ ਆਤਮ ਦੇ ਤੌਰ ਤੇ ਸਤਿਨਾਮ ਹੈ। ਗੁਰਬਾਣੀ ਵਿਚ ਅੱਗੇ ਗੁਰੂ ਅਰਜਨ ਦੇਵ ਜੀ ਨੇ ਵਿਆਖਿਆ ਕੀਤੀ ਹੈ, ''ਕਿਰਤਮ ਨਾਮ ਕਥੇ ਤੇਰੇ ਜਿਹਬਾ।। ਸਤਿਨਾਮੁ ਤੇਰਾ ਪਰਾ ਪੂਰਬਲਾ''

ਭਾਵ ਤੇਰੇ ਕੰਮਾਂ ਕਾਰਨ ਪਏ ਹੋਏ ਨਾਵਾਂ ਦਾ ਜੀਭ ਹਰ ਰੋਜ ਕਥਨ ਕਰਦੀ ਹੈ ਪਰ ਸਤਿਨਾਮ ਤੇਰਾ ਕਦੀਮੀ ਨਾਮ ਹੈ, ਜਿਸ ਦਾ ਅਰਥ ਹੈ ਕਿ ਸਤਿਨਾਮ ਉਸ ਦਾ ਅਪਰੰਪਰ ਨਾਮ ਹੈ। ਉਹ ਅਪਰੰਪਰ, ਮੁੱਢ ਕਦੀਮੀ ਹਸਤੀ ਹੈ। ਉਸ ਦੀ ਹੋਂਦ ਹੈ ਅਤੇ ਉਸ ਨੂੰ ਸਤਿਨਾਮ ਰਾਹੀਂ ਯਾਦ ਕੀਤਾ ਜਾਂਦਾ ਹੈ।

### 3. ਕਰਤਾ

ਉਹ ਆਪ ਹੀ ਕਰਤਾ ਹੈ ਅਤੇ ਇਸ ਪਸਾਰੇ ਨੂੰ ਰਚਣ ਵਾਲਾ ਹੈ। ਉਹ ਕੇਵਲ ਅਪਰੰਪਰ, ਮੁੱਢਲੀ ਅਤੇ ਅਪਰਗਟ ਅਤੇ ਨਿਰਗੁਣ ਹਸਤੀ ਹੀ ਨਹੀਂ। ਸਗੋਂ ਇਸ ਬ੍ਰਹਮੰਡ ਦਾ ਰਚਣ ਵਾਲਾ ਵੀ ਹੈ। ਉਹ ਇਸ ਬ੍ਰਹਮੰਡ ਨੂੰ ਆਪਣੇ ਆਪ ਤੋਂ ਰਚਦਾ ਹੈ ਅਤੇ ਬਹੁਤ ਸਹਿਜ ਰੂਪ ਵਿਚ ਹੀ ਅਪਰਗਟ ਤੋਂ ਪਰਗਟ ਹੋ ਜਾਂਦਾ ਹੈ। ਉਹ ਆਪਣੇ ਆਪ ਨੂੰ ਰਚਣਹਾਰੇ ਦੇ ਰੂਪ ਵਿਚ ਪਰਗਟ ਕਰਦਾ ਹੈ। ਡਾ. ਸੋਹਣ ਸਿੰਘ ਅਨੁਸਾਰ, ''ਫਿਰ ਵੀ ਇਹ ਅਪਰਗਟ ਹੋਂਦ ਅਸਲੀ ਹਸਤੀ ਨਾਲ ਪੂਰਾ ਨਿਆਂ ਨਹੀਂ ਕਰਦੀ। ਅਜਿਹੀ ਕੋਈ ਵੀ ਰੇਖਾ ਨਹੀਂ ਖਿਚੀ ਜਾਂਦੀ ਜੋ ਇਸ ਨੂੰ ਅਪਰਗਟ ਹੋਂਦ ਤੱਕ ਸੀਮਿਤ ਕਰ ਦੇਵੇਗੀ। ਇਹ ਸਹਿਜ ਅਤੇ ਕੁਦਰਤੀ ਅਵਸਥਾ ਵਿਚ ਆ ਕੇ ਹੀ ਰਚਣਹਾਰੇ ਵੱਜੋਂ ਪਰਗਟ ਹੋ ਜਾਂਦੀ ਹੈ।'' ਅਕਾਲ ਪੁਰਖ ਦਾ ਇਹ ਗੁਣ ਬਾਰ ਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਪਰਗਟ ਕੀਤਾ ਗਿਆ ਹੈ ਕਿ ਉਹ ਆਪ ਹੀ ਕਰਤਾ ਅਤੇ ਬਣਾਉਣ ਵਾਲਾ ਹੈ। ਕੋਈ ਹੋਰ ਦੂਸਰਾ ਉਸ ਦੇ ਲਿਖੇ ਨੂੰ ਨਹੀਂ ਮਿਟਾ ਸਕਦਾ। ਗੁਰੂ ਦੀ ਰਹਿਨੁਮਾਈ ਵਿਚ ਮਾਨਵ ਸਤਿ ਨਾਮ ਨਾਲ ਜੁੜਦਾ ਹੈ ਅਤੇ ਜੋ ਇਸ ਨੂੰ ਪਾ ਲੈਂਦਾ ਹੈ ਉਸ ਨੂੰ ਦੁੱਖ ਨਹੀਂ ਸਹਿਣਾ ਪੈਂਦਾ।

### 4. ਪੁਰਖ

ਪੁਰਖ ਤੋਂ ਭਾਵ ਹੈ ਸਰਬ-ਵਿਆਪਕ ਹਸਤੀ, ਬ੍ਰਹਮ। ਭਾਰਤੀ ਦਰਸ਼ਨ ਵਿਚ ਵੇਦਾਂ ਦੇ ਸਮੇਂ ਵਿਚ ਬ੍ਰਹਮ ਬਾਰੇ ਗੱਲ ਕਰਦਿਆਂ ਕਿਹਾ ਹੈ, ''ਇਕ ਹੋਰ ਥਾਂ ਤੇ ਬ੍ਰਹਮ ਨੂੰ ਬ੍ਰਹਮਾਂਡ ਵਿਚ ਅੰਤਿਮ ਵਸਤੂ ਕਿਹਾ ਹੈ ਅਤੇ ਇਸ ਦੀ ਪਰਜਾਪਤੀ, ਪੁਰਸ਼ ਅਤੇ ਪ੍ਰਾਣਾਂ ਨਾਲ ਪਛਾਣ ਕੀਤੀ ਹੈ।'' ਸਾਂਖ ਸ਼ਾਸਤ੍ਰ ਵਿਚ ਦੋ ਹਸਤੀਆਂ ਪ੍ਰਵਾਨ ਕੀਤੀਆਂ ਹਨ ਇੱਕ ਪੁਰਸ਼ ਜੋ ਅਪਰਗਟ ਹੈ, ਅਤੇ ਦੂਸਰੀ ਪ੍ਰਕਿਰਤੀ ਜੋ ਪਰਗਟ ਹੈ, ''ਇਹ ਪੁਰਸ਼ ਜਿਸ ਨੂੰ ਪਰਮਾਤਮਾ ਵੀ ਕਿਹਾ ਹੈ ਇਸ ਦਾ ਕੋਈ ਅੰਤ ਨਹੀਂ ਹੈ ਜਿਸ ਦਾ ਆਪਣੇ ਤੋਂ ਪਰ੍ਹੇ ਕੋਈ ਕਾਰਨ ਨਹੀਂ ਹੈ। ਆਤਮ ਆਪਣੇ ਆਪ ਵਿਚ ਹੀ ਹੈ ਜੋ ਬਿਨਾਂ ਚੇਤਨਤਾ ਦੇ ਹੈ। ਚੇਤਨਤਾ ਉਸ ਦੇ ਗਿਆਨ-ਇੰਦ੍ਰਿਆਂ ਅਤੇ ਮਨ ਦੇ ਸੰਪਰਕ ਵਿਚ ਆਉਣ ਨਾਲ ਪੈਦਾ ਹੁੰਦੀ ਹੈ। ਅਗਿਆਨ, ਇੱਛਾ, ਘਿਰਣਾ ਅਤੇ ਪੁਰਸ਼ ਅਤੇ ਦੂਸਰੇ ਤੱਤਾਂ ਦੀ ਇਕ ਇੱਕਠ ਬਣਦਾ ਹੈ। ਗਿਆਨ, ਅਹਿਸਾਸ ਜਾਂ ਅਮਲ ਇਸ ਮੇਲ ਤੋਂ ਬਿਨਾਂ ਪੈਦਾ ਨਹੀਂ ਕੀਤੇ ਜਾ ਸਕਦੇ। ਸਾਰੇ ਹਾਂ ਵਾਚਕ ਪਰਿਣਾਮ ਕਾਰਨਾਂ ਦੇ ਇਸ ਸੁਮੇਲ ਤੋਂ ਪੈਦਾ ਹੁੰਦੇ ਹਨ, ਕਿਸੇ ਇੱਕ ਕਾਰਨ ਤੋਂ ਨਹੀਂ, ਪ੍ਰੰਤੂ ਸਾਰੀ ਤਬਾਹੀ ਕੁਦਰਤੀ ਆਉਂਦੀ ਹੈ, ਅਤੇ ਬਿਨਾਂ ਕਿਸੇ ਕਾਰਨ ਤੋਂ'' ਇਸ ਤਰ੍ਹਾਂ ਅਸੀਂ ਦੇਖ ਸਕਦੇ ਹਾਂ ਕਿ ਭਾਰਤੀ ਦਰਸ਼ਨ ਵਿਚ, ਖਾਸ ਕਰਕੇ ਸਾਂਖ ਸ਼ਾਸਤ੍ਰ ਵਿਚ ਪੁਰਸ਼ ਦਾ ਸੰਕਲਪ ਪ੍ਰਾਪਤ ਹੈ ਪਰ ਸਿੱਖ ਧਰਮ ਦਰਸ਼ਨ ਦੇ ਮੂਲ ਮੰਤ੍ਰ ਵਿਚ ਪੁਰਖ ਦਾ ਸੰਕਲਪ ਇਸ ਸੰਕਲਪ ਤੋਂ ਬਿਲਕੁਲ ਵਿਲੱਖਣ ਹੈ। ਮੂਲ-ਮੰਤ੍ਰ ਵਿਚ ਪੁਰਖ ਅਚੇਤ ਹਸਤੀ ਨਹੀਂ ਹੈ। ਉਹ ਚੇਤੰਨ ਹਸਤੀ ਤੇ ਇਸ ਸ੍ਰਿਸਟੀ ਦਾ ਕਰਤਾ ਹੈ। ਜਿਵੇਂ ਅਸੀਂ ਪਹਿਲਾਂ ਹੀ ਚਰਚਾ ਕੀਤੀ ਹੈ, ਉਹ ਪਹਿਲਾ ਕਾਰਨ ਹੈ, ਸਾਰੀ ਸ੍ਰਿਸ਼ਟੀ ਦੇ ਕਾਰਨਾਂ ਦਾ ਕਾਰਨ ਹੈ। ਸਿਰਫ਼ ਇਹੀ ਨਹੀਂ, ਉਹ ਆਪਣੀ ਰਚਨਾ ਵਿਚ ਵਿਆਪਕ ਰੂਪ ਵਿਚ ਸਮਾਇਆ ਹੋਇਆ ਹੈ। ਸਿੱਖ ਚਿੰਤਨ ਅਨੁਸਾਰ ਪ੍ਰਕਿਰਤੀ ਜਾਂ ਕੁਦਰਿਤ ਸਰਬ ਵਿਆਪਕ ਹਸਤੀ ਪਰਮਾਤਮਾ ਦੀ ਰਚਨਾ ਹੈ। ਪ੍ਰਕਿਰਤੀ ਸੁਤੰਤਰ ਹਸਤੀ ਨਹੀਂ ਹੈ। ਉਸ ਤੋਂ ਬਿਨਾਂ ਹੋਰ ਕੋਈ ਅਸਲੀਅਤ ਨਹੀਂ ਹੈ। ਉਹ ਇੱਕ ਕਰਤਾ ਅਤੇ ਆਨੰਦ ਦੇਣ ਵਾਲਾ ਹੈ ਅਤੇ ਉਸ ਦੀ ਸਾਰੀ ਰਚਨਾ ਉਸ ਵੱਲ ਚਲ ਰਹੀ ਹੈ। ਕਿਉਂਕਿ ਰਚਨਾ ਅੰਤ ਨੂੰ ਆਪਣੇ ਸੋਮੇ ਕਰਤਾ ਵਿਚ ਸਮਾ ਜਾਂਦੀ ਹੈ। ਸਿੱਖ ਧਰਮ ਵਿਚ ਦਸਿਆ ਪੁਰਖ ਸਾਂਖ ਸ਼ਾਸਤ੍ਰ ਦੇ ਪੁਰਖ ਵਾਂਗ ਅਚੇਤਨ ਹੋਂਦ ਨਹੀਂ ਹੈ। ਪੁਰਖ, ''ਜਿਸ ਦਾ ਨਾਮ ਅਮਰ ਹਸਤੀ ਹੋ ਆਪਣੇ ਭਗਤਾਂ ਦਾ ਸਾਥੀ, ਦੋਸਤ ਅਤੇ ਆਸਰਾ ਅਤੇ ਦਿਲਾਂ ਦਾ ਪਿਆਰਾ ਹੈ। ਇਕ ਛਿਣ ਵਾਸਤੇ ਉਸ ਦਾ ਨਾਮ ਜਪਣ ਨਾਲ ਵੀ ਸਾਰੇ ਪਾਪ ਕੱਟੇ ਜਾਂਦੇ ਹਨ।'' ਇਹ ਸ੍ਰਿਸਟੀ ਉਸ ਦੀ ਰਚਨਾ ਹੈ ਅਤੇ ਉਹ ਆਪਣੀ ਰਚਨਾ ਨੂੰ, ''ਸਮ-ਦ੍ਰਿਸ਼ਟੀ ਨਾਲ ਦੇਖਦਾ ਹੈ'' 'ਏਕ ਪੁਰਖੁ ਇਕ ਨਦਰੀ ਆਵੈ ਸਭ ਏਕਾ ਨਦਰਿ ਨਿਹਾਰੇ)।

ਡਾ. ਸੋਹਣ ਸਿੰਘ ਦਾ ਕਥਨ ਹੈ, ''ਭਾਰਤੀ ਦਰਸ਼ਨ ਵਿਚ ਆਮ ਤੌਰ ਤੇ ਪਰਮਾਤਮਾ ਨੂੰ ਪੁਰਸ਼ ਕਿਹਾ ਹੈ। ਪ੍ਰੰਤੂ ਇਸ ਦੇ ਅਰਥ ਦੀ ਉਹ ਆਭਾ ਨਹੀਂ ਹੈ ਜੋ ਸ਼ਬਦ "Person" ਦੀ ਹੁੰਦੀ ਹੈ, ਕਿਉਂਕਿ ਪੁਰਸ਼ ਮਨ (mind) ਨਹੀਂ ਹੈ, ਸਗੋਂ ਕੁਝ ਮਨ (mind) ਤੋਂ ਪਿੱਛੇ ਅਤੇ ਪਰ੍ਹੇ ਹੈ, ਅਤੇ ਕੁਝ ਉਹ ਜਿਸ ਦੇ ਲਈ ਉਸ ਦੀ ਜਾਗਰਤ ਅਵਸਥਾ ਵਿਚ ਮਾਨਸਕ ਪਰਤਖਣ ਇੱਕ ਦਰਸ਼ਕ ਦੇ ਸਾਹਮਣੇ ਨਾਟਕ ਦੀ ਤਰ੍ਹਾਂ ਹੈ। ਇਸ ਲਈ ਇਹ ਸ਼ਬਦ ਆਤਮ ਦੇ ਸਮਾਨਅਰਥਕ

ਹੈ ਜੋ ਸੰਚਾਲਕ ਅਤੇ ਆਨੰਦ ਮਾਣਨ ਵਾਲਾ ਹੈ।'' ਇਥੇ ਮੂਲ ਮੰਤ੍ਰ ਵਿਚ ਵੀ ਅਕਾਲ ਪੁਰਖ ਇੱਕ ਪਰਮ ਹਸਤੀ ਹੈ, ਜੋ ਆਪਣੀ ਰਚਨਾ ਦਾ ਕਰਤਾ ਅਤੇ ਉਸ ਨੂੰ ਚਲਾਉਣ ਵਾਲਾ ਹੈ ਅਤੇ ਆਪਣੀ ਰਚਨਾ ਦਾ ਆਨੰਦ ਮਾਣਦਾ ਹੈ। ਇਸ ਦਾ ਵਰਣਨ ਅੱਗੇ ਜਪੁਜੀ ਸਾਹਿਬ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੀਤਾ ਹੈ।

### 5. ਨਿਰਭਉ

ਮੂਲ ਮੰਤ੍ਰ ਵਿਚ ਪਰਮਾਤਮਾ ਦਾ ਅਗਲਾ ਗੁਣ ਨਿਰਭਉ ਹੈ। ਡਾ. ਸੋਹਣ ਸਿੰਘ ਨੇ ਇਸ ਦੀ ਵਿਆਖਿਆ ਕਰਦਿਆ ਕਿਹਾ ਹੈ, ''ਨਿਰਭਉ ਦਾ ਅੱਖਰੀ ਅਰਥ ਹੈ ਡਰ ਤੋਂ ਰਹਿਤ ਪ੍ਰੰਤੂ ਗੁਰੂ ਨਾਨਕ ਨੇ ਭਉ ਸ਼ਬਦ ਅਕਸਰ ਅਨੁਸ਼ਾਸਨ ਦੀ ਮਹੱਤਤਾ ਦਸਣ ਲਈ ਵਰਤਿਆ ਹੈ। ਇਸ ਤਰ੍ਹਾਂ ਜਪੁਜੀ ਵਿਚ ਅਧਿਆਤਮਕ ਜੀਵਨ ਵਿੱਚ ਅੱਗੇ ਵਧਣ ਲਈ ਦਸੇ ਵਿਚਾਰਾਂ ਵਿਚੋਂ ਇਕ ਭਉ ਹੈ, ਜਿਸ ਤੋਂ ਸਪਸ਼ਟ ਹੁੰਦਾ ਹੈ ਕਿ ਇਸ ਦਾ ਅਰਥ ਡਰ ਨਹੀਂ ਹੋ ਸਕਦਾ ਕਿਉਂ ਕਿ ਡਰ ਉੱਚੇ ਜੀਵਨ ਦੀ ਪ੍ਰਾਪਤੀ ਲਈ ਸਾਧਨ ਨਹੀਂ ਹੋ ਸਕਦਾ। ਇਸ ਲਈ ਉਸ ਸੰਦਰਭ ਵਿਚ ਇਸ ਦਾ ਅਰਥ ਹੈ ਸ਼ਾਸਨ।'' ਆਸਾ ਦੀ ਵਾਰ ਵਿਚ ਵੀ ਕਿਹਾ ਹੈ ਕਿ ਸੂਰਜ, ਚੰਦ ਅਤੇ ਤਾਰੇ ਭੈ ਵਿਚ ਹਨ। ਇਥੇ ਇਹ ਕਹਿਣਾ ਅਟਪਟਾ ਲਗਦਾ ਹੈ ਕਿ ਉਹ ਭੈ ਯੁਕਤ ਯਾ ਕਿਸੇ ਡਰ ਵਿੱਚ ਹਨ। ਉਹ ਨਿਯਮਾਂ ਅਨੁਸਾਰ ਹਨ ਅਤੇ ਇਹ ਕਿਹਾ ਜਾ ਸਕਦਾ ਹੈ ਕਿ ਉਹ ਅਨੁਸ਼ਾਸਨ ਜਾਂ ਸੰਜਮ ਵਿਚ ਹਨ'' (ਭੈ ਵਿਚਿ ਪਵਣੁ ਵਹੈ ਸਦਵਾਉ)।

ਡਾ. ਸੋਹਣ ਸਿੰਘ ਨੇ ਅੱਗੇ ਕਿਹਾ ਹੈ, ''ਇਸ ਲਈ ਨਿਰਭਉ ਦਾ ਅਰਥ ਬਣਦਾ ਹੈ ਕਿਸੇ ਬਾਹਰੋਂ ਲੱਦੇ ਅਨੁਸ਼ਾਸਣ ਜਾਂ ਸੰਜਮ ਵਿਚ ਨਾ ਹੋਣਾ।'' ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਅਕਾਲ ਪੁਰਖ ਦਾ ਅਗਲਾ ਗੁਣ ਹੈ ਕਿ ਉਹ ਭੈ ਆਦਿ ਬੰਧਨਾਂ ਤੋਂ ਉੱਤੇ ਹੈ। ਉਹ ਨਿਰਭੈ ਹੈ ਭਾਵ ਉਹ ਕਿਸੇ ਬਾਹਰੀ ਅਨੁਸ਼ਾਸਨ ਦੇ ਅੰਦਰ ਨਹੀਂ ਆਉਂਦਾ। ਅਜਿਹੇ ਬੰਧਨ ਸਿਰਫ ਰਚਨਾ ਉੱਤੇ ਲਾਗੂ ਹੁੰਦੇ ਹਨ। ਇਹ ਕਰਤਾ ਉੱਤੇ ਲਾਗੂ ਨਹੀਂ ਹੁੰਦੇ, ਕਿਉਂਕਿ ਉਹ ਆਪ ਅਜਿਹੇ ਗੁਣਾਂ ਨੂੰ ਰਚਣ ਵਾਲਾ ਹੈ। ਅਸੀਂ ਇਸ ਦੀ ਹੋਰ ਵਿਆਖਿਆ ਕਰਦੇ ਹੋਏ ਕਹਿ ਸਕਦੇ ਹਾਂ ਕਿ ''ਭਉ'' ਦੇ ਦੋ ਅਰਥ ਬਣਦੇ ਹਨ। ਇੱਕ ਅਰਥ ਡਰ ਹੈ ਜੋ ਹੇਠਲੇ ਸਤਰ ਦਾ ਅਰਥ ਹੈ, ਜੋ ਅਕਾਲ ਪੁਰਖ ਦਾ ਨਾਮ ਸਿਮਰਨ ਨਾਲ ਮਨੁੱਖ ਦੇ ਅੰਦਰੋਂ ਖਤਮ ਹੋ ਜਾਂਦਾ ਹੈ। ਇਹ ਹੇਠਲੇ ਸਤਰ ਦਾ ਬੰਧਨ ਹੈ। ਰਾਗ ਗਉੜੀ, ਸੁਖਮਨੀ ਸਾਹਿਬ ਵਿਚ ਗੁਰੂ ਅਰਜਨ ਦੇਵ ਫਰਮਾਉਂਦੇ ਹਨ ਕਿ ਪਰਮਾਤਮਾ ਦਾ ਨਾਮ ਸਿਮਰਨ ਨਾਲ ਮਨੁੱਖ ਦੇ ਮਨ ਵਿਚੋਂ ਭੈ ਖਤਮ ਹੋ ਜਾਂਦਾ ਹੈ (ਪ੍ਰਭ ਕੈ ਸਿਮਰਨ ਭਉ ਨ ਬਿਆਪੈ)। ਇਸੇ ਤਰ੍ਹਾਂ ਰਾਗ ਗਾਉੜੀ ਵਿਚ ਗੁਰੂ ਨਾਨਕ ਦੇਵ ਯੋਗੀਆਂ ਬਾਰੇ ਗੱਲ ਕਰਦੇ ਹੋਏ ਕਹਿੰਦੇ ਹਨ ਕਿ ਗ੍ਰਹਿਸਤ ਜੀਵਨ ਅਤੇ ਘਰ ਦਾ ਤਿਆਗ ਕਰਕੇ, ਪਰਮਾਤਮਾ ਨੂੰ ਪਾਉਣ ਲਈ ਯੋਗ ਆਸਣ ਕਰਦੇ ਹਨ। ਗੁਰੂ ਨਾਨਕ ਦੇਵ ਅਨੁਸਾਰ ਯੋਗੀ ਉਹ ਹੈ ਜੋ ਪਰਮਾਤਮਾ ਵਲੋਂ ਅਨੁਸ਼ਾਸਿਤ ਹੈ ਉਸਦਾ ਮਨ ਬਾਹਰ ਨਹੀਂ ਭਟਕਦਾ। ਭਾਵ ਜਿਸ ਦਾ ਮਨ ਅੰਤਰੀਵੀ ਅਨੁਸ਼ਾਸਨ ਵਿਚ ਹੈ, ਉਸ ਦਾ ਮਨ ਵਿਚਲਤ ਨਹੀਂ ਹੁੰਦਾ। ਉਹ ਸੱਚੇ ਯੋਗੀ ਹਨ ਜਿਹੜੇ ਪਰਮਾਤਮਾ ਦਾ ਧਿਆਨ ਧਰਦੇ ਹਨ ਅਤੇ ਉਸਨੂੰ ਧਿਆਉਂਦੇ ਹਨ। ਜੋ ਪਰਮਾਤਮਾ ਦੇ ਅਨੁਸ਼ਾਸਨ ਵਿਚ ਮਗਨ ਹੋ ਉਸ ਪਰਮਾਤਮਾ ਨੂੰ ਪਾ ਲੈਂਦਾ ਹੈ ਜੋ ਕਿ ਆਪ ਬੰਧਨਾਂ ਤੋਂ ਪਰੇ ਹੈ ਨਿਰਭਉ ਹੈ। ਅਸੀਂ ਕਹਿ ਸਕਦੇ ਹਾਂ ਕਿ ਪਰਮਾਤਮਾ ਕਿਸੇ ਵੀ ਅਨੁਸ਼ਾਸਨ ਜਾਂ ਬੰਧਨ ਤੋਂ ਪਰੇ ਹੈ, ਉਨ੍ਹਾਂ ਨਿਯਮਾਂ ਤੋਂ ਪਰੇ ਹੈ ਜੋ ਮਨੁੱਖਾਂ ਲਈ ਬਣੇ ਹਨ। ਡਾ. ਸੋਹਣ ਸਿੰਘ ਅਨੁਸਾਰ, ''ਗੁਰੂ ਨਾਨਕ ਨੇ ਇਸ ਦਾ ਸਮਰੂਪ ਸੰਕਲਪ ''ਬੇਪਰਵਾਹ'' ਵਰਤਿਆ ਹੈ ਜੋ ਜਪੁਜੀ ਦੀ ਚੋਥੀ ਪਉੜੀ ਵਿਚ ਆਇਆ ਹੈ।''

### 6. ਨਿਰਵੈਰ

ਵੈਰ ਦਾ ਅਰਥ ਹੈ ਦੁਸ਼ਮਣੀ ਅਤੇ ਨਿਰਵੈਰ ਦਾ ਅਰਥ ਹੈ ਦੁਸ਼ਮਣੀ ਤੋਂ ਰਹਿਤ। ਡਾ. ਸੋਹਣ ਸਿੰਘ ਅਨੁਸਾਰ, ''ਪ੍ਰੰਤੂ 'ਦੁਸ਼ਮਣੀ' ਪਦ ਮਾਨਸਿਕ ਪੱਧਰ ਤੇ ਲਾਗੂ ਹੁੰਦਾ ਹੈ। ਜਦ ਕਿ ਗੁਰੂ ਨਾਨਕ ਦਾ ਇਸ਼ਟ, ਜਿਸ ਦਾ ਇਥੇ ਸਿਮਰਨ ਕੀਤਾ ਜਾ ਰਿਹਾ ਹੈ, ਪੁਰਖ ਹੈ ਜਾਂ ਸਹੀ ਰੂਪ ਵਿੱਚ ਸਰਬ-ਵਿਆਪਕ ਪੁਰਖ ਹੈ। ਸਰਬ-ਵਿਆਪਕ ਹਸਤੀ ਵਿੱਚ ਕਿਸੇ ਦੂਸਰੇ ਦੇ ਖਿਲਾਫ ਦੁਸ਼ਮਣੀ ਨਹੀਂ ਹੈ - ਕਿਉਂਕਿ ਉਸ ਤੋਂ ਬਿਨਾਂ ਦੂਸਰਾ ਹੈ ਨਹੀਂ। ਇਸ ਦਾ ਅਰਥ ਹੈ ਅੰਦਰੂਨੀ ਵਿਰੋਧਤਾ, ਅਪਰਸੰਗਕਤਾ, ਖੰਡਨ। ਇਥੇ ਨਿਰਵੈਰ ਦਾ ਅਰਥ ਇਨ੍ਹਾਂ ਦੀ ਗ਼ੈਰ-ਮੌਜੂਦਗੀ ਹੈ ਜਿਸ ਦਾ ਭਾਵ ਹੈ ਅੰਦਰੂਨੀ ਇਕਸੁਰਤਾ।

ਸਧਾਰਨ ਸ਼ਬਦਾ 'ਵਿਚ ਅਸੀਂ' ਕਹਿ ਸਕਦੇ ਹਾਂ ਕਿ ਵੈਰ ਅਤੇ ਭੈ ਆਦਿ ਸ਼ਬਦ (ਜੇ ਅਸੀਂ ਇਸ ਪਦ ਦਾ ਸ਼ਬਦੀ ਅਰਥ ਲਈਏ) ਅੰਤਰ ਵਿਰੋਧਤਾਵਾਂ, ਅਪਰਸੰਗਕਤਾ, ਬੇਸੁਰਾਪਣ ਅਤੇ ਖੰਡਨ ਵੱਲ ਲੈ ਜਾਂਦੇ ਹਨ। ਇਹ ਸਭ ਸਰਬ-ਵਿਆਪਕ ਹਸਤੀ ਦੇ ਲੱਛਣ ਨਹੀਂ ਹੋ ਸਕਦੇ ਕਿਉਂਕਿ ਉਸ ਦੇ ਬਰਾਬਰ ਕੋਈ ਨਹੀਂ ਹੈ। ਉਹ ਇਸ ਸਭ ਕੁਝ 'ਤੋਂ ਉਪਰ

ਹੈ। ਇਹ ਉਸ ਵਿਅਕਤੀ ਵਿਚ ਹੋ ਸਕਦੇ ਹਨ ਜਿਸ ਦੇ ਬਰਾਬਰ ਦਾ ਕੋਈ ਹੋਰ ਹੈ। ਸ਼ਾਬਦਿਕ ਅਰਥਾਂ ਵਿਚ ਵੀ ਭੈ ਕਿਸੇ ਉਸ ਵਿਅਕਤੀ ਤੋਂ ਹੀ ਹੋ ਸਕਦਾ ਹੈ ਜੋ ਤੁਹਾਥੋਂ ਤਕੜਾ ਹੈ। ਇਸੇ ਤਰ੍ਹਾਂ ਵੈਰ ਵੀ ਉਸੇ ਵਿਅਕਤੀ ਵਿਚ ਹੋ ਸਕਦਾ ਜੋ ਕਿਸੇ ਨਾਲ ਈਰਖਾ ਰੱਖਦਾ ਹੋਵੇ। ਇਹ ਭਾਵਨਾਵਾਂ ਦੁਸ਼ਮਣੀ ਪੈਦਾ ਕਰਦੀਆਂ ਹਨ ਜੋ ਤਾਂ ਹੀ ਸੰਭਵ ਹੈ ਜੇ ਕੋਈ ਕਿਸੇ ਤੋਂ ਤਕੜਾ ਹੋਵੇ ਅਤੇ ਬਰਾਬਰ ਦਾ ਹੋਵੇ। ਜਦੋਂ ਅਜਿਹਾ ਕੋਈ ਹੈ ਹੀ ਨਹੀਂ ਜੋ ਪਰਮਾਤਮਾ ਤੋਂ ਵੱਧ ਹੋਵੇ ਤੇ ਬਰਾਬਰ ਦਾ ਹੋਵੇ ਤਾਂ ਅਜਿਹੀਆਂ ਭਾਵਨਾਵਾਂ ਦੇ ਪੈਦਾ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਭੈ ਅਤੇ ਵੈਰ ਦਾ ਨਾ ਹੋਣਾ ਇਸ ਗੱਲ ਦਾ ਸੰਕੇਤ ਹੈ ਕਿ ਪਰਮਾਤਮਾ ਪਰਮ ਹਸਤੀ ਹੈ।

## 7. ਅਕਾਲ

ਅਕਾਲ ਪਰਮਾਤਮਾ ਦਾ ਇਕ ਹੋਰ ਗੁਣ ਹੈ। ਕਾਲ ਦਾ ਅਰਥ ਹੈ ਸਮਾਂ ਸੀਮਾ ਬੱਧਤਾ। ਅਕਾਲ ਤੋਂ ਭਾਵ ਹੈ ਪਰਮਾਤਮਾ ਸਮੇਂ ਅਤੇ ਸਥਾਨ ਦੀ ਸੀਮਾ ਤੋਂ ਉੱਤੇ ਹੈ। ਉਹ ਅਸੀਮ ਹੈ। ਉਹ ਸਮੇਂ ਦੀ ਸੀਮਾ ਵਿਚ ਨਹੀਂ ਹੈ, ਕਿਉਂਕਿ ਉਹ ਕਰਤਾ ਹੈ। ਇਸ ਲਈ ਉਹ ਸਮੇਂ ਅਤੇ ਸਥਾਨ ਦੀ ਵੀ ਰਚਨਾ ਕਰਦਾ ਹੈ। ਭਾਰਤੀ ਸ਼ਬਦਾਵਲੀ ਵਿਚ ਕਾਲ ਸ਼ਬਦ ਮੌਤ ਲਈ ਵੀ ਵਰਤਿਆ ਜਾਂਦਾ ਹੈ। ਜਿਸ ਦਾ ਅਰਥ ਹੀ ਸੀਮਾਬੱਧਤਾ। ਕਾਲ ਰਚਨਾ ਦੀ ਸੀਮਾਬੱਧਤਾ ਦਾ ਸੰਕੇਤ ਕਰਦਾ ਹੈ। ਜੋ ਕੁਝ ਵੀ ਰਚਿਆ ਗਿਆ ਹੈ, ਸਮੇਂ ਵਿਚ ਆਉਂਦਾ ਹੈ ਅਤੇ ਸੀਮਾਬੱਧ ਹੈ। ਪਰਮਾਤਮਾ ਅਸੀਮ ਹੈ। ਉਸ ਦਾ ਨਾ ਕੋਈ ਆਦਿ ਹੈ ਨਾ ਅੰਤ ਹੈ। ਉਹ ਰਚਨਾ ਤੋਂ ਪਹਿਲਾਂ ਸੀ, ਹੈ ਅਤੇ ਹਮੇਸ਼ਾ ਰਹੇਗਾ। ਜਪੁਜੀ ਦੇ ਅਰੰਭ ਵਿਚ ਹੀ ਸਲੋਕ ਵਿਚ ਦਸਿਆ ਹੈ, ''ਆਦਿ ਸਚੁ। ਜੁਗਾਦਿ ਸਚੁ .....'' ਡਾ. ਸੋਹਣ ਸਿੰਘ ਅਨੁਸਾਰ, ''ਅਕਾਲ ਦਾ ਅਰਥ ਭੂਤ, ਵਰਤਮਾਨ ਅਤੇ ਭਵਿੱਖ ਵਿਚ ਫੈਲਿਆ ਹੋਣਾ ਨਹੀਂ ਹੈ। ਇਸ ਦਾ ਅਰਥ ਹੈ ਕਿ ਸਮੇਂ ਦਾ ਸੰਕਲਪ ਸੰਕੇਤ ਘੜਨ ਭੇਜਣ ਅਤੇ ਸਥਿਰਤਾ ਆਦਿ ਨਾਲ ਅੰਤਮ ਸਤਿ ਤੇ ਲਾਗੂ ਨਹੀਂ ਹੁੰਦਾ। ਪਰਮ ਸਤਿ ਲਈ ਕੋਈ ਭੂਤ, ਵਰਤਮਾਨ ਅਤੇ ਭਵਿੱਖ ਦੀ ਵੰਡ ਨਹੀਂ ਹੈ।'' ਇਸ ਦਾ ਅਰਥ ਹੈ ਕਿ ਸਮੇਂ ਦੀ ਵੰਡ ਜਾਂ ਸਮਾਂ ਕਿਸੇ ਤਰ੍ਹਾਂ ਵੀ ਪਰਮਾਤਮਾ ਤੇ ਲਾਗੂ ਨਹੀਂ ਹੁੰਦਾ, ਕਿਉਂਕਿ ਉਹ ਪਰਮ ਹਸਤੀ ਹੈ, ਕਰਤਾ ਹੈ, ਸਮੇਂ ਅਤੇ ਸਥਾਨ ਤੋਂ ਉੱਤੇ ਹੈ। ਸਮਾਂ ਉਸ ਰਾਹੀਂ ਰਚਿਆ ਜਾਂਦਾ ਹੈ।

## 8. ਮੂਰਤਿ

ਮੂਰਤਿ ਦਾ ਭਾਵ ਹੈ ਰੂਪ ਪਰਗਟਾਵਾ। ਇਸ ਦਾ ਅਰਥ ਹੈ ਕਿ ਪਰਮਾਤਮਾ ਆਪਣੇ ਆਪ ਨੂੰ ਆਪਣੀ ਰਚਨਾ ਰਾਹੀਂ ਪਰਗਟ ਕਰਦਾ ਹੈ। ਉਹ ਸਾਰੀ ਹੋਂਦ ਦਾ ਸਾਰ-ਤੱਤ ਹੈ। ਜਿਵੇਂ ਅਸੀਂ ਪਹਿਲਾਂ ਹੀ ਚਰਚਾ ਕੀਤੀ ਹੈ, ਉਹ ਇਸ ਪਰਗਟ ਸੰਸਾਰ ਦਾ ਪਹਿਲਾ ਕਾਰਨ ਹੈ ਇਸ ਲਈ ਉਹ ਆਪਣੀ ਰਚਨਾ ਵਿੱਚ ਵਿਆਪਕ ਹੈ। ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ, ''ਕਿ ਤੇਰੀਆਂ ਹਜ਼ਾਰਾਂ ਅੱਖਾਂ ਹਨ ਅਤੇ ਤੇਰੇ ਹਜ਼ਾਰਾਂ ਰੂਪ ਹਨ, ਹਜ਼ਾਰਾਂ ਹੀ ਤੇਰੇ ਚਰ ਕੰਵਲ ਹਨ, ਸੁੰਘਣ ਇੰਦ੍ਰੀਆ ਹਨ ਫਿਰ ਵੀ ਇਹ ਸਭ ਦਿਸਦੇ ਅੰਗ ਤੇਰੇ ਨਹੀਂ ਹਨ। ਤੇਰੇ ਅਸਚਰਜ ਢੰਗ ਹਨ। ਤੇਰੀ ਜੋਤੀ ਸਾਰੀ ਰਚਨਾ ਵਿਚ ਵਿਆਪਕ ਹੈ, ਤੂੰ ਜੋ ਜੋਤਿ ਸਰੂਪ ਹੈ, ਸਾਰਾ ਜੱਗ ਤੇਰੇ ਚਾਨਣ ਨਾਲ ਰੁਸ਼ਨਾਇਆ ਹੋਇਆ ਹੈ। ਸਾਰੀ ਹੋਂਦ ਤੇਰੀ ਜੋਤ ਨਾਲ ਜਗਮਗ ਹੈ ਗੁਰੂ ਦੇ ਸ਼ਬਦ ਰਾਹੀਂ ਇਹ ਜੋਤਿ ਪਰਗਟ ਹੁੰਦੀ ਹੈ'' (ਗੁਰ ਸਾਖੀ ਜੋਤਿ ਪਰਗਟੁ ਹੋਇ)। ਜਿਸ ਦਾ ਅਰਥ ਹੈ ਕਿ ਜੋਤਿ ਦਾ ਅਨੁਭਵ ਗੁਰੂ ਰਾਹੀਂ ਹੁੰਦਾ ਹੈ।

ਡਾ. ਸੋਹਣ ਸਿੰਘ ਅਨੁਸਾਰ, ''ਸਾਰੇ ਵਿਆਖਿਆਕਾਰ ਅਕਾਲ ਅਤੇ ਮੂਰਤਿ ਨੂੰ ਇਕ ਸ਼ਬਦ ਦੇ ਤੌਰ ਤੇ ਪੜ੍ਹਦੇ ਹਨ। ਪ੍ਰੰਤੂ ਅਕਾਲ ਆਪਣੇ ਤੌਰ ਤੇ ਪਰਮਾਤਮਾ ਦਾ ਇਕ ਗੁਣ ਹੈ, ਸਗੋਂ ਇਸ ਨੂੰ ਮੂਰਤਿ ਸ਼ਬਦ ਨਾਲ ਮਿਲਾ ਕੇ ਸੰਪੂਰਨ ਕਰਨਾ ਇੱਕ ਅਸਧਾਰਨ ਗੱਲ ਹੈ ਜਿਸ ਦਾ ਅਰਥ ਹੈ ਸਾਕਾਰ ਰੂਪ।।'' ਅਕਾਲ-ਮੂਰਤ ਦਾ ਅਰਥ ਸਮੇਂ ਰਹਿਤ ਸਾਕਾਰ ਰੂਪ ਹੀ ਹੋ ਸਕਦਾ ਹੈ। ਪ੍ਰੰਤੂ ਇਸ ਵਿਚਾਰ ਦੀ ਕੋਈ ਨੁਕਤਾ ਚੀਨੀ ਨਹੀਂ ਕਰ ਸਕਦਾ, ਕਿ ਪਰਮਾਤਮਾ ਆਪਣੇ ਆਪ ਨੂੰ ਸੀਮਤ ਰਚਨਾਵਾਂ ਵਿਚ ਪਰਗਟ ਕਰਦਾ ਹੈ।

## 9. ਅਜੂਨੀ

ਮੂਲ-ਮੰਤ੍ਰ ਅਨੁਸਾਰ ਪਰਮਾਤਮਾ ਦਾ ਅਗਲਾ ਗੁਣ ਹੈ ''ਅਜੂਨੀ''। ਜੂਨ ਤੋਂ ਭਾਵ ਹੈ ਜਨਮ, ਜੋਨੀਆਂ। ਅਜੂਨੀ ਦਾ ਭਾਵ ਹੈ ਜਿਹੜਾ ਜਨਮ ਅਤੇ ਮਰਨ ਵਿਚ ਨਹੀਂ ਆਉਂਦਾ। ਜਿਹੜਾ ਜੂਨੀਆਂ ਦਾ ਰੂਪ ਨਹੀਂ ਧਾਰਦਾ। ਪਰਮਾਤਮਾ ਜਨਮ ਨਹੀਂ ਲੈਂਦਾ। ਜੋ ਵੀ ਜਨਮ ਲੈਂਦਾ ਹੈ ਉਸੁ ਦੀ ਮੌਤ ਵੀ ਹੁੰਦੀ ਹੈ। ਇਸ ਲਈ ਜਨਮ ਅਤੇ ਮੌਤ ਸੀਮਾਵਾਂ ਹਨ, ਹੱਦ ਬੰਨੇ ਹਨ। ਪਰਮਾਤਮਾ ਦੀ ਕੋਈ ਸੀਮਾ, ਜਾਂ ਹੱਦ ਨਹੀਂ ਹੈ। ਉਹ ਸਭ ਹੱਦਾਂ ਤੋਂ ਸੁਤੰਤਰ ਹੈ। ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਦੇ ਅਜੂਨੀ ਹੋਣ ਦਾ ਖਾਸ ਜ਼ੋਰ ਦਿੱਤਾ ਹੈ ਤਾਂ ਕਿ ਭਾਰਤੀ ਪ੍ਰੰਪਰਾ ਵਿਚ ਪ੍ਰਾਪਤ ਅਵਤਾਰਵਾਦ ਦੇ ਸਿਧਾਂਤ

ਨੂੰ ਨਕਾਰਿਆ ਜਾਵੇ, ਜਿਸ ਅਨੁਸਾਰ ਧਰਮ ਦੀ ਪੁਨਰ ਸਥਾਪਤੀ ਲਈ ਪਰਮਾਤਮਾ ਸਮੇਂ-ਸਮੇਂ ਅਵਤਾਰ ਧਾਰਦਾ ਹੈ। ਗੁਰੂ ਨਾਨਕ ਰਾਗ ਬਿਲਾਵਲ ਵਿਚ ਪ੍ਰਾਪਤ ਬਾਣੀ ''ਥਿਤੀ'' ਵਿਚ ਦਸਦੇ ਹਨ ਕਿ ਏਕਮ ਤੋਂ ਪਰਮਾਤਮਾ ਬਾਰੇ ਪਹਿਲੀ ਗੱਲ ਜਾਣਨ ਵਾਲੀ ਇਹ ਹੈ ਕਿ ਉਹ ਪਰਮ ਹਸਤੀ ਹੀ ਇੱਕੋ ਇਕ ਅਸਲੀਅਤ ਹੈ। ਜੋ ਅਮਰ, ਅਜੋਨੀ ਅਜ਼ਾਤ ਹੈ ਅਤੇ ਮੌਤ ਤੋਂ ਉੱਤੇ ਹੈ। ਉਹ ਅਪਹੁੰਚ ਹੈ ਅਤੇ ਗਿਆਨ ਤੋਂ ਪਰੇ ਹੈ। ਉਸ ਦਾ ਕੋਈ ਰੂਪ ਕੋਈ ਲਕਸ਼ ਨਹੀਂ ਹੈ।'' (ਗੁ. ਗ੍ਰੰ. 838)। ਅਮਰਤਾ ਪਰਮ ਹਸਤੀ ਦਾ ਗੁਣ ਹੈ। ਨਾਸ਼ਵਾਨ ਚੀਜ਼ਾਂ ਆਉਂਦੀਆਂ ਅਤੇ ਜਾਂਦੀਆਂ ਹਨ। ਇਸ ਲਈ ਅਮਰਤਾ ਦਾ ਅਰਥ ਹੈ ਕਿ ਪਰਮਾਤਮਾ ਜਨਮ ਨਹੀਂ ਲੈਂਦਾ। ਉਹ ਜਨਮ ਅਤੇ ਮਰਨ ਵਿਚ ਨਹੀਂ ਆਉਂਦਾ।

**10. ਸੈਭੰ**

ਪਰਮਾਤਮਾ ਦਾ ਅਗਲਾ ਗੁਣ ਹੈ ਕਿ ਉਹ ਆਪਣੇ ਆਪ ਤੋਂ ਹੈ। ਆਪਣੀ ਹੋਂਦ ਵਾਸਤੇ ਉਸ ਨੂੰ ਕਿਸੇ ਹੋਰ ਸਬੱਬ ਦੀ ਲੋੜ ਨਹੀਂ ਪੈਂਦੀ। ਬੇਸ਼ੱਕ ਉਹ ਸ੍ਰਿਸ਼ਟੀ ਦਾ ਪਹਿਲਾ ਅਤੇ ਮੁੱਢਲਾ ਕਾਰਨ ਹੈ, ਪਰ ਉਸ ਦੀ ਹੋਂਦ ਦਾ ਉਸ ਤੋਂ ਬਿਨਾਂ ਕੋਈ ਕਾਰਨ ਨਹੀਂ ਹੈ। ਉਹ ਸੈਭੰ ਹੈ ਜਿਸ ਦਾ ਅਰਥ ਹੈ ਕਿ ਉਹ ਆਪਣਾ ਕਾਰਣ ਆਪ ਹੈ। ਉਹ ਸੰਸਾਰ ਦੀ ਰਚਨਾ ਆਪਣੇ ਭਾਣੇ ਵਿਚ ਕਰਦਾ ਹੈ। ਪ੍ਰੰਤੂ ਆਪਣੇ ਪਰਗਟਾਵੇ ਲਈ ਉਸ ਨੂੰ ਕਿਸੇ ਦੀ ਮਦਦ ਦੀ ਲੋੜ ਨਹੀਂ ਹੈ। ਗੁਰੂ ਨਾਨਕ ਦੇਵ ਜੀ ਮਾਰੂ ਸੋਲਹੇ ਵਿਚ ਦਸਦੇ ਹਨ ਕਿ ਜਿਵੇਂ ਉਸ ਦਾ ਭਾਣਾ ਹੋਇਆ ਉਸ ਨੇ ਸੰਸਾਰ ਦੀ ਰਚਨਾ ਕੀਤੀ। ਬਿਨਾਂ ਕਿਸੇ ਮਦਦਗਾਰੀ ਸ਼ਕਤੀ ਦੇ ਉਸ ਨੇ ਸੰਸਾਰ ਦੀ ਪਾਲਣਾ ਕੀਤੀ ਅਤੇ ਸਭ ਕੁਝ ਬਣਾਇਆ। ਇਥੋਂ ਤੱਕ ਕਿ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵਜੀ ਆਦਿ ਦੇਵਤੇ ਵੀ ਉਸ ਨੇ ਪੈਦਾ ਕੀਤੇ। ਵਿਰਲਿਆਂ ਨੂੰ ਗੁਰੂ ਦਾ ਸ਼ਬਦ ਸੁਣਾਇਆ ਗਿਆ। ਉਸ ਨੇ ਆਪ ਹੀ ਆਪਣਾ ਹੁਕਮ ਬਣਾਇਆ ਅਤੇ ਵਾਚਿਆ। ਉਸ ਨੇ ਦੀਪ, ਅਕਾਸ਼, ਪਤਾਲ ਬਣਾ ਕੇ ਅਪਰਗਟ ਨੂੰ ਪਰਗਟ ਕੀਤਾ (ਗੁ. ਗ੍ਰੰ. 1036)।

ਮੂਲ-ਮੰਤ੍ਰ ਵਿਚ ਦਸੇ ਪਰਮਾਤਮਾ ਦੇ ਗੁਣ ਬਹੁਤ ਸਪਸ਼ਟ ਹਨ। ਪਰਮਾਤਮਾ ਅਕਾਲ ਹੈ। ਪਰ ਆਪਣੇ ਆਪ ਨੂੰ ਨਾਸ਼ਵਾਨ ਚੀਜ਼ਾਂ, ਰਚਨਾ ਵਿਚ ਪਰਗਟ ਕਰਦਾ ਹੈ, ਜੋ ਸਮੇਂ ਅਤੇ ਸਥਾਨ ਦੀ ਸੀਮਾ ਵਿਚ ਹਨ। ਇਸ ਤਰ੍ਹਾਂ ਉਹ ਭਾਵੇਂ ਸੀਮਤ ਰਚਨਾ ਰਾਹੀਂ ਰਚਨਾ ਵਿਚ ਆਉਂਦਾ ਹੈ, ਪਰ ਉਹ ਜਨਮ ਅਤੇ ਮਰਨ ਤੋਂ ਉੱਤੇ ਹੈ। ਉਸ ਨੂੰ ਆਪਣੇ ਪ੍ਰਕਾਸ਼ਨ ਵਾਸਤੇ ਕਿਸੇ ਹੋਰ ਆਸਰੇ ਦੀ ਲੋੜ ਨਹੀਂ ਹੈ। ਜੋ ਕਿ ਦੂਸਰੇ ਸਰੀਰਾਂ ਲਈ ਜ਼ਰੂਰੀ ਹੈ।

**11. ਗੁਰਪ੍ਰਸਾਦਿ**

ਅੰਤ ਵਿਚ ਦੱਸਿਆ ਹੈ ਕਿ ਮਨੁੱਖ ਜੋ ਕਿ ਨਾਸ਼ਵਾਨ ਹੈ, ਉਚਤਮ ਗਿਆਨ ਦੀ ਪ੍ਰਾਪਤੀ ਕਰ ਸਕਦਾ ਹੈ। ਪਰਮਾਤਮਾ ਤੱਕ, ਪਰਮ ਸਤਿ ਤੱਕ ਪਹੁੰਚ ਸਕਦਾ ਹੈ। ਪ੍ਰੰਤੂ ਗੁਰੂ ਦੀ ਰਹਿਨੁਮਾਈ ਰਾਹੀਂ, ਗੁਰੂ ਦੀ ਕਿਰਪਾ ਰਾਹੀਂ ਹੀ ਮਨ ਦੀ ਇਸ ਅਵਸਥਾ, ਉੱਚੀ ਚੇਤੰਨਤਾ ਨੂੰ ਪਾ ਸਕਣਾ ਸੰਭਵ ਹੈ। ਰਾਗ ਬਿਲਾਵਲ ਵਿਚ ਗੁਰੂ ਨਾਨਕ ਦੇਵ ਜੀ ਨੇ ਫ਼ੁਰਮਾਇਆ ਹੈ ਕਿ ਪਰਮ ਪਦ ਦੀ ਪ੍ਰਾਪਤੀ ਗੁਰੂ ਦੀ ਕਿਰਪਾ ਰਾਹੀਂ ਸੰਭਵ ਹੈ (ਗੁਰਪ੍ਰਸਾਦਿ ਪਰਮ ਪਦੁ ਪਾਈ)। ਸਿੱਖ ਚਿੰਤਨ ਅਨੁਸਾਰ ਬਾਣੀ ਭਾਵ ਗੁਰੂ ਦਾ ਸ਼ਬਦ ਹੀ ਗੁਰੂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖਾਂ ਲਈ ਸ਼ਬਦ ਗੁਰੂ ਹੈ।

ਭਾਈ ਗੁਰਦਾਸ ਨੇ ਆਪਣੀ ਰਚਨਾ ''ਵਾਰਾਂ'' ਵਿਚ ਦੱਸਿਆ ਹੈ ਕਿ ਓਅੰਕਾਰ ਨਾਲ ਏਕਾ ਲਿਖ ਕੇ ਗੁਰੂ ਨੇ ਪਰਮਾਤਮ ਏਕਤਾ ਦੱਸੀ ਹੈ। ਫਿਰ ਗੁਰੂ ਨੇ ਪਰਮਾਤਾ ਦਾ ਚਿੰਨ੍ਹ ੳ (ਓਅੰਕਾਰ) ਲਿਖਿਆ। ਪਰਮਾਤਮਾ ਸਤਿਨਾਮ ਹੈ। ਕਰਤਾਰ ਹੈ ਅਤੇ ਨਿਰਭਉ ਹੈ। ਵੈਰ ਤੋਂ ਉੱਤੇ ਹੈ। ਅਜੂਨੀ, ਅਕਾਲ ਆਦਿ ਸਾਰੇ ਨਾਮ ਗੁਰੂ ਨੇ ਨਾਲੋ ਨਾਲ ਲਿਖ ਦਿੱਤੇ। ਪਰਮਾਤਮਾ ਨਿਰਵੈਰ ਹੈ, ਜੈਕਾਰ ਹੈ। ਜਨਮ ਅਤੇ ਸਮੇਂ ਵਿਚ ਨਹੀਂ ਆਉਂਦਾ। ਉਸ ਦਾ ਹੁਕਮ ਅਸੀਮ ਹੈ ਅਤੇ ਸਾਰਾ ਸੰਸਾਰ ਉਸ ਦੀ ਜੋਤ ਨਾਲ ਜਗਮਗਾ ਰਿਹਾ ਹੈ। ਓਅੰਕਾਰ ਦੇ ਪੰਜ ਅੱਖਰ ਇਹ ਸਿੱਧ ਕਰਦੇ ਹਨ ਕਿ ਉਹ ਜਿਸ ਤੇ ਕਿਰਪਾ ਕਰਦਾ ਹੈ, ਉਸ ਦਾ ਨਾਮ ਜਪਦੇ ਹਨ। ਉਹ ਜਿਨ੍ਹਾਂ ਤੇ ਉਸ ਦੀ ਕਿਰਪਾ ਹੁੰਦੀ ਹੈ, ਮੁਕਤ ਹੋ ਜਾਂਦੇ ਹਨ। ਨੌ ਹਿੰਦਸੇ ਸਿਫਰ (ਜ਼ੀਰੋ) ਤੋਂ ਅਲੱਗ ਖੜ੍ਹੇ ਹਨ। ਜਦੋਂ ਜੀਰੋ ਹਿੰਦਸੇ ਨਾਲ ਮਿਲ ਜਾਂਦੀ ਹੈ ਤਾਂ ਉਸ ਅੰਕ (ਹਿੰਦਸੇ) ਦੀ ਕੀਮਤ ਦਸ ਗੁਣਾਂ ਹੋ ਜਾਂਦੀ ਹੈ। ਇਸ ਤਰ੍ਹਾਂ ਜ਼ੀਰੋਆਂ ਦੇ ਵਾਧੇ ਨਾਲ ਜਾਪ ਕਰਨ ਵਾਲਾ ਮਨੁੱਖ ਉਸ ਅੰਕ ਰਹਿਤ ਪਰਮਾਤਮਾ ਤੱਕ ਪਹੁੰਚ ਜਾਂਦਾ ਹੈ।

**ਅਖੰਡਤਾ ਪਰਮ - ਸਤਿ ਦੀ ਵਿਸ਼ੇਸ਼ਤਾ ਦੇ ਤੌਰ ਤੇ**

ਗੁਰੂ ਨਾਨਕ ਦੇਵ ਜੀ ਨੇ ਮੂਲ ਮੰਤ੍ਰ ਵਿਚ ਪਰਮਾਤਮਾ ਦਾ ਜੋ ਸੰਕਲਪ ਦਿੱਤਾ ਹੈ, ਉਸ ਤੋਂ ਅਸੀਂ ਕਹਿ ਸਕਦੇ ਹਾਂ ਕਿ ਪਰਮ ਸਤਿ ਹਰ ਤਰ੍ਹਾਂ ਦੀ ਵਿਰੋਧਾਤਵਾਂ ਤੋਂ ਪਾਰ ਹੈ। ਪਰਮ ਸਤਿ ਜਾਂ ਪਰਮਾਤਮਾ ਦੀ ਏਕਤਾ ਅਖੰਡਤਾ ਦੀ ਸੂਚਕ

ਹੈ। ਉਸ ਤੋਂ ਬਿਨ੍ਹਾਂ ''ਦੂਸਰਾ'' ਵਿਰੋਧਤਾ ਦਾ ਸੂਚਕ ਹੈ। ਜੋ ਵੀ ਹੋਂਦ ਹੈ ਉਸ ਦਾ ਪਰਗਟ ਰੂਪ ਹੈ ਜੋ ਅਸਲੀ ਅਤੇ ਰੂਹਾਨੀ ਹੈ, ਉਹ ਹੀ ਵਿਰੋਧ ਰਹਿਤ ਹੋ ਸਕਦਾ ਹੈ। ਅਸੀਂ ਦੇਖਿਆ ਹੈ ਕਿ ਸਰਬ ਵਿਆਪਕ ਹਸਤੀ ਨੂੰ ਕਿਸੇ ਰੂਪ ਦਾ ਤਦਰੂਪ ਨਹੀਂ ਕਿਹਾ ਜਾ ਸਕਦਾ। ਇਸ ਲਈ ਉਹ ਸਿਰਫ ਨਾਮ (ਭਾਵ ਆਤਮਾ, (Spirit) ਹੈ। ਉਹ ਕਰਤਾ ਹੈ ਅਤੇ ਹਰ ਪਰਗਟ ਚੀਜ਼ ਉਸ ਦੀ ਰਚਨਾ ਹੈ। ਉਸ ਦਾ ਵਰਣਨ ਪੁਰਖ (person) ਚੇਤੰਨ ਹਸਤੀ ਵੱਜੋਂ ਕੀਤਾ ਹੈ, ਉਹ ਚਲਾਉਣ ਵਾਲਾ, ਆਪਣੀ ਰਚਨਾ ਦਾ ਆਨੰਦ ਮਾਣਨ ਵਾਲਾ ਹੈ। ਪਰਮ ਸਤਿ ਨਿਰਭਉ ਹੈ। ਜਿਸ ਦੇ ਅਰਥ ਹੈ ਕਿ ਉਸ ਤੇ ਕੋਈ ਅਨੁਸ਼ਾਸਨ ਲਦਿਆ ਨਹੀਂ ਜਾ ਸਕਦਾ। ਉਹ ਨਿਰਵੈਰ ਹੈ ਜਿਸ ਦਾ ਅਰਥ ਹੈ ਕਿ ਉਹ ਇਕ ਸੁਰ ਹੈ। ਉਹ ਅਕਾਲ ਹੈ ਜਿਸ ਦਾ ਅਰਥ ਹੈ ਉਹ ਸਮੇਂ ਤੋਂ ਉੱਤੇ ਹੈ। ਸਮੇਂ ਦੀਆਂ ਸੀਮਾਵਾਂ ਉਸ ਤੇ ਲਾਗੂ ਨਹੀਂ ਹੁੰਦੀਆਂ। ਮੂਰਤ ਦਾ ਭਾਵ ਹੈ ਹੱਦ-ਬੰਦੀਆਂ, ਰੂਪ, ਇਸ ਦਾ ਅਰਥ ਹੈ ਕਿ ਉਹ ਆਪਣੀ ਰਚਨਾ ਵਿਚ ਵਿਆਪਕ ਹੈ। ਪਰ ਉਹ ਅਜੂਨੀ ਹੈ। ਇਸ ਦਾ ਭਾਵ ਹੈ ਕਿ ਜਨਮ ਅਤੇ ਮਰਨ ਤੋਂ ਉੱਤੇ ਹੈ ਅਤੇ ਜੂਨਾਂ ਦੇ ਚੱਕਰ ਵਿਚ ਨਹੀਂ ਆਉਂਦਾ। ਉਹ ਸੈਭੰ ਹੈ, ਆਪਣੇ ਆਪ ਤੋਂ ਹੈ। ਸੈਭੰ ਦਾ ਭਾਵ ਹੈ ਕਿ ਉਸ ਨੂੰ ਆਪਣੀ ਹੋਂਦ ਲਈ ਕਿਸੇ ਹੋਰ ਆਸਰੇ ਦੀ ਲੋੜ ਨਹੀਂ ਹੈ। ਸਤਿਗੁਰ ਪ੍ਰਸਾਦਿ ਤੋਂ ਭਾਵ ਹੈ ਕਿ ਉਸ ਦਾ ਅਖੰਡ ਗਿਆਨ ਜੋ ਉਸ ਨਾਲ ਇੱਕ ਸੁਰਤਾ ਬਣਾਉਂਦਾ ਹੈ, ਗੁਰੂ ਦੀ ਕਿਰਪਾ ਰਾਹੀਂ ਪ੍ਰਾਪਤ ਹੁੰਦਾ ਹੈ।

ਇਸ ਲਈ ਮੂਲ ਮੰਤ੍ਰ ਵਿਚ ਦਿੱਤਾ ਪਰਮਾਤਮਾ ਦਾ ਸੰਕਲਪ ਅਖੰਡ ਹੈ। ਸਪਸ਼ਟ ਹੋ ਜਾਂਦਾ ਹੈ ਉਹ ਸੈਭੰ, ਸਵੈ-ਰੂਪ ਅਤੇ ਸਵੈ ਸਿੱਧ ਹੈ ਉਸ ਉੱਤੇ ਕੋਈ ਬਦਲਾਅ ਜਾਂ ਵਿਰੋਧਤਾ ਲਾਗੂ ਨਹੀਂ ਹੁੰਦੀ ਹੈ। ਮੂਲ ਮੰਤ੍ਰ ਵਿਚ ਗੁਰੂ ਨਾਨਕ ਦੇਵ ਜੀ ਨੇ ਅਕਾਲ ਪੁਰਖ ਦਾ ਜੋ ਸੰਕਲਪ ਦਿੱਤਾ ਹੈ ਉਸ ਦਾ ਵਰਣਨ ਦੂਸਰੇ ਗੁਰੂ ਸਾਹਿਬਾਨਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਕੀਤਾ ਹੈ। ਇਸ ਤੋਂ ਇਹ ਵੀ ਪਤਾ ਲਗਦਾ ਹੈ ਕਿ ਗੁਰੂਆਂ ਨੇ ਪਰਮਾਤਮਾ ਦੇ ਜੋ ਗੁਣ ਦਰਸਾਏ ਹਨ ਉਹ ਸਿੱਖ ਚਿੰਤਨ ਦੀ ਸੁਤੰਤਰਤਾ ਨੂੰ ਸਥਾਪਤ ਕਰਦੇ ਹਨ। ਗੁਰੂਆਂ ਨੇ ਇਨ੍ਹਾਂ ਗੁਣਾਂ ਦੀ ਜੋ ਵਿਆਖਿਆ ਕੀਤੀ ਹੈ ਉਨ੍ਹਾਂ ਦੀ ਸਥਾਪਨਾ ਸ਼ੰਕਰ ਦੇ ਨਿਰਗੁਣ ਬ੍ਰਹਮਣ ਅਤੇ ਰਾਮਾਨੁਜ ਦੇ ਸਰਗੁਣ ਬ੍ਰਹਮ ਤੋਂ ਸੁਤੰਤਰ ਹੈ।

### ਅਭਿਆਸ ਲਈ ਪ੍ਰਸ਼ਨ

ਪ੍ਰਸ਼ਨ 1 : ਮੂਲ ਮੰਤ੍ਰ ਅਨੁਸਾਰ ਪਰਮਾਤਮਾ ਦੇ ਕੀ ਗੁਣ ਹਨ ? ਬਿਆਨ ਕਰੋ।

ਪ੍ਰਸ਼ਨ 2 : ਮੰਤ੍ਰ ਵਿਚ ਦਿੱਤੇ ਗੁਣਾਂ ਤੋਂ ਇਹ ਕਿਵੇਂ ਸਥਾਪਤ ਹੁੰਦਾ ਹੈ ਕਿ ਪਰਮ ਸਤਿ ਵਿਰੋਧਤਾਵਾਂ ਤੋਂ ਰਹਿਤ ਹੈ।

ਪਾਠ ਨੰਬਰ : 2.2 ਲੇਖਕ : ਡਾ. ਗੁਰਨਾਮ ਕੌਰ

## 1. ਗਿਆਨ : ਸੋਮੇ ਅਤੇ ਕਿਸਮਾਂ

## (Knowledge : Sources and kinds of Knowledge)

ਸਾਰੇ ਧਰਮ-ਦਰਸ਼ਨਾਂ ਵਿਚ ਗਿਆਨ ਦਾ ਸੁਭਾਅ, ਗਿਆਨ ਦਾ ਪ੍ਰਮਾਣ ਜਾਂ ਸਾਧਨ ਅਤੇ ਗਿਆਨ ਦਾ ਸਿਧਾਂਤ ਬਹੁਤ ਮਹੱਤਵ ਰੱਖਦੇ ਹਨ। ਸਿੱਖ ਧਰਮ ਵਿੱਚ ਮਨੁੱਖੀ ਜੀਵਨ ਦਾ ਮਨੋਰਥ ਆਪਣੇ ਅਸਲੇ ਦੀ, ਆਪੇ ਦੀ ਪਛਾਣ, ਆਪਣੇ ਮੂਲ ਦਾ ਅਨੁਭਵ ਕਰਨਾ, ਉਸ ਦੀ ਪਛਾਣ ਕਰਨਾ ਮੰਨਿਆ ਗਿਆ ਹੈ, "ਮਨ ਤੂੰ ਜੋਤਿ ਸਰੂਪ ਹੈ''। ਆਪਣੇ ਇਸ ਸ੍ਰੋਤ ਦੀ ਪਛਾਣ, ਆਪਣੇ ਆਪ ਦੇ ਮੂਲ ਦਾ ਅਨੁਭਵ, ਗਿਆਨ ਰਾਹੀਂ ਸੰਭਵ ਮੰਨਿਆ ਹੈ। ਇਸ ਜੋਤਿ ਨੂੰ, ਮੂਲ ਨੂੰ ਹੀ ਪਰਮ-ਸਤਿ ਦਾ ਅੰਸ਼ ਮੰਨਿਆ ਗਿਆ ਹੈ। ਸਿੱਖ ਧਰਮ ਦਰਸ਼ਨ ਵਿੱਚ ਪਰਮ-ਸਤਿ ਨੂੰ ਖੋਜਣ ਲਈ ਪ੍ਰੇਰਤ ਕੀਤਾ ਗਿਆ ਹੈ ਅਤੇ ਸਤਿ ਦੇ ਜਗਿਆਸੂ ਨੂੰ ਖੋਜੀ ਕਿਹਾ ਹੈ। ਇਸ ਪ੍ਰੇਰਣਾ ਅਨੁਸਾਰ ਮਨੁੱਖੀ ਜੀਵਨ ਦਾ ਇਕੋ ਇਕ ਉਦੇਸ਼ ਆਸ਼ਾ ਉੱਚਤਮ ਸਤਿ ਦੀ ਪ੍ਰਾਪਤੀ ਅਤੇ ਉਸ ਉੱਚਤਮ ਸਤਿ ਨਾਲ ਇਕ-ਸੁਰ ਹੋ ਕੇ ਜਿਉਣਾ ਹੈ। ਇਸੇ ਲਈ ਸਿੱਖ ਧਰਮ-ਦਰਸ਼ਨ ਵਿੱਚ ਮਨੁੱਖਾ ਜਨਮ ਨੂੰ ਪਰਮ-ਸਤਿ ਨਾਲ ਇਕ-ਸੁਰ ਹੋਣ ਦਾ, ਗੋਬਿੰਦ ਮਿਲਣ ਦਾ ਇਕ ਅਵਸਰ ਮੰਨਿਆ ਗਿਆ ਹੈ, "ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ।" ਸਿੱਖ ਧਰਮ-ਦਰਸ਼ਨ ਅਨੁਸਾਰ ਗਿਆਨ ਦੀ ਪ੍ਰਾਪਤੀ ਦੇ ਮੁੱਖ ਸਾਧਨ ਜਾਂ ਪਰਿਮਾਣ ਕੀ ਹਨ ਅਤੇ ਗਿਆਨ ਦੀ ਕਸੌਟੀ ਕੀ ਹੈ, ਇਸ ਬਾਰੇ ਜਾਨਣ ਤੋਂ ਪਹਿਲਾਂ ਅਸੀਂ ਇਹ ਵਿਚਾਰਾਂਗੇ ਕਿ ਸਿੱਖ ਧਰਮ-ਦਰਸ਼ਨ ਅਨੁਸਾਰ ਗਿਆਨ ਕੀ ਹੈ ਜਾਂ ਗਿਆਨ ਦਾ ਸੁਭਾਅ ਕੀ ਹੈ?

"ਗਿਆਨ" ਸੰਸਕ੍ਰਿਤ ਸ਼ਬਦ "ਜਨਾਨ" (Jñāna) ਦਾ ਪੰਜਾਬੀ ਰੂਪ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਸ਼ਬਦ ਦਾ ਰੂਪ "ਗਿਆਨ" ਹੀ ਵਰਤਿਆ ਗਿਆ ਹੈ। "ਜਨਾਨ" ਸ਼ਬਦ ਸੰਗਿਆ ਹੈ ਅਤੇ ਇਸ ਦਾ ਧਾਤੂ "ਵਿਦ" ਹੈ ਅਤੇ "ਵਿਦ" ਮੂਲ ਰੂਪ ਵਿਚ "ਵਿਦਿਤ" ਦਾ ਤਦਰੂਪ ਹੈ। "ਵਿਦ" ਦਾ ਅਰਥ ਹੈ ਲੱਖਣਾ, ਪਾਉਣਾ, ਪਤਾ ਲਗਾਣਾ, ਪ੍ਰਾਪਤ ਕਰਨਾ। ਸ਼ਬਦ "ਜਨਾਨ" ਦਾ ਅਰਥ ਹੈ ਜਾਣਨਾ, ਕਿਸੇ ਚੀਜ਼ ਨਾਲ ਵਾਕਫੀਅਤ ਹੋਣੀ, ਜਾਣਕਾਰੀ ਹੋਣੀ, ਖਾਸ ਕਰਕੇ ਉੱਚ ਪੱਧਰ ਦਾ ਗਿਆਨ ਜੋ ਪਰਮ-ਆਤਮਾ ਦਾ ਧਿਆਨ ਧਰਨ ਨਾਲ ਪ੍ਰਾਪਤ ਹੁੰਦਾ ਹੈ, ਇਹ ਚੇਤੰਨਤਾ ਦਾ ਇਕ ਪੱਧਰ ਹੈ, ਜਾਣਨ ਦੀ ਅਵਸਥਾ ਹੈ। ਅੰਗਰੇਜ਼ੀ ਵਿਚ ਗਿਆਨ ਦਾ ਸਮਾਨ-ਅੰਤਰ ਸ਼ਬਦ "Knowledge" ਹੈ ਜਿਸਦੀ ਪਰਿਭਾਸ਼ਾ ਕਈ ਤਰ੍ਹਾਂ ਨਾਲ ਕੀਤੀ ਗਈ ਹੈ। ਫਿਲਾਸਫੀ ਦੀ ਡਿਕਸ਼ਨਰੀ ਅਨੁਸਾਰ ਗਿਆਨ ਦਾ ਅਰਥ, "ਰਿਸ਼ਤਿਆਂ ਦੀ ਜਾਣਕਾਰੀ ਅਤੇ ਸਤਿ ਦੀ ਸਮਝ ਹੈ"। ਜਾਣਨ ਦਾ ਅਰਥ ਹੈ ਕਿਸੇ ਚੀਜ਼ ਦੀ ਚੇਤੰਨਤਾ ਹੋਣੀ। ਗਿਆਨ ਦਾ ਅਰਥ ਹੈ ਚੇਤਨਤਾ।

ਸਵਾਮੀ ਸਤਿਪ੍ਰਕਾਸ਼ਨੰਦ ਅਨੁਸਾਰ "ਅਦਵੈਦ ਵੇਦਾਂਤ ਅਨੁਸਾਰ ਗਿਆਨ ਸਵੈ-ਪ੍ਰਕਾਸ਼ ਹੈ। ਗਿਆਨ ਨੂੰ ਜਾਣਨ ਵਾਸਤੇ ਕਿਸੇ ਹੋਰ ਗਿਆਨ ਦੀ ਲੋੜ ਨਹੀਂ। ਗਿਆਨ ਨਾ ਆਪਣੇ ਆਪ ਨੂੰ ਮਹਿਸੂਸ ਕਰਦਾ ਹੈ, ਨਾ ਕਿਸੇ ਹੋਰ ਗਿਆਨ ਰਾਹੀਂ ਮਹਿਸੂਸ ਕੀਤਾ ਜਾਂਦਾ ਹੈ। ਸੂਰਜ ਦੇ ਪ੍ਰਕਾਸ਼ ਦੀ ਤਰ੍ਹਾਂ ਇਹ ਆਪਣੇ ਆਪ ਨੂੰ ਪ੍ਰਕਾਸ਼ਮਾਨ ਕਰ ਰਿਹਾ ਹੁੰਦਾ ਹੈ।" ਇਸ ਤਰ੍ਹਾਂ ਅਦਵੈਤ ਵੇਦਾਂਤ ਅਨੁਸਾਰ ਗਿਆਨ ਸਵੈ-ਪ੍ਰਕਾਸ਼ ਹੈ ਅਤੇ ਇਸ ਕਰਕੇ ਇਹ ਸਵੈ-ਸਿਧ ਵੀ ਹੈ। ਸਿੱਖ ਧਰਮ-ਚਿੰਤਨ ਵਿਚ ਗਿਆਨ ਨੂੰ ਪ੍ਰਕਾਸ਼ ਮੰਨਿਆ ਹੈ ਅਤੇ ਅਗਿਆਨ ਨੂੰ ਅੰਧੇਰਾ। ਜਿਥੇ ਗਿਆਨ ਦਾ ਪ੍ਰਕਾਸ਼ ਹੈ, ਉਥੇ ਅਗਿਆਨ ਰੂਪ ਅੰਧੇਰਾ ਖ਼ਤਮ ਹੋ ਜਾਂਦਾ ਹੈ।

## 2. ਗਿਆਨ ਦੀਆਂ ਕਿਸਮਾਂ

ਸਿੱਖ ਧਰਮ-ਦਰਸ਼ਨ ਅਨੁਸਾਰ ਗਿਆਨ ਤਿੰਨ ਤਰ੍ਹਾਂ ਦਾ ਮੰਨਿਆ ਗਿਆ ਹੈ। ਇਹ ਤਿੰਨ ਤਰ੍ਹਾਂ ਦਾ ਗਿਆਨ ਹੈ ਪ੍ਰਤੱਖ ਰਾਹੀਂ ਪੈਦਾ ਹੋਇਆ ਗਿਆਨ (Perceptual knowledge), ਵਿਚਾਰ ਜਾਂ ਯੁਕਤੀ ਰਾਹੀਂ ਪੈਦਾ ਹੋਇਆ ਗਿਆਨ (Inferential knowledge) ਅਤੇ ਅਨੁਭਵ ਰਾਹੀਂ ਪੈਦਾ ਹੋਇਆ ਗਿਆਨ (Intuitional knowledge)। ਪਹਿਲੀ ਤਰ੍ਹਾਂ ਦਾ ਗਿਆਨ ਉਹ ਗਿਆਨ ਹੈ, ਜਿਸ ਨੂੰ ਅਸੀਂ ਆਪਣੇ ਗਿਆਨ ਇੰਦ੍ਰਿਆਂ ਰਾਹੀਂ ਪ੍ਰਾਪਤ ਕਰਦੇ ਹਾਂ। ਇਹ ਗਿਆਨ ਇੰਦ੍ਰਿਆਂ ਦੇ ਵਸਤਾਂ ਨਾਲ ਸਿਧੇ ਸੰਪਰਕ ਤੋਂ ਪੈਦਾ ਹੁੰਦਾ ਹੈ। ਇਸ ਲਈ ਇਸ ਨੂੰ ਪ੍ਰਤੱਖ ਗਿਆਨ ਵੀ ਕਹਿੰਦੇ ਹਨ। ਇਸ ਲਈ ਯੁਕਤੀ ਦੀ ਗੈਰ-ਹਾਜ਼ਰੀ ਹੁੰਦੀ ਹੈ ਇਸੇ ਲਈ ਇਸ ਨੂੰ ਅਨੁਮਾਨ-ਰਹਿਤ ਗਿਆਨ (Non-Inferential knowledge) ਵੀ ਕਹਿੰਦੇ ਹਨ। ਦੂਸਰੀ ਕਿਸਮ ਦਾ ਗਿਆਨ ਅਨੁਮਾਨ ਗਿਆਨ ਜਾਂ ਵਿਚਾਰਵਾਦੀ ਗਿਆਨ (Inferential or Rational knowledge) ਹੈ। ਇਹ ਗਿਆਨ ਵਿਚਾਰ ਰਾਹੀਂ ਪ੍ਰਾਪਤ ਕੀਤਾ ਜਾਂਦਾ ਹੈ। ਇਸ ਵਿਚ ਆਗਮਨ (Inductive) ਅਤੇ ਨਿਗਮਨ (Deductive Reasoning) ਦੀ ਵਰਤੋਂ ਕੀਤੀ ਜਾਂਦੀ ਹੈ। ਤੀਸਰੀ ਕਿਸਮ ਦਾ ਗਿਆਨ ਆਪਣੇ ਆਤਮਕ ਅਨੁਭਵ ਰਾਹੀਂ ਪ੍ਰਾਪਤ ਕੀਤਾ ਜਾਂਦਾ ਹੈ। ਇਸ ਪ੍ਰਾਪਤੀ ਵਿਚ ਧਿਆਨ ਦੀ ਲੋੜ ਪੈਂਦੀ ਹੈ। ਇਸ ਲਈ ਇਸ ਨੂੰ ਅਨੁਭਵੀ ਗਿਆਨ (Institutional knowledge) ਕਿਹਾ ਗਿਆ

ਹੈ। ਹੁਣ ਇਨ੍ਹਾਂ ਬਾਰੇ ਵਿਸਥਾਰ ਵਿੱਚ ਚਰਚਾ ਕੀਤੀ ਜਾਵੇਗੀ।

1. **ਪ੍ਰਤੱਖ ਗਿਆਨ (Perceptual or Empirical Knowledge)** :

ਸਿੱਖ ਧਰਮ ਅਨੁਸਾਰ ਪ੍ਰਤੱਖ ਗਿਆਨ, ਗਿਆਨ ਦਾ ਪਹਿਲਾ ਪੜਾਅ ਹੈ ਜਾਂ ਗਿਆਨ ਦੀ ਪਹਿਲੀ ਪਉੜੀ ਹੈ। ਕਈ ਵਿਚਾਰਵਾਦੀ (Rationalists) ਜਾਂ ਅਨੁਭਵੀ ਗਿਆਨੀ (Intuitionalists) ਇਸ ਨੂੰ ਘਟੀਆ ਕਿਸਮ ਦਾ ਗਿਆਨ ਮੰਨਦੇ ਹਨ। ਸਿੱਖ ਧਰਮ-ਦਰਸ਼ਨ ਅਨੁਸਾਰ ਇਸ ਤਰ੍ਹਾਂ ਦੀ ਵੰਡ ਨੂੰ ਪ੍ਰਵਾਨ ਨਹੀਂ ਕੀਤਾ ਜਾਂਦਾ। ਇਸੇ ਲਈ ਇਥੇ ਗਿਆਨ ਦੀਆਂ ਵੱਖ-ਵੱਖ ਕਿਸਮਾਂ ਦੀ ਥਾਂ, ਇਸ ਨੂੰ ਗਿਆਨ ਦੇ ਵੱਖ-ਵੱਖ ਪੜਾਅ (Stages) ਕਿਹਾ ਗਿਆ ਹੈ। ਹੇਠਲੇ ਪੱਧਰ ਤੋਂ ਸ਼ੁਰੂ ਕਰਕੇ ਹੀ ਮਨੁੱਖ ਵੱਖ-ਵੱਖ ਪੜਾਵਾਂ ਨੂੰ ਤੈਅ ਕਰਦਾ ਹੋਇਆ ਆਖਰੀ ਪੜਾਅ ਤੇ ਪਹੁੰਚਦਾ ਹੈ। ਆਖਰੀ ਪੜਾਅ ਨੂੰ ਅਨੁਭਵੀ ਗਿਆਨ ਕਿਹਾ ਗਿਆ ਹੈ। ਗਿਆਨ ਦੇ ਇਹਨਾਂ ਪੜਾਵਾਂ ਦਾ ਜ਼ਿਕਰ ਜਪੁਜੀ ਸਾਹਿਬ ਵਿਚ ਸੁਣਿਐ, ਮੰਨੇ ਅਤੇ ਧਿਆਨ ਦੀ ਪਉੜੀਆਂ ਵਿੱਚ ਬਹੁਤ ਵਿਸਥਾਰ ਨਾਲ ਪ੍ਰਸਤੁਤ ਕੀਤਾ ਗਿਆ ਹੈ। ਇਹ ਪਉੜੀਆਂ ਪ੍ਰਤੱਖ, ਵਿਚਾਰ ਅਤੇ ਅਨੁਭਵ ਰਾਹੀਂ ਗਿਆਨ ਪ੍ਰਾਪਤੀ ਨਾਲ ਸੰਬੰਧਿਤ ਹਨ। ਜਪੁਜੀ ਸਾਹਿਬ ਵਿਚ 'ਗਿਆਨ' ਸ਼ਬਦ ਦਾ ਜੋ ਪਹਿਲਾ ਸੰਕੇਤ ਮਿਲਦਾ ਹੈ, ਉਹ ਪ੍ਰਤੱਖ ਅਤੇ ਵਿਚਾਰ ਦੋਹਾਂ ਨਾਲ ਸੰਬੰਧਿਤ ਹੈ। ਅੱਗੇ ਕਿਹਾ ਹੈ ਕਿ ਪਰਮ ਸਤਿ ਦੇ ਗੁਣਾਂ ਤੇ ਵਿਚਾਰ ਰਾਹੀਂ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਇਹ ਵਿਚਾਰ ਰਾਹੀਂ ਪ੍ਰਾਪਤ ਹੋਇਆ ਗਿਆਨ ਹੈ ਅਤੇ ਫਿਰ ਨਾਲ ਹੀ ਕਿਹਾ ਹੈ ਕਿ ਵਿਚਾਰ ਰਾਹੀਂ ਪ੍ਰਾਪਤ ਕੀਤਾ ਗਿਆਨ ਮਨੁੱਖ ਨੂੰ ਪਰਮ-ਸਤਿ ਨਾਲ ਜੋੜਦਾ ਹੈ। ਪ੍ਰਤੱਖ ਗਿਆਨ (Perceptual knowledge) ਮਹੱਤਵਪੂਰਨ ਹੈ ਕਿਉਂਕਿ ਮਨੁੱਖ ਵਾਸਤੇ ਗਿਆਨ ਨੂੰ ਜਾਣਨ ਦਾ ਇਹ ਪਹਿਲਾ ਕਦਮ ਹੈ ਅਤੇ ਇਸ ਨੂੰ ਗਿਆਨ ਖੰਡ ਕਿਹਾ ਹੈ। ਇਸ ਖੰਡ ਵਿੱਚ ਖੋਜੀ (Seeker) ਭੌਤਿਕ ਬਣਤਰ ਦੀ ਵਿਸ਼ਾਲ ਜਾਣਕਾਰੀ ਪ੍ਰਾਪਤ ਕਰਦਾ ਹੈ ਜਿਵੇਂ ਹਵਾ, ਪਾਣੀ, ਅੱਗ ਅਤੇ ਗਰਮੀ ਆਦਿ ਬਾਰੇ। ਇਹ ਬ੍ਰਹਿਮੰਡ ਦੇ ਵੱਖ-ਵੱਖ ਤੱਤਾਂ ਬਾਰੇ ਜਾਣਨਾ ਹੈ। ਇਸ ਹਾਲਤ ਵਿੱਚ ਵੱਖ-ਵੱਖ ਘਟਨਾਵਾਂ ਬਾਰੇ ਇਨ੍ਹਾਂ ਦੇ ਕਾਰਜ, ਪਦਾਰਥਾਂ, ਰਿਸ਼ਤਿਆਂ, ਜਨਮ ਮਰਨ ਦੇ ਅਮਲ ਅਤੇ ਬ੍ਰਹਿਮੰਡੀ ਸਰੀਰਾਂ ਬਾਰੇ ਪਤਾ ਲੱਗਦਾ ਹੈ। ਇਸ ਤਰ੍ਹਾਂ ਸੂਰਜ, ਬ੍ਰਹਿਮੰਡ, ਪਿੰਡ, ਗ੍ਰਹਿ, ਸਿਤਾਰਿਆਂ ਅਤੇ ਚੰਦਰਮਾ ਆਦਿ ਬਾਰੇ ਗਿਆਨ ਮਿਲਦਾ ਹੈ। ਇਹ ਪ੍ਰਤੱਖ ਗਿਆਨ ਦਾ ਇਕ ਪਹਿਲੂ ਹੈ ਜੋ ਭੂਗੋਲਿਕ ਪਰਤਾਂ ਨਾਲ ਸੰਬੰਧਿਤ ਹੈ, ਜਿਸ ਵਿੱਚ ਕੁਦਰਤ ਦੀ ਪੈਦਾਵਾਰ (ਉਤਪਤੀ) ਅਤੇ ਖਾਤਮੇ (ਵਿਨਾਸ) ਦੀ ਜਾਣਕਾਰੀ ਮਿਲਦੀ ਹੈ। ਪ੍ਰਤੱਖ ਗਿਆਨ ਦਾ ਦੂਸਰਾ ਪਹਿਲੂ ਇਸੇ ਖੰਡ ਵਿੱਚ ਦਰਸਾਇਆ ਹੈ ਜਿਸ ਵਿੱਚ ਸਮਾਜ, ਸਮਾਜਿਕ ਰਿਸ਼ਤਿਆਂ ਦੇ ਨਿਯਮ, ਲੋਕਾਂ ਦੇ ਵੱਖ-ਵੱਖ ਧਾਰਮਿਕ ਅਮਲਾਂ, ਉਨ੍ਹਾਂ ਦੇ ਮਿਲਾਪ ਦੇ ਚਿਨ੍ਹਾਂ ਬਾਰੇ ਪਤਾ ਲਗਦਾ ਹੈ। ਪ੍ਰਤੱਖ ਗਿਆਨ ਦਾ ਤੀਸਰਾ ਪਹਿਲੂ ਲੋਕਾਂ ਦੀਆਂ ਵੱਖ-ਵੱਖ ਸੰਸਕ੍ਰਿਤਕ ਰਵਾਇਤਾਂ, ਲੋਕਾਂ ਦੇ ਸਾਹਿਤਕ ਅਤੇ ਇਤਿਹਾਸਕ ਪਹਿਲੂਆਂ, ਸਿਆਣਪ ਅਤੇ ਸਿੱਖਿਆ ਦੇ ਖੇਤਰ ਵਿਚ ਉਨ੍ਹਾਂ ਦੀਆਂ ਪ੍ਰਾਪਤੀਆਂ ਅਤੇ ਘਾਲਣਾ ਨਾਲ ਸੰਬੰਧਿਤ ਹੈ। ਇਸ ਤਰ੍ਹਾਂ ਪ੍ਰਤੱਖ ਗਿਆਨ ਦਾ ਖੇਤਰ ਬਹੁਤ ਵਿਸ਼ਾਲ ਹੈ। ਇਹ ਖੋਜੀ ਦੀ ਚੇਤੰਨਤਾ ਨੂੰ ਦੂਰ ਦਿਸ਼ਾਵਾਂ ਤੱਕ ਫੈਲਾਉਂਦਾ ਹੈ। ਖੋਜੀ ਜਾਂ ਜਗਿਆਸੂ ਵਾਸਤੇ ਗਿਆਨ ਸਾਹਿਤ ਦੇ ਇਸ ਖੇਤਰ ਜਾਂ ਪੜਾਅ ਨੂੰ ਤੈਅ ਕਰਨਾ ਲਾਜ਼ਮੀ ਹੈ। ਇਸ ਤਰ੍ਹਾਂ ਪਰਮ-ਸਤਿ ਦੇ ਗਿਆਨ ਦੀ ਪ੍ਰਾਪਤੀ ਲਈ ਪ੍ਰਤੱਖ ਗਿਆਨ (Perceptual Knowledge) ਦਾ ਅਮਲੀ ਗਿਆਨ (Empirical Knowledge) ਜ਼ਰੂਰੀ ਕਦਮ ਹੈ।

ਸੋਹਣ ਸਿੰਘ ਨੇ ਇਸ ਨੂੰ ਗਿਆਨ ਖੰਡ ਦਾ ਹਿੱਸਾ ਕਿਹਾ ਹੈ ਅਤੇ ਕਿਹਾ ਹੈ, "ਆਪਣੇ ਜੀਵਨ ਵਿੱਚ ਉਸ ਦੀ ਮਿਹਰ ਪ੍ਰਾਪਤ ਕਰਨ ਦੀ ਪਹਿਲੀ ਸ਼ਰਤ ਇਹ ਹੈ ਕਿ ਮਨੁੱਖ ਆਪਣੀ ਚੇਤੰਨਤਾ (Consciousness) ਨੂੰ ਖੋਲ੍ਹੇ ਤਾਂ ਕਿ ਇਹ ਬ੍ਰਹਿਮੰਡ ਵਿੱਚ ਅਣਗਿਣਤ ਰਚੇ ਰੂਪਾਂ ਅਤੇ ਆਕਾਰਾਂ ਦਾ ਗਿਆਨ ਪ੍ਰਾਪਤ ਕਰ ਸਕੇ ਅਤੇ ਉਨ੍ਹਾਂ ਤੇ ਵਿਚਾਰ ਕਰ ਸਕੇ"। ਇਹ ਜਪੁਜੀ ਸਾਹਿਬ ਵਿਚ "ਸੁਣਿਐ" ਦੀਆਂ ਪਉੜੀਆਂ ਵਿੱਚ ਅੱਠ ਤੋਂ ਗਿਆਰਾਂ ਦੇ ਸੰਦਰਭ ਵਿਚ ਕਿਹਾ ਗਿਆ ਹੈ। "ਸੁਣਿਐ" ਦੀਆਂ ਪਉੜੀਆਂ, ਵਿੱਚ ਪਹਿਲੀ ਪਉੜੀ ਵਿੱਚ ਦੱਸਿਆ ਹੈ ਕਿ ਸਭ ਤੋਂ ਪਹਿਲਾਂ ਸਾਨੂੰ ਅਨੁਭਵੀ ਮਨੁੱਖ ਦੀ ਜ਼ਿੰਦਗੀ ਬਾਰੇ ਪਤਾ ਲਗਦਾ ਹੈ, "ਸੁਣਿਐ ਸਿਧ ਪੀਰ ਸੁਰ ਨਾਥ"। ਸੁਣਨ ਨਾਲ ਹੀ ਬ੍ਰਹਿਮੰਡ ਦੇ ਵੱਖ-ਵੱਖ ਹਿੱਸਿਆਂ ਜਿਵੇਂ ਧਰਤੀ, ਆਕਾਸ਼, ਇਸ ਦਾ ਸਹਾਰਾ, ਖੰਡ, ਪਾਤਾਲ ਆਦਿ ਦਾ ਗਿਆਨ ਪ੍ਰਾਪਤ ਹੁੰਦਾ ਹੈ। ਉਸ (ਅਕਾਲ ਪੁਰਖ) ਨੂੰ ਜਾਨਣ ਵੱਲ ਪਹਿਲਾ ਕਦਮ ਉਸ ਦੀ ਰਚਨਾ ਨੂੰ ਜਾਣਦਾ ਹੈ ਅਤੇ ਇਹ ਪ੍ਰਤੱਖ ਗਿਆਨ ਰਾਹੀਂ ਸੰਭਵ ਹੈ, ਜੋ ਗਿਆਨ ਦਾ ਪਹਿਲਾ ਪੜਾ ਹੈ। ਇਸੇ ਤਰ੍ਹਾਂ ਦੂਸਰੀ ਪਉੜੀ ਵਿਚ ਉਚੀ ਚੇਤੰਨਤਾ ਵਾਲੇ ਪ੍ਰਾਣੀਆਂ ਜਿਵੇਂ ਦੇਵਤੇ ਸ਼ਿਵ, ਇੰਦ੍ਰ, ਬ੍ਰਹਮਾ ਆਦਿ ਬਾਰੇ ਗਿਆਨ ਮਿਲਦਾ ਹੈ। ਧਾਰਮਿਕ ਅਨੁਭਵ ਦੀ ਚੇਤੰਨਤਾ ਦੇ ਸੰਗ੍ਰਹਿ ਜਿਵੇਂ ਵੇਦ, ਸ਼ਾਸਤਰ, ਸਿਮਰਤੀਆਂ ਆਦਿ ਦਾ ਗਿਆਨ ਮਿਲਦਾ ਹੈ। ਤੀਜੀ ਪਉੜੀ ਵਿੱਚ ਦੱਸਿਆ ਹੈ ਕਿ ਜਗਿਆਸੂ ਨੂੰ ਉਚੇ ਨੈਤਿਕ ਨਿਯਮਾਂ ਅਤੇ ਸੱਚ ਬਾਰੇ ਵੀ ਸੁਣਨ, ਜਾਣੀ ਕਿ ਪ੍ਰਤੱਖ ਗਿਆਨ ਰਾਹੀਂ ਹੀ ਪਤਾ ਲਗਦਾ ਹੈ। ਬੁਨਿਆਦੀ ਸਦਾਚਾਰਕ ਗੁਣਾਂ ਜਿਵੇਂ ਸਿਆਣਪ, ਸੰਤੋਖ, ਪਵਿੱਤਰਤ ਆਦਿ ਪੂਰਨ ਮਨੁੱਖ ਵਿੱਚ ਇਨ੍ਹਾਂ ਗੁਣਾਂ ਦਾ ਪੈਦਾ ਹੋਣਾ ਬਹੁਤ ਜ਼ਰੂਰੀ ਹੈ। ਇਥੇ ਮਨ ਅਤੇ ਦਿਮਾਗ ਉੱਚੀਆਂ ਕੀਮਤਾਂ ਵੱਲ ਉਤਾਂਹ ਚੜ੍ਹਦਾ ਹੈ ਜੋ ਅਖੀਰ ਵਿੱਚ ਸਾਰਿਆਂ ਦੇ ਸੋਮੇ ਵਾਹਿਗੁਰੂ ਦੇ ਗਿਆਨ ਵੱਲ ਲੈ ਜਾਂਦਾ ਹੈ, ਜਿਸ ਵਿਚ ਧਾਰਮਿਕ ਆਗੂ ਗਿਆਨ ਪ੍ਰਾਪਤ ਕਰਨ ਤੋਂ ਬਾਅਦ ਦੂਸਰਿਆਂ ਨੂੰ ਠੀਕ ਰਸਤੇ ਤੇ ਤੋਰਨ ਦੀ ਅਗਵਾਈ ਕਰਦੇ ਹਨ।

ਇਸ ਤਰ੍ਹਾਂ ਅਸੀਂ ਦੇਖਿਆ ਹੈ ਕਿ ਸਿੱਖ ਗਿਆਨ ਦਰਸ਼ਨ ਅਨੁਸਾਰ ਪ੍ਰਤੱਖ ਗਿਆਨ ਪਰਮ-ਸਤਿ ਦੀ ਪ੍ਰਾਪਤੀ ਵੱਲ ਇਕ

ਮਹੱਤਵਪੂਰਨ ਕਦਮ ਹੈ।

2. **ਵਿਚਾਰਵਾਦੀ ਗਿਆਨ (Rational Knowledge)** :

ਗਿਆਨ ਦੀ ਦੂਸਰੀ ਕਿਸਮ ਵਿਚਾਰਵਾਦੀ ਗਿਆਨ ਦੀ ਹੈ। ਜੋ ਗਿਆਨ ਅਸੀਂ ਯੁਕਤੀ ਜਾਂ ਵਿਚਾਰ ਰਾਹੀਂ ਪ੍ਰਾਪਤ ਕਰਦੇ ਹਾਂ ਉਹ ਸੰਵਾਰਿਆ ਹੋਇਆ ਗਿਆਨ ਹੁੰਦਾ ਹੈ, ਪਰ ਇਹ ਇੰਦ੍ਰਿਆਂ ਦੀ ਪਹੁੰਚ ਤੋਂ ਅੱਗੇ ਜਾਂਦਾ ਹੈ ਅਤੇ ਵਿਆਪਕ ਅਤੇ ਅਣਦੇਖੇ ਦੀ ਜਾਣਕਾਰੀ ਪ੍ਰਾਪਤ ਕਰਨ ਦੇ ਯੋਗ ਹੁੰਦਾ ਹੈ। ਅਦਵੈਤ ਵੇਦਾਂਤ ਅਤੇ ਦੂਸਰੇ ਵੈਦਿਕ ਦਰਸ਼ਨਾਂ ਵਿੱਚ ਇਸ ਨੂੰ ਅਨੁਮਾਨ-ਗਿਆਨ (Inferential Knowledge) ਜਾਂ ਸੰਬੰਧਕੀ ਗਿਆਨ (Rational Knowledge) ਵੀ ਕਿਹਾ ਗਿਆ ਹੈ। ਇਹ ਵੀ ਕਿਹਾ ਗਿਆ ਹੈ ਕਿ ਪ੍ਰਤੱਖ ਰਾਹੀਂ ਸਾਨੂੰ ਚੀਜ਼ਾਂ ਦਾ ਵਿਸ਼ੇਸ਼ ਵੇਰਵਾ ਪਤਾ ਲਗਦਾ ਹੈ ਅਤੇ ਅਨੁਮਾਨ ਰਾਹੀਂ ਉਨ੍ਹਾਂ ਦੇ ਸੁਭਾਅ ਜਾਂ ਸਮਾਨਯ ਗੁਣਾਂ ਦਾ ਪਤਾ ਲਗਦਾ ਹੈ। ਇਸ ਗਿਆਨ ਰਾਹੀਂ ਸਾਨੂੰ ਸੰਬੰਧਾਂ ਦਾ ਪਤਾ ਲਗਦਾ ਹੈ। ਅਨੁਮਾਨ ਗਿਆਨ ਦਾ ਵਰਣਨ ਗੁਰੂ ਨਾਨਕ ਦੇਵ ਜੀ ਨੇ "ਮੰਨੇ" ਦੀਆਂ ਪਉੜੀਆਂ ਵਿੱਚ ਬੜੇ ਖੂਬਸੂਰਤ ਢੰਗ ਨਾਲ ਕੀਤਾ ਹੈ। ਜੋ ਗਿਆਨ ਮਨੁੱਖ ਪ੍ਰਤੱਖ ਰਾਹੀਂ ਜਾਂ ਸੁਣਨ ਰਾਹੀਂ ਪ੍ਰਾਪਤ ਕਰਦਾ ਹੈ ਉਸ ਤੇ ਵਿਚਾਰ ਕਰਕੇ ਉਸ ਨੂੰ ਹੋਰ ਵਿਸ਼ਾਲ ਕਰਨਾ ਵੀ ਬਹੁਤ ਜ਼ਰੂਰੀ ਹੈ। ਗੁਰਮਤਿ ਦੇ ਸੰਦਰਭ ਵਿਚ ਸੁਣਨਾ 'ਸ਼ਬਦ' ਵੀ ਸੰਬੰਧਿਤ ਹੈ ਅਤੇ ਇਸ ਨੂੰ ਸਿਰਫ ਸੁਣਨਾ ਹੀ ਨਹੀਂ ਇਸ ਤੇ ਮਨਨ ਜਾਂ ਵਿਚਾਰ ਵੀ ਕਰਨਾ ਹੈ। ਸ਼ੁਰੂ ਵਿੱਚ ਹੀ ਗੁਰੂ ਨਾਨਕ ਜਗਿਆਸੂ ਨੂੰ ਸੁਚੇਤ ਕਰਦੇ ਹਨ ਕਿ ਵਿਚਾਰ ਦਾ ਅਸਲ ਬਹੁਤ ਔਖਾ ਹੈ, ਐਨਾ ਔਖਾ ਕਿ ਇਸ ਨੂੰ ਦੱਸਿਆ ਨਹੀਂ ਜਾ ਸਕਦਾ। ਜਿਹੜਾ ਮਨੁੱਖ ਜਿਸ ਤਰ੍ਹਾਂ ਦਾ ਦਾਅਵਾ ਕਰਦਾ ਹੈ ਉਸ ਨੂੰ ਪਿਛੋਂ ਸਮਝ ਪੈਂਦੀ ਹੈ ਕਿ ਇਹ ਦਾਅਵਾ ਗਲਤ ਸੀ। ਇਹ ਅਹਿਸਾਸ ਇਸ ਤੱਥ ਵਿਚੋਂ ਨਿਕਲਦਾ ਹੈ ਕਿ ਵਿਚਾਰ ਦੀਆਂ ਸੰਭਾਵਨਾਵਾਂ ਬਹੁਤ ਵਿਸ਼ਾਲ ਅਤੇ ਅਸੀਮ ਹਨ। "ਮੰਨੇ" ਦੀਆਂ ਪਉੜੀਆਂ ਵਿੱਚ ਦੱਸਿਆ ਹੈ ਕਿ ਵਿਚਾਰ (Reflection) ਰਾਹੀਂ ਮਨੁੱਖ ਦੀ ਚੇਤੰਨਤਾ ਅਤੇ ਬੁੱਧੀ ਘੜੀ ਜਾਂਦੀ ਹੈ ਅਤੇ ਤਿੱਖੀ ਹੁੰਦੀ ਹੈ। ਜਗਿਆਸੂ ਨੂੰ ਪਰਮ-ਸਤਿ ਦੇ ਅਸਲੀ ਸੁਭਾਅ ਦਾ ਅਨੁਭਵ ਹੁੰਦਾ ਹੈ ਅਤੇ ਉਹ ਗਲਤ ਅਤੇ ਠੀਕ ਵਿੱਚ ਫ਼ਰਕ ਕਰ ਸਕਣ ਦੇ ਯੋਗ ਹੁੰਦਾ ਹੈ। ਜਗਿਆਸੂ ਦੇ ਰਾਸਤੇ ਤੋਂ ਸਾਰੀਆਂ ਔਕੜਾਂ ਦੂਰ ਹੋ ਜਾਂਦੀਆਂ ਹਨ। ਵਿਚਾਰ ਦੇ ਧਾਰਨੀ ਮਨੁੱਖ ਨੂੰ ਮਾਣ ਅਤੇ ਵਿਲੱਖਣਤਾ ਮਿਲਦੀ ਹੈ। ਉਹ ਵਿੰਗ-ਵਲਾਂ ਤੋਂ ਆਜ਼ਾਦ ਸਿੱਧੇ ਰਸਤੇ ਤੇ ਚਲਦਾ ਹੈ। ਸਿੱਖ ਧਰਮ ਅਨੁਸਾਰ ਅਜਿਹਾ ਮਨੁੱਖ ਸਮਾਜ ਤੋਂ ਕਿਨਾਰਾ ਨਹੀਂ ਕਰਦਾ ਸਗੋਂ ਆਪਣੇ ਨੈਤਿਕ ਫਰਜ਼ਾਂ ਨੂੰ ਨਿਭਾਉਂਦਾ ਹੈ। ਗਿਆਨ ਦੇ ਇਸ ਪੱਧਰ ਤੇ ਜਗਿਆਸੂ ਨੂੰ ਮਨੁੱਖ ਜੀਵਨ ਦੇ ਅੰਤਮ ਲਕਸ਼ ਮੁਕਤੀ ਦੀ ਸਮਝ ਆ ਜਾਂਦੀ ਹੈ। ਉਹ ਦੂਸਰੇ ਮਨੁੱਖਾਂ ਦੇ ਅਧਿਆਤਮਕ ਪਰਿਵਰਤਨ ਲਈ ਵਚਨਬੱਧ ਹੋ ਜਾਂਦਾ ਹੈ ਕਿਉਂਕਿ ਉਸ ਨੂੰ ਅਨੁਭਵ ਹੋ ਜਾਂਦਾ ਹੈ ਕਿ ਸਾਰੀ ਮਨੁੱਖਤਾ ਵਿੱਚ ਉਸ ਇਕੋ ਆਤਮਾ ਦੀ ਜੋਤਿ ਹੈ। ਸਾਰਾ ਸੰਸਾਰ ਉਸ ਨੂੰ ਇਕ ਪਰਿਵਾਰ ਇਕ ਇਕਾਈ ਨਜ਼ਰ ਆਉਂਦਾ ਹੈ, ਇਸ ਲਈ ਉਹ ਸਰਬੱਤ ਦੇ ਭਲੇ ਲਈ ਯਤਨ ਸ਼ੁਰੂ ਕਰ ਦਿੰਦਾ ਹੈ। ਉਹ ਆਪ ਵੀ ਸੰਸਾਰਕ ਬੰਧਨਾਂ ਤੋਂ ਉਤੇ ਉੱਠ ਜਾਂਦਾ ਹੈ ਅਤੇ ਦੂਸਰਿਆਂ ਨੂੰ ਵੀ ਉਠਾਉਂਦਾ ਹੈ। ਅਜਿਹਾ ਮਨੁੱਖ ਹੀ ਅਸਲੀ ਗਿਆਨੀ ਹੈ। ਸਿਆਣਪ ਉਸ ਦੇ ਅਨੁਭਵ ਦੀ ਡੂੰਘਾਈ ਅਤੇ ਸੂਝ ਵਿੱਚ ਅਤੇ ਉਸ ਦੇ ਪਰਉਪਕਾਰੀ ਕੰਮਾਂ ਵਿਚੋਂ ਝਲਕਦੀ ਹੈ।

ਸਿੱਖ ਧਰਮ ਦਰਸ਼ਨ ਵਿੱਚ ਪ੍ਰਤੱਖ ਗਿਆਨ ਨੂੰ ਨਕਾਰਿਆ ਨਹੀਂ ਗਿਆ ਜਿਵੇਂ ਕਿ ਕੁੱਝ ਵਿਚਾਰਵਾਦੀਆਂ ਨੇ ਕੀਤਾ ਹੈ ਅਤੇ ਨਾ ਹੀ ਪ੍ਰਯੋਗਵਾਦੀਆਂ ਦੀ ਤਰ੍ਹਾਂ ਪ੍ਰਤੱਖ ਗਿਆਨ ਨੂੰ ਹੀ ਅਸਲੀ ਗਿਆਨ ਮੰਨਿਆ ਗਿਆ ਹੈ। ਗੁਰੂ ਨਾਨਕ ਦੇਵ ਜੀ ਨੇ ਪ੍ਰਤੱਖ ਗਿਆਨ ਨੂੰ ਵਿਚਾਰਵਾਦੀ ਗਿਆਨ ਵੱਲ ਪਹਿਲਾ ਅਤੇ ਲਾਜ਼ਮੀ ਕਦਮ ਮੰਨਿਆ ਹੈ। ਗਿਆਨ ਦੀ ਹਰ ਕਿਸਮ ਦੇ ਅਮਲ ਦਾ ਆਪਣਾ ਘੇਰਾ ਹੈ। ਦੋਹਾਂ ਕਿਸਮਾਂ ਦੇ ਗਿਆਨ ਦਾ ਸੁਮੇਲ ਇਸ ਤਰੀਕੇ ਨਾਲ ਹੋਣਾ ਚਾਹੀਦਾ ਹੈ ਕਿ ਉਹ ਉੱਚਤਮ ਗਿਆਨ, ਜਿਸ ਨੂੰ ਅਨੁਭਵ ਗਿਆਨ (Intuitional Knowledge) ਕਿਹਾ ਹੈ ਤੱਤ (Percept) ਤੋਂ ਬਿਨਾਂ ਖ਼ਾਲੀ ਹੈ, ਅਤੇ ਤੱਤ ਸੰਕਲਪ ਤੋਂ ਬਿਨਾਂ ਅੰਨ੍ਹਾਂ ਹੈ। ਜੋ ਅਸੀਂ ਗਿਆਨ-ਇੰਦ੍ਰਿਆਂ ਰਾਹੀਂ ਸੱਮਗਰੀ ਇਕੱਤਰ ਕਰਦੇ ਹਾਂ, ਉਦੋਂ ਤੱਕ ਉਹ ਬੇਤੁਕੀ ਅਤੇ ਅਸੰਬੰਧਿਤ ਹੋਵੇਗੀ, ਜਦੋਂ ਤੱਕ ਅਸੀਂ ਉਸ ਨੂੰ ਉਨ੍ਹਾਂ ਰਿਸ਼ਤਿਆਂ ਰਾਹੀਂ ਜੋ ਯੁਕਤ ਵਿਚਾਰ ਰਾਹੀਂ ਜਾਣੇ ਜਾਂਦੇ ਹਨ, ਇਕ ਰੂਪ "(Unified)" ਅਤੇ ਏਕੀਕਰਣ ਨਾ ਕਰੀਏ।

3. **ਅਨੁਭਵੀ ਗਿਆਨ (Intuitional Knowledge)** :

ਗਿਆਨ ਦੀ ਤੀਸਰੀ ਕਿਸਮ ਜਿਸ ਉਤੇ ਗੁਰੂ ਸਾਹਿਬ ਨੇ ਪਹਿਲੀਆਂ ਦੋ ਕਿਸਮਾਂ ਨਾਲ ਹੀ ਜ਼ੋਰ ਦਿੱਤਾ ਹੈ, ਅਨੁਭਵੀ ਗਿਆਨ ਹੈ। ਜੋ ਗਿਆਨ ਪਰਾ-ਇੰਦਰੀਆਂ (Super-sensous) ਅਤੇ ਪਰਾ-ਅਨੁਮਾਨ (Super-rational) ਹੈ ਉਸ ਨੂੰ ਅਨੁਭਵੀ ਗਿਆਨ ਕਿਹਾ ਹੈ। ਇਹ ਰਹੱਸਵਾਦ ਨਾਲ ਸੰਬੰਧਿਤ ਹੈ। ਰੱਹਸਾਤਮਕ ਸ਼ਕਤੀ ਰਾਹੀਂ ਪ੍ਰਾਪਤ ਕੀਤਾ ਗਿਆਨ ਪਰਮ ਸਤਿ ਜਾਂ ਉੱਚਤਮ ਸਤਿ ਨਾਲ ਸੰਬੰਧਿਤ ਹੈ ਜੋ ਕਿ ਰਿਸ਼ਤਆਂ ਤੋਂ ਉੱਪਰ ਹੈ ਜਦ ਕਿ ਵਿਚਾਰਵਾਦੀ ਗਿਆਨ ਦਾ ਰਿਸ਼ਤਿਆਂ ਨਾਲ ਸੰਬੰਧ ਹੈ। ਕਈ ਗਿਆਨ-ਮੀਮਾਂਸਕਾਂ (epistemologists) ਨੇ ਅਨੁਭਵੀ ਗਿਆਨ ਨੂੰ ਬਹੁਤ ਵੱਖਰੀ ਤਰ੍ਹਾਂ ਨਾਲ ਸਮਝਿਆ ਹੈ। ਇਕ ਥਾਂ ਅਨੁਭਵੀ ਗਿਆਨ ਦੀ ਪਰਿਭਾਸ਼ਾ ਇਸ ਤਰ੍ਹਾਂ ਕੀਤੀ ਗਈ ਹੈ, "ਇਹ ਗਿਆਨ ਜਾਨਣ ਵਾਲੇ ਕਰਤੇ ਦੀ ਆਪਣੇ ਆਪ ਬਾਰੇ, ਆਪਣੀ ਚੇਤੰਨਤਾ ਦੀਆਂ ਅਵਸਥਾਵਾਂ ਬਾਰੇ, ਦੂਸਰੇ ਮਨਾਂ (minds) ਬਾਰੇ, ਬਾਹਰੀ ਦੁਨਿਆਂ ਬਾਰੇ, ਖਾਸ ਵਿਸ਼ਵਾਰਥੀ ਸੱਚ

(Universal) ਬਾਰੇ, ਕੀਮਤਾਂ (Values) ਬਾਰੇ ਜਾਂ ਵਿਚਾਰਧਾਰਕ ਸੱਚਾਈਆਂ ਬਾਰੇ ਸਿੱਧਾ ਅਤੇ ਤੱਤਕਾਲੀ ਬੋਧ ਹੈ।"

ਉਪਨਿਸ਼ਦਾਂ ਵਿੱਚ ਕਿਹਾ ਗਿਆ ਹੈ ਕਿ ਇਕ ਸਰਵਉੱਚ ਸ਼ਕਤੀ ਹੈ ਜੋ ਸਾਨੂੰ ਕੇਂਦਰੀ ਆਤਮਿਕ ਸਤਿ ਨੂੰ ਸਮਝ ਲੈਣ ਦੇ ਯੋਗ ਬਣਾਉਂਦੀ ਹੈ। ਆਤਮਿਕ ਚੀਜ਼ਾਂ ਨੂੰ ਆਤਮਿਕ ਤਰੀਕਿਆਂ ਨਾਲ ਹੀ ਸਮਝਿਆ ਜਾ ਸਕਦਾ ਹੈ। ਮਨੁੱਖ ਵਿੱਚ ਦੈਵੀ ਸੂਝ ਜਾਂ ਰਹੱਸਾਤਮਕ ਅਨੁਭਵ ਦੀ ਯੋਗਤਾ ਹੁੰਦੀ ਹੈ, ਜਿਸ ਰਾਹੀਂ ਉਹ ਬੁੱਧੀ ਦੇ ਵੱਖਰੇਵਿਆਂ ਤੋਂ ਉੱਪਰ ਉਠਦਾ ਹੈ ਅਤੇ ਵਿਚਾਰ ਜਾਂ ਯੁਕਤੀ ਦੀਆਂ ਗੁੰਝਲਾਂ ਨੂੰ ਸੁਲਝਾਉਂਦਾ ਹੈ। ਉਪਰ ਦਿੱਤੀਆਂ ਪਰਿਭਾਸ਼ਾਵਾਂ ਤੋਂ ਸਾਫ ਪ੍ਰਗਟ ਹੁੰਦਾ ਹੈ ਕਿ ਅਨੁਭਵ ਰਾਹੀਂ ਪ੍ਰਾਪਤ ਕੀਤਾ ਗਿਆਨ, ਸਿੱਧਾ ਅਤੇ ਤੱਤਕਾਲੀ ਹੁੰਦਾ ਹੈ। ਇਹ ਉਹ ਗਿਆਨ ਹੈ ਜੋ ਉੱਚਤਮ ਸਤਿ ਅਤੇ ਪਰਮ-ਸਤਿ ਨਾਲ ਸੰਬੰਧਿਤ ਹੈ ਜੋ ਵਿਸ਼ਵਾਰਥੀ ਸਤਿ ਨਾਲ ਸੰਬੰਧਿਤ ਹੈ, ਇਹ ਪ੍ਰਤੱਖ ਅਤੇ ਵਿਚਾਰਵਾਦੀ ਗਿਆਨ ਤੋਂ ਉਤੇ ਹੈ, ਜਿਸ ਨੂੰ ਪੂਰਬ ਅਤੇ ਪੱਛਮ ਦੋਹਾਂ ਵਲੋਂ ਬਹੁਤ ਮਹੱਤਵਪੂਰਨ ਸਥਾਨ ਦਿੱਤਾ ਗਿਆ ਹੈ।

ਜਦੋਂ ਮਨੁੱਖ ਗਿਆਨ ਦੀ ਇਹ ਤੀਸਰੀ ਕਿਸਮ ਪ੍ਰਾਪਤ ਕਰ ਲੈਂਦਾ ਹੈ, ਜਿਸ ਨੂੰ ਜਪੁਜੀ ਸਾਹਿਬ ਵਿੱਚ "ਏਕ ਧਿਆਨ" ਕਿਹਾ ਹੈ ਤਾਂ ਉਸ ਸਰਬ-ਉਚ ਗਿਆਨ ਦਾ ਧਾਰਣੀ ਬਣ ਜਾਂਦਾ ਹੈ। ਇਸ ਸਰਬ-ਉਚ ਗਿਆਨ ਦੇ ਪ੍ਰਾਪਤ ਕਰਨ ਵਾਲੇ ਨੂੰ ਜਪੁਜੀ ਸਾਹਿਬ ਵਿਚ 'ਪੰਚ' ਕਿਹਾ ਹੈ।

ਡਾ.ਅਵਤਾਰ ਸਿੰਘ ਅਨੁਸਾਰ ਗਿਆਨ ਦੇ ਇਸ ਤੀਸਰੇ ਪੜਾਅ "ਧਿਆਨ" ਦਾ ਜ਼ਿਕਰ ਸਾਨੂੰ "ਸੁਣਨ" ਅਤੇ "ਵਿਚਾਰ" ਜਾਂ ਮੰਨਣ ਦੇ ਨਾਲ ਵੀ ਮਿਲਦਾ ਹੈ। ਗੁਰੂ ਨਾਨਕ ਦੇਵ ਜੀ ਨੇ ਇਸ ਪੜਾਅ ਰਾਹੀਂ ਗਿਆਨ ਦੇ ਸੰਸ਼ਲੇਸ਼ਨ (Synthesis) ਦੀ ਜ਼ਰੂਰਤ ਉਤੇ ਜ਼ੋਰ ਦਿੱਤਾ ਹੈ। ਸੰਸਲੇਸ਼ਨ ਆਪਣੇ ਆਪ ਵਿਚ ਗਿਆਨ ਦਾ ਹਿੱਸਾ ਹੈ। ਇਥੇ ਜਗਿਆਸੂ ਸੱਚ (Truth) ਨੂੰ ਇਕ ਸੰਯੁਕਤ-ਸਮੁੱਚ (Coherent Whole) ਵਿਚ ਗ੍ਰਹਿਣ ਕਰਦਾ ਹੈ। ਉਹ ਪਰਮ ਸਤਿ (Reality) ਨੂੰ ਇਕਸੁਰ-ਇਕਾਈ (Harmonious Unit) ਦੇ ਰੂਪ ਵਿਚ ਦੇਖਦਾ ਹੈ। ਇਕ ਹੋਰ ਸਿੱਖ ਵਿਦਵਾਨ ਸੋਹਨ ਸਿੰਘ ਅਨੁਸਾਰ ਇਨ੍ਹਾਂ ਚਾਰ ਪਉੜੀਆਂ ਵਿਚ ਰਚਨਾ (Creation) ਅਤੇ ਕਰਤਾ (Creator) ਦੀ ਤਸਵੀਰ ਦਿੱਤੀ ਗਈ ਹੈ ਜੋ ਵੀਚਾਰ (Reflection) ਦੇ ਸਿੱਟੇ ਵਜੋਂ ਪੈਦਾ ਹੁੰਦੀ ਹੈ। ਇਹ ਚਾਰੇ ਪਉੜੀਆਂ ਜਗਿਆਸੂ ਵਾਸਤੇ ਸਹੀ ਦ੍ਰਿਸ਼ਟੀ ਦਾ ਰਾਹ ਸਿੱਧਾ ਕਰਦੀਆਂ ਹਨ, ਜੋ ਦ੍ਰਿਸ਼ਟੀ ਅਕਾਲ ਪੁਰਖ ਦੀ ਮਿਹਰ ਦਾ ਪਾਤਰ ਬਣਨ ਲਈ ਮਨੁੱਖ ਆਪਣੇ ਅੰਦਰ ਪੈਦਾ ਕਰਦਾ ਹੈ। ਗੁਰੂ ਜੀ ਅਨੁਸਾਰ 'ਪੰਚ' ਹੀ ਉਸ ਦੇ ਦਰਸ਼ਨ ਕਰਨ ਦੇ ਯੋਗ ਹੁੰਦਾ ਹੈ ਅਤੇ ਇਥੇ ਉਹ ਸੁਣਨ (ਪ੍ਰਤੱਖ ਗਿਆਨ) ਅਤੇ ਵਿਚਾਰ (Reflection) ਰਾਹੀਂ ਪਹੁੰਚਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਇਹ ਸਪਸ਼ਟ ਕਰਨ ਲਈ ਕਿ ਅਨੁਭਵ (ਧਿਆਨ) ਤੇ ਆ ਕੇ ਗਿਆਨ ਪੱਕ ਜਾਂਦਾ ਹੈ, ਬਹੁਤ ਹੀ ਸੁੰਦਰ ਉਪਮਾ ਦਿੱਤੀ ਹੈ। ਅਨੁਭਵ ਜਾਂ ਧਿਆਨ ਵਿੱਚ ਮਨੁੱਖ ਨੂੰ ਸੱਚ (Truth) ਪਵਿੱਤਰਮ ਰੂਪ ਦਾ ਅਨੁਭਵ ਹੁੰਦਾ ਹੈ ਜੋ ਵਾਹਿਗੁਰੂ ਦੀ ਮਿਹਰ ਰਾਹੀਂ ਨਜ਼ਰ ਆਉਂਦਾ ਹੈ। ਇਥੇ ਉਨ੍ਹਾਂ ਨੇ ਧਰਮ ਦੀ ਇਕ ਫੁੱਲ ਅਤੇ ਗਿਆਨ ਦੀ ਫਲ ਨਾਲ ਤੁਲਨਾ ਕੀਤੀ ਹੈ ਜੋ ਧਿਆਨ ਵਿੱਚ ਪੱਕਦਾ ਹੈ। "ਨਾਨਕ ਗੁਰੁ ਸੰਤੋਖ ਰੁਖੁ ਧਰਮ ਫੁਲ ਫਲ ਗਿਆਨ। ਰਸਿ ਰਸਿਆ ਹਰਿਆ ਸਦਾ ਪਕੈ ਕਰਮਿ ਧਿਆਨ।" ਧਿਆਨ ਦਾ ਪੜਾ ਜਾਂ ਅਨੁਭਵੀ ਗਿਆਨ ਕਿਉਂਕਿ ਗਿਆਨ ਦਾ ਸਿਖਰ ਹੈ, ਸਿਰਾ ਹੈ, ਇਸ ਕਰਕੇ ਇਸ ਪੜਾ ਤੇ ਪ੍ਰਾਪਤ ਕੀਤਾ ਗਿਆਨ, ਡੂੰਘਾ ਅਤੇ ਅਟੱਲ ਹੁੰਦਾ ਹੈ। ਗਿਆਨ ਦੀ ਵਸਤੂ ਜਗਿਆਸੂ ਦੇ ਸਾਹਮਣੇ ਰਹਿੰਦੀ ਹੈ ਅਤੇ ਉਸ ਨੂੰ ਗਿਆਨ ਦੀ ਵਸਤੂ ਦੀ ਤੀਬਰ ਚੇਤਨਾ ਹੁੰਦੀ ਹੈ।

ਜਿਸ ਤਰ੍ਹਾਂ ਪਹਿਲਾਂ ਕਿਹਾ ਗਿਆ ਹੈ ਕਿ ਸਿੱਖ ਧਰਮ ਦਰਸ਼ਨ ਵਿੱਚ ਗਿਆਨ ਦੀਆਂ ਇਨ੍ਹਾਂ ਤਿੰਨਾਂ ਹੀ ਕਿਸਮਾਂ - ਪ੍ਰਤੱਖ, ਵਿਚਾਰਵਾਦੀ ਅਤੇ ਅਨੁਭਵੀ ਗਿਆਨ ਤੇ ਜ਼ੋਰ ਦਿੱਤਾ ਗਿਆ ਹੈ। ਹਰ ਇਕ ਕਿਸਮ ਦੂਸਰੀਆਂ ਜਿੰਨੀ ਹੀ ਮਹੱਤਵਪੂਰਨ ਹੈ। ਗੁਰੂ ਨਾਨਕ ਦੇਵ ਨੇ ਤਿੰਨ ਕਿਸਮਾਂ ਦੇ ਗਿਆਨ ਦੇ ਮਹੱਤਵ ਦੀ ਵਿਆਖਿਆ ਕੀਤੀ ਹੋਈ ਹੈ। ਜਿਵੇਂ ਕਿ ਪਹਿਲਾਂ ਹੀ ਦੱਸਿਆ ਜਾ ਚੁੱਕਾ ਹੈ ਕਿ ਗਿਆਨ ਰਾਹੀਂ ਮਨੁੱਖ ਨੂੰ ਬ੍ਰਹਿਮੰਡ ਦੀ ਭੌਤਿਕ ਜਾਣਕਾਰੀ (ਜਿਵੇਂ ਧਰਤੀਆਂ, ਚੰਦ, ਸੂਰਜ, ਤਾਰੇ ਆਦਿ) ਮਿਲਦੀ ਹੈ। ਮਨੁੱਖ ਵਿੱਚ ਜਾਣਨ ਦੀ ਸ਼ਕਤੀ ਹੈ। ਕਰਤੇ ਨੇ ਮਨੁੱਖ ਨੂੰ ਪੰਜ ਗਿਆਨ ਇੰਦ੍ਰੀਆਂ ਅਤੇ ਛੇਵੀਂ ਸੂਖਮ ਸ਼ਕਤੀ ਦਿੱਤੀ ਹੈ। ਜਦੋਂ ਮਨੁੱਖ ਵਿਚਾਰ ਕਰਦਾ ਹੈ ਤਾਂ ਇਸ ਵਿਚਾਰ ਰਾਹੀਂ ਉਸ ਨੂੰ ਗਿਆਨ ਮਿਲਦਾ ਹੈ। ਗਿਆਨ ਰਾਹੀਂ ਮਨੁੱਖ ਨਿਰਭੈ ਬਣਦਾ ਹੈ ਕਿਉਂਕਿ ਗਿਆਨ ਭੈ ਦਾ ਨਾਸ਼ ਕਰਦਾ ਹੈ। ਮਨੁੱਖ ਵਿਚਾਰ (Reflection) ਅਤੇ ਧਿਆਨ (Contemplation) ਰਾਹੀਂ ਜੋ ਗਿਆਨ ਪ੍ਰਾਪਤ ਕਰਦਾ ਹੈ, ਉਸ ਲਈ ਗੁਰੂ ਸਾਹਿਬਾਨ ਨੇ ਗਿਆਨ-ਅੰਜਨ ਸ਼ਬਦ ਦੀ ਵਰਤੋਂ ਕੀਤੀ ਹੈ। ਖੋਜੀ (Seeker) ਪਰਮ-ਸਤਿ ਦੇ ਰਹੱਸਾਂ ਦਾ ਗਿਆਨ ਪ੍ਰਾਪਤ ਕਰ ਸਕਦਾ ਹੈ, ਜੇ ਉਹ ਆਪਣੇ ਮਨ ਨੂੰ ਖੁਲ੍ਹਾ ਅਤੇ ਗ੍ਰਹਿਣਸ਼ੀਲ ਰੱਖੇ। ਗਿਆਨ ਦਾ "ਪ੍ਰਾਪਤ ਹੋਣਾ" ਯਤਨ ਨਾਲ ਸੰਬੰਧਿਤ ਹੈ ਜੋ ਕਿ ਵਿਚਾਰ ਤੇ ਆਧਾਰਿਤ ਹੈ। ਗਿਆਨ ਦੀ 'ਸੋਝੀ ਹੋਣੀ' ਉਚਤਮ ਗਿਆਨ ਨਾਲ ਸੰਬੰਧਤ ਹੈ ਜੋ ਕਿ ਅਨੁਭਵੀ ਗਿਆਨ ਹੈ। ਇਸ ਤਰ੍ਹਾਂ ਗਿਆਨ ਦੀਆਂ ਵੱਖ-ਵੱਖ ਸਟੇਜਾਂ ਹਨ, ਜਿਨ੍ਹਾਂ ਨੂੰ ਧਾਰਨ ਕਰਦਿਆਂ ਮਨੁੱਖ ਦੀ ਚੇਤੰਨਤਾ ਦਾ ਘੇਰਾ ਵਧਦਾ ਹੈ ਅਤੇ ਉਸ ਨੂੰ ਇਸ ਗਿਆਨ ਨਾਲ ਬ੍ਰਹਿਮੰਡ ਦੀ ਸੋਝੀ ਹੋ ਜਾਂਦੀ ਹੈ। "ਗਿਆਨ ਪਦਾਰਥੁ ਪਾਈਐ ਤ੍ਰਿਭਵਣ ਸੋਝੀ ਹੋਇ।" ਅਨੁਭਵ ਗਿਆਨ ਦਾ ਸਭ ਤੋਂ ਉੱਚਾ ਸਤਰ ਹੈ ਜਿਸ ਨੂੰ ਗੁਰੂ ਸਾਹਿਬਾਨ ਨੇ "ਗਿਆਨ-ਰਤਨ" ਕਿਹਾ ਹੈ। ਇਸ ਦਾ ਵਾਧਾ ਮਨੁੱਖ ਦੇ ਅੰਦਰ

ਵਾਹਿਗੁਰੂ ਦੀ ਕ੍ਰਿਪਾ ਨਾਲ ਹੁੰਦਾ ਹੈ। ਦੂਸਰੇ ਸ਼ਬਦਾਂ ਵਿੱਚ ਇਸ ਉੱਚਤਮ ਗਿਆਨ ਦੀ ਪ੍ਰਾਪਤੀ ਮਨੁੱਖ ਨੂੰ ਅਕਾਲ-ਪੁਰਖ ਦੀ ਨਦਰਿ ਨਾਲ ਹੁੰਦੀ ਹੈ ਅਤੇ ਕ੍ਰਿਪਾ ਦਾ ਪਾਤਰ ਹੀ ਇਸ ਨੂੰ ਪ੍ਰਾਪਤ ਕਰਦਾ ਹੈ। (ਜਾ ਤੁਧੁ ਭਾਵੈ ਤਾਂ ਗੁਰਮਤਿ ਜਾਇ ਗਿਆਨ ਰਤਨੁ ਮਨਿ ਵਸੈ ਆਇ)। ਗਿਆਨ ਰਾਹੀਂ ਮਨੁੱਖ ਜ਼ਿੰਦਗੀ ਦੇ ਉੱਚਤਮ ਸਤਿ ਨੂੰ ਪ੍ਰਾਪਤ ਕਰ ਲੈਂਦਾ ਹੈ ਅਤੇ ਉਸ ਦੇ ਸੁਭਾਅ ਵਿਚੋਂ ਹਰ ਤਰ੍ਹਾਂ ਦੀਆਂ ਬੁਰਾਈਆਂ ਖ਼ਤਮ ਹੋ ਜਾਂਦੀਆਂ ਹਨ। ਉਹ ਆਪ ਵੀ ਪੂਰਨ-ਸਤਿ ਹੋ ਜਾਂਦਾ ਹੈ। ਸਿੱਖ ਧਰਮ ਵਿੱਚ ਗਿਆਨ ਨੂੰ ਮਨੁੱਖ ਵਾਸਤੇ ਕਲਿਆਣਕਾਰੀ ਮੰਨਿਆ ਹੈ ਅਤੇ ਅਗਿਆਨ ਨੂੰ ਬੰਧਨ ਦਾ ਕਾਰਨ ਮੰਨਿਆ ਹੈ। "ਜਪੁਜੀ" ਵਿੱਚ ਪਹਿਲਾ ਪ੍ਰਸ਼ਨ ਹੀ ਇਹ ਕੀਤਾ ਹੈ ਕਿ ਅਗਿਆਨ ਦੀ ਕੰਧ ਤੋੜ ਕੇ ਮਨੁੱਖ ਸਚਿਆਰ ਕਿਵੇਂ ਬਣੇ? (ਕਿਵ ਸਚਿਆਰਾ ਹੋਇਐ ਕਿਵ ਕੂੜੇ ਤੁਟੈ ਪਾਲਿ)।

ਸਿੱਖ ਧਰਮ-ਦਰਸ਼ਨ ਅਨੁਸਾਰ ਕਿਉਂਕਿ ਗਿਆਨ ਦੀ ਹਰ ਕਿਸਮ ਦਾ ਕਰਮ ਖੇਤਰ ਵਿਚ ਆਪਣਾ ਸਥਾਨ ਹੈ, ਇਸ ਲਈ ਕਿਸੇ ਇਕ ਕਿਸਮ ਦੇ ਗਿਆਨ ਦਾ ਦੂਜੀ ਕਿਸਮ ਨਾਲ ਕੋਈ ਵਿਰੋਧ ਨਹੀਂ ਹੈ। ਸਗੋਂ ਇਕ ਕਿਸਮ ਦਾ ਗਿਆਨ ਦੂਜੀ ਕਿਸਮ ਦੇ ਗਿਆਨ ਦਾ ਪੂਰਕ ਹੈ। ਵਿਚਾਰ ਦੀ ਸਹਾਇਤਾ ਤੋਂ ਬਿਨਾਂ ਪ੍ਰਤੱਖ ਗਿਆਨ ਦਾ ਕੋਈ ਫਾਇਦਾ ਨਹੀਂ ਅਤੇ ਵਿਚਾਰ ਉਦੋਂ ਤੱਕ ਲਾਹੇਵੰਦ ਨਹੀਂ ਹੋ ਸਕਦਾ ਜਦੋਂ ਤੱਕ ਮਨੁੱਖ ਸਤਿ ਦੇ ਸਾਰ ਨੂੰ ਅਨੁਭਵ ਨਹੀਂ ਕਰਦਾ। ਜਦੋਂ ਮਨੁੱਖ ਦਾ ਮਨ ਗਿਆਨ ਰਾਹੀਂ ਰੋਸ਼ਨ ਹੁੰਦਾ ਹੈ ਤਾਂ ਅਗਿਆਨ ਦਾ ਅੰਧੇਰਾ ਦੂਰ ਹੋ ਜਾਂਦਾ ਹੈ ਜਿਵੇਂ ਲੈਂਪ ਦੇ ਬਲਣ ਨਾਲ ਲੈਂਪ ਦੀ ਰੌਸ਼ਨੀ ਅੰਧੇਰਾ ਦੂਰ ਕਰ ਦਿੰਦੀ ਹੈ। (ਉਗਵੈ ਸੂਰ ਨਾ ਜਾਪੈ ਚੰਦੁ। ਜਹਿ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ) ਗੁਰਬਾਣੀ ਅਨੁਸਾਰ ਅਗਿਆਨ ਹੀ ਸਾਰੀਆਂ ਬੁਰਾਈਆਂ ਦੀ ਜੜ੍ਹ ਹੈ। ਗਿਆਨ ਰਾਹੀਂ ਹੀ ਮਨੁੱਖ ਦਾ ਮਨ ਹਰ ਤਰ੍ਹਾਂ ਦੀਆਂ ਬੁਰਾਈਆਂ ਤੋਂ ਸਵੱਛ ਹੁੰਦਾ ਹੈ। ਇਸੇ ਲਈ ਗੁਰੂ ਅਮਰਦਾਸ ਨੇ ਗਿਆਨ ਦੀ ਪ੍ਰਾਪਤੀ ਨੂੰ ਗੁਰਮੁਖ ਦਾ ਜਾਗਣਾ ਕਿਹਾ ਹੈ ਅਤੇ ਅਗਿਆਨ ਨੂੰ ਮਨਮੁਖ ਦੀ ਨੀਂਦ ਕਿਹਾ ਹੈ। ਗੁਰੂ ਅਮਰਦਾਸ ਨੇ ਇਸ ਗਿਆਨ ਨੂੰ "ਗੁਣ-ਵੀਚਾਰ" ਨਾਲ ਜੋੜਿਆ ਹੈ, ਜਿਸ ਨਾਲ ਮਨੁੱਖ ਦੀ ਚੇਤੰਨਤਾ ਵਿਕਾਸ ਕਰਦੀ ਹੈ, ਫੈਲਦੀ ਹੈ। ਜਦੋਂ ਇਕ ਵਾਰ ਇਹ ਗਿਆਨ ਪ੍ਰਾਪਤ ਹੋ ਜਾਂਦਾ ਹੈ ਤਾਂ ਮਨੁੱਖ ਇਸ ਨੂੰ ਗੁਆਉਂਦਾ ਨਹੀਂ ਹੈ। ਇਹ ਵੀਚਾਰਵਾਦੀ ਗਿਆਨ ਫਿਰ ਅਨੁਭਵ ਗਿਆਨ ਨਾਲ ਜੁੜ ਜਾਂਦਾ ਹੈ ਜੋ ਗੁਰੂ ਰਾਹੀਂ ਗੁਰੂਆਂ ਦੇ ਦੱਸੇ ਰਸਤੇ ਤੇ ਚਲਿਆਂ ਹੀ ਪ੍ਰਾਪਤ ਹੁੰਦਾ ਹੈ। ਇਸ ਨੂੰ ਗੁਰੂ ਸਾਹਿਬ ਨੇ "ਬੂਝਣਾ" ਕਿਹਾ ਹੈ। ਇਹ ਅਨੁਭਵੀ ਗਿਆਨ ਵੀਚਾਰਵਾਨ ਪੁਰਸ਼ਾਂ ਅਤੇ ਸੰਤਾਂ ਨੂੰ ਪ੍ਰਾਪਤ ਹੁੰਦਾ ਹੈ। ਗੁਰੂ ਅਮਰਦਾਸ ਅਨੁਸਾਰ ਅਨੁਭਵੀ ਗਿਆਨ ਨੂੰ ਦੱਸਣ ਦਾ ਮਾਧਿਅਮ "ਸ਼ਬਦ" ਹੈ ਇਸ ਲਈ ਖੋਜੀ ਨੇ ਸ਼ਬਦ ਨੂੰ ਸਿਰਫ ਸੁਣਨਾ ਹੀ ਨਹੀਂ, ਉਸ ਤੇ ਵੀਚਾਰ ਵੀ ਕਰਨੀ ਹੈ। ਇਸ ਵੀਚਾਰ ਰਾਹੀਂ ਉਸ ਨੂੰ ਪਤਾ ਲਗਦਾ ਹੈ ਕਿ ਇਹ ਦੁਨੀਆਂ ਸਦੀਵੀ ਨਹੀਂ ਅਸਲੀ ਗਿਆਨ ਹੀ ਸਦੀਵੀ ਹੈ ਜੋ ਇਸ ਦੁਨੀਆਂ ਤੋਂ ਵੀ ਪਰ੍ਹੇ ਜਾਂਦਾ ਹੈ (ਦਿਬ ਦ੍ਰਿਸ਼ਟ ਜਾਰੀ ਭਰਮ ਚੁਕਾਏ। ਗੁਰ ਪਰਸਾਦਿ ਪਰਮ ਪਦ ਪਾਇ। ਜੋ ਜੋਗੀ ਇਹ ਜੁਗਤਿ ਪਛਾਣੈ ਗੁਰ ਕੈ ਸਬਦਿ ਬੀਚਾਰੀ ਜੀਉ) ਗੁਰੂ ਸਾਹਿਬ ਨੇ ਇਸ ਦੁਨੀਆਂ ਦੇ ਪ੍ਰਤੱਖ ਗਿਆਨ ਨੂੰ ਨਕਾਰਿਆ ਨਹੀਂ, ਪਰ ਇਸ ਗੱਲ ਤੇ ਜ਼ੋਰ ਦਿੱਤਾ ਹੈ ਕਿ ਇਸ ਨੂੰ ਸੰਦਰਭ ਵਿੱਚ ਸਮਝਾਇਆ ਜਾਵੇ। ਇਸ ਦਾ ਸਹੀ ਸੰਦਰਭ ਇਹ ਹੈ ਕਿ ਇਹ ਬਿਨਸਨਹਾਰ ਹੈ। ਇਸ ਬਿਨਸਨਹਾਰ ਲਈ ਮਾਇਆ ਵਰਤਿਆ ਹੈ। ਇਸ ਗੱਲ ਦੀ ਸਮਝ ਵੀ ਵੀਚਾਰਵਾਦੀ ਗਿਆਨ ਰਾਹੀਂ ਹੀ ਆਉਣੀ ਹੈ। ਖੋਜੀ ਨੂੰ ਕੁਦਰਤ ਦੇ ਕਾਨੂੰਨ, ਕਾਰਨ ਅਤੇ ਕਾਰਜ ਨੂੰ ਸਮਝਣ ਦੀ ਲੋੜ ਹੈ। ਸਾਰੀ ਰਚਨਾ ਪਾਪ ਅਤੇ ਪੁੰਨ, ਸੁੱਖ ਅਤੇ ਦੁੱਖ ਵਿਚ ਗਲਤਾਨ ਹੈ। ਇਹ ਸਾਰਾ ਕੁਝ ਉਦਾਸੀ ਵੱਲ ਲੈ ਜਾਂਦਾ ਹੈ। ਇਸ ਸਾਰੇ ਚੱਕਰ ਵਿਚੂ ਤੋਂ ਬਾਹਰ ਆਉਣ ਦਾ ਇਕੋ ਇਕ ਰਸਤਾ ਹੈ ਵਾਹਿਗੁਰੂ ਦੀ ਚੇਤੰਨਤਾ ਹੋਣੀ, ਪਰਮ ਸਤਿ ਦੀ ਚੇਤੰਨਤਾ ਹੋਣੀ। ਸੋ ਖੋਜੀ ਲਈ ਪਦਾਰਥਾਂ ਦੀ ਹੋਂਦ ਨੂੰ ਵਾਸਤਵਿਕਤਾ ਵਿੱਚ ਉਨ੍ਹਾਂ ਦੇ ਸਹੀ ਸੰਦਰਭ ਵਿੱਚ ਸਮਝਣ ਦੀ ਲੋੜ ਹੈ।

ਇਸ ਤਰ੍ਹਾਂ ਉਪਰ ਦਿੱਤੀ ਵਿਆਖਿਆ ਵਿੱਚ ਅਸੀਂ ਦੇਖਿਆ ਹੈ ਕਿ ਸਿੱਖ ਧਰਮ-ਦਰਸ਼ਨ ਵਿੱਚ ਤਿੰਨ ਤਰ੍ਹਾਂ ਦਾ ਗਿਆਨ ਪਰਮਾਣਿਤ ਜਾਂ ਸਹੀ ਮੰਨਿਆ ਹੈ। ਇਕ ਹੈ ਪ੍ਰਤੱਖ ਗਿਆਨ, ਜਿਸ ਨੂੰ ਦੇਖਿਆ, ਸੁਣਿਆ ਜਾਂ ਜਾਣਿਆ ਆਦਿ ਲਫ਼ਜ਼ਾਂ ਰਾਹੀਂ ਪ੍ਰਗਟ ਕੀਤਾ ਗਿਆ ਹੈ। ਪ੍ਰਤੱਖ ਗਿਆਨ ਮਨੁੱਖ ਅਤੇ ਬ੍ਰਹਿਮੰਡ ਨਾਲ ਸੰਬੰਧਤ ਹੈ। ਸਾਰੀ ਰਚਨਾ ਨਾਲ ਸੰਬੰਧਿਤ ਹੈ। ਪ੍ਰਤੱਖ ਗਿਆਨ ਨੂੰ ਨਕਾਰਿਆ ਨਹੀਂ ਹੈ। ਇਸ ਨੂੰ ਗਿਆਨ ਦੀ ਇਕ ਕਿਸਮ ਵਜੋਂ ਸਵੀਕਾਰ ਕੀਤਾ ਗਿਆ ਹੈ ਕਿਉਂਕਿ ਸਤਿ ਨੂੰ ਜਾਣਨ ਦਾ ਇਹ ਪਹਿਲਾ ਕਦਮ ਹੈ, ਪਹਿਲਾ ਪੜਾਅ ਹੈ। ਪਰੰਤੂ ਸਿੱਖ ਦਰਸ਼ਨ ਵਿੱਚ ਇਹ ਪ੍ਰਵਾਨ ਕੀਤਾ ਗਿਆ ਹੈ ਕਿ ਪ੍ਰਤੱਖ ਗਿਆਨ ਹੀ ਕੁੱਲ ਗਿਆਨ ਨਹੀਂ ਜਿਸ ਤਰ੍ਹਾਂ ਕਿ ਕਈ ਪ੍ਰਯੋਗਵਾਦੀ ਮੰਨਦੇ ਹਨ। ਅਜਿਹੀਆਂ ਸਚਾਈਆਂ ਵੀ ਹਨ ਜੋ ਇੰਦ੍ਰਿਆਵੀ ਗਿਆਨ ਤੋਂ ਉਤੇ ਤੇ ਪਰ੍ਹੇ ਹਨ। ਇਹ ਸਚਾਈਆਂ ਵੀਚਾਰਵਾਦੀ ਗਿਆਨ ਰਾਹੀਂ ਜਾਣੀਆਂ ਜਾ ਸਕਦੀਆਂ ਹਨ। ਇਹ ਉਹ ਸਤਿ ਹਨ ਜੋ ਮਨੁੱਖ ਦੀ ਸੰਸਕ੍ਰਿਤੀ, ਸਮਾਜ, ਧਰਮ, ਮਨੁੱਖ ਦੇ ਮਨੁੱਖ ਨਾਲ ਰਿਸ਼ਤੇ ਅਤੇ ਸਮਾਜ ਦੇ ਰਿਸ਼ਤਿਆਂ ਨਾਲ ਸੰਬੰਧਤ ਹਨ। ਵੀਚਾਰ ਸਾਨੂੰ ਰਿਸ਼ਤਿਆਂ ਦਾ ਗਿਆਨ ਦਿੰਦਾ ਹੈ। ਪਰ ਇਸ ਤੋਂ ਵੀ ਉੱਤੇ ਇਕ ਸਤਿ ਹੈ? ਪਰਮ ਸਤਿ, ਜਿਸ ਦਾ ਅਨੁਭਵ ਮਨੁੱਖ ਹੋਂਦ ਦਾ ਮੂਲ ਨਿਸ਼ਾਨਾ ਹੈ। ਵੀਚਾਰਵਾਦੀ ਗਿਆਨ ਉਸ ਗਿਆਨ ਲਈ ਦਰਵਾਜੇ ਦਾ ਕੰਮ ਕਰਦਾ ਹੈ। ਇਸ ਸਤਿ ਨੂੰ ਵੀਚਾਰ ਰਾਹੀਂ ਜਾਣਿਆ ਨਹੀਂ ਜਾ ਸਕਦਾ। ਇਹ ਗਿਆਨ ਮਨੁੱਖ ਦੀ ਅਧਿਆਤਮਕ ਯਾਚਨਾ ਨਾਲ ਸੰਬੰਧਿਤ ਹੈ, ਇਹ ਅਨੁਭਵ ਹੈ। ਇਹ ਅਨੁਭਵੀ ਗਿਆਨ ਹੈ। ਹਰ ਕਿਸਮ ਦੇ ਗਿਆਨ ਦਾ ਆਪਣਾ ਘੇਰਾ ਅਤੇ ਖੇਤਰ ਹੈ, ਅਤੇ ਇਹ ਇਕ ਦੂਜੇ ਦੇ ਖੇਤਰ ਵਿੱਚ ਦਖਲ-ਅੰਦਾਜ਼ੀ ਨਹੀਂ ਕਰਦਾ। ਸਿੱਖ

ਧਰਮ-ਦਰਸ਼ਨ ਵਿੱਚ ਗਿਆਨ ਦਾ ਜੋ ਸੁਭਾਅ ਅਤੇ ਕਿਸਮਾਂ ਦੱਸੀਆਂ ਗਈਆਂ ਹਨ ਠੀਕ ਇਸੇ ਤਰ੍ਹਾਂ ਹੀ ਪੱਛਮੀ ਫਿਲਾਸਫ਼ਰ ਸਪਿਨੋਜ਼ਾ ਨੇ ਗਿਆਨ ਦਾ ਸਿਧਾਂਤ ਦਿਤਾ ਹੈ। ਗੁਰੂ ਨਾਨਕ ਦੇਵ ਦੇ ਗਿਆਨ ਮੀਮਾਂਸਾ ਵਿਚ ਅਤੇ ਸਪਿਨੋਜ਼ਾ ਦੇ ਗਿਆਨ-ਮੀਮਾਂਸਾ ਵਿਚ ਬਹੁਤ ਸਾਰੀਆਂ ਸਮਾਨਤਾਵਾਂ ਮਿਲਦੀਆਂ ਹਨ। ਸਿੱਖ ਧਰਮ-ਦਰਸ਼ਨ ਅਨੁਸਾਰ ਗਿਆਨ ਦਾ ਸੁਭਾਅ ਕੀ ਹੈ, ਇਹ ਜਾਣਨ ਤੋਂ ਬਾਅਦ ਅਸੀਂ ਸਿੱਖ ਧਰਮ-ਦਰਸ਼ਨ ਅਨੁਸਾਰ ਗਿਆਨ ਦੇ ਸਾਧਨ ਜਾਂ ਪ੍ਰਮਾਣ ਕੀ ਹਨ, ਬਾਰੇ ਜਾਣਕਾਰੀ ਪ੍ਰਾਪਤ ਕਰਾਂਗੇ।

## 4. ਗਿਆਨ ਦੇ ਪ੍ਰਮਾਣ ਜਾਂ ਸੋਮੇ (Means or Sources of Valid Knowledge) :

ਪ੍ਰਮਾਣਿਕ ਜਾਂ ਯਥਾਰਥਕ ਗਿਆਨ **(Valid Knowledge)** ਦੇ ਸਾਧਨਾਂ ਨੂੰ ਪ੍ਰਮਾਣ ਆਖਿਆ ਜਾਂਦਾ ਹੈ। ਜੋ ਪ੍ਰਮਾਣ ਜਾਂ ਯਥਾਰਥ ਗਿਆਨ ਦਾ ਕਾਰਨ ਹੋਵੇ, ਉਹੀ ਗਿਆਨ ਦਾ ਸਾਧਨ ਜਾਂ ਪ੍ਰਮਾਣ ਹੈ। ਇਹ ਪ੍ਰਮਾਣ ਦਾ ਸਾਧਨ ਹੈ। ਕਾਰਨ ਉਹ ਹੈ ਜਿਹੜਾ ਕਿਸੇ ਕ੍ਰਿਆ ਨੂੰ ਪੂਰਾ ਕਰਨ ਵਿੱਚ ਸਾਧਨ ਬਣਦਾ ਹੈ। ਜਿਸ ਢੰਗ ਤਰੀਕੇ ਜਾਂ ਸਾਧਨ ਨਾਲ ਗਿਆਤਾ (Knower), ਕਿਸੇ ਵਿਸ਼ੇ (Subject) ਨੂੰ ਜਾਣਦਾ ਹੈ ਜਾਂ ਉਸ ਦੀ ਜਾਣਕਾਰੀ ਪ੍ਰਾਪਤ ਕਰਦਾ ਹੈ। ਉਸ ਨੂੰ ਗਿਆਨ ਸਾਧਨ ਜਾਂ ਪ੍ਰਮਾਣ ਕਹਿੰਦੇ ਹਨ। ਪ੍ਰਮਾਣ ਤੋਂ ਬਿਨਾਂ ਗਿਆਨ ਪ੍ਰਾਪਤ ਹੋ ਹੀ ਨਹੀਂ ਸਕਦਾ। ਜਿਵੇਂ ਕਿਸੇ ਮਨੁੱਖ ਦੇ ਸਾਹਮਣੇ ਇਕ ਬ੍ਰਿਛ ਹੈ ਪਰ ਉਸ ਨੂੰ ਨਜ਼ਰ ਨਹੀਂ ਆਉਂਦਾ ਤਾਂ ਉਹ ਬ੍ਰਿਛ ਨੂੰ ਜਾਣ ਹੀ ਨਹੀਂ ਸਕਦਾ ਕਿ ਬ੍ਰਿਛ ਹੈ, ਕਿਉਂਕਿ ਉਸ ਕੋਲ ਦੇਖਣ ਦਾ ਸਾਧਨ ਜਾਂ ਪ੍ਰਮਾਣ ਨਹੀਂ ਹੈ। ਭਾਰਤੀ ਦਰਸ਼ਨਾਂ ਨੇ ਗਿਆਨ ਦੇ ਆਪਣੇ ਆਪਣੇ ਪ੍ਰਮਾਣ ਦਿੱਤੇ ਹਨ ਜਿਵੇਂ ਚਾਰਵਾਕ ਕੇਵਲ ਪ੍ਰਤੱਖ ਨੂੰ ਪ੍ਰਮਾਣ ਮੰਨਦਾ ਹੈ। ਵੈਸ਼ੇਸ਼ਕ ਪ੍ਰਤੱਖ ਅਤੇ ਅਨੁਮਾਨ : ਸਾਂਖ ਪ੍ਰਤੱਖ, ਅਨੁਮਾਨ ਅਤੇ ਸ਼ਬਦ, ਨਿਆਇ ਪ੍ਰੱਤਖ, ਅਨੁਮਾਨ, ਸ਼ਬਦ ਅਤੇ ਉਪਮਾਨ, ਜੈਮਿਨੀ ਦਾ ਪੂਰਵ-ਮੀਮਾਂਸਾ ਪ੍ਰਤੱਖ ਅਨੁਮਾਨ ਅਤੇ ਸ਼ਬਦ, ਅਰਥਾਪਤੀ (ਮਾਨਤਾ) ਅਨਉਪਲਭਦੀ (ਅਣਹੋਂਦ), ਵੇਦਾਂਤ ਅਨੁਸਾਰ ਪ੍ਰਤੱਖ ਅਨੁਮਾਨ ਉਪਮਾਨ, ਸ਼ਬਦ, ਅਰਥਾਪਤੀ (ਮਾਨਤਾ) ਅਨਉਪਲਭਦੀ (ਅਣਹੋਂਦ), ਇਨ੍ਹਾਂ ਨੂੰ ਗਿਆਨ ਦੇ ਪ੍ਰਮਾਣ ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਇਹ ਗਿਆਨ ਦੇ ਨਿਯਮਤ ਕਰਨ ਅਧਿਐਨ ਦੀ ਤਕਨੀਕ ਹਨ। ਭਾਰਤੀ ਦਰਸ਼ਨ ਦੇ ਛੇ ਦੇ ਛੇ ਸ਼ਾਸਤਰਾਂ ਨੇ ਵੇਦਾਂ ਨੂੰ ਸ਼ਬਦ ਪ੍ਰਮਾਣ ਮੰਨਿਆ ਹੈ ਅਤੇ ਇਸ ਨੂੰ ਸਤਿ ਕਿਹਾ ਹੈ ਜਿਸ ਦਾ ਭਾਵ ਈਸ਼ਵਰੀ ਗਿਆਨ ਲਿਆ ਗਿਆ ਹੈ। ਸਿੱਖ ਗਿਆਨ-ਮੀਮਾਂਸਾ (epistemology) ਨੇ ਪਰਾਭੌਤਿਕ ਖੋਜ ਵਿਧੀ ਅਪਣਾਈ ਹੈ। ਜਿਵੇਂ ਕਿ ਉਪੱਰ ਦੱਸਿਆ ਹੈ ਕਿ ਸਿੱਖ ਗਿਆਨ ਮੀਮਾਂਸਾ ਨੇ ਗਿਆਨ ਦੀਆਂ ਕਿਸਮਾਂ ਨੂੰ ਵੱਖ-ਵੱਖ ਪੜਾਅ ਮੰਨਿਆ ਹੈ। ਇਸ ਤਰ੍ਹਾਂ ਇਸ ਨੇ ਪਰਮ-ਸਤਿ ਦਾ ਸੁਭਾਅ ਨਿਸ਼ਚਿਤ ਕਰਨ ਲਈ ਸੰਯੁਕਤ ਵਿਧਾਨ (Coherent criterion) ਸੁਝਾਇਆ ਹੈ। ਇਹੀ ਪ੍ਰਮਾਣਿਤ ਗਿਆਨ ਨੂੰ ਨਿਸ਼ਚਿਤ ਕਰਨ ਦਾ ਵਿਧਾਨ ਹੈ। ਸਿੱਖ ਮੀਮਾਂਸਾ ਤਰਕ-ਸ਼ਾਸਤ੍ਰ ਅਨੁਸਾਰ ਗਿਆਨ ਇੰਦ੍ਰੇ ਵਿਸ਼ਾ ਵਸਤੂ ਮੁਹੱਈਆ ਕਰਦੇ ਹਨ ਅਤੇ ਤਰਕ-ਸ਼ਾਸਤਰ ਦੇ ਨਿਯਮਾਂ ਅਨੁਸਾਰ ਗਿਆਨ ਦੀ ਪ੍ਰਮਾਣਿਕਤਾ ਅਤੇ ਅਪ੍ਰਮਾਣਿਕਤਾ ਪਰਖੀ ਜਾਂਦੀ ਹੈ।

### 1. ਪ੍ਰਤੱਖ (Perception)

ਪ੍ਰਤੱਖ ਸੰਸਕ੍ਰਿਤ ਦੇ ਸ਼ਬਦ ਪ੍ਰਤਿਅਕਸ਼ ਦਾ ਪੰਜਾਬੀ ਰੂਪ ਹੈ। ਵਿਉਂਤਪਤੀ ਦੇ ਨਜ਼ਰੀਏ ਤੋਂ ਇਸ ਦਾ ਅਰਥ ਹੈ ਗਿਆਨ ਇੰਦ੍ਰਿਆਂ ਦੀ ਆਪਣੇ ਵਿਸ਼ੇ ਦੇ ਸੰਪਰਕ ਵਿਚ ਆਉਣ ਦੀ ਕ੍ਰਿਆ ਤੋਂ ਪੈਦਾ ਹੋਈ ਜਾਣਕਾਰੀ। ਇਹ ਕਿਸੇ ਵਸਤੂ ਦਾ ਗਿਆਨ ਇੰਦਰੀਆ ਰਾਹੀਂ ਸਿੱਧਾ ਅਤੇ ਤੁਰੰਤ ਗਿਆਨ ਹੈ। ਪ੍ਰਤੱਖ ਗਿਆਨ ਸਿੱਧੇ ਅਤੇ ਪ੍ਰਮਾਣਿਕ ਗਿਆਨ ਦਾ ਸਾਧਨ ਹੈ। ਇਹ ਗਿਆਨ ਇੰਦ੍ਰਿਆ ਦੇ ਪਦਾਰਥਾਂ ਦੇ ਸੰਪਰਕ ਵਿੱਚ ਆਉਣ ਉਪਰੰਤ ਇਕ ਦਮ ਪੈਦਾ ਹੁੰਦਾ ਹੈ। ਪ੍ਰਤੱਖ ਨੂੰ ਕਿਸੇ ਹੋਰ ਸਾਧਨ ਦੀ ਲੋੜ ਨਹੀਂ ਹੁੰਦੀ। ਪ੍ਰਤੱਖ ਗਿਆਨ ਬਾਹਰੀ ਵੀ ਹੋ ਸਕਦਾ ਹੈ ਅੰਦਰੂਨੀ ਵੀ। ਆਮ ਕਹਾਵਤ ਵੀ ਹੈ ਕਿ ਪ੍ਰਤੱਖ ਨੂੰ ਪ੍ਰਮਾਣ ਦੀ ਕੀ ਲੋੜ ਹੈ? ਜਿਸ ਨੂੰ ਦੇਖ ਸੁਣ ਛੂਹ ਸਕਦੇ ਹਾਂ, ਸੁੰਘ ਸਕਦੇ ਹਾਂ, ਮਹਿਸੂਸ ਕਰ ਸਕਦੇ ਹਾਂ, ਉਸ ਨੂੰ ਪ੍ਰਮਾਣਿਤ ਕਰਨ ਲਈ ਕਿਸੇ ਹੋਰ ਪ੍ਰਮਾਣ ਦੀ ਜ਼ਰੂਰਤ ਨਹੀਂ ਹੈ। ਆਮ ਤੌਰ ਤੇ ਗਿਆਨ-ਇੰਦਰੀਆਂ ਪੰਜ ਮੰਨੀਆਂ ਗਈਆਂ ਹਨ ਜਿਵੇਂ ਅੱਖਾਂ, ਕੰਨ, ਨੱਕ, ਜੀਭ ਅਤੇ ਚਮੜੀ ਅਤੇ ਇਨ੍ਹਾਂ ਗਿਆਨ-ਇੰਦਰੀਆਂ ਦੀ ਕਿਰਿਆ ਦੇਖਣਾ, ਸੁਣਨਾ, ਸੁੰਘਣਾ, ਚਖਣਾ ਅਤੇ ਛੂਹਣਾ ਹੈ। ਇਸ ਲਈ ਇਨ੍ਹਾਂ ਗਿਆਨ-ਇੰਦ੍ਰਿਆਂ ਦੀ ਇਸ ਕਿਰਿਆ ਜਿਵੇਂ ਦੇਖਣ, ਸੁਣਨ, ਚੱਖਣ ਅਤੇ ਛੂਹਣ ਰਾਹੀਂ ਜੋ ਗਿਆਨ ਪ੍ਰਾਪਤ ਹੁੰਦਾ ਹੈ ਉਸ ਨੂੰ ਪ੍ਰਤੱਖ ਗਿਆਨ ਕਹਿੰਦੇ ਹਨ। ਭਾਰਤੀ ਵੈਦਿਕ ਸ਼ਾਸ਼ਤਰਾਂ ਦੇ ਕੁਝ ਸਕੂਲਾਂ ਜਿਵੇਂ ਨਿਆਇ ਦਰਸ਼ਨ ਆਦਿ ਨੇ ਮਨ ਨੂੰ ਵੀ ਇਕ ਗਿਆਨ ਇੰਦਰੀ ਮੰਨਿਆ ਹੈ। ਇਹ ਵੀ ਮਹਿਸੂਸ ਕਰਨ ਦੀ ਜਾਂ ਗਿਆਨ ਪ੍ਰਾਪਤ ਕਰਨ ਦੀ ਇਕ ਇੰਦਰੀ ਮੰਨੀ ਹੈ। ਮਨ ਰਾਹੀਂ ਹਰਖ, ਸੋਗ, ਪ੍ਰੇਮ ਆਦਿ ਦਾ ਗਿਆਨ ਹੁੰਦਾ ਹੈ। ਹਰ ਤਰ੍ਹਾਂ ਦੇ ਗਿਆਨ ਲਈ ਪ੍ਰਤੱਖ ਕਿਸੇ ਪ੍ਰਮਾਣ ਉੱਪਰ ਹੀ ਆਧਾਰਤ ਹੋ ਸਕਦਾ ਹੈ। ਜਿਵੇ ਂ ਕਿ ਅਸੀਂ ਗਿਆਨ ਦੇ ਸੁਭਾਅ ਅਤੇ ਨਿਯਮਾਂ ਵਿੱਚ ਦੇਖਿਆ ਹੈ ਕਿ ਸਿੱਖ ਧਰਮ ਦਰਸ਼ਨ ਵਿੱਚ ਪ੍ਰਤੱਖ ਗਿਆਨ ਨੂੰ ਨਹੀਂ ਨਕਾਰਿਆ ਗਿਆ ਇਸ ਨੂੰ ਗਿਆਨ ਦਾ ਪਹਿਲਾਂ ਅਤੇ ਜ਼ਰੂਰੀ ਪੜਾਅ ਮੰਨਿਆ ਹੈ। ਜਪੁਜੀ ਸਾਹਿਬ ਵਿਚ 'ਸੁਣਿਐ' ਦੀਆਂ ਚਾਰ ਪਉੜੀਆਂ ਪ੍ਰਤੱਖ ਗਿਆਨ ਨਾਲ ਹੀ ਸੰਬੰਧਿਤ ਹਨ। ਜਿਵੇਂਕਿ ਉੱਪਰ ਦੱਸਿਆ ਹੈ ਕਿ 'ਸੁਣਿਐ' ਪ੍ਰਮਾਣ ਨਾਲ ਹੀ ਸੰਬੰਧਿਤ ਨਹੀਂ, ਸਗੋਂ 'ਸ਼ਬਦ' ਦੇ ਸੁਣਨ ਨਾਲ ਵੀ ਸੰਬੰਧਿਤ ਹਨ। ਸ਼ਬਦ ਦਾ ਸੁਣਨਾ ਸਿਰਫ਼ ਇੰਦ੍ਰਿਆਵੀ ਗਿਆਨ ਨਾਲ ਹੀ ਸੰਬੰਧਤ ਨਹੀਂ। ਇਸ ਦਾ ਸੰਦਰਭ ਅਧਿਆਤਮਕ ਹੈ। ਇਸ ਗਿਆਨ ਦਾ ਅੰਤ ਸ਼ਬਦ ਦੇ ਸੁਣਨ ਨਾਲ ਹੀ ਨਹੀਂ ਹੋ ਜਾਂਦਾ, ਇਸ ਨਾਲ ਮਨੁੱਖ ਦੀ ਕਾਇਆ-ਕਲਪ

(Transformation) ਹੁੰਦੀ ਹੈ। ਗੁਰੂ ਸਾਹਿਬ ਨੇ ਗਿਆਨ ਨੂੰ ਪੜਾਅ ਦਰ ਪੜਾਅ ਲਿਆ ਹੈ। ਗਿਆਨ ਦੀ ਖੇਤਰੀ ਵੰਡ ਕੀਤੀ ਹੈ। ਇਨ੍ਹਾਂ ਖੇਤਰਾਂ ਰਾਹੀਂ ਚੇਤੰਨਤਾ ਦੇ ਦਾਇਰੇ ਨੂੰ ਫੈਲਾਉਣ ਵਿਚ ਮਦਦ ਮਿਲਦੀ ਹੈ। ਉਦਾਹਰਣ ਦੇ ਤੌਰ ਤੇ ਪਹਿਲਾਂ ਅਨੁਭਵੀ ਪੁਰਸ਼ਾਂ ਜਾਂ ਧਾਰਮਿਕ ਪੁਰਸ਼ਾਂ ਦੀ ਜ਼ਿੰਦਗੀ ਬਾਰੇ ਪਤਾ ਲਗਦਾ ਹੈ। ਸੰਸਾਰ ਦੇ ਵੱਖ-ਵੱਖ ਪੱਖਾਂ ਜਿਵੇਂ ਧਰਤੀ, ਆਕਾਸ਼ ਆਦਿ ਮਹਾਂਦੀਪਾਂ ਅਤੇ ਚੌਦਾਂ ਲੋਕਾਂ ਬਾਰੇ ਪਤਾ ਲਗਦਾ ਹੈ। ਇਸ ਤਰ੍ਹਾਂ ਖੋਜੀ ਦੀ ਚੇਤੰਨਤਾ ਵਿਸ਼ਾਲ ਅਤੇ ਨਿਯਮਤ ਹੁੰਦੀ ਹੈ। ਕਰਤੇ ਨੂੰ ਜਾਣਨ ਲਈ ਪਹਿਲਾ ਕਦਮ ਉਸ ਦੀ ਰਚਨਾ ਨੂੰ ਜਾਣਨਾ ਹੈ। ਉਚੀ ਚੇਤੰਨਤਾ ਬਾਰੇ ਧਾਰਮਿਕ ਗ੍ਰੰਥ ਜਿਵੇਂ ਵੇਦ, ਸ਼ਾਸ਼ਤਰ, ਅਤੇ ਸਿਮਰਤੀਆਂ ਆਦਿ ਵਿੱਚ ਵੀ ਦਾ ਜ਼ਿਕਰ ਮਿਲਦਾ ਹੈ। ਇਸ ਤਰ੍ਹਾਂ ਦੇ ਗਿਆਨ ਰਾਹੀਂ ਮਨੁੱਖ ਦੀ ਚੇਤੰਨਤਾ ਵਿਸ਼ਾਲ ਹੋ ਕੇ ਬੁਰਾਈ ਅਤੇ ਦੁੱਖਾਂ ਤੋਂ ਉਪਰ ਉਠਦੀ ਹੈ। ਸੁਣਨ ਰਾਹੀਂ ਹੀ ਮਨੁੱਖ ਨੂੰ ਨੈਤਿਕ ਵਿਧਾਨ ਜਿਵੇਂ ਸਤਿ, ਸਿਆਣਪ, ਸੰਤੋਖ, ਪਵਿੱਤਰਤਾ ਆਦਿ ਬਾਰੇ ਪਤਾ ਲਗਦਾ ਹੈ। ਉਹ ਉੱਚੇ ਕੀਮਤ ਵਿਧਾਨਾਂ ਨੂੰ ਜਾਣ ਲੈਂਦਾ ਹੈ। ਇਹ ਸਾਰਾ ਗਿਆਨ ਅੰਤ ਵਿੱਚ ਉਸੇ ਪਾਸੇ ਲੈ ਜਾਂਦਾ ਹੈ ਜਿਥੇ ਇਸ ਗਿਆਨ ਦਾ ਸੋਮਾ ਹੈ। ਸਿੱਖ ਧਰਮ ਵਿੱਚ ਗਿਆਨ ਲਈ ਸੁਰਤਿ ਅਤੇ ਸ਼ਬਦ ਦੇ ਯੋਗ ਤੇ ਜ਼ੋਰ ਦਿੱਤਾ ਹੋਇਆ ਹੈ। ਪ੍ਰਤੱਖ ਗਿਆਨ ਰਾਹੀਂ ਹੀ ਮਨੁੱਖ ਨੂੰ ਗਿਆਨ ਦੇ ਅਮਲੀ ਪ੍ਰਯੋਗ ਬਾਰੇ ਪਤਾ ਲਗਦਾ ਹੈ। ਪ੍ਰਤੱਖ ਦੀ ਮਹੱਤਤਾ ਦਾ ਅੰਦਾਜ਼ਾ ਗੁਰੂ ਨਾਨਕ ਦੇਵ ਜੀ ਦੇ ਇਸ ਬਚਨ 'ਜਬ ਲਗੁ ਦੁਨੀਆਂ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ' ਤੋਂ ਲੱਗ ਜਾਂਦਾ ਹੈ। ਪ੍ਰਤੱਖ ਗਿਆਨ ਕਿਉਂਕਿ ਗਿਆਨ ਇੰਦਰੀਆਂ ਰਾਹੀਂ ਪ੍ਰਾਪਤ ਹੁੰਦਾ ਹੈ, ਇਸ ਲਈ ਪ੍ਰਤੱਖ ਗਿਆਨ ਲਈ ਵਸਤੂ ਦਾ ਹੋਣਾ ਜ਼ਰੂਰੀ ਹੈ। ਪ੍ਰਤੱਖ ਗਿਆਨ ਪਦਾਰਥਕ ਗਿਆਨ ਤੋਂ ਸ਼ੁਰੂ ਹੁੰਦਾ ਹੈ ਜਿਸ ਦਾ ਸੰਬੰਧ ਸਮੇਂ, ਸਥਾਨ ਅਤੇ ਕਾਰਨ ਨਾਲ ਹੈ। ਫਿਰ ਇਹ ਗੁਣਾਤਮਕ ਹੋ ਜਾਂਦਾ ਹੈ। ਇਸ ਤਰ੍ਹਾਂ ਇਹ ਪਦਾਰਥ ਤੋਂ ਸੂਖਮਤਾ ਵੱਲ ਜਾਂਦਾ ਹੈ।

## 2. ਵਿਚਾਰ (Inference Reason)

ਅਸੀਂ ਗਿਆਨ ਦੀਆਂ ਕਿਸਮਾਂ ਦਾ ਵਿਵੇਚਨ ਕਰਦਿਆਂ ਦੇਖਿਆ ਹੈ ਕਿ ਸਿੱਖ ਧਰਮ ਅਨੁਸਾਰ ਗਿਆਨ ਦਾ ਦੂਸਰਾ ਪੜਾਅ ਜਾਂ ਗਿਆਨ ਦੀ ਦੂਸਰੀ ਵਿਚਾਰਵਾਦੀ ਗਿਆਨ (Rational Knowledge) ਹੈ। ਵਿਦਵਾਨਾਂ ਨੇ ਇਸ ਨੂੰ ਵਿਵੇਕ ਗਿਆਨ ਕਿਹਾ ਹੈ। ਵਿਵੇਕ ਗਿਆਨ ਵਿਚਾਰਵਾਦੀ ਗਿਆਨ ਦਾ ਆਖਰੀ ਪੜਾਅ ਹੈ ਜੋ ਅਨੁਭਵ ਗਿਆਨ (Intuitive Knowledge) ਦੇ ਬਿਲਕੁਲ ਨੇੜੇ ਚਲਿਆ ਜਾਂਦਾ ਹੈ ਕਿਉਂਕਿ ਇਹ ਸਾਧਾਰਨ ਕਿਸਮ ਦਾ ਗਿਆਨ ਨਹੀਂ, ਇਹ ਪਰਮ ਸਤਿ ਨਾਲ ਸੰਬੰਧਿਤ ਗਿਆਨ ਹੈ। ਵਿਚਾਰਵਾਦੀ ਗਿਆਨ ਦਾ ਪ੍ਰਮਾਣ ਸਾਧਨ ਵਿਚਾਰ (Reason) ਹੈ। ਭਾਰਤੀ ਵੈਦਿਕ ਦਰਸ਼ਨ ਵਿੱਚ ਗਿਆਨ ਦਾ ਦੂਸਰਾ ਪ੍ਰਮਾਣ ਜਾਂ ਸਾਧਨ ਅਨੁਮਾਨ ਮੰਨਿਆ ਗਿਆ ਹੈ। 'ਅਨੁ' ਦਾ ਅਰਥ ਹੈ 'ਬਾਅਦ ਵਿਚ' ਮਾਨ ਦਾ ਅਰਥ ਹੈ 'ਗਿਆਨ'। ਇਸ ਲਈ ਅਨੁਮਾਨ ਦਾ ਅਰਥ ਹੈ "ਬਾਅਦ ਵਿਚ ਪ੍ਰਾਪਤ ਗਿਆਨ"। ਇਹ ਪ੍ਰਤੱਖ ਗਿਆਨ ਤੋਂ ਬਾਅਦ ਮਿਲਦਾ ਹੈ। ਜੇਕਰ ਕਿਸੇ ਚੀਜ਼, ਤੱਥ ਜਾਂ ਗੱਲ ਨੂੰ ਜਾਣਨ ਤੋਂ ਬਾਅਦ ਉਸ ਦੀ ਸਹਾਇਤਾ ਨਾਲ ਕਿਸੇ ਦੂਸਰੀ ਚੀਜ਼, ਪੱਥ ਜਾਂ ਗੱਲ ਦ ਗਿਆਨ ਪ੍ਰਾਪਤ ਹੁੰਦਾ ਹੈ ਤਾਂ ਉਸ ਨੂੰ ਅਨੁਮਾਨ (Inferential Knowledge) ਕਹਿੰਦੇ ਹਨ। ਭਾਰਤੀ ਸ਼ਾਸ਼ਤ੍ਰਾਂ ਵਿੱਚ ਆਮ ਤੌਰ ਤੇ ਅੱਗ ਅਤੇ ਧੂੰਏ ਦੀ ਉਦਾਹਰਣ ਦਿੱਤੀ ਜਾਂਦੀ ਹੈ। ਫਰਜ਼ ਕਰੋ ਦੂਰ ਕਿਸੇ ਪਹਾੜ ਤੋਂ ਧੂੰਆਂ ਨਿਕਲ ਰਿਹਾ ਦਿਖਾਈ ਦਿੰਦਾ ਹੈ। ਧੂੰਏ ਨੂੰ ਦੇਖ ਕੇ ਪਤਾ ਲੱਗ ਜਾਂਦਾ ਹੈ ਕਿ ਉਥੇ ਅੱਗ ਹੈ। ਧੂੰਆਂ ਪ੍ਰਤੱਖ ਹੈ ਪਰ ਅੱਗ ਅਪ੍ਰਤੱਖ ਹੈ। ਇਸ ਤਰ੍ਹਾਂ ਪ੍ਰਤੱਖ ਤੋਂ ਅਪ੍ਰਤੱਖ ਦਾ ਅਨੁਮਾਨ ਲਾਇਆ ਜਾ ਸਕਦਾ ਹੈ।

ਅਸੀਂ ਉਪਰ ਦੇਖਿਆ ਹੈ ਕਿ ਵਿਚਾਰਵਾਦੀ ਗਿਆਨ (Rational Knowledge) ਦਾ ਸਾਧਨ ਜਾਂ ਪ੍ਰਮਾਣ ਵਿਚਾਰ (Reason) ਹੈ। ਵਿਚਾਰ ਨੂੰ ਸਿੱਖ-ਦਰਸ਼ਨ ਵਿੱਚ ਬਹੁਤ ਮਹੱਤਵਪੂਰਣ ਸਥਾਨ ਦਿੱਤਾ ਗਿਆ ਹੈ। ਵਿਚਾਰ (Reason) ਦੇ ਸੰਦਰਭ ਵਿੱਚ ਸਿੱਖ ਧਰਮ-ਦਰਸ਼ਨ ਵਿੱਚ ਵੱਖ-ਵੱਖ ਸੰਕਲਪ ਜਿਵੇਂ ਕਿ ਖੋਜ ਅਤੇ ਖੋਜੀ, ਬਾਦ ਅਤੇ ਬਾਦੀ, ਸੋਚ, ਵਿਚਾਰ, ਅਕਲ ਅਤੇ ਸਿਆਣਪ, ਲਏ ਗਏ ਹਨ। ਪਰਮ-ਸਤਿ (Reality) ਦੀ ਜਗਿਆਸਾ ਕਰਨ ਵਾਲੇ ਨੂੰ ਖੋਜੀ ਕਿਹਾ ਹੈ, ਅਤੇ ਸੋਚ, ਵਿਚਾਰ, ਅਕਲ ਅਤੇ ਸਿਆਣਪ, ਵਿਚਾਰ ਦੇ ਵੱਖ ਵੱਖ ਪੜਾਅ ਹਨ, ਇਹ ਬਕਾਇਦਾ ਇਕ ਤਰਤੀਬ ਵਿੱਚ ਆਉਂਦੇ ਹਨ। ਪਰਮ-ਸਤਿ ਦੇ ਅਨੁਭਵ ਲਈ ਵਿਚਾਰ ਬਹੁਤ ਜ਼ਰੂਰੀ ਸਾਧਨ ਹੈ। ਉਪਰ ਅਸੀਂ ਪ੍ਰਤੱਖ ਗਿਆਨ ਦੇ ਸੰਬੰਧ ਵਿਚ "ਸੁਣਿਐ" ਦਾ ਜ਼ਿਕਰ ਕਰ ਚੁੱਕੇ ਹਾਂ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਰਮ ਸਤਿ ਦੇ ਅਨੁਭਵ ਲਈ ਜਪੁਜੀ ਸਾਹਿਬ ਵਿੱਚ ਤਿਨ-ਪਰਤੀ ਰਸਤਾ ਦੱਸਿਆ ਹੈ ਜਿਸ ਵਿਚ "ਸੁਣਿਐ" ਪਹਿਲੀ ਪਰਤ ਹੈ ਜੋ ਕਿ ਪ੍ਰਤੱਖ ਗਿਆਨ ਨਾਲ ਸੰਬੰਧਿਤ ਹੈ। ਇਸ ਦਾ ਦੂਸਰਾ ਪੜਾਅ ਜਾਂ ਪਰਤ "ਮੰਨੈ" ਦੀਆਂ ਪਉੜੀਆਂ ਹਨ ਜੋ ਕਿ ਵਿਚਾਰ ਨਾਲ ਸੰਬੰਧਿਤ ਹਨ। ਇਸ ਦਾ ਜ਼ਿਕਰ ਸਾਨੂੰ ਵੇਦਾਂਤ ਵਿੱਚ ਵੀ ਮਿਲਦਾ ਹੈ ਜਿਥੇ ਸਰਵਣ ਨੂੰ ਗਿਆਨ ਦਾ ਪਹਿਲਾ ਪੜਾਅ ਮੰਨਿਆ ਹੈ ਅਤ 'ਮਨਨ' ਨੂੰ ਦੂਸਰਾ ਪੜਾਅ ਮੰਨਿਆ ਹੈ। ਕਿਹਾ ਹੈ ਕਿ ਗੁਰੂ ਨੂੰ ਸੁਣਨ ਤੋਂ ਬਾਅਦ ਜਗਿਆਸੂ ਨੂੰ ਇਸ ਤੇ ਵਿਚਾਰ ਕਰਨਾ ਚਾਹੀਦਾ ਹੈ। ਅੱਗੇ ਕਿਹਾ ਹੈ ਕਿ ਸ੍ਵਣ ਤੋਂ ਬਾਅਦ ਮੰਨਣ ਅਤੇ ਨਿਧਿਆਸਣ ਦੇ ਰਾਹ ਪੈਣ ਨਾਲ ਆਤਮ-ਦਰਸ਼ਨ ਹੁੰਦਾ ਹੈ। ਵਿਚਾਰ ਰਾਹੀਂ ਮਨੁੱਖੀ ਮਨ ਦੀ ਚੇਤਨਾ ਅਤੇ ਬੁੱਧੀ ਦਾ ਨਿਰਮਾਣ ਹੁੰਦਾ ਹੈ। ਵਿਚਾਰ ਰਾਹੀਂ ਹੀ ਖੋਜੀ ਸਹੀ ਰਸਤੇ ਤੇ ਜਾਂਦਾ ਹੈ ਅਤੇ ਰਸਤੇ ਦੀਆਂ ਸਾਰੀਆਂ ਰੁਕਾਵਟਾਂ ਦੂਰ ਹੋ ਜਾਂਦੀਆਂ ਹਨ। ਵਿਚਾਰ ਰਾਹੀਂ ਉਸ ਨੂੰ ਜੀਵਨ ਦੇ ਮਕਸਦ ਦਾ ਪਤਾ ਲੱਗਦਾ

ਹੈ ਅਤੇ ਉਹ ਦੂਜਿਆਂ ਦੀ ਅਧਿਆਤਮਕ ਤਬਦੀਲੀ ਵਿਚ ਸਹਾਇਤਾ ਕਰਨ ਦੇ ਸਮਰੱਥ ਹੋ ਜਾਂਦਾ ਹੈ। ਸਿੱਖ-ਦਰਸ਼ਨ ਵਿੱਚ 'ਹੁਕਮ' ਨੂੰ ਦੈਵੀ ਵਿਚਾਰ ਮੰਨਿਆ ਗਿਆ ਹੈ ਜੋ ਪਰਮ-ਸਤਿ ਵੱਲੋਂ ਬ੍ਰਹਿਮੰਡ ਦਾ ਨਿਸ਼ਚਿਤ ਸਿਧਾਂਤ ਹੈ ਅਤੇ ਕੁਦਰਤ ਦੀ ਇਕਸੁਰਤਾ ਦਾ ਆਧਾਰ ਹੈ। ਸਿੱਖ ਧਰਮ ਅਨੁਸਾਰ ਹੁਕਮ ਦਾ ਗਿਆਨ ਪ੍ਰਾਪਤ ਕਰਨ ਲਈ 'ਹੁਕਮ' ਨੂੰ ਸਮਝਣਾ ਜ਼ਰੂਰੀ ਹੈ। ਹੁਕਮ ਅਤੇ "ਹਉਮੈ" ਦੀ ਆਪਸ ਵਿੱਚ ਵਿਰੋਧਤਾ ਹੈ। ਇਸ ਲਈ ਹੁਕਮ ਅਨੁਸਾਰ ਹੋਣ ਲਈ "ਹਉਮੈ" ਦਾ ਤਿਆਗ ਜ਼ਰੂਰੀ ਹੈ। ਹਉਮੈ ਦੇ ਤਿਆਗ ਲਈ ਵਿਚਾਰ ਦਾ ਅਮਲ ਜ਼ਰੂਰੀ ਹੈ। "ਮਨਨ" ਰਾਹੀਂ ਹੀ ਮਨੁੱਖ 'ਬਿਬੇਕ' ਤੱਕ ਪਹੁੰਚਦਾ ਹੈ ਜੋ ਪਰਮ-ਸਤਿ ਨਾਲ ਸੰਬੰਧਿਤ ਗਿਆ ਹੈ। ਇਸ ਤਰ੍ਹਾਂ ਸਿੱਖ ਧਰਮ-ਦਰਸ਼ਨ ਅਨੁਸਾਰ ਉੱਚਤਮ ਗਿਆਨ ਤੇ ਪਹੁੰਚਣ ਲਈ ਵਿਚਾਰ ਦੀ ਵਰਤੋਂ ਜ਼ਰੂਰੀ ਮੰਨੀ ਗਈ ਹੈ। ਵਿਚਾਰ ਸ਼ਬਦ ਨਾਲ ਸੰਬੰਧਤ ਹੈ। ਗੁਰੂ ਸ਼ਬਦ ਦੀ ਅਗਵਾਈ ਵਿੱਚ ਚਲਿਆ, ਵਿਚਾਰ ਰਾਹੀਂ ਮਨੁੱਖ ਅਨੁਭਵ, ਗਿਆਨ ਤੱਕ ਪਹੁੰਚਦਾ ਹੈ। ਇਸ ਨੂੰ 'ਏਕ ਧਿਆਨ ਜਾਂ ਸਹਿਜ ਸਮਾਧੀ' ਵੀ ਕਿਹਾ ਹੈ। 'ਮਨਨ' ਰਾਹੀਂ ਪ੍ਰਾਪਤ ਕੀਤਾ ਗਿਆਨ ਉਹ ਗਿਆਨ ਹੈ ਜਿਸ ਦਾ ਵਰਣਨ ਜਪੁਜੀ ਸਾਹਿਬ ਵਿੱਚ ਧਰਮ-ਖੰਡ ਵਿਚ ਕੀਤਾ ਗਿਆ ਹੈ।

## 3. ਅਨੁਭਵ (Intuition)

ਜੋ ਗਿਆਨ ਪ੍ਰਤੱਖ ਅਤੇ ਵਿਚਾਰ ਰਾਹੀਂ ਪ੍ਰਾਪਤ ਕੀਤਾ ਜਾਂਦਾ ਹੈ, ਉਸ ਦੀਆਂ ਕੁਝ ਸੀਮਾਵਾਂ ਹੁੰਦੀਆਂ ਹਨ। ਵਿਚਾਰ ਦਾ ਘੇਰਾ ਭਾਵੇਂ ਪ੍ਰਤੱਖ ਨਾਲੋਂ ਬਹੁਤ ਵਿਸ਼ਾਲ ਹੈ ਪਰ ਇਹ ਕੰਢੇ ਤੱਕ ਲੈ ਜ਼ਰੂਰ ਜਾਂਦਾ ਹੈ। ਅਸੀਮ ਦਾ ਅਨੁਭਵ ਸਹਿਜ ਵਿਚਾਰ ਦਾ ਵਿਸ਼ਾ ਵਸਤੂ ਨਹੀਂ। ਜਿਵੇਂ ਕਿ ਅਸੀਂ ਉਪਰ ਦੇਖ ਚੁਕੇ ਹਾਂ ਕਿ ਸਿੱਖ-ਧਰਮ ਵਿਚਾਰ ਨੂੰ ਨਕਾਰਦਾ ਨਹੀਂ ਹੈ ਸਗੋਂ ਅਨੁਭਵ ਗਿਆਨ ਲਈ ਇਸ ਨੂੰ ਪੂਰਕ ਮੰਨਣ ਦੇ ਨਾਲ ਨਾਲ ਬਹੁਤ ਲਾਜ਼ਮੀ ਅਤੇ ਅਹਿਮ ਕੜੀ ਮੰਨਦਾ ਹੈ। ਇਹ ਵਿਚਾਰ ਰਾਹੀਂ ਹੀ ਹੈ ਕਿ ਖੋਜੀ ਪ੍ਰਾਪਤ ਗਿਆਨ ਨੂੰ ਸੂਤ੍ਰ-ਬਧ ਕਰਦਾ ਹੋਇਆ ਵਿਚਾਰ ਦੀ ਸੀਮਾ ਰੇਖਾ ਨੂੰ ਪਾਰ ਕਰ ਜਾਂਦਾ ਹੈ।

ਅਨੁਭਵ ਦੀ ਅਵਸਥਾ ਨੂੰ ਜਪੁਜੀ ਸਾਹਿਬ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਏਕ ਧਿਆਨ' ਜਾਂ 'ਧਿਆਨ' ਦੀ ਅਵਸਥਾ ਕਿਹਾ ਹੈ। ਇਹ ਰੱਹਸਾਤਮਕ ਅਵਸਥਾ ਹੈ ਜਿਸ ਵਿੱਚ ਵਿਅਕਤੀ ਆਪਣੀ ਵਿਅਕਤੀਗਤ ਸੀਮਾਵਾਂ ਤੋਂ ਉਤੇ ਉਠ ਕੇ ਪਰਮ-ਸਤਿ ਦਾ ਇਕ ਹਿੱਸਾ ਬਣ ਜਾਂਦਾ ਹੈ। ਇਸ ਅਵਸਥ ਵਿੱਚ 'ਸੁਣਿਐ' ਅਤੇ 'ਮੰਨੇ' ਰਾਹੀਂ ਭਾਵ ਪ੍ਰਤੱਖ ਅਤੇ ਵਿਚਾਰ ਦੀ ਸਹਾਇਤਾ ਨਾਲ ਹੀ ਪਹੁੰਚਿਆ ਜਾ ਸਕਦਾ ਹੈ। ਵੇਦਾਂਤ ਵਿੱਚ ਧਿਆਨ ਅਤੇ ਨਿਧਿਆਸਣ ਵਿੱਚ ਫ਼ਰਕ ਕੀਤਾ ਹੋਇਆ ਹੈ। ਧਿਆਨ ਨੂੰ ਉਥੇ ਸਮਾਧੀ ਦੇ ਅਰਥਾਂ ਵਿੱਚ ਵਰਤਿਆ ਹੋਇਆ ਹੈ ਅਤੇ ਨਿਧਿਆਸਣ ਨੂੰ ਮਨਨ ਅਤੇ ਸ੍ਰਵਣ ਦੀ ਕੜੀ ਵਿੱਚ ਗਿਆਨ ਦਾ ਆਖਰੀ ਪੜਾਅ ਮੰਨਿਆ ਹੈ ਜੋ ਕਿ ਨਿਰਗੁਣ ਤੱਕ ਸਿੱਧਾ ਪ੍ਰਵੇਸ਼ ਹੈ ਅਤੇ ਇਸ ਵਿਚ ਕਿਸੇ ਵਿਚੋਲੇ ਦੀ ਜ਼ਰੂਰਤ ਨਹੀਂ ਹੈ। ਇਹ ਕਿਸੇ ਵਲ, ਵਿੰਗ ਅਤੇ ਅਟਕ ਤੋਂ ਰਹਿਤ ਬ੍ਰਹਮ ਗਿਆਨ ਦਾ ਸਿੱਧਾ ਰਸਤਾ ਹੈ। ਨਿਧਿਆਸਣ ਸਮਾਧੀ ਤੋਂ ਵੱਖਰਾ ਹੈ, ਜਿਸ ਵਿਚ ਕਿਸੇ ਚਿੰਨ੍ਹ ਨੂੰ ਸਾਹਮਣੇ ਮੰਨ ਕੇ ਸਮਾਧੀ ਲਗਾਈ ਜਾਂਦੀ ਹੈ। 'ਜਪੁਜੀ' ਵਿਚ ਖੋਜੀ (Seeker) ਜਦੋਂ ਗਿਆਨ ਦੇ ਤੀਸਰੇ ਪੜਾਅ ਦਾ ਅਨੁਭਵ ਕਰ ਲੈਂਦਾ ਹੈ ਤਾਂ ਉਸ ਨੂੰ ਪੰਚ ਕਿਹਾ ਹੈ। ਗੁਰੂ ਨਾਨਕ ਦੇਵ ਜੀ ਨੇ ਇਸ ਤੀਸਰੇ ਪੱਖ ਰਾਹੀਂ 'ਸੁਣਿਐ' ਅਤੇ 'ਮਨੈ' ਰਾਹੀਂ ਪ੍ਰਾਪਤ ਕੀਤੇ ਗਿਆਨ ਦਾ ਸੰਸ਼ਲੇਸ਼ਣ ਕਰਨ ਲਈ ਕਿਹਾ ਹੈ। ਇਸੇ ਸਤਿ ਨੂੰ ਖੋਜੀ ਇਕ ਸੰਯੁਕਤ-ਸਮੁੱਚ (coherent whole) ਦੇ ਰੂਪ ਵਿਚ ਅਨੁਭਵ ਕਰਦਾ ਹੈ। ਉਹ ਪਰਮ-ਸਤਿ ਨੂੰ ਸ਼ਾਸ਼ਕ-ਇਕਾਈ ਦੇ ਰੂਪ ਵਿੱਚ ਅਨੁਭਵ ਕਰਦਾ ਹੈ। ਅਨੁਭਵ ਵਿੱਚ ਵਾਹਿਗੁਰੂ ਦੀ ਨਦਰਿ ਸ਼ਾਮਲ ਹੈ ਕਿਉਂਕਿ ਅਨੁਭਵ ਕਰਨ ਦਾ ਗਿਆਨ ਵੀ ਪ੍ਰਭੂ ਦੀ ਕ੍ਰਿਪਾ ਨਾਲ ਪ੍ਰਾਪਤ ਹੁੰਦਾ ਹੈ। ਜਿਵੇਂ ਕਿ ਪਹਿਲਾਂ ਵੀ ਜ਼ਿਕਰ ਕੀਤਾ ਹੈ ਗੁਰੂ ਨਾਨਕ ਦੇਵ ਜੀ ਨੇ ਇਹ ਦੱਸਣ ਲਈ ਕਿ ਅਨੁਭਵ ਜਾਂ ਧਿਆਨ ਰਾਹੀਂ ਗਿਆਨ ਬਿਲਕੁਲ ਪੱਕ ਜਾਂਦਾ ਹੈ, ਬਹੁਤ ਸੁੰਦਰ ਦ੍ਰਿਸ਼ਟਾਂਤ ਦਿੱਤਾ ਹੈ। ਧਿਆਨ ਵਿੱਚ ਖੋਜੀ ਨੂੰ ਵਾਹਿਗੁਰੂ ਦੀ ਨਦਰਿ ਰਾਹੀਂ ਸਤਿ ਦਾ ਸਹੀ ਸਰੂਪ ਪ੍ਰਾਪਤ ਹੋ ਜਾਂਦਾ ਹੈ। ਇਥੇ ਧਰਮ ਨੂੰ ਇਕ ਫੁੱਲ ਅਤੇ ਗਿਆਨ ਫਲ ਕਿਹਾ ਹੈ ਜੋ ਅਨੁਭਵ ਜਾਂ ਧਿਆਨ ਦੀ ਅਵਸਥਾ ਵਿੱਚ ਪੱਕ ਜਾਂਦਾ ਹੈ। ਇਹ ਉਹ ਅਵਸਥਾ ਹੈ ਜਿਸ ਨੂੰ ਸਿੱਖ ਧਰਮ-ਦਰਸ਼ਨ ਵਿੱਚ ਜਲ ਦਾ ਜਲ ਦੇਣਾ ਕਿਹਾ ਹੈ। ਜਿਵੇਂ ਬੂੰਦ ਸਮੁੰਦਰ ਵਿਚ ਮਿਲ ਕੇ ਸਮੁੰਦਰ ਹੋ ਜਾਂਦੀ ਹੈ ਜਾਂ ਕਿਰਨ ਸੂਰਜ ਨਾਲ ਮਿਲ ਕੇ ਸੂਰਜ ਹੋ ਜਾਂਦੀ ਹੈ। ਇਸ ਅਵਸਥਾ ਨੂੰ ਪ੍ਰਾਪਤ ਮਨੁੱਖ ਪੰਚ, ਗੁਰਮੁੱਖ ਜਾਂ ਬ੍ਰਹਮ ਗਿਆਨ ਕਹਾਉਂਦਾ ਹੈ।

ਅਨੁਭਵੀ ਗਿਆਨ ਸਹਿਜ ਗਿਆਨ ਹੈ, ਜਿਸ ਵਿਚ ਸੁਰਤਿ ਸ਼ਬਦ ਵਿਚ ਟਿੱਕ ਜਾਂਦੀ ਹੈ। ਇਹ ਸੁਰਤਿ ਅਤੇ ਸ਼ਬਦ ਦਾ ਮੇਲ ਹੈ। ਇਸ ਸਹਿਜ ਗਿਆਨ ਨੂੰ ਪ੍ਰਾਪਤ ਕਰਨ ਵਾਲਾ ਸਹਿਜ ਅਵਸਥਾ ਵਿਚ ਪਹੁੰਚ ਜਾਂਦਾ ਹੈ। ਸਿੱਖ ਧਰਮ-ਦਰਸ਼ਨ ਵਿਚ ਗਿਆਨ ਦੀ ਵਿਲੱਖਣਤਾ ਇਹ ਹੈ ਕਿ ਇਸ ਦੀ ਪ੍ਰਾਪਤੀ ਤੋਂ ਬਾਅਦ ਖੋਜੀ ਇਸ ਨੂੰ ਦੂਜਿਆਂ ਦੇ ਭਲੇ ਲਈ ਵਰਤਦਾ ਹੈ। ਦੂਸਰਿਆਂ ਦੀ ਇਸ ਨੂੰ ਪ੍ਰਾਪਤ ਕਰਨ ਵਿਚ ਸਹਾਇਤਾ ਕਰਦਾ ਹੈ। ਉਹ ਸਮਾਜ ਨਾਲੋਂ ਟੁੱਟਦਾ ਨਹੀਂ ਗਿਆਨ ਨੂੰ ਦੂਸਰਿਆਂ ਤੋਂ ਲੁਕਾ ਕੇ ਨਹੀਂ ਰੱਖਦਾ। ਉਸ ਅੰਦਰ ਪਰਉਪਕਾਰ ਦਾ ਚਾਅ ਹੁੰਦਾ ਹੈ, 'ਬ੍ਰਹਮ-ਗਿਆਨੀ ਪਰਉਪਕਾਰ ਉਮਾਹਾ।'

## 4. ਸ਼ਬਦ ਪ੍ਰਮਾਣ

ਭਾਰਤੀ ਵੈਦਿਕ ਸ਼ਾਸਤ੍ਰਾਂ ਅਨੁਸਾਰ ਸ਼ਬਦ ਨੂੰ ਗਿਆਨ ਦਾ ਚੌਥਾ ਪ੍ਰਮਾਣ ਜਾਂ ਸਾਧਨ ਮੰਨਿਆ ਗਿਆ ਹੈ। ਸ਼ਬਦ, ਵਿਸ਼ਵਾਸੀ ਮਨੁੱਖ ਦਾ ਜਾਂ ਗੁਰੂ ਦਾ ਵਾਕ ਹੈ। ਵਿਸ਼ਵਾਸੀ ਮਨੁੱਖ ਉਹ ਹੈ ਜੋ ਵਸਤੂ ਨੂੰ ਯਥਾਰਥ ਰੂਪ ਵਿਚ ਲੈਂਦਾ ਹੈ। ਵਾਕ ਸ਼ਬਦਾਂ ਦਾ ਜੋੜ

ਹੈ, ਜਿਸ ਵਿਚ ਅਰਥ ਨੂੰ ਪ੍ਰਗਟ ਕਰਨ ਦੀ ਸਮਰੱਥਾ ਹੋਵੇ, ਉਹ ਪਦ ਹੈ। ਇਸ ਤੋਂ ਈਸ਼ਵਰ ਦਾ ਸੰਕੇਤ ਪ੍ਰਾਪਤ ਹੁੰਦਾ ਹੈ। ਸ਼ਾਸਤਰਾਂ ਦੇ ਰਚਣਹਾਰਿਆਂ ਦਾ ਕਥਨ ਹੈ ਕਿ ਇਨ੍ਹਾਂ ਸ਼ਬਦਾਂ ਤੋਂ ਕਿਹੜਾ ਕਿਹੜਾ ਅਰਥ ਸਮਝਣਾ ਚਾਹੀਦਾ ਹੈ। ਇਹ ਸੰਕੇਤ ਈਸ਼ਵਰ ਵਲੋਂ ਦਿੱਤਾ ਹੋਇਆ ਹੈ। ਸਾਰੇ ਸ਼ਬਦ ਪ੍ਰਮਾਣ ਨਹੀਂ ਹਨ ਪਰ ਯਥਾਰਥਵਾਦੀ ਜਾਂ ਵਿਸ਼ਵਾਸੀ ਮਨੁੱਖ ਦੇ ਸ਼ਬਦ ਹੀ ਪ੍ਰਮਾਣ ਹਨ। ਭਾਰਤ ਦੇ ਛੇ ਕਟੜਪੰਥੀ ਸ਼ਾਸਤ੍ਰ ਪਦਾਂ ਨੂੰ ਸ਼ਬਦ ਮੰਨਦੇ ਹਨ। ਇਸੇ ਕਰਕੇ ਇਨ੍ਹਾਂ ਨੂੰ ਆਸਤਕ ਕਿਹਾ ਜਾਂਦਾ ਹੈ। ਜਦ ਕਿ ਚਾਰਵਾਕ, ਬੁੱਧ ਅਤੇ ਜੈਨ ਆਦਿ ਵੇਦਾਂ ਨੂੰ ਸ਼ਬਦ-ਪ੍ਰਮਾਣ ਨਾ ਮੰਨਣ ਕਰਕੇ ਅਵੈਦਕ ਮੌਤ ਅਖਵਾਉਂਦੇ ਹਨ।

ਸਿੱਖ ਧਰਮ-ਦਰਸ਼ਨ ਵੇਦਾਂ ਨੂੰ ਸ਼ਬਦ-ਪ੍ਰਮਾਣ ਨਹੀਂ ਮੰਨਦਾ। ਗੁਰੂ ਸਾਹਿਬਾਨ ਅਨੁਸਾਰ ਵੇਦ ਅਤੇ ਸ਼ਾਸਤ੍ਰ ਵੀ ਵਾਦ-ਵਿਵਾਦ ਵਿਚੋਂ ਨਹੀਂ ਨਿਕਲ ਸਕੇ। ਸਿੱਖ ਗੁਰੂ ਸਾਹਿਬਾਨ ਅਨੁਸਾਰ ਮਨੁੱਖੀ ਮਨ ਨੂੰ ਸ਼ਾਸਤ੍ਰੀ ਵਾਦ-ਵਿਵਾਦ ਤੋਂ ਹਟਾ ਕੇ ਸੁਰਤਿ ਨੂੰ ਸ਼ਬਦ ਵਿਚ ਟਿਕਾਉਣਾ ਚਾਹੀਦਾ ਹੈ, ਸਿੱਖ ਧਰਮ ਅਨੁਸਾਰ 'ਸੁਣਿਐ' 'ਮੰਨੈ' ਅਤੇ ਧਿਆਨ ਦਾ ਸੰਕਲਪ ਦਿੱਤਾ ਹੈ ਜਿਸ ਦਾ ਸੰਬੰਧ ਵਿਚਾਰ ਅਤੇ ਅਨੁਭਵ ਨਾਲ ਹੈ, ਉਸ ਦੇ ਦੋ ਪਹਿਲੂ ਹਨ। ਉਸ ਦਾ ਇਕ ਪਹਿਲੂ ਪ੍ਰਤੱਖ ਗਿਆਨ ਦੇ ਸੁਣਨ, ਵਿਚਾਰਨ ਨਾਲ ਸੰਬੰਧਿਤ ਹੈ ਅਤੇ ਦੂਸਰਾ ਪਹਿਲੂ ਸ਼ਬਦ ਦੇ ਅਨੁਭਵ ਨਾਲ ਸੰਬੰਧਿਤ ਹੈ। ਸ਼ਬਦ, ਗਿਆਨ ਦਾ ਬਹੁਤ ਹੀ ਸਮਰੱਥ ਸਾਧਨ ਹੈ। ਪ੍ਰਤੱਖ, ਗਿਆਨ ਇੰਦ੍ਰਿਆਂ ਤੋਂ ਪਰ੍ਹੇ ਨਹੀਂ ਕੀਤਾ ਜਾ ਸਕਦਾ ; ਅਨੁਮਾਨ (Inference) ਦਾ ਘੇਰਾ ਭਾਵੇਂ ਪ੍ਰਤੱਖ ਨਾਲੋਂ ਬਹੁਤ ਵਿਸ਼ਾਲ ਹੈ ਪਰ ਇਸ ਰਾਹੀਂ ਵੀ ਉਸ ਬਾਰੇ ਹੀ ਗਿਆਨ ਹੋ ਸਕਦਾ ਹੈ, ਜਿਸ ਦਾ ਜਾਂ ਤਾਂ ਪਹਿਲਾਂ ਗਿਆਨ ਹੈ ਅਤੇ ਜਾਂ ਜਿਸ ਦਾ ਗਿਆਨ ਕਰਨਾ ਹੈ ਉਸ ਨਾਲ ਸੰਬੰਧਿਤ ਵਸਤੂਆਂ ਦਾ ਪਹਿਲਾਂ ਹੀ ਗਿਆਨ ਹੋਵੇ। ਪਰ ਸ਼ਬਦ-ਪ੍ਰਮਾਣ ਦਾ ਘੇਰਾ ਬਹੁਤ ਵਿਸ਼ਾਲ ਹੈ ਕਿਉਂਕਿ ਇਸ ਦਾ ਸੰਬੰਧ ਅਨੁਭਵ ਗਿਆਨ ਨਾਲ ਹੈ। ਸ਼ਬਦ ਅਨੁਭਵ ਗਿਆਨ ਨੂੰ ਦੱਸਣ ਦਾ ਇਕ ਬਲਵਾਨ ਸਾਧਨ ਹੈ। ਸਿੱਖ ਧਰਮ ਅਨੁਸਾਰ ਸ਼ਬਦ ਗਿਆਨ ਦਾ ਸਾਧਨ ਵੀ ਹੈ ਅਤੇ ਸ਼ਬਦ ਖੁਦ ਗਿਆਨ ਵੀ ਹੈ ਕਿਉਂਕਿ ਪਰਮ-ਸਤਿ ਸ਼ਬਦ ਰੂਪ ਹੀ ਹੈ। ਸ਼ਬਦ ਉਹ ਗਿਆਨ ਹੈ ਜੋ ਮਨੁੱਖ ਨੂੰ ਸਚਿਆਰਾ ਜੀਵਨ ਜਿਉਣ ਦੀ ਪ੍ਰੇਰਨਾ ਕਰਦਾ ਹੈ। ਸ਼ਬਦ ਰਾਹੀਂ ਮਨੁੱਖ ਦਾ ਮਨ ਅਤੇ ਸਰੀਰ ਦੋਵੇਂ ਜੋਤਿ-ਸਰੂਪ ਹੋ ਜਾਂਦੇ ਹਨ। ਸ਼ਬਦ ਖੋਜੀ ਨੂੰ, ਅਨੁਭਵੀ ਗਿਆਨ ਪ੍ਰਾਪਤ ਕਰਨ ਵਿਚ ਮਦਦ ਕਰਦਾ ਹੈ। ਸ਼ਬਦ ਮਨੁੱਖ ਦੀ ਰਾਹ ਦਿਖਾਉਣ ਵਾਲੀ ਸ਼ਕਤੀ ਹੈ ਅਤੇ ਜਦੋਂ ਸ਼ਬਦ ਰਾਹ ਦਿਖਾਉਂਦਾ ਹੈ ਤਾਂ ਫਿਰ ਇਹੀ ਸ਼ਬਦ ਗੁਰੂ ਬਣ ਜਾਂਦਾ ਹੈ। ਸ਼ਬਦ ਗੁਰੂ ਰਾਹੀਂ ਹੀ ਮਨੁੱਖ ਨੇ ਸੁਰਤਿ ਦਾ ਵਿਕਾਸ ਕਰਨਾ ਅਤੇ ਬ੍ਰਹਮ ਗਿਆਨ ਦੀ ਪ੍ਰਾਪਤੀ ਕਰਨੀ ਹੈ। ਸ਼ਬਦ ਭਾਸ਼ਾ ਰਾਹੀਂ ਪ੍ਰਗਟ ਕੀਤਾ ਹੈ ਇਸ ਲਈ ਸ਼ਬਦ ਬਾਣੀ ਹੈ, 'ਗੁਰੂ ਕੀ ਬਾਣੀ' ਇਸੇ ਲਈ ਗੁਰ-ਸ਼ਬਦ ਨੂੰ ਅੰਮ੍ਰਿਤ ਕਿਹਾ ਹੈ। ਸ਼ਬਦ ਪਰਮ-ਸਤਿ ਦੀ ਅਭਿਵਿਅਕਤੀ ਹੈ ਅਤੇ ਪਰਮ-ਸਤਿ ਸ਼ਬਦ ਰੂਪ ਹੋ ਕੇ ਸਾਰਿਆਂ ਵਿਚ ਕਾਰਜਸ਼ੀਲ ਹੈ। ਇਸ ਤਰ੍ਹਾਂ ਪਰਮ-ਸਤਿ ਸੱਚਾ ਸ਼ਬਦ ਹੈ। ਸਿੱਖ ਧਰਮ ਅਨੁਸਾਰ ਸ਼ਬਦ ਗੁਰੂ ਹੈ ਅਤੇ ਗੁਰੂ ਸ਼ਬਦ ਹੈ। ਮਨੁੱਖ ਨੇ ਅਧਿਆਤਮਕ ਰਾਹ ਗੁਰੂ ਤੋਂ ਸਿੱਖਣਾ ਹੈ, ਜੋ ਕਿ ਸ਼ਬਦ ਦਾ ਪ੍ਰਗਟਾਅ ਬਾਣੀ ਰਾਹੀਂ ਕਰਦਾ ਹੈ ਅਤੇ ਇਸ ਦੇ ਫਲਸਰੂਪ ਬਾਣੀ ਗੁਰੂ ਬਣ ਗਈ ਹੈ। "ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤ ਸਾਰੇ।"

ਇਸ ਤਰ੍ਹਾਂ ਅਸੀਂ ਦੇਖਿਆ ਹੈ ਕਿ ਸਿੱਖ ਧਰਮ-ਦਰਸ਼ਨ ਅਨੁਸਾਰ ਗਿਆਨ ਦੇ ਚਾਰ ਸਾਧਨ ਜਾਂ ਪ੍ਰਮਾਣ ਮੰਨੇ ਗਏ ਹਨ। ਇਨ੍ਹਾਂ ਸਾਧਨਾਂ ਰਾਹੀਂ ਮਨੁੱਖ ਗਿਆਨ ਦੇ ਵੱਖ-ਵੱਖ ਪੜਾਅ ਤੈਅ ਕਰਦਾ ਹੋਇਆ ਅੰਤਿਮ ਗਿਆਨ ਦੇ ਪੜਾਅ, ਜਿਸ ਨੂੰ ਜਪੁਜੀ ਵਿਚ 'ਸਚਖੰਡ' ਕਿਹਾ ਹੈ, ਵਿਚ ਪਹੁੰਚਦਾ ਹੈ। ਇਸ ਗਿਆਨ ਦੀ ਪ੍ਰਾਪਤੀ ਲਈ ਮਨੁੱਖ ਨੇ ਆਪਣੀ ਸੁਰਤਿ ਮਨ ਅਤੇ ਬੁਧਿ ਨੂੰ ਇਕਸੁਰ ਕਰਨ ਵਲ ਯਤਨਸ਼ੀਲ ਹੋਣਾ ਹੈ। ਇਸ ਵਿਚ ਵਾਹਿਗੁਰੂ ਦੀ ਨਦਰਿ ਲਾਜ਼ਮੀ ਹੈ। ਉਸ ਦੀ ਬਖਸ਼ਿਸ਼ ਰਾਹੀਂ ਹੀ ਮਨੁੱਖ ਦੀ ਘਾਲ ਸਫਲ ਹੋਣੀ ਹੈ। ਅਤੇ ਉਸ ਨੇ ਗੁਰਮੁਖਿ ਜਾਂ ਬ੍ਰਹਮ ਗਿਆਨੀ ਦੀ ਸਰਬੋਤਮ ਅਵਸਥਾ ਨੂੰ ਪ੍ਰਾਪਤ ਕਰਨਾ ਹੈ। ਹੁਣ ਅਸੀਂ ਦੇਖਾਂਗੇ ਕਿ ਸਿੱਖ ਧਰਮ ਅਨੁਸਾਰ ਗਿਆਨ ਦੀ ਪਰਖ ਦਾ ਕੀ ਆਧਾਰ ਹੈ?

## 5. ਗਿਆਨ ਦੀ ਪਰਖ ਜਾਂ ਟੈਸਟ

### (The validity or test of knowledge according to Sikhism)

ਵੇਦਾਂਤ ਵਿਚ ਗਿਆਨ ਨੂੰ ਸਵੈ-ਪ੍ਰਕਾਸ਼ ਅਤੇ ਸਵੈ-ਸਿੱਧ ਮੰਨਿਆ ਹੈ। ਜੋ ਗਿਆਨ ਹੈ, ਉਸ ਨੂੰ ਸਿੱਧ ਕਰਨ ਲਈ ਕਿਸੇ ਹੋਰ ਪ੍ਰਮਾਣ ਦੀ ਲੋੜ ਨਹੀਂ ਹੁੰਦੀ। ਇਸ ਲਈ ਇਸ ਗਿਆਨ ਨੂੰ ਸਵੈ-ਸਿੱਧ ਮੰਨਿਆ ਹੈ। ਗਿਆਨ ਸਵੈ-ਪ੍ਰਕਾਸ਼ ਹੈ ਕਿਉਂਕਿ ਇਸ ਨੂੰ ਜਾਨਣ ਲਈ ਕਿਸੇ ਹੋਰ ਗਿਆਨ ਦੀ ਲੋੜ ਨਹੀਂ ਹੁੰਦੀ। ਇਹ ਸੂਰਜ ਦੇ ਪ੍ਰਕਾਸ਼ ਦੀ ਤਰਾਂ ਆਪਣੇ ਆਪ ਦਾ ਚਮਕਣਾ ਹੈ ਅਤੇ ਚਮਕਣ ਲਈ ਇਸ ਨੂੰ ਕਿਸੇ ਹੋਰ ਪ੍ਰਕਾਸ਼ ਦੀ ਲੋੜ ਨਹੀਂ ਹੈ।

ਸਿੱਖ ਧਰਮ-ਦਰਸ਼ਨ ਅਨੁਸਾਰ ਵੀ ਗਿਆਨ ਸਵੈ-ਪ੍ਰਮਾਣਿਤ ਅਤੇ ਸਵੈ-ਸਿੱਧ ਹੈ ਕਿਉਂਕਿ 'ਗਿਆਨ' ਸ਼ਬਦ ਵਰਤਿਆ ਹੀ ਪ੍ਰਮਾਣਿਕ ਗਿਆਨ ਲਈ ਗਿਆ ਹੈ। ਜੋ ਪ੍ਰਮਾਣਿਕ ਨਹੀਂ ਹੈ ਉਸ ਨੂੰ 'ਗਿਆਨ' ਨਹੀਂ 'ਅਗਿਆਨ' ਕਿਹਾ ਗਿਆ ਹੈ। ਗੁਰੂ ਸਾਹਿਬਾਨ ਅਨੁਸਾਰ ਗਿਆਨ ਦੀ ਪ੍ਰਮਾਣਿਕਤਾ ਇਸ ਦੇ ਅਸਲੀ ਗਿਆਨੀ ਨੂੰ ਆਪਣੇ ਆਪ ਜ਼ਾਹਰ ਹੋ ਜਾਂਦੀ ਹੈ, ਪ੍ਰਤੱਖ ਹੋ ਜਾਂਦੀ ਹੈ। ਗਿਆਨ ਦੀ ਇਸ ਪ੍ਰਤੱਖ-ਪ੍ਰਮਾਣਿਕਤਾ ਦਾ ਪਤਾ ਗਿਆਨੀ ਨੂੰ ਸਹਿਜ ਹੀ ਹੋ ਜਾਂਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਨੇ ਕਿਹਾ ਹੈ ਕਿ ਉਹ ਖੋਜੀ ਜਿਸ ਨੇ ਮਨ ਵਿਚ ਸਤਿ ਹੈ, ਸਤਿ ਨੂੰ ਅੱਗੇ ਫੈਲਾਉਂਦਾ ਹੈ। ਸਤਿ ਸਵੈ-ਪ੍ਰਮਾਣਿਤ ਹੈ। ਇਸ ਦਾ ਬੋਧ ਗਿਆਨੀ ਨੂੰ ਸਹਿਜ ਵਿਚ

ਹੀ ਹੋ ਜਾਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗਿਆਨ ਨੂੰ ਅੰਜਨ ਕਿਹਾ ਹੈ। ਇਸ ਦੇ ਨਾਲ ਸਾਰੇ ਡਰ ਅਤੇ ਹਨੇਰੇ ਦੂਰ ਹੋ ਜਾਂਦੇ ਹਨ ਅਤੇ ਨਿਰੰਜਨ (ਪਰਮ-ਸਤਿ) ਦਾ ਅਨੁਭਵ ਹੁੰਦਾ ਹੈ। ਪਰਮ-ਸਤਿ ਇਸ ਗਿਆਨ ਨੂੰ ਦੇਣ ਵਾਲਾ ਹੈ, ਇਸ ਲਈ ਗਿਆਨ ਨੂੰ ਸਵੈ-ਪ੍ਰਮਾਣਿਕ ਕਿਹਾ ਹੈ। ਇਹ ਗਿਆਨ ਪ੍ਰਮਾਣਿਕ ਹੈ ਕਿਉਂਕਿ ਇਹ ਸਵੈ-ਸਿੱਧ ਹੈ। ਗੁਰੂ ਅਨੁਸਾਰ ਜਿਸ ਤਰ੍ਹਾਂ ਜਦੋਂ ਦੀਵਾ ਬਲਦਾ ਹੈ ਤਾਂ ਹਨੇਰਾ ਆਪਣੇ ਆਪ ਦੂਰ ਹੋ ਜਾਂਦਾ ਹੈ। ਜਿਸ ਤਰ੍ਹਾਂ ਸੂਰਜ ਨਿਕਲਦਾ ਹੈ ਤਾਂ ਚੰਦ ਦਾ ਚਾਨਣ ਨਹੀਂ ਰਹਿੰਦਾ, ਇਸੇ ਤਰ੍ਹਾਂ ਜਦੋਂ ਗਿਆਨ ਪ੍ਰਾਪਤ ਹੁੰਦਾ ਹੈ ਤਾਂ ਅਗਿਆਨ ਰਹਿੰਦਾ ਹੀ ਨਹੀਂ। ਗਿਆਨ ਸਵੈ-ਪ੍ਰਕਾਸ਼ ਹੈ। ਸਿੱਖ ਧਰਮ-ਦਰਸ਼ਨ ਅਨੁਸਾਰ ਗਿਆਨ ਸਵੈ-ਸਿੱਧ ਹੈ ਕਿਉਂਕਿ ਇਹ ਅਬਿਨਾਸ਼ੀ ਹੈ। ਗੁਰੂ ਅਰਜਨ ਦੇਵ ਜੀ ਨੇ ਦੱਸਿਆ ਹੈ ਕਿ ਮਨੁੱਖ ਦੇ ਮਨ ਵਿਚ ਜਦੋਂ ਗਿਆਨ ਦੀ ਉੱਚਤਮ ਨੂਰਾਨੀ ਅਵਸਥਾ ਹੈ ਜਿਸ ਵਿਚ ਮਨੁੱਖ ਪਰਮ-ਸਤਿ ਦੇ ਪ੍ਰੇਮ ਵਿਚ ਰੰਗ ਜਾਂਦਾ ਹੈ। ਫਿਰ ਜਿਵੇਂ ਜਲ ਆਪਣੇ ਸ੍ਰੋਤ ਵਿਚ ਮਿਲ ਜਾਂਦਾ ਹੈ, ਕਿਰਨ ਸੂਰਜ ਵਿਚ ਮਿਲ ਜਾਂਦੀ ਹੈ, ਗਿਆਨੀ ਦੇ ਅੰਦਰ ਦਾ ਪ੍ਰਕਾਸ਼ ਆਪਣੇ ਪ੍ਰਕਾਸ਼ ਦੇ ਸੋਮੇ ਪਰਮ-ਸਤਿ ਵਿਚ ਵਿਲੀਨ ਹੋ ਜਾਂਦਾ ਹੈ। ਇਥੇ ਆ ਕੇ ਗਿਆਨ, ਗਿਆਨੀ ਅਤੇ ਪਰਮ-ਸਤਿ ਇਕ ਹੋ ਜਾਂਦੇ ਹਨ।

ਸਿੱਖ ਧਰਮ-ਦਰਸ਼ਨ ਅਨੁਸਾਰ ਗਿਆਨ ਦੀ ਪ੍ਰਮਾਣਿਕਤਾ ਉਸ ਦੇ ਅੰਦਰ ਨਿਹਿਤ ਹੈ, ਇਸ ਸਵੈ-ਪ੍ਰਮਾਣਿਕਤਾ ਦਾ ਆਧਾਰ (Basis) ਗਿਆਨ ਦੀ ਸਵੈ-ਪ੍ਰਕਾਸ਼ਨਾ ਹੈ। ਇਸ ਸਵੈ-ਪ੍ਰਮਾਣਿਕਤਾ ਦਾ ਅਨੁਭਵ ਗਿਆਨੀ ਨੂੰ ਸਹਿਜ ਹੀ ਹੋ ਜਾਂਦਾ ਹੈ। ਗੁਰੂ ਸਾਹਿਬਾਨ ਨੇ, ਜੋ ਪ੍ਰਮਾਣਿਤ ਨਹੀਂ ਉਸ ਲਈ ਗਿਆਨ ਦਾ ਉਲਟ ਸ਼ਬਦ ਅਗਿਆਨ ਵਰਤਿਆ ਹੈ। ਗੁਰੂ ਸਾਹਿਬਾਨ ਅਨੁਸਾਰ ਜੋ ਅਪ੍ਰਮਾਣਿਕ ਹੈ ਉਸ ਨੂੰ ਗਿਆਨ ਕਿਹਾ ਹੀ ਨਹੀਂ ਜਾ ਸਕਦਾ। ਇਸ ਨੂੰ 'ਅਗਿਆਨ' ਅਤੇ 'ਭਰਮ' ਕਿਹਾ ਹੈ ਅਤੇ ਜੋ ਗਿਆਨੀ ਹੈ ਉਸ ਨੂੰ ਸਵੈ-ਪ੍ਰਮਾਣਿਤ ਅਤੇ ਸਵੈ-ਸਿਧ ਪਰਵਾਨ ਕੀਤਾ ਹੈ।

ਕਿਸੇ ਵੀ ਸਿੱਧਾਂਤ ਦੀ ਵਿਲੱਖਣਤਾ ਇਹ ਹੁੰਦੀ ਹੈ ਕਿ ਉਹ ਕਿਸ ਕਿਸਮ ਦੀ ਸ਼ਖਸੀਅਤ ਪੈਦਾ ਕਰਦਾ ਹੈ। ਸਿੱਖ ਦਰਸ਼ਨ ਦੇ ਮੁੱਢ ਵਿਚ ਹੀ ਜ਼ਿਕਰ ਕੀਤਾ ਗਿਆ ਹੈ ਕਿ ਮਨੁੱਖੀ ਜੀਵਨ ਦਾ ਮੂਲ ਮਨੋਰਥ ਆਪਣੇ ਆਪੇ ਦੇ ਸ੍ਰੋਤ ਦੀ ਪਛਾਣ ਕਰਨਾ ਹੈ ਜੋ ਪਰਮ-ਸਤਿ ਦੇ ਗਿਆਨ ਰਾਹੀਂ ਸੰਭਵ ਹੈ। ਸਿੱਖ ਧਰਮ ਦੇ ਸਿਧਾਂਤ ਦੀ ਵਿਲੱਖਣਤਾ ਇਹ ਹੈ ਕਿ ਇਸ ਨੇ ਇਕ ਵਿਲੱਖਣ ਮਨੁੱਖੀ ਸ਼ਖਸੀਅਤ ਦੀ ਘਾੜਤ ਕਰਨੀ ਹੈ ਜਿਸ ਵਿਚ ਭਗਤੀ ਅਤੇ ਸ਼ਕਤੀ, ਸਿਧਾਂਤ ਅਤੇ ਅਮਲ ਇਕੋ ਵਿਅਕਤੀ ਵਿਚ ਨਾਲ ਪ੍ਰਫੁੱਲਤ ਹੋਣੇ ਹਨ। ਸਿੱਖ ਧਰਮ-ਦਰਸ਼ਨ ਅਨੁਸਾਰ ਗੁਰਮੁਖ ਜਾਂ ਬ੍ਰਹਮ ਗਿਆਨੀ ਸੰਸਾਰ ਨਾਲੋਂ ਅਲੱਗ-ਥਲੱਗ ਨਹੀਂ ਹੈ। ਉਸ ਦੁਨੀਆਂ ਤੋਂ ਭੱਜ ਕੇ ਆਪਣੀ ਵਿਅਕਤੀਗਤ ਮੁਕਤੀ ਵਲ ਨਹੀਂ ਦੌੜਦਾ ਸਗੋਂ ਸਮਾਜ ਲਈ ਕਲਿਆਣਕਾਰੀ ਬਣਦਾ ਹੈ। ਉਸ ਨੇ 'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ' ਦੀ ਜ਼ਿੰਦਗੀ ਜਿਉਣੀ ਹੈ ਅਤੇ ਦੂਸਰਿਆਂ ਲਈ ਵੀ ਇਸ ਕਿਸਮ ਦਾ ਮਾਹੌਲ ਸਿਰਜਣ ਵਿਚ ਸਹਾਇਤਾ ਕਰਨੀ ਹੈ। ਸੋ ਸਿੱਖ ਧਰਮ-ਦਰਸ਼ਨ ਦੇ ਗਿਆਨੀ ਜਾਂ ਬ੍ਰਹਮ ਗਿਆਨੀ ਨੇ ਬਿਲਕੁਲ ਧਰਾਤਲ ਤੇ ਵਿਚਰਦਿਆਂ ਹੋਇਆਂ ਮਨੁੱਖ ਬਣਨਾ ਹੈ ਜਿਸ ਨੇ ਸੰਸਾਰ ਦੇ ਕਲਿਆਣ ਵਿਚ ਹਿੱਸਾ ਪਾਉਣਾ ਹੈ।

ਪਾਠ ਨੰਬਰ : 2.3 ਲੇਖਕ : ਡਾ.ਸ਼ਮਸ਼ੇਰ ਸਿੰਘ

# ਸ੍ਰਿਸ਼ਟੀ - ਸਰੂਪ ਅਤੇ ਬ੍ਰਹਮ ਨਾਲ ਸੰਬੰਧ

## ਜਾਣ ਪਛਾਣ

ਆਦਿ ਕਾਲ ਤੋਂ ਸ੍ਰਿਸ਼ਟੀ ਦੇ ਰਹੱਸ ਨੂੰ ਜਾਨਣ ਲਈ ਸੰਤਾਂ, ਰਹੱਸਵਾਦੀਆਂ ਅਤੇ ਦਰਸ਼ਨਕਾਰਾਂ ਅਤੇ ਸਾਹਿਤਕਾਰਾਂ ਨੇ ਯਤਨ ਕੀਤਾ। ਇਸ ਯਤਨ ਨੂੰ ਸਹਿਜ ਅਨੁਭਵ ਅਤੇ ਬੌਧਿਕ ਗਿਆਨ ਦੁਆਰਾ ਜਾਣਨ ਲਈ ਸ੍ਰਿਸ਼ਟੀ ਵਿਗਿਆਨ (Cosmology) ਦਾ ਨਾਂ ਦਿੱਤਾ ਗਿਆ ਹੈ। ਇਸ ਵਿਧੀ ਅਨੁਸਾਰ, ਸ੍ਰਿਸ਼ਟੀ ਤੋਂ ਪਹਿਲਾਂ ਦੀ ਅਵਸਥਾ, ਉਤਪਤੀ ਉਪਾਦਾਨ ਕਾਰਨਾਂ ਤੇ ਨਿਮਿਤ ਕਾਰਨਾਂ ਦਾ ਵਰਣਨ ਕੀਤਾ ਜਾਂਦਾ ਹੈ। ਇਸ ਖੋਜ ਦੁਆਰਾ ਜੜ-ਚੇਤਨ ਪਦਾਰਥ ਆਦਿ ਦੀ ਵੰਡ ਨਿਸ਼ਚਿਤ ਕੀਤੀ ਜਾਂਦੀ ਹੈ। ਡਾ.ਪ੍ਰੇਮ ਪ੍ਰਕਾਸ਼ ਨੇ Dr. Nagendra, Encyclopaedia of Humanities , ਦੇ ਹਵਾਲੇ ਅਨੁਸਾਰ, ਵਰਣਨ ਕੀਤਾ ਹੈ ਕਿ ਦਾਰਸ਼ਨਿਕ ਪ੍ਰਣਾਲੀ ਵਿਚ ਇਸ ਦੇ ਦੋ ਹਿੱਸੇ ਹਨ :

1. ਸ੍ਰਿਸ਼ਟੀ ਵਿਦਿਆ (Cosmogony)
2. ਸ੍ਰਿਸ਼ਟੀ ਸ਼ਾਸਤ੍ਰ (Cosmology)

ਸ੍ਰਿਸ਼ਟੀ ਵਿਦਿਆ ਅਨੁਸਾਰ ਸ੍ਰਿਸ਼ਟੀ ਵਿਚ ਮੌਜੂਦ ਸਾਰੀਆਂ ਹੋਂਦਾਂ ( beings) ਦੀ ਉਤਪਤੀ ਦਾ ਵਰਣਨ ਹੁੰਦਾ ਹੈ। ਭਾਰਤ ਦੇ ਪੌਰਾਣਕ ਸਾਹਿਤ ਅਤੇ ਦੂਸਰੇ ਸਾਹਿਤ ਵਿਚ ਵਿਸ਼ਵ ਦੇ ਵਿਕਾਸ ਸਬੰਧ ਵਿਚ ਤਰ੍ਹਾਂ-ਤਰ੍ਹਾਂ ਦੇ ਵਿਸ਼ਵਾਸ ਪ੍ਰਗਟ ਕੀਤੇ ਗਏ ਹਨ।

D.D. Runes, (Dictionary of Philosophy, p.68) ਅਨੁਸਾਰ ਸ੍ਰਿਸ਼ਟੀ ਵਿਦਿਆ ਉਸ ਪ੍ਰਣਾਲੀ ਦਾ ਕਲਾਤਮਿਕ ਵਿਵੇਚਨ ਹੈ ਜਿਸ ਦੁਆਰਾ ਇਹ ਬ੍ਰਹਿਮੰਡ ਹੋਂਦ ਵਿਚ ਆਇਆ।

ਸ੍ਰਿਸ਼ਟੀ ਸ਼ਾਸਤ੍ਰ ਦਾ ਸਬੰਧ ਸ੍ਰਿਸ਼ਟੀ ਵਿਗਿਆਨ ਨਾਲ ਹੈ। ਇਸ ਵਿਚ ਬ੍ਰਹਿਮੰਡ ਦੀ ਉਤਪਤੀ ਦਾ ਵਿਗਿਆਨਕ ਢੰਗ ਨਾਲ ਵਿਚਾਰ ਹੁੰਦਾ ਹੈ। ਕੁਦਰਤੀ ਸਚਾਈਆਂ, ਅਧਿਭੌਤਿਕ ਸਤਿ, ਕੁਦਰਤ ਦਾ ਰਹੱਸ, ਬੁਨਿਆਦੀ ਨਿਯਮ ਤੇ ਪ੍ਰਣਾਲੀਆਂ ਆਦਿ ਵਿਸ਼ਿਆਂ ਦਾ ਵਰਣਨ ਹੁੰਦਾ ਹੈ।

ਪੱਛਮੀ ਵਿਦਵਾਨ, ਹੀਗਲ ਦੇ ਅਨੁਸਾਰ ਸ੍ਰਿਸ਼ਟੀ ਸ਼ਾਸਤ੍ਰ ਦੇ ਮੁੱਖ ਵਿਸ਼ੇ, ਬ੍ਰਹਿਮੰਡ ਦੀ ਅਚਾਨਕੀ ਪੈਦਾਇਸ਼, ਲੋੜ ਸਦੀਵਤਾ, ਸੀਮਾਵਾਂ ਅਤੇ ਪ੍ਰਬੰਧਕੀ ਨੇਮ ਹਨ ਜਿਨ੍ਹਾਂ ਵਿਚ ਮਨੁੱਖ ਦੀ ਸਥਿਤੀ ਨੂੰ ਵੀ ਮੱਦੇ ਨਜ਼ਰ ਰੱਖਿਆ ਜਾਂਦਾ ਹੈ।

ਭਾਰਤ ਵਿਚ ਸ੍ਰਿਸ਼ਟੀ ਦਾ ਸਾਹਿਤਿਕ, ਧਾਰਮਿਕ ਤੇ ਦਾਰਸ਼ਨਿਕ ਪੱਧਰ ਤੇ ਵਿਚਾਰ ਹੋਇਆ ਹੈ।

## ਭਾਰਤੀ ਪਿਛੋਕੜ

ਭਾਰਤੀ ਪਰੰਪਰਾ ਵੱਲ ਨਜ਼ਰ ਮਾਰਿਆਂ ਇਸ ਸਿਧਾਂਤ ਦੀ ਚਰਚਾ ਖੂਬ ਹੋਈ ਮਿਲਦੀ ਹੈ। ਰਿਗਵੇਦ (1.164.4) ਵਿਚ ਵੈਦਿਕ ਰਿਸ਼ੀਆਂ ਦੇ ਮਨ ਵਿਚ ਪ੍ਰਸ਼ਨ ਉੱਠਦੇ ਸਨ ਕਿ ਪ੍ਰਿਥਵੀ ਪ੍ਰਾਣ, ਰਕਤ, ਤੇ ਆਤਮਾ ਸਭ ਕਿੱਥੇ ਰਹਿੰਦੇ ਹਨ। ਸਭ ਤੋਂ ਪਹਿਲਾਂ ਉਨ੍ਹਾਂ ਦੇ ਮਨ ਵਿਚ ਪ੍ਰਸ਼ਨ ਉਠਿਆ ਕਿ ਆਕਾਸ਼-ਪ੍ਰਿਥਵੀ ਕਿਸ ਬਿਰਖ ਤੇ ਉਤਪੰਨ ਹੋਏ (ਰਿਗ. 10. 31.7) ਇਹਨਾਂ ਵਿਚੋਂ ਕੌਣ ਪਹਿਲਾਂ ਅਤੇ ਕੌਣ ਪਿੱਛੋਂ ਹੋਂਦ ਵਿਚ ਆਇਆ। ਰਿਸ਼ੀ ਕਦੀ ਇੰਦਰ ਦੇ ਕਦੀ ਵਰੁਣ, ਮਿੱਤਰ ਤੇ ਅਗਨੀ ਸੂਰਜ ਨੂੰ ਸ੍ਰਿਸ਼ਟੀ ਦਾ ਆਧਾਰ ਮੰਨਦੇ, ਕਦੀ ਚੰਦਰਮਾ ਸੂਰਜ ਨੂੰ, ਜੇ ਇਹ ਕਾਰਨ ਨਹੀਂ ਹਨ ਤੇ ਪ੍ਰਿਥਵੀ ਡਿਗ ਕਿਉਂ ਨਹੀਂ ਪੈਂਦੀ ਆਦਿ ਵਿਚਾਰਾਂ ਦੀ ਖੂਬ ਚਰਚਾ ਹੋਈ ਮਿਲਦੀ ਹੈ।

ਪੁਰਸ਼ ਸੂਕਤ (ਰਿਗਵੇਦ) ਵਿਚ ਸਮੁੱਚੇ ਬ੍ਰਹਿਮੰਡ ਦੇ ਨਿਰਮਾਣ ਦਾ ਵਰਣਨ ਕੀਤਾ ਗਿਆ ਹੈ। ਨਾਸਦੀਯ ਸੂਕਤ ਦੇ ਸ਼ੁਰੂ ਵਿਚ ਵਰਣਨ ਹੈ ਨਾ ਸਤ ਨਾ ਅਸੱਤ ਹੀ ਸੀ। ਸਭ ਜਲ ਮਈ ਸੀ। ਅਸੱਤ ਦੁਆਰਾ ਸਭ ਢਕਿਆ ਹੋਇਆ ਸੀ। ਇਸ ਵਿਚੋਂ ਇਕ ਤੱਤ ਦੀ ਸ੍ਰਿਸ਼ਟੀ ਦੀ ਉਤਪਤੀ ਕਰਨ ਦੀ ਇੱਛਾ ਉਤਪੰਨ ਹੋਈ, ਉਸ ਤੋਂ ਬੀਜ ਦੀ ਉਤਪਤੀ ਹੋਈ।

ਉਪਨਿਸ਼ਦਾਂ ਵਿਚ ਸ੍ਰਿਸ਼ਟੀ ਸਬੰਧੀ ਬੜੀ ਚਰਚਾ ਹੋਈ ਹੈ। ਬ੍ਰਿਹਦਾਰਨਕ ਉਪਨਿਸ਼ਦ ਵਿਚ (5-1) ਜ਼ਿਕਰ ਹੈ, ਸਭ ਪਾਸੇ ਜਲ ਹੀ ਜਲ ਸੀ ਜਲ ਤੋਂ ਪ੍ਰਿਥਵੀ ਅੰਤਰਿਕਸ਼, ਅਕਾਸ਼, ਦੇਵ, ਮਨੁੱਖ, ਪਸ਼ੂ, ਪੰਛੀ, ਤ੍ਰਿਣ ਬਨਾਸਪਤੀ, ਜੀਵ ਜੰਤੂ ਉਤਪੰਨ ਹੋਏ। ਅੰਤ ਵਿਚ ਬ੍ਰਹਮ ਨੂੰ ਸ੍ਰਿਸ਼ਟੀ ਦਾ ਆਧਾਰ ਮੰਨਿਆ ਗਿਆ। ਇਹ ਜਗਤ ਦਾ ਮੂਲ ਕਾਰਣ ਤੱਤ ਹੈ। (ਬ੍ਰਿਹਿ, 3-8, 3.9)

ਛਾਂਦੋਗਯ ਉਪਨਿਸ਼ਦ (6-2.3) ਵਿਚ ਸਭ ਸਰੂਪ ਬ੍ਰਹਮ ਤੋਂ ਜਗਤ ਦੀ ਉਤਪਤੀ ਦਾ ਵਰਣਨ ਕੀਤਾ ਮਿਲਦਾ ਹੈ। ਜਗਤ ਨੂੰ

ਬ੍ਰਹਮ ਰੂਪ ਮੰਨਿਆ ਗਿਆ ਹੈ। ਕਿਤੇ ਕਿਤੇ ਸਮੁੱਚੇ ਨਾਮ-ਰੂਪ ਜਗਤ ਨੂੰ ਮਾਇਆ ਸਮਾਨ ਤੇ ਸੁਪਨੇਵਤ (ਛਲਾਵਾ) ਮੰਨਿਆ ਹੈ। ਮਾਂਡੂਕਯ ਉਪ. (1-7) ਵਿਚ ਜ਼ਿਕਰ ਹੈ ਕਿ ਸ੍ਰਿਸ਼ਟੀ ਦੇ ਸਮੁੱਚੇ ਨਾਮ ਰੂਪ ਪਰਿਵਰਤਨਸ਼ੀਲ, ਵਿਨਾਸਸ਼ੀਲ ਅਤੇ ਅਨਿਤ ਹਨ। ਜਗਤ ਦੀ ਉਤਪਤੀ ਬ੍ਰਹਮ ਤੋਂ ਹੋਈ ਅਤੇ ਅੰਤ ਨੂੰ ਅਭੇਦ ਵੀ ਉਸੇ ਵਿਚ ਹੋਈ ਮੰਨੀ ਜਾਂਦੀ ਹੈ। (ਛਾਦੋ. 3. 14. 1) ਉਪਨਿਸ਼ਦਾਂ ਵਿਚ ਅਦੁੱਤੀ ਸੱਤ ਨੇ ਏਕ ਤੋਂ ਅਨੇਕ ਹੋਣ ਦੀ ਇੱਛਾ ਪ੍ਰਗਟ ਕੀਤੀ। ਇੱਛਾ ਅਧੀਨ ਤੇਜ ਉਤਪੰਨ ਕੀਤਾ ਤੇਜ ਤੋਂ ਜਲ, ਜਲ ਤੋਂ ਅੰਨ ਦੀ ਉਤਪਤੀ ਹੋਈ। (ਛਾਦੋ, ਉਪ, 6.2.2) ਇਸੇ ਤਰ੍ਹਾਂ ਆਤਮਾ (ਬ੍ਰਹਮ ਤੋਂ ਅਕਾਸ਼, ਹਵਾ, ਅਗਨੀ, ਜਲ, ਪ੍ਰਿਥਵੀ, ਬਨਸਪਤੀ, ਅੰਨ, ਪੁਰਸ਼ ਦੀ ਉਤਪਤੀ ਕਰਮਵਾਰ ਹੋਈ (ਤੈਤਰੀਯ ਉਪ, 2.1.1)

ਗੀਤਾ ਵਿਚ (7-10) ਬ੍ਰਹਮ ਨੂੰ ਸਨਾਤਨ ਬੀਜਮ ਸਮਸਤ ਭੂਤਾਂ ਦਾ ਅਬਿਨਾਸੀ ਬੀਜ ਦੱਸਿਆ ਹੈ। ਸੰਪੂਰਨ ਜਗਤ ਬ੍ਰਹਮ ਰੂਪ ਮਾਲਾ ਦੇ ਮਣਕਿਆਂ ਦੀ ਤਰ੍ਹਾਂ ਹੈ। ਜਗਤ ਦੀ ਪਾਲਣਾ ਵੀ ਬ੍ਰਹਮ ਦੁਆਰਾ ਹੁੰਦੀ ਹੈ। (9.17) ਭਗਵਾਨ ਕ੍ਰਿਸ਼ਨ ਨੇ ਕਿਹਾ ਅੰਤ ਵਿਚ ਸਮੂਹ ਜੀਵ ਮੇਰੀ ਪ੍ਰਕਿਰਤੀ ਵਿਚ ਲੀਨ ਹੁੰਦੇ ਹਨ। (9.7)

ਸਾਂਖ ਦਰਸ਼ਨ ਨੇ ਪ੍ਰਕਿਰਤੀ ਨੂੰ ਜਗਤ ਦਾ ਮੂਲ ਕਾਰਨ ਮੰਨਿਆ ਹੈ ਪ੍ਰਕਿਰਤੀ ਦਾ ਆਪਣਾ ਕੋਈ ਕਾਰਜ ਨਹੀਂ। ਪ੍ਰਕਿਰਤੀ ਦ੍ਰਵ ਜਾਂ ਪਦਾਰਥ ਨਹੀਂ। ਇਹ ਤ੍ਰੈਗੁਣਾਂ ਦੀ ਸਮ-ਅਵਸਥਾ ਹੈ। ਤ੍ਰੈਗੁਣ ਸਮ ਸ਼ਕਤੀ ਸੰਪੰਨ ਹੁੰਦੇ ਹਨ। ਜਦੋਂ ਇਕ ਗੁਣ ਦੂਜੇ ਦੋ ਗੁਣਾਂ ਤੇ ਹਾਵੀ ਨਹੀਂ ਤਾਂ ਇਸ ਤੋਂ ਇਕ ਵਿਕਾਰਹੀਨ, ਨਿਰਵਿਸ਼ੇਸ਼, ਸਮ ਅਵਸਥਾ ਉਤਪੰਨ ਹੁੰਦੀ ਹੈ। ਇਹੋ ਪ੍ਰਕਿਰਤੀ ਹੈ - ਸਾਂਖ ਦਰਸ਼ਨ ਵਿਚ ਸਤਕਾਰਯਵਾਦ ਨੂੰ ਸਵੀਕਾਰ ਕੀਤਾ ਗਿਆ ਹੈ। ਇਸ ਅਨੁਸਾਰ ਮੰਨਿਆ ਜਾਂਦਾ ਹੈ ਕਿ ਕਾਰਜ ਦੀ ਉਤਪਤੀ ਤੋਂ ਪਹਿਲਾਂ ਕਾਰਜ ਕਾਰਨ ਵਿਚ ਵਿਦਮਾਨ ਹੁੰਦਾ ਹੈ। ਭਾਵ ਕਾਰਜ ਤੇ ਕਾਰਨ ਵਿਚ ਅਭਿਨਤਾ ਹੈ ਅਤੇ ਇਹ ਦੋਨੋਂ ਇਕ ਦੂਜੇ ਉੱਪਰ ਨਿਰਧਾਰਤ ਹੁੰਦੇ ਹਨ।

ਸ਼ੰਕਰ ਨੇ ਵੀ ਇਹੀ ਮੰਨਿਆ ਹੈ ਕਿ ਪਰਮੇਸ਼ਰ ਹੀ ਸੰਪੂਰਨ ਜਗਤ ਦਾ ਕਰਤਾ ਹੈ। ਉਸ ਨੇ ਇਹ ਗੱਲ ਮੰਨੀ ਹੈ, ਬ੍ਰਹਮ ਤੋਂ ਸ੍ਰਿਸ਼ਟੀ ਦੀ ਉਤਪਤੀ ਦਾ ਇਹ ਸਮੁੱਚਾ ਵਰਣਨ ਅਰਥਵਾਦ ਮਾਤਰ ਹੈ। ਇਸ ਦਾ ਮੰਤਵ ਕੇਵਲ ਆਤਮਾ ਦੇ ਸਰੂਪ ਦੇ ਅਵਬੋਧ ਵਿਚ ਸਹਾਇਕ ਹੋਣਾ ਹੈ। (ਏਤਰੇਅ ਉਪ, ਸ਼ੰਕਰ ਭਾਸ 2.1.1)

ਬ੍ਰਹਮ ਸੂਤਰ ਦੇ ਭਾਸ ਅਨੁਸਾਰ ਸ਼ੰਕਰ ਦਾ ਮੰਨਣਾ ਹੈ ਕਿ ਪ੍ਰਪੰਚ ਰੂਪ ਜਗਤ ਬ੍ਰਹਮਾਤਮਕ ਹੈ। ਬ੍ਰਹਮ ਪ੍ਰੰਪਚਾਤਮਕ ਨਹੀਂ (ਬ੍ਰਹਮ ਸੂਤਰ ਭਾਸ 3-2.21) ਸ਼ੰਕਰ ਅਨੁਸਾਰ ਬ੍ਰਹਮ ਤ੍ਰੈਕਾਲ ਵਿਚ ਸੱਤਾ ਦੁਆਰਾ ਦੂਸ਼ਿਤ ਨਹੀਂ ਹੁੰਦਾ ਇਸੇ ਲਈ ਉਹ ਕਾਰਜ ਜਗਤ ਦੀ ਸੱਤਾ ਤੋਂ ਵੀ ਦੂਸ਼ਿਤ ਨਹੀਂ ਹੁੰਦਾ ਜਿਸ ਤਰ੍ਹਾਂ ਮਕੜੀ ਆਪਣੇ ਵਿਚੋਂ ਹੀ ਤੰਦਾਂ ਉਪਜਾਂਦੀ ਹੈ ਉਸੇ ਤਰ੍ਹਾਂ ਬ੍ਰਹਮ ਵੀ ਬਿਨਾਂ ਕਿਸੇ ਸਾਧਨ-ਸਾਮੱਗਰੀ ਦੇ ਸ੍ਰਿਸ਼ਟੀ ਦੀ ਰਚਨਾ ਕਰਦਾ ਹੈ। ਅਦਵੈਤ ਵੇਦਾਂਤ ਦਾ ਜਗਤ ਦੇ ਸੱਤ-ਅਸੱਤ ਬਾਰੇ ਉੱਤਰ ਹੈ ਕਿ ਬ੍ਰਹਮ ਹੀ ਸੱਤ ਹੈ ਜਗਤ ਮਿੱਥਿਆ ਹੈ ਪਰੰਤੂ ਕਈ ਵਾਰੀ ਅਸੀਂ ਸਤਿ ਦੀ ਪਰਿਭਾਸ਼ਾ ਨੂੰ ਸਹੀ ਰੂਪ ਵਿਚ ਨਹੀਂ ਸਮਝਦੇ, ਇਹ ਜਗਤ ਹਰ ਪਲ ਘੜੀ ਨਵਾਂ ਰੂਪ ਗ੍ਰਹਿਣ ਕਰਦਾ ਰਹਿੰਦਾ ਹੈ ਭਾਵ ਪਰਿਵਰਤਨਸ਼ੀਲ ਹੈ। ਕੇਵਲ ਬ੍ਰਹਮ ਹੀ ਤ੍ਰੈਕਾਲ ਇਕ ਰਸ ਰਹਿੰਦਾ ਹੈ। ਸੱਤਾ ਦੀਆਂ ਕਈ ਸ਼੍ਰੇਣੀਆਂ ਹਨ ਜਿਨ੍ਹਾਂ ਅਰਥਾਂ ਵਿਚ ਅਸੀਂ ਬ੍ਰਹਮ ਨੂੰ ਸਤਿ ਕਹਿੰਦੇ ਹਾਂ ਉਨ੍ਹਾਂ ਅਰਥਾਂ ਵਿਚ ਜਗਤ ਨੂੰ ਸਤਿ ਨਹੀਂ ਕਹਿੰਦੇ।

ਬ੍ਰਹਮ ਦੀ ਸੱਤਾ ਪਰਮਾਰਥਕ ਹੈ ਪਰ ਜਗਤ ਦੀ ਸੱਤਾ ਵਿਵਹਾਰਕ ਹੈ। ਬ੍ਰਹਮ ਗਿਆਨ ਜਦੋਂ ਤੱਕ ਪ੍ਰਾਪਤ ਨਹੀਂ ਹੁੰਦਾ ਉਦੋਂ ਤੱਕ ਜਗਤ ਸਤਿ ਹੈ ਜਦੋਂ ਬ੍ਰਹਮ ਗਿਆਨ ਪ੍ਰਾਪਤ ਹੋ ਜਾਂਦਾ ਹੈ ਉਦੋਂ ਜਗਤ ਦੀ ਸੱਤਾ ਮਿਟ ਜਾਂਦੀ ਹੈ।

ਵੇਦਾਂਤ ਨੇ ਤਿੰਨ ਪ੍ਰਕਾਰ ਦੀ ਸੱਤਾ ਨੂੰ ਸਵੀਕਾਰ ਕੀਤਾ ਹੈ :

1. ਪ੍ਰਤਿਭਾਸਕ, ਵਿਵਹਾਰਕ, ਪਰਮਾਰਥਕ

ਪ੍ਰਤਿਭਾਸਕ ਉਹ ਸੱਤਾ ਹੈ ਜਿਸ ਦੀ ਪ੍ਰਤੀਤੀ (ਥੋੜੇ ਚਿਰ ਲਈ ਹੀ) ਕਾਲ ਵਿਚ ਹੀ ਸਤਿ ਅਨੁਭਵ ਹੋਵੇ। ਸਮੇਂ ਦੇ ਬੀਤਣ ਨਾਲ ਸਹੀ ਗਿਆਨ ਕਾਰਨ ਨਸ਼ਟ ਹੋ ਜਾਵੇ। ਜਿਵੇਂ ਰੱਸੀ ਤੇ ਸੱਪ ਦਾ ਵਰਣਨ ਆਉਂਦਾ ਹੈ।

ਵਿਵਹਾਰਕ ਸੱਤਾ ਤੋਂ ਭਾਵ ਹੈ ਜੋ ਜਗਤ ਦੇ ਪਦਾਰਥਾਂ ਵਿਚ ਵਿਦਮਾਨ ਰਹਿੰਦੀ ਹੈ, ਪਦਾਰਥਾਂ ਦੇ ਪੰਜ ਧਰਮ ਵਿਦਮਾਨ ਰਹਿੰਦੇ ਹਨ : (1) ਅਸਤਿ, (2) ਭਾਂਤਿ-ਉਹ ਪ੍ਰਕਾਸ਼ਿਤ ਹੁੰਦੇ ਹਨ, (3) ਪ੍ਰਿਆ, ਉਹ ਸਾਨੂੰ ਅਨੰਦ ਦਿੰਦੇ ਹਨ, (4) ਰੂਪ, ਉਨ੍ਹਾਂ ਦਾ ਇਕ ਵਿਸ਼ੇਸ਼ ਰੂਪ ਹੈ, (5) ਨਾਮ, ਉਨ੍ਹਾਂ ਦਾ ਕੋਈ ਨਾ ਕੋਈ ਵਿਸ਼ੇਸ਼ ਨਾਮ ਹੁੰਦਾ ਹੈ।

ਦੱਖਣ ਦੇ ਵੈਸ਼ਨਵ ਆਲਵਰਾਂ ਨੇ ਜਗਤ ਨੂੰ ਪਾਰਬ੍ਰਹਮ ਦਾ ਅੰਸ਼ ਮੰਨਿਆ ਹੈ। ਭਾਵ ਜਗਤ ਮਿਥਿਆ ਨਹੀਂ ਸਤਿ ਹੈ। ਜਿਥੇ ਮਾਇਆ ਗ੍ਰਸਤ ਜਗਤ ਦੀ ਗੱਲ ਕਰਦੇ ਹਨ ਉਥੇ ਉਨ੍ਹਾਂ ਦਾ ਭਾਵ ਸੰਸਾਰ ਤੋਂ ਹੈ।

## ਗੁਰਮਤਿ ਦ੍ਰਿਸ਼ਟੀਕੋਣ

ਸ੍ਰਿਸ਼ਟੀ ਬਾਰੇ ਗੁਰੂ ਗ੍ਰੰਥ ਸਾਹਿਬ ਵਿਚ ਬੜੀ ਵਿਸਥਾਰ ਸਹਿਤ ਵਰਣਨ ਮਿਲਦਾ ਹੈ। ਇਸ ਦੇ ਕਈ ਪੱਖਾਂ ਉਤੇ ਵਿਸਥਾਰ ਸਹਿਤ ਚਾਨਣਾ ਪਾਇਆ ਗਿਆ ਹੈ। ਜੈਸਾ ਕਿ :

- ਸ੍ਰਿਸ਼ਟੀ ਰਚਨਾਂ ਤੋਂ ਪਹਿਲੀ ਦੀ ਅਵਸਥਾ
- ਸ੍ਰਿਸ਼ਟੀ ਰਚਨਾ ਕਦੋਂ ਹੋਈ
- ਸ੍ਰਿਸ਼ਟੀ ਅਨਾਦਿ ਹੈ ਜਾਂ ਇਸ ਦਾ ਆਦਿ ਅੰਤ ਹੈ।
- ਸ੍ਰਿਸ਼ਟੀ ਦੀ ਭਿੰਨਤਾ
- ਇਸ ਦਾ ਵਿਸਮਾਦੀ ਪੱਖ।
- ਇਸ ਦੀ ਰਚਨਾ ਕਈ ਵਾਰ ਹੋਈ ਤੇ ਫਿਰ ਵਿਨਾਸ਼ ਹੋਈ।
- ਇਸ ਦੀ ਉਤਪਤੀ ਓਅੰਕਾਰ ਤੋਂ ਹੋਈ, ਸੁੰਨ ਤੋਂ ਹੋਈ, ਹਉਮੈ ਤੋਂ ਹੋਈ।
- ਉਤਪਤੀ ਦਾ ਮੰਤਵ ਤੇ ਮਨੋਰਥ ਤੇ ਮਨੁੱਖ ਦਾ ਸਥਾਨ ਸ੍ਰਿਸ਼ਟੀ ਦਾ ਵਿਕਾਸ।
- ਬ੍ਰਹਮ ਤੇ ਸ੍ਰਿਸ਼ਟੀ ਦਾ ਸਬੰਧ।
- ਸ੍ਰਿਸ਼ਟੀ ਦੇ ਤੱਤ
- ਸ੍ਰਿਸ਼ਟੀ ਦਾ ਰਹੱਸ

ਗੁਰਬਾਣੀ ਵਿਚ ਅਨੇਕਾਂ ਸ਼ਬਦਾਂ ਦੁਆਰਾ ਇਸ ਬਾਰੇ ਅੰਕਤ ਕੀਤਾ ਮਿਲਦਾ ਹੈ। ਇਸ ਵਰਣਨ ਰਾਹੀਂ ਵੱਖੋਂ ਵੱਖਰੇ ਪੱਖ ਵੀ ਨਿਰੂਪਤ ਕੀਤੇ ਗਏ ਹਨ। ਕੁਝ ਦਾ ਵਰਣਨ ਕਰਨਾ ਜ਼ਰੂਰੀ ਹੋਵੇਗਾ :

**ਸਿਰਠਿ, ਸਿਰਠੀ, ਸ੍ਰਿਸ਼ਟਿ ਆਦਿ**

- ਜੇਤੀ ਸਿਰਠਿ ਉਪਾਈ ਵੇਖਾ।।
  ਵਿਣੁ ਕਰਮਾ ਕਿ ਮਿਲੈ ਲਈ।। (**ਸ੍ਰੀ ਗੁਰੂ ਗ੍ਰੰਥ ਸਾਹਿਬ,** ਪੰਨਾ ੨)
- ਜਿਸਕੀ **ਸ੍ਰਿਸਟਿ** ਸੁ ਕਰਣੈਹਾਰ।।
  ਅਵਰ ਨ ਬੂਝਿ ਕਰਤ ਬੀਚਾਰੁ।। (ਉਹੀ, ਪੰਨਾ ੨੮੫)

**ਜਗਤ, ਜਗਤ-ਸੰਸਾਰ**

- ਇਹ ਜਗੁ ਸਚੇ ਕੀ ਹੈ ਕੋਠੜੀ।।
  ਸਚੇ ਕਾ ਵਿਚਿ ਵਾਸੁ।। (ਉਹੀ, ਪੰਨਾ ੪੬੩)
- ਏਹੁ ਵਿਸੁ ਸੰਸਾਰੁ ਜੋ ਤੁਮ ਦੇਖਦੇ ਇਹ ਹਰਿ ਕਾ ਰੂਪ ਹੈ
  ਹਰਿ ਰੂਪ ਨਦਰੀ ਆਇਆ।। (ਉਹੀ, ਰਾਮਕਲੀ ਮ.੩, ਪੰਨਾ ੯੨੨)

**ਕੁਦਰਤ, ਮਾਇਆ, ਪਸਾਰਾ**

ਕੁਦਰਤਿ ਕਰਕੇ ਵਸਿਅ ਸੋਇ
ਆਪਣੀ ਮਾਇਆ ਆਪ ਪਸਾਰੀ ਆਪੇ ਦੇਖਣ ਹਾਰਾ।।

ਰਚਨਾ, ਦੁਨੀਆਂ, ਪਸਾਉ

ਨਾਨਕ ਕਰਤੇ ਕੀ ਜਾਨੇ ਕਰਤਾ ਰਚਨਾ।।
————————————(ਉਹੀ, ਪੰਨਾ ੨੨੫)
ਕੀਤਾ ਪਸਾਉ ਏਕੋ ਕਵਾਉ।।
ਤਿਸਤੇ ਹੋਇ ਲੇਖ ਦਰਿਆਉ, (ਉਹੀ, ਪੰਨਾ **੩**)

ਗੁਰੂ ਸਾਹਿਬ ਨੇ ਸ੍ਰਿਸ਼ਟੀ ਦੀ ਭਿੰਨਤਾ ਬਾਰੇ ਵਿਸਮਾਦਮਈ ਦ੍ਰਿਸ਼ਟੀਕੋਣ ਅਪਣਾਇਆ ਹੈ। ਇਸ ਦੇ ਰਹੱਸ ਨੂੰ ਅਸਚਰਜਮਈ ਰੂਪ ਵਿਚ ਚਿਤਰਿਆ ਹੈ। ਉਹ ਕਰਤਾ ਸ੍ਰਿਸ਼ਟੀ ਦੀ ਰਚਨਾ ਕਰਕੇ ਇਸ ਦੀ ਸਾਰ ਵੀ ਲੈਂਦਾ ਹੈ ਇਸ ਨੂੰ ਵਿਸਾਰ ਨਹੀਂ ਦਿੰਦਾ, ਛੱਡ ਨਹੀਂ ਦਿੰਦਾ।

ਰੰਗੀ ਰੰਗੀ ਭਾਂਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ।।
ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ।। (ਉਹੀ, ਪੰਨਾ ੬੭)

**ਸ੍ਰਿਸ਼ਟੀ ਅਸੱਤ ਨਹੀਂ ਤਥਾ ਪਰਿਵਰਤਨਸ਼ੀਲ ਹੈ**

ਗੁਰਮਤਿ ਨੇ ਜਗਤ ਨੂੰ ਸਾਪੇਖ ਸਤਿ (Relative Truth) ਮੰਨਿਆ ਹੈ। ਸਦੀਵੀ ਸਤਿ ਨਹੀਂ ਮੰਨਿਆ। ਵੇਦਾਂਤੀਆਂ ਅਨੁਸਾਰ ਤਿੰਨ ਪ੍ਰਕਾਰ ਦਾ ਸਤਿ ਹੈ ਸਾਨੂੰ ਗੁਰਬਾਣੀ ਵਿਚ ਵੀ ਇਸ ਸੰਬੰਧੀ ਚਰਚਾ ਮਿਲ ਜਾਂਦੀ ਹੈ। ਜਿਵੇਂ ਕਿ

1. ਪ੍ਰਤਿਭਾਸਿਕ ਸਤਿ – ਦੁਨੀਆਂ ਮੁਕਾਮੇ ਠਾਨੀ।। (ਉਹੀ, ਪੰਨਾ ੨੭)
2. ਵਿਵਹਾਰਿਕ ਸਤਿ – ਜੀਵਨ ਲਉ ਬਿਉਹਾਰ ਹੈ ਜਗ ਕਉ ਤੁਮ ਜਾਨਉ।। (ਉਹੀ, ਪੰਨਾ ੭੨੯)
3. ਪਰਮਾਰਥਿਕ ਸਤਿ – ਏਹੁ ਵਿਸ ਸੰਸਾਰ ਤੁਮ ਦੇਖਦੇ

ਇਹੁ ਹਰਿ ਦਾ ਰੂਪ ਹੈ ਹਰਿ ਰੂਪ ਨਦਰੀ ਆਇਆ।। (ਉਹੀ, ਪੰਨਾ ੯੨੨)

ਗੁਰਮਤਿ ਨੇ ਸੱਚੇ ਪਾਤਸ਼ਾਹ ਦੀ ਕੁਦਰਤ ਵੀ ਸੱਚੀ ਮੰਨੀ ਹੈ ਨਹੀਂ ਤਾਂ ਜੀਵਨ ਦਾ ਮੰਤਵ ਹੀ ਖਤਮ ਹੋ ਜਾਂਦਾ ਹੈ।

## ਸ੍ਰਿਸ਼ਟੀ ਰਚਨਾ ਤੋਂ ਪੂਰਬ ਅਵਸਥਾ

ਇਸ ਜਗਤ ਦੀ ਰਚਨਾ ਕਦੋਂ ਹੋਈ, ਇਸ ਦੀ ਕਿਤਨੀ ਉਮਰ ਹੈ। ਇਸ ਬਾਰੇ ਇਕ ਧੜਾ ਭੌਤਿਕਵਾਦੀਆਂ ਦਾ ਹੈ ਜਿਹੜਾ ਸ੍ਰਿਸ਼ਟੀ ਨੂੰ ਅਨਾਦੀ ਮੰਨਦਾ ਹੈ। ਉਨ੍ਹਾਂ ਅਨੁਸਾਰ ਇਹ ਰਚਨਾ ਧੁਰ ਤੋਂ ਇਕ ਅਨੰਤ ਪ੍ਰਵਾਹ ਹੈ। ਇਸ ਦਾ ਆਦਿ ਅੰਤ ਕੋਈ ਨਹੀਂ। ਇਹ ਇਕ ਸਵੈ ਚਲਤ ਵਹਿਣ ਹੈ ਇਸ ਦਾ ਕੋਈ ਕਾਰਨ ਜਾਂ ਰਚਨਹਾਰਾ ਨਹੀਂ।

ਥਿਤਿ ਵਾਰੁ ਨਾ ਜੋਗੀ ਜਾਣੇ ਰੁਤਿ ਮਾਹੁ ਨ ਕੋਈ
ਜਾ ਕਰਤਾ ਸਿਰਠੀ ਕਉ ਸਾਜੇ ਆਪੈ ਜਾਣੈ ਸੋਈ।। (ਜੁਪੀ ਮ,ਪ)

ਦੂਸਰਾ ਧੜਾ ਅਧਿਆਤਮਵਾਦੀਆਂ ਦਾ ਹੈ ਜਿਸ ਵਿਚ ਗੁਰਮਤਿ ਦਾ ਦ੍ਰਿਸ਼ਟੀਕੋਣ ਸਪੱਸ਼ਟ ਹੈ ਜਿਸ ਅਨੁਸਾਰ ਪਰਮਾਤਮਾ ਇਸ ਦਾ ਰਚਨਹਕਾਰ ਹੈ, ਪਾਲਕ ਹੈ, ਤੇ ਅੰਤ ਵੀ ਉਹੀ ਕਰਦਾ ਹੈ। ਇਸ ਸ੍ਰਿਸ਼ਟੀ ਦਾ ਆਦਿ ਅਤੇ ਅੰਤ ਹੈ ਅਤੇ ਇਸ ਸ੍ਰਿਸ਼ਟੀ ਨੂੰ ਉਸ ਨੇ ਆਪਣੇ ਆਪ ਚੋਂ ਸਿਰਜਿਆ ਹੈ। ਇਸ ਪ੍ਰਥਾਇ ਵੱਖਰੀ ਚਰਚਾ ਕੀਤੀ ਜਾਵੇਗੀ। ਇਥੇ ਤਾਂ ਕੇਵਲ ਇਤਨਾ ਹੀ ਕਹਿਣਾ ਹੈ ਕਿ ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਕਿਸ ਤਰ੍ਹਾਂ ਦੀ ਅਵਸਥਾ ਸੀ।

ਰਚਨਾ ਤੋਂ ਪਹਿਲਾਂ ਹਰ ਪਾਸੇ ਬ੍ਰਹਮ ਹੀ ਨਿਰਗੁਣ ਰੂਪ ਵਿਚ ਸੀ ਜੋ ਕੋਈ ਜੁਗਾਂ ਤੋਂ ਆਪਣੇ ਆਪ ਵਿਚ ਤਾੜੀ ਲਾਈ ਬੈਠਾ ਸੀ :

ਕੇਤੇ ਜੁਗ ਵਰਤੇ ਗੁਬਾਰੇ। ਤਾੜੀ ਲਾਈ ਅਪਰ ਅਪਾਰੈ।।
ਧੁੰਧੂਕਾਰਿ ਨਿਰਾਲੁਮ ਬੈਠਾ ਨਾ ਤਦਿ ਧੰਧੁ ਪਸਾਰਾ ਹੈ।। (ਮਾਰੂ ਮ.੧, ਪੰਨਾ ੧੦੨੬)

ਇਸ ਸੁੰਨ ਅਵਸਥਾ ਵਿਚ ਇਸ ਹੁਣ ਦਿਸਦੇ ਸੰਸਾਰ ਵਰਗੀ ਕੋਈ ਵਸਤੂ ਭਾਵ ਜੜ ਪਦਾਰਥ, ਤੱਤ ਕੁਝ ਵੀ ਨਹੀਂ ਸੀ, ਨਾ ਧਰਮ ਗ੍ਰੰਥ, ਨਾ ਦੇਵੀ-ਦੇਵਤੇ ਭਾਵ ਕੁਝ ਵੀ ਨਹੀਂ ਸੀ :

– ਅਰਬਦ ਨਰਬਦ ਧੁੰਧੂਕਾਰਾ
ਧਰਣਿ ਨਾ ਗਗਨਾ ਹੁਕਮ ਅਪਾਰਾ
ਨਾ ਦਿਨੁ ਰੈਨਿ ਨ ਚੰਦ ਨ ਸੂਰਜ ਸੁੰਨ ਸਮਾਧਿ ਲਗਾਇਦਾ।।
ਖਾਣੀ ਨ ਬਾਣੀ ਪਉਣ ਨ ਪਾਣੀ।।
ਓਪਤਿ ਖਪਤਿ ਨ ਆਵਣ ਜਾਣੀ
ਖੰਡ ਪਤਾਲ ਸਪਤ ਨਹੀਂ ਸਾਗਰ
ਨਦੀ ਨ ਨੀਰ ਵਹਾਇਦਾ।। (**ਸ੍ਰੀ ਗੁਰੂ ਗ੍ਰੰਥ ਸਾਹਿਬ,** ਪੰਨਾ ੧੦੩੫)

– ਜੁਗ ਛਤੀਹ ਗੁਬਾਰ ਕਰਿ ਵਰਤਿਆ ਸੁੰਨਾਹਰਿ।।
ਉਥੇ ਵੇਦ ਪੁਰਾਨ ਨ ਸਾਸਤਾ ਆਪੇ ਹਰਿ ਨਰਹਰਿ।।
ਬੈਠਾ ਤਾੜੀ ਲਾਇ ਆਪਿ ਸਭਦੂ ਹੀ ਬਾਹਰਿ।। (ਬਿਹਾਗੜਾ ਵਾਰ ਮ.ਪ, ਪੰਨਾ ਪਪਪ)

ਇਸ ਸੁੰਨ ਸਮਾਧ ਦੀ ਅਵਸਥਾ ਚੋਂ ਬ੍ਰਹਮ ਨੇ ਆਪਣੇ ਆਪ ਨੂੰ ਆਪੇ ਹੀ ਪ੍ਰਗਟ ਕੀਤਾ। ਉਸ ਨੇ ਇਸ ਸ੍ਰਿਸ਼ਟੀ ਰਚਨਾ ਲਈ ਕਿਸੇ ਤੋਂ ਸਲਾਹ ਮਸ਼ਵਰਾ ਨਹੀਂ ਲਿਆ। ਆਪਣੀ ਇੱਛਾ ਅਨੁਸਾਰ ਹੀ ਸਭ ਕੁਝ ਕੀਤਾ :

ਅਪਣਾ ਆਪੁ ਉਪਾਇਉਨ ਤਦਹੁ ਹੋਰੁ ਨ ਕੋਈ
ਮਤਾ ਮਸੂਰਤਿ ਆਪਿ ਕਰੇ ਜੋ ਕਰੇ ਸੁ ਹੋਈ।।

---

ਜਿਉ ਤਿਸੁ ਭਾਵੈ ਤਿਵੈ ਕਰੇ ਤਿਸੁ ਬਿਨੁ ਅਵਰੁ ਨ ਕੋਈ।।
(ਗੁਜਰੀ ਵਾਰ ਮ.੩, ਪੰਨਾ ਪ੦੯)

ਗੁਰਮਤਿ ਨੇ 'ਸੁੰਨ' ਸ਼ਬਦ ਦੀ ਵਰਤੋਂ ਕੀਤੀ ਹੈ। ਇਹ ਸੁੰਨ ਪਰਮਾਤਮਾ ਬੁੱਧ ਵਾਲਾ ਸੁੰਨ ਨਹੀਂ, ਇਸ ਸੁੰਨ ਅੰਦਰ ਰਚਨਾ ਕਰਨ

ਦੀ ਸ਼ਕਤੀ ਹੈ। ਇਸੇ ਸੁੰਨ ਤੋਂ ਹੀ ਸਭ ਕੁਝ ਸਿਰਜਿਆ ਗਿਆ। ਇਸ ਸੁੰਨ ਤੋਂ ਉਪਜਿਆ ਸੰਚਾਰ ਮੁੜ ਇਸ ਸੁੰਨ ਵਿਚ ਹੀ ਲੈਅ ਹੋ ਜਾਵੇ ਗਾ :

ਸੁੰਨ ਕਲਾ ਅਪਰੰਪਰ ਬਾਰੀ
ਸੁੰਨਹੁ ਉਪਜੀ ਸੁੰਨਿ ਸਮਾਣੀ।। (ਮਾਰੂ ਮ,੧, ਪੰਨਾ ੧੦੩੭)

- ਤੁਝ ਤੇ ਉਪਜਹਿ ਤੁਝ ਮਾਹਿ ਸਮਾਵਹਿ।। (ਮਾਰੂ ਮ.੧)
  ਜਿਸਤੇ ਉਪਜੇ ਤਿਸਤੇ ਬਿਨਸੇ।। (ਸਿਰੀ ਰਾਗ ਮ.੧)।।
- ਪ੍ਰਭ ਤੇ ਹੋਏ ਪ੍ਰਭ ਮਾਹਿ ਸਮਾਤਿ।। (ਗਉੜੀ ਸੁਖਮਨੀ ਮ.੫)
  ਇਕਸੁ ਤੇ ਹੋਇਓ ਅਨੰਤਾ
  ਨਾਨਕ ਏਕਸੁ ਮਾਹਿ ਸਮਾਏ ਜੀਉ (ਮਾਝ ਮ.੫, ਪੰਨਾ ੧੩੧)
- ਜਾ ਤਿਸ ਭਾਵੈ ਤਾ ਸ੍ਰਿਸਟਿ ਉਪਾਇ
  ਆਪਨੈ ਭਾਣੈ ਲਏ ਸਮਾਇ।। (ਸੁਖਮਨੀ ਮ.੫, ਪੰਨਾ ੨੯੨)

## ਸ੍ਰਿਸ਼ਟੀ ਉਤਪਤੀ

ਦਾਰਸ਼ਨਿਕ ਪੱਖ ਤੋਂ ਕਿਸੀ ਕਾਰਜ ਦਾ ਕੋਈ ਕਾਰਨ ਜ਼ਰੂਰ ਹੁੰਦਾ ਹੈ। ਸ੍ਰਿਸ਼ਟੀ ਬਾਰੇ ਸਾਨੂੰ ਪੌਰਾਣਿਕ ਪਰੰਪਰਾ ਵਿਚ ਇਸ ਦੇ ਲਗਭਗ ਛੇ ਕਾਰਨ ਮਿਲਦੇ ਹਨ। (1) ਬ੍ਰਹਮ, (2) ਆਦਮ ਜਲ, (3) ਅੰਧਕਾਰ, (4) ਹਿਰਣਯ ਗਰਭ, (5) ਬ੍ਰਹਮ ਅੰਡ, (6) ਕਮਲ, ਪਰੰਤੂ ਗੁਰਮਤਿ ਨੇ ਕੇਵਲ ਇਕੋ ਬ੍ਰਹਮ ਨੂੰ ਹੀ ਇਸ ਦਾ ਰਚਨਹਾਰ ਮੰਨਿਆ ਹੈ :

ਕਰਣ ਕਾਰਨ ਪ੍ਰਭ ਏਕ ਹੈ
ਦੂਸਰ ਨਾਹਿ ਕੋਈ।। (ਗਉੜੀ ਸੁਖਮਨੀ ਮ.੫, ਪੰਨਾ ੨੭੬)

ਬ੍ਰਹਮ ਤੱਤ ਨੂੰ ਕਾਰਣਾਂ ਦਾ ਕਾਰਨ ਮੰਨਿਆ ਹੈ। ਗੁਰਮਤਿ ਨੇ ਕਈ ਕਾਰਣ ਸਰੂਪਾਂ ਦਾ ਜ਼ਿਕਰ ਕੀਤਾ ਹੈ ਜਿਹੜੇ ਬ੍ਰਹਮ ਦੇ ਅਧੀਨ ਕੰਮ ਕਰਦੇ ਹਨ :

1. ਓਅੰਕਾਰ – ਓਅੰਕਾਰ ਬ੍ਰਹਮਾ ਉਤਪਤਿ
   ਓਅੰਕਾਰ ਕੀਆ ਜਿਨਿ ਚਿਤਿ।।
   (**ਸ੍ਰੀ ਗੁਰੂ ਗ੍ਰੰਥ ਸਾਹਿਬ,** ਪੰਨਾ ੯੨੯)
2. ਹਉਮੈ – ਹਉਮੈ ਵਿਦਿ ਜਗੁ ਉਪਜੈ ਪੁਰਖਾ।। (ਉਹੀ, ਪੰਨਾ ੯੪੬)
3. ਸੁੰਨ – ਪਉਣ ਪਾਣੀ ਸੁੰਨੇ ਤੇ ਸਾਜੇ।। (ਉਹੀ, ਪੰਨਾ ੧੦੩੭)
4. ਹੁਕਮ – ਹੁਕਮੀ ਹੋਵਨਿ ਅਕਾਰ।। (ਉਹੀ, ਪੰਨਾ ੧)
5. ਸਬਦ – ਉਤਪਤਿ ਪਰਲੋ ਸਬਦੇ ਹੋਵੈ।। (ਉਹੀ, ਪੰਨਾ ੧੧੭)
6. ਕਵਾਓ – ਏਕ ਕਵਾਵੈ ਤੇ ਸਭ ਹੋਆ। (ਉਹੀ, ਪੰਨਾ ੧੦੦੩)

ਇਨ੍ਹਾਂ ਸਾਰੇ ਸ੍ਰੋਤਾਂ ਦੀ ਮੂਲ ਭਾਵਨਾ, ਬ੍ਰਹਮ ਹੀ ਹੈ। ਨਿਰਗੁਣ ਬ੍ਰਹਮ ਤੋਂ ਸਰਗੁਣ ਪਸਾਰਾ ਹੋਇਆ :

ਅਵਿਗਤੋ ਨਿਰਮਾਇਲੁ ਉਪਜੇ
ਨਿਰਗੁਣ ਤੇ ਸਰਗੁਣ ਥੀਆ।। (ਰਾਮਕਲੀ ਮ.੫, ਪੰਨਾ ੯੪0)

ਜਿਵੇਂ ਪੌਰਾਣਿਕ ਪਰੰਪਰਾ ਬਾਰੇ ਅਸੀਂ ਕਰਨ ਕਾਰਣ ਦਾ ਜਿਕਰ ਕੀਤਾ, ਹੈ ਉਸ ਸੰਦਰਭ ਵਿੱਚ ਗੁਰਮਿਤ ਅਨੁਸਾਰ ਪ੍ਰਭੂ ਹੀ ਇਸ ਦਾ ਨਮਿਤ (efficient cause) ਤੇ ਉਪਾਦਾਨ (material cause) ਕਾਰਨ ਹੈ ਉਸ ਨੇ ਇਹ ਸ੍ਰਿਸ਼ਟੀ ਕਿਸੇ ਹੋਰ ਸ਼ਕਤੀ ਦੀ ਮੱਦਦ ਨਾਲ ਨਹੀਂ ਸਾਜੀ, ਆਪਣੇ ਆਪ ਵਿਚੋਂ ਹੀ ਸਾਜੀ ਹੈ :

- ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ।। (ਆਸਾ ਮ,੫, ਪੰਨਾ ੪੬੩)
- ਆਪੇ ਕਾਰਣੁ ਕਰਤਾ ਕਰੇ ਸ੍ਰਿਸਟਿ ਦੇਖੈ ਆਪਿ ਉਪਾਇ।।
  (**ਸ੍ਰੀ ਗੁਰੂ ਗ੍ਰੰਥ ਸਾਹਿਬ,** ਰਾਗ ਮ,੩)

ਬ੍ਰਹਮ ਆਪ ਹੀ ਚਾਰੇ ਖਾਣੀਆਂ (ਅੰਡਜ, ਜੇਰਜ, ਸੇਤਜ, ਉਤਭੁਜ) ਦਾ ਰਚਨਹਾਰ ਹੈ। ਉਹ ਆਪ ਹੀ ਬਿਰਖ ਤੇ ਆਪ ਹੀ ਇਸ ਤੋਂ ਫੁਟੀਆਂ ਸ਼ਾਖਾਵਾਂ ਹੈ। (ਆਸਾ ਮ,੫)

ਆਪੇ ਅੰਡਜ ਜੇਰਜ ਸੇਤਜ ਉਤਭੁਜ

ਆਪੇ ਖੰਡ ਆਪੇ ਸਚ ਲੋਇ।। (ਸੋਰਠਿ ਮ,੫, ਪੰਨਾ ੬੦੫)

ਸ੍ਰਿਸ਼ਟੀ ਦੀ ਰਚਨਾ ਕਰਨ ਲਈ ਉਹ ਕਿਸੇ ਤੋਂ ਪੁੱਛਦਾ ਨਹੀਂ ਭਾਵ ਕਿਸੇ ਦੀ ਸਲਾਹ ਨਹੀਂ ਲੈਂਦਾ।

– ਪੁਛਿ ਨ ਸਾਜੇ ਪੁਛਿ ਨ ਢਾਹੇ ਪੁਛਿ ਨ ਦੇਵੈ ਲੇਇ।।
ਆਪਣੀ ਕੁਦਰਤਿ ਆਪੇ ਜਾਣੈ ਆਪੇ ਕਰਣੁ ਕਰੇਇ।। (ਉਹੀ, ਪੰਨਾ ੫੩)

– ਜਦਹੁ ਆਪੇ ਥਾਟੁ ਕੀਆ ਬਹਿ ਕਰਤੇ
ਤਦਹੁ ਪੁਛਿ ਨਾ ਸੇਵਕ ਬੀਆ।। (ਉਹੀ, ਮ.੫)

– ਆਪਣਾ ਆਪੁ ਉਪਾਇਓਨ ਤਦਹੁ ਹੋਰ ਨ ਕੋਈ।। (ਉਹੀ, ਮ.੩, ਪੰਨਾ ੫੦੯)

**ਹੁਕਮ**

ਹੁਕਮ ਦਾ ਅਰਥ ਵਿਦਵਾਨਾਂ ਨੇ ਇਸੇ ਭਾਵਨਾ ਨਾਲ ਕੀਤਾ ਹੈ। ਡਾ. ਸ਼ੇਰ ਸਿੰਘ ਨੇ (ਗੁਰਮਤ ਦਰਸ਼ਨ, ਪੰਨਾ 235) ਹੁਕਮ ਨੂੰ ਈਸ਼ਵਰੀ ਫੁਰਨਾ ਜਾਂ ਈਸ਼ਵਰੀ ਇੱਛਾ ਲਿਆ ਹੈ। ਇਹਨਾਂ ਸਭਨਾਂ ਅਨੁਸਾਰ ਸਿਸ਼ਟੀ ਦੀ ਰਚਨਾ ਪ੍ਰਭੂ ਨੇ ਆਪਣੀ ਹਉਮੈ ਵਿਚੋਂ ਕੀਤੀ ਹੈ।

– ਹੁਕਮੀ ਸ੍ਰਿਸਟਿ ਸਾਜੀਆ ਜੋਤੀ ਜੋਤਿ ਮਿਲਾਇਆ।। (ਗੁਜਰੀ ਮ.੩)
ਹੁਕਮੀ ਹੋਵਨਿ ਜੀਅ।। (ਜਪੁਜੀ, ਪੰਨਾ ੧)

**ਹਉਮੈ** :

ਹਉਮੈ ਸਭੁ ਸਰੀਰ ਹੈ
ਹਉਮੈ ਉਪਤਿ ਹੋਇ।। (**ਸ੍ਰੀ ਗੁਰੂ ਗ੍ਰੰਥ ਸਾਹਿਬ,** ਪੰਨਾ ੫੩੦)

**ਕਵਾਓ** :

ਕੀਤਾ ਪਸਾਓ ਏਕੋ ਕਵਾਓ
ਤਿਸਤੇ ਹੋਇ ਲਖ ਦਰਿਆਓ।। (ਜਪੁਜੀ)

**ਸ਼ਬਦ** :

ਉਤਪਤਿ ਪਰਲਓ ਸਬਦੇ ਹੋਵੈ।।
ਸਬਦੇ ਹੀ ਫਿਰਿ ਓਪਤਿ ਹੋਵੈ।। (ਉਹੀ, ਮਾਝ ਮ.੩)

**ਸ੍ਰਿਸ਼ਟੀ ਦਾ ਵਿਕਾਸ ਤੇ ਤੱਤ**

ਗੁਰਮਤਿ ਅਨੁਸਾਰ ਬ੍ਰਹਮ ਆਪਣੇ ਨਿਰਗੁਣ ਸਰੂਪ ਵਿਚ ਕਰੋੜਾਂ ਸਾਲਾਂ ਤੱਕ ਸੁੰਨ ਸਮਾਧੀ ਵਿਚ ਲੀਨ ਸੀ ਪਰੰਤੂ ਜਦੋਂ ਉਸ ਨੇ ਨਿਰਗੁਣ ਤੋਂ ਸਰਗੁਣ ਹੋਣ ਦੀ ਇੱਛਾ ਪ੍ਰਗਟ ਕੀਤੀ ਤਾਂ ਗੁਪਤ ਤੋਂ ਪ੍ਰਗਟ ਰੂਪ ਵਿਚ ਆਇਆ, ਇਸੇ ਨੂੰ ਅਸੀਂ ਅਫੁਰ ਤੋਂ ਸਫੁਰ ਆਖਦੇ ਹਾਂ। 'ਨਿਰਾਕਾਰ' ਤੋਂ 'ਸਾਕਾਰ' ਸੂਖਮ ਤੋਂ 'ਸਥੂਲ' ਗੁਰਮਤਿ ਨੇ ਇਸ ਨੂੰ ਇੱਛਾ, ਭਾਵਨਾ, ਭਾਣਾ, ਭਾਉਨੀ ਆਦਿ ਸ਼ਬਦਾਂ ਦੁਆਰਾ ਅੰਕਤ ਕੀਤਾ ਹੈ :

– ਆਪੀਨੈ ਆਪ ਸਾਜਿਓ ਆਪੀਨੇ ਰਚਿਓ ਨਾਉ
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ।।

(**ਸ੍ਰੀ ਗੁਰੂ ਗ੍ਰੰਥ ਸਾਹਿਬ,** ਪੰਨਾ ੪੬੩)

ਤਥਾ ਆਪੀਨੈ ਆਪੁ ਸਾਜਿ ਆਪੁ ਪਛਾਣਿਆ
ਅੰਬਰੁ ਧਰਤਿ ਵਿਛੋੜਿ ਚੰਦੋਆ ਤਾਣਿਆ, (ਉਹੀ, ਪੰਨਾ ੧੨੭੯)

'ਆਪੇ ਸਾਜੇ ਆਪੇ ਢਾਹੇ' ਦਾ ਵਾਕ ਦਸਦਾ ਹੈ ਕਿ ਤਿੰਨ ਗੁਣਾਂ ਦੀ ਸਾਜਣਾ ਸ੍ਰਿਸ਼ਟੀ ਲਈ ਕਿਸੇ ਦੀ ਸਲਾਹ ਆਦਿ ਨਹੀਂ ਲੈਂਦਾ। ਇਹ ਪਸਾਰਾ ਤਿੰਨ ਗੁਣਾਂ ਰਜੋ, ਤਮੋ, ਸਤੋ ਦਾ ਹੈ। ਇਸੇ ਨੂੰ ਮਾਇਆ ਰੂਪ ਕਿਹਾ ਹੈ :

ਤ੍ਰੈ ਗੁਣ ਕੀਆ ਪਸਾਰਾ।। (ਉਹੀ, ਪੰਨਾ ੧੦੦੩)

ਇਸੇ ਨੂੰ 'ਨਾਮਰੂਪਾਤਮਕ' ਕਿਹਾ ਹੈ। ਇਸੇ ਅੰਦਰ ਚਾਰ ਖਾਣੀਆਂ (ਅੰਡਜ, ਜੇਰਜ, ਸੇਤਜ ਤੇ ਉਤਭੁਜ) ਹਨ। ਉਹ ਆਪ ਹੀ ਇਨ੍ਹਾਂ ਖਾਣੀਆਂ ਅੰਦਰ ਹੈ :

ਆਪੇ ਅੰਡਜ ਜੇਰਜ ਸੇਤਜ ਉਤਭੁਜ
ਆਪੇ ਖੰਡ ਆਪੇ ਸਭ ਲੋਇ।।

ਭੂਗੋਲਿਕ ਦ੍ਰਿਸ਼ਟੀ ਤੋਂ ਇਸ ਪਸਾਰੇ ਨੂੰ ਖੰਡ (ਪੰਨਾ 276), ਮੰਡਲ (ਪੰਨਾ 7), ਭਵਨ (ਪੰਨਾ 284) ਲੋਕ, ਪੁਰੀਆਂ ਆਦਿ ਸ਼ਬਦਾਂ ਨਾਲ ਅੰਕਤ ਕੀਤਾ ਗਿਆ ਹੈ। ਡਾ. ਸ਼ੇਰ ਸਿੰਘ ਦਾ ਕਥਨ ਹੈ :

ਇਸ ਸ੍ਰਿਸ਼ਟੀ ਦਾ ਅੰਤ ਨਹੀਂ, ਸੀਮਾ ਨਹੀਂ ਲਖ ਪਤਾਲ ਲਖ ਆਗਾਸ ਹਨ। ਸ੍ਰਿਸ਼ਟੀ ਤੱਤਾਂ ਦਾ ਵਰਣਨ ਰਹੱਸਮਈ ਹੈ ਅਤੇ ਅਨੁਭਵ ਉੱਪਰ ਆਧਾਰਿਤ ਹੈ। ਗੁਰਮਤਿ ਨੇ ਅਫੁਰ, ਸਫੁਰ, ਹਉਮੈ, ਜੀਵਾਤਮਾ (ਚੇਤਨ ਤੱਤ) ਜੜ ਪਦਾਰਥ, ਪੰਜ ਤਨਮਾਤ੍ਰਾ, ਪੰਜ ਗਿਆਨ ਇੰਦਰੀਆਂ, ਪੰਜ ਕਰਮ ਇੰਦਰੀਆਂ, ਪੰਜ ਮਹਾਭੂਤ, (ਗੁਰਮਤਿ ਦਰਸ਼ਨ, ਪੰਨਾ 239) ਆਦਿ ਦੁਆਰਾ ਸ੍ਰਿਸ਼ਟੀ ਦੀ ਅਨੁਭੂਤੀ ਹੋਣਾ ਜ਼ਾਹਿਰ ਕੀਤਾ ਹੈ।

ਗੁਰੂ ਨਾਨਕ, ਇਕ ਚਿੰਤਕ ਨਾਲੋਂ ਰਹੱਸਵਾਦੀ ਪਹਿਲਾਂ ਹਨ ਉਸ ਦਾ ਪ੍ਰਭੂ ਅਦਭੁਤ ਵਿਸ਼ਵ ਕਰਮਾ ਹੈ:

ਵਿਸਮਾਦ ਜੀਅ ਵਿਸਮਾਦ ਭੇਦ।।
ਵਿਸਮਾਦ ਰੂਪ ਵਿਸਮਾਦੁ ਰੰਗੁ।। (ਉਹੀ, ਪੰਨਾ ੪੬੩)

## ਬ੍ਰਹਮ ਤੇ ਸ੍ਰਿਸ਼ਟੀ ਦਾ ਸਬੰਧ

ਬ੍ਰਹਮ ਕਾਰਣ ਹੈ ਅਤੇ ਸ੍ਰਿਸਟੀ ਉਸਦਾ ਕਾਰਜ ਹੈ। ਕਾਰਣ ਤੇ ਕਾਰਜ ਦਾ ਕੀ ਸਬੰਧ ਹੈ। ਇਸ ਬਾਰੇ ਗੁਰਮਿਤ ਦਾ ਵਿਚਾਰ ਹੈ ਕਿ ਹਰੇਕ ਪ੍ਰਕਾਰ ਦੀ ਰਚਨਾ ਤੋਂ ਪਹਿਲਾਂ ਕਾਰਜ ਕਾਰਣ ਵਿਚ ਮੌਜੂਦ ਸੀ। ਕਾਰਜ ਦੀ ਅਪ੍ਰੱਤਖ ਅਵਸਥਾ ਦਾ ਨਾਮ ਹੀ ਕਾਰਣ ਹੈ, ਕਾਰਨ ਦੀ ਪ੍ਰਗਟ ਅਵਸਥਾ ਹੀ ਕਾਰਜ ਹੈ। ਕਾਰਜ ਹੀ ਪਹਿਲਾਂ ਕਾਰਣ ਸੀ। ਇਸ ਤਰ੍ਹਾਂ ਇਹ ਹੋਇਆ ਕਿ ਕਾਰਨ ਅਤੇ ਕਾਰਜ ਦਾ ਫਰਕ ਵਿਵਹਾਰਿਕ (ਅਮਲੀ) ਹੋ ਗਿਆ ਹੈ। ਹਕੀਕੀ ਨਹੀਂ। ਇਸ ਤਰ੍ਹਾਂ ਕਾਰਜ ਤੇ ਕਾਰਣ ਦੀ ਬੁਨਿਆਦੀ ਤੌਰ ਤੇ ਇਕਮਿਕਤਾ ਸੰਭਵ ਹੋ ਗਈ :

ਨਿਰਗੁਣ ਆਪ ਸਰਗੁਨ ਵੀ ਓਹੀ
ਕਲਾਧਾਰ ਜਿਨ ਸਗਲੀ ਮੋਹੀ।। (**ਸ੍ਰੀ ਗੁਰੂ ਗ੍ਰੰਥ ਸਾਹਿਬ,** ਪੰਨਾ ੨੮੭)

ਤਥਾ - ਕਰਨ ਕਾਰਨ ਪ੍ਰਭ ਏਕ ਹੈ
ਦੂਸਰ ਨਾਹਿ ਕੋਇ।। (ਉਹੀ, ਪੰਨਾ ੨੭੬)

ਭਾਰਤੀ ਦਰਸ਼ਨ ਵਿਚ ਇਸ ਨੂੰ ਸਤ-ਕਾਰਯਵਾਦ ਦਾ ਨਾਂ ਦਿੱਤਾ ਗਿਆ ਹੈ। ਇਸ ਦੇ ਅੱਗੇ ਦੋ ਰੂਪ ਹਨ - ਪਰਿਣਾਮਵਾਦ ਤੇ ਵਿਵਰਤਵਾਦ - ਕਾਰਜਾਂ ਨੂੰ ਅਲੱਗ ਦਸਣ ਵਾਲਾ ਸਿਧਾਂਤ ਦਵੈਤ ਦਾ ਲਖਾਇਕ ਹੈ। ਪੁਰਸ਼ ਤੇ ਪ੍ਰਕਿਰਤੀ ਦੋ ਅਨਾਦੀ ਮੰਨੇ ਗਏ ਹਨ ਪ੍ਰਕਿਰਤੀ ਦੀ ਪੁਰਸ਼ ਦੇ ਸੰਜੋਗ ਨਾਲ ਸ੍ਰਿਸ਼ਟੀ ਪੈਦਾ ਹੁੰਦੀ ਹੈ ਜੋ ਬ੍ਰਹਮ (ਪੁਰਸ਼) ਤੋਂ ਭਿੰਨ ਹੈ ਪਰੰਤੂ ਗੁਰਮਤਿ ਨੇ ਐਸਾ ਨਹੀਂ ਸਵੀਕਾਰਿਆ।

ਅਸਲ ਵਿਚ ਜੋ ਕਾਰਜ ਦੇਖਿਆ ਜਾਂਦਾ ਹੈ ਉਹ ਅਸਲ ਨਹੀਂ, ਉਹ ਪ੍ਰਤੀਤ ਹੁੰਦਾ ਹੈ, ਉਸ ਦਾ ਆਭਾਸ ਹੁੰਦਾ ਹੈ। ਇਸ ਨੂੰ ਪ੍ਰਤਿਭਾਸਿਕ ਸੱਤ ਕਿਹਾ ਗਿਆ ਹੈ। ਭਾਰਤੀ ਪਰੰਪਰਾ ਵਿਚ ਸ੍ਰਿਸ਼ਟੀ ਬ੍ਰਹਮ ਤੋਂ ਪੈਦਾ ਹੋਈ ਹੈ ਪਰੰਤੂ ਇਹ ਅਸਤ ਹੈ, ਕਲਪਨਾ ਹੈ, ਗੁਰਮਤਿ ਨੇ ਐਸਾ ਨਹੀਂ ਮੰਨਿਆ ਪਰੰਤੂ ਗੁਰਬਾਣੀ ਵਿਚ ਸੰਸਾਰ ਨੂੰ ਧੂਏ ਦਾ ਧਵਲਹਰੁ, ਬਾਲੂ ਦੀ ਭੀਤ ਸੁਪਨਾ, ਆਦਿ ਕਥਨ ਹੋਇਆ ਹੈ, ਭਾਈ ਜੋਧ ਸਿੰਘ (ਗੁਮਰਤਿ ਨਿਰਣੈ, ਪੰਨਾ 33) ਦਾ ਕਥਨ ਹੈ :

ਸੁਪਨਾ ਤੇ ਧੂਏ ਦਾ ਪਹਾੜ ਦਾ ਮਤਲਬ ਇਹ ਹੈ ਕਿ ਜਦ ਅਸੀਂ ਇਸ ਸੰਸਾਰ ਨੂੰ ਥਿਰ ਤੇ ਸਦਾ ਰਹਿਣ ਵਾਲਾ ਮੰਨਦੇ ਹਾਂ। ਇਹ ਗਲਤ ਹੈ ਪਰ ਇਸ ਦਾ ਭਾਵ ਇਹ ਨਹੀਂ ਕਿ ਸੰਸਾਰ ਅਸਲੋਂ ਹੈ ਹੀ ਨਹੀਂ ਅਜਿਹੇ ਸ਼ਬਦਾਂ ਦਾ ਇਹ ਭਾਵ ਹੈ ਕਿ ਜੋ ਕੁਝ ਅਸੀਂ ਸਮਝਦੇ ਹਾਂ ਉਹ ਕੁਝ ਇਹ ਸੰਸਾਰ ਨਹੀਂ।

ਡਾ. ਸੁਰਿੰਦਰ ਸਿੰਘ ਕੋਹਲੀ (Out Lines of Sikh Thought, p 46) ਨੇ ਸ੍ਰਿਸ਼ਟੀ ਉਤਪਤੀ ਤੇ ਇਸ ਦਾ ਬ੍ਰਹਮ ਨਾਲ ਸਬੰਧ ਬਾਰੇ ਕਿਹਾ ਹੈ ਕਿ ਆਦਿ ਗ੍ਰੰਥ ਦਾ ਸ੍ਰਿਸ਼ਟੀ ਉਤਪਤੀ ਵਾਲਾ ਸਿਧਾਂਤ ਬ੍ਰਹਮ ਪਰਿਣਾਮਵਾਦ ਦੇ ਬਹੁਤ ਨੇੜੇ ਹੈ। ਬ੍ਰਹਮ ਵਿਚ ਦੋ ਤੱਤ ਚੇਤਨ ਤੇ ਜੜ ਮੰਨੇ ਗਏ ਹਨ। ਤੱਤ ਤੋਂ ਜੀਵਾ ਆਤਮਾ ਅਤੇ ਜੜ੍ਹ ਤੋਂ ਭਾਵ ਭੌਤਕ ਜਗਤ ਹੈ। ਇਹ ਜਗਤ - ਬ੍ਰਹਮ ਦਾ ਰੂਪ ਹੋਣ ਕਰਕੇ ਸੱਚਾ ਹੈ।

- ਆਪ ਸਤਿ ਕੀਆ ਸਭੁ ਸਤਿ
  ਤਿਸ ਪ੍ਰਭ ਤੇ ਸਗਲੀ ਉਤਪਤਿ (**ਸ੍ਰੀ ਗੁਰੂ ਗ੍ਰੰਥ ਸਾਹਿਬ,** ਪੰਨਾ ੨੯੪)
- ਸਚੇ ਤੇਰੇ ਖੰਡ ਸਚੇ ਬ੍ਰਹਿਮੰਡ
  ਸਚੇ ਤੇਰੇ ਲੋਅ ਸਚੇ ਆਕਾਰ।। (ਉਹੀ, ਪੰਨਾ ੪੬0੩)

ਜੇਕਰ ਦਾਰਸ਼ਨਿਕ ਪੱਖ ਤੋਂ ਦੇਖੀਏ ਤਾਂ ਗੁਰਮਤਿ ਅਨੁਸਾਰ ਬ੍ਰਹਮ ਅਤੇ ਸ੍ਰਿਸ਼ਟੀ ਦਾ ਸਬੰਧ ਬਿੰਬ ਅਤੇ ਪ੍ਰਤਿਬਿੰਬ ਰੂਪ ਵੀ ਪ੍ਰਗਟ

ਕੀਤਾ ਮਿਲਦਾ ਹੈ। ਇਸ ਸਿਧਾਂਤ ਅਨੁਸਾਰ ਇਕ ਹੀ ਬ੍ਰਹਮ ਭਿੰਨ-ਭਿੰਨ ਜੀਵਾ ਅੰਦਰ ਪ੍ਰਤਿਬਿੰਬਤ ਹੁੰਦਾ ਹੈ ਪਰੰਤੂ ਅਸਲ ਰੂਪ ਵਿਚ ਬ੍ਰਹਮ ਇਕ ਹੀ ਹੁੰਦਾ ਹੈ।

ਗੁਰਬਾਣੀ ਵਿਚ ਇਸ ਵਿਚਾਰ ਨੂੰ ਦੋ ਉਦਾਹਰਣਾਂ ਨਾਲ ਸਮਝਾਇਆ ਗਿਆ ਹੈ ਜੈਸੇ ਇਕ ਸੂਰਜ, ਦਾ ਚਮਕਾਰਾ (ਪ੍ਰਤਿਬਿੰਬ) ਪਾਣੀ ਦੇ ਵੱਖ-ਵੱਖ ਘੜਿਆਂ ਅੰਦਰ ਦਿਸਦਾ ਹੈ ਪਰੰਤੂ ਸੂਰਜ ਇਕ ਹੀ ਹੁੰਦਾ ਹੈ। ਦੂਸਰਾ ਬਾਜੀਗਰ ਸਾਂਗ ਦਿਖਾਉਣ ਵੇਲੇ ਵੱਖ ਵੱਖ ਰੂਪ ਧਾਰਦਾ ਹੈ ਪਰੰਤੂ ਨਟ ਇਕ ਹੀ ਹੁੰਦਾ ਹੈ ਅੰਤ ਨੂੰ ਇਕ ਹੀ ਰਹਿ ਜਾਂਦਾ ਹੈ। ਅਨੇਕਾਂ ਪ੍ਰਕਾਰ ਦੇ ਸਾਂਗ ਖਤਮ ਹੋ ਜਾਂਦੇ ਹਨ। ਇਸੇ ਪ੍ਰਥਾਇ ਹੋਰ ਦ੍ਰਿਸ਼ਟਾਂਤ ਵੀ ਦਿੱਤੇ ਜਾ ਸਕਦੇ ਹਨ। ਸਮੁੰਦਰ ਵਿਚ ਜਲ ਦੀਆਂ ਅਨੇਕਾਂ ਲਹਿਰਾਂ ਉਠਦੀਆਂ ਹਨ ਪਾਣੀ ਇਕ ਹੀ ਹੁੰਦਾ ਹੈ, ਸੋਨਾ ਤਾਂ ਸੋਨਾ ਹੀ ਹੁੰਦਾ ਹੈ ਪਰੰਤੂ ਉਸ ਤੋਂ ਵੱਖੋ ਵੱਖਰੇ ਗਹਿਣੇ ਬਣਦੇ ਹਨ ਅੰਤ ਨੂੰ ਗਹਿਣੇ ਢਾਲਣ ਤੇ ਸੋਨਾ ਹੀ ਰਹਿ ਜਾਂਦਾ ਹੈ। ਗੁਰੂ ਜੀ ਕਥਨ ਕਰਦੇ ਹਨ :

ਬਾਜੀਗਰਿ ਜੈਸੇ ਬਾਜੀ ਪਾਈ
ਨਾਨਾ ਰੂਪ ਭੇਖ ਦਿਖਲਾਈ
ਸਾਂਗ ਉਤਾਰਿ ਥੰਮਿਓ ਪਸਾਰਾ
ਤਬ ਏਕੈ ਏਕੰਕਾਰਾ।। (ਉਹੀ, ਪੰਨ ੭੩੬)

ਤਥਾ ਸਹਜ ਘਟਾ ਮਹਿ ਏਕ ਅਕਾਸ
ਘਟ ਫੂਟੈ ਤੇ ਉਹੀ ਪ੍ਰਕਾਸ।। (ਉਹੀ, ਪੰਨਾ ੭੩੬)

ਤਥਾ ਤਿਸ ਭਾਵੈ ਤਾਂ ਕਰੇ ਵਿਸਥਾਰ
ਤਿਸੁ ਭਾਵੈ ਤਾਂ ਏਕੰਕਾਰ।। (ਉਹੀ, ਪੰਨਾ ੨੬੪)

## ਅੰਤਿਕਾ

ਗੁਰਮਤਿ ਸ੍ਰਿਸ਼ਟੀ ਸਿਧਾਂਤ ਮਨੁੱਖ ਲਈ ਇਕ ਧਰਮਸਾਲ ਹੈ ਜਿਥੇ ਉਸ ਨੇ ਸੱਚ-ਧਰਮ ਕਮਾਉਣਾ ਹੈ। ਇਹ ਕਰਮ ਭੂਮੀ ਹੈ। ਗੁਰਮਤਿ ਦਾ ਦ੍ਰਿਸ਼ਟੀਕੋਨ ਨਿਰਾਸ਼ਾਵਾਦੀ ਨਹੀਂ, ਸਗੋਂ ਆਸ਼ਾਵਾਦੀ ਹੈ। ਗੁਰਮਤਿ ਦਾ ਕਥਨ ਹੈ ਕਿ ਇਹ ਜਗਤ ਮਨੁੱਖ ਲਈ ਇਕ ਆਦਰਸ਼ ਮਨੁੱਖ ਬਣਨ ਲਈ ਸਾਜਿਆ ਹੈ ਜਾਂ ਇੰਝ ਕਹੀਏ ਕਿ ਨੇਕ ਪੁਰਸ਼ (ਸੰਤ) ਬਣਨ ਲਈ ਸਾਜਿਆ ਹੈ। ਇਹ ਅਸੱਤ ਨਹੀਂ, ਮਿਥਿਆ ਨਹੀਂ, ਪਰਿਵਰਤਨਸ਼ੀਲ ਜ਼ਰੂਰ ਹੈ। ਇਹ ਪੱਖ ਵੀ ਸਾਰਥਕ ਹੈ ਭਾਵ ਮਨੁੱਖ ਨੇ ਇਥੇ ਹਮੇਸ਼ਾਂ ਨਹੀਂ ਰਹਿਣਾ ਇਸ ਲਈ ਸ਼ੁਭ ਕਰਮ ਹੀ ਕਰਨੇ ਚਾਹੀਦੇ ਹਨ। ਇਹ ਰਚਨਾ ਕੋਈ ਘਟਨਾ ਨਹੀਂ ਇਸ ਦਾ ਕੋਈ ਮੰਤਵ ਹੈ :

- ਗੁਰਮਖਿ ਧਰਤੀ ਸਾਚੇ ਸਾਜੀ।।
- ਸੰਤ ਹੇਤਿ ਪ੍ਰਭ ਤ੍ਰੈ ਭਵਣ ਧਾਰੈ।।
- ਕਵਨ ਕਾਜ ਸਿਰਜੇ ਜਗ ਭੀਤਰ ਜਨਮ ਕਵਨ ਫਲ ਪਾਇਆ।। (ਪੰਨਾ ੬੭0)

**ਅਭਿਆਸ ਲਈ ਪ੍ਰਸ਼ਨ** :

1. ਗੁਰਮਤਿ ਅਨੁਸਾਰ ਸ੍ਰਿਸ਼ਟੀ ਸਿਧਾਂਤ ਬਾਰੇ ਵਿਸਤ੍ਰਿਤ ਜਾਣਕਾਰੀ ਦਿਉ।
2. ਗੁਰਮਤਿ ਦੇ ਸ੍ਰਿਸ਼ਟੀ ਸਿਧਾਂਤ ਦਾ ਬ੍ਰਹਮ ਨਾਲ ਕੀ ਸਬੰਧ ਹੈ ਵਰਣਨ ਕਰੋ।

## ਸਹਾਇਕ ਪੁਸਤਕਾਂ


- **ਸ਼ਬਦਾਰਥ ਚਾਰੇ ਭਾਗ,** ਸ਼੍ਰੋਮਣੀ ਕਮੇਟੀ, ਅੰਮ੍ਰਿਤਸਰ
- ਡਾ. ਸ਼ੇਰ ਸਿੰਘ, **ਗੁਰਮਤਿ ਦਰਸ਼ਨ**
- ਡਾ. ਪ੍ਰੇਮ ਪ੍ਰਕਾਸ਼ ਸਿੰਘ, **ਗੁਰੂ ਨਾਨਕ ਤੇ ਨਿਰਗੁਣਧਾਰਾ**
- ਡਾ. ਵਜ਼ੀਰ ਸਿੰਘ, **ਸਿੱਖ ਦਰਸ਼ਨਧਾਰਾ**
- ਸਰਦੂਲ ਸਿੰਘ ਕਵੀਸ਼ਰ, **ਸਿੱਖ ਧਰਮ ਦਰਸ਼ਨ**
- ਡਾ. ਭਾਈ ਜੋਧ ਸਿੰਘ, **ਗੁਰਮਤਿ ਨਿਰਣੈ**
- ਪ੍ਰੋ. ਪ੍ਰੀਤਮ ਸਿੰਘ (ਸੰਪਾ.) **ਸਿੱਖ ਫਲਸਫੇ ਦੀ ਰੂਪ-ਰੇਖਾ**
- ਡਾ. ਜਸਵਿੰਦਰ ਕੌਰ ਢਿੱਲੋਂ, **ਗੁਰੂ ਨਾਨਕ ਦੇਵ ਜੀ ਦੀਆਂ ਬਾਣੀਆਂ ਦਾ ਦਾਰਸ਼ਨਿਕ ਅਧਿਐਨ**
- ਪ੍ਰੋ. ਦੀਵਾਨ ਸਿੰਘ, **ਗੁਰਮਤਿ ਸਿਧਾਂਤ**
- Surinder Singh Kohli, **The Sikh Philosopy**
- Wazir Singh, **The Sikh Vision**

ਪਾਠ ਨੰਬਰ: 2.4 ਲੇਖਕ : ਡਾ. ਸੁਮਸ਼ੇਰ ਸਿੰਘ

## ਆਤਮ ਸਿਧੀ - ਨੈਤਿਕ ਆਦਰਸ਼ (ਗੁਰਮਤਿ ਪਰਿਪੇਖ)-ਜਾਣ ਪਛਾਣ

ਆਤਮ ਸਿਧੀ ਨੈਤਿਕ ਸਿਧਾਂਤ ਦੇ ਪੱਖ ਤੋਂ ਆਦਰਸ਼ਵਾਦੀ ਤੱਤ ਮੀਮਾਂਸਾ ਉਤੇ ਅਧਾਰਿਤ ਹੈ। ਇਸ ਦਾ ਵਰਣਨ ਸਾਨੂੰ ਪੱਛਮੀ ਵਿਦਵਾਨਾਂ ਕਾਂਟ, ਹੀਗਲ, ਗ੍ਰੀਨ ਤੇ ਬਰੈਡਲੇ ਦੇ ਵਿਚਾਰਾਂ ਤੋਂ ਵੀ ਪ੍ਰਸਤੁਤ ਕੀਤਾ ਮਿਲਦਾ ਹੈ, ਇਸ ਅਨੁਸਾਰ ਭਲਾ ਤੇ ਉਚਿਤ ਵਿਅਕਤਿਤਵ ਹੀ ਆਤਮਾ ਦੀ ਪੂਰਤੀ ਵਿਚ ਸਹਾਈ ਹੁੰਦੇ ਹਨ। ਜਿਸ (ਅੰਤਰ) ਆਪੇ ਦੀ ਸਿਧੀ ਜਾਂ ਪੂਰਨਤਾ ਹੋਣੀ ਹੁੰਦੀ ਹੈ ਉਹ ਭਾਵੇਂ ਸੀਮਤ ਤਾਂ ਹੁੰਦਾ ਹੈ ਪਰੰਤੂ ਉਸ ਵਿੱਚ ਅੰਤਰ ਪੂਰਨਤਾ ਜਾਂ ਸਿੱਧੀ ਪ੍ਰਾਪਤ ਕਰਨ ਦੀ ਸਮਰੱਥਾ ਹੁੰਦੀ ਹੈ। ਇਸ (ਅੰਤਰ ਜਾਂ ਆਤਮ) ਆਪੇ ਅੰਦਰ ਸਦੀਵੀ ਅਤੇ ਅਧਿਆਤਮਕ ਜਾਣਨ ਵਾਲਾ ਤੱਤ ਹੁੰਦਾ ਹੈ। ਇਹ ਅੰਸ਼ ਜੋ ਪੂਰਨਤਾ ਜਾਂ ਸਿੱਧੀ ਪ੍ਰਾਪਤ ਕਰਨ ਦੀ ਤਾਂਘ ਕਰਦਾ ਹੈ ਉਹ ਮਨੁੱਖ ਦੇ ਸੀਮਤ ਆਪੇ ਵਿਚੋਂ ਪੂਰਨ ਜਾਂ ਸਦੀਵ ਜਾਂ ਫਿਰ ਅਸੀਮਤ ਆਪੇ ਵਿਚ ਚੇਤੰਨਤਾ ਪੈਦਾ ਕਰਦਾ ਹੈ। ਗੁਰਮਤਿ ਵਿਚ ਸਾਨੂੰ ਇਸ ਸਿਧਾਂਤ ਨਾਲ ਸਬੰਧਿਤ ਤੱਤ ਮਿਲਦੇ ਹਨ :

- ਆਤਮੁ ਚੀਨਿ੍ ਭਏ ਨਿੰਰਕਾਰੀ ।। (ਆਸਾ ਮ.੧, ਪੰਨਾ ੪੧੫)
- ਆਤਮਾ ਪਰਮਾਤਮਾ ਏਕੋ ਕਰੈ
  ਅੰਤਰ ਕੀ ਦੁਬਿਧਾ ਅੰਤਰਿ ਮਰੈ ।। (ਪੰਨਾ ੬੬੧)
  ਜਾਂ
- ਆਤਮੁ ਚੀਨਿ ਪਰਾਤਮ ਚੀਨਹੁ
  ਗੁਰ ਸੰਗਤਿ ਇਹੁ ਨਿਸਤਾਰਾ ਹੇ ।। (ਸ੍ਰੀ ਗੁਰੂ ਗ੍ਰੰਥ ਸਾਹਿਬ ਮਾਰੂ ਸੋਹਲੇ, ਪੰਨਾ ੧੦੩੦ ।।

ਤਥਾ ਜਿਨੀ ਆਤਮ ਚੀਨਿਆ ਪਰਮਾਤਮ ਸੋਈ ।।

ਬਿਬੇਕ ਬੁਧ ਇਸ ਤੱਤ ਪ੍ਰਤਿ ਸੁਚੇਤ ਹੁੰਦੀ ਹੈ ਕਿ ਮਨੁੱਖ ਦਾ ਅੰਤਰ ਆਤਮ ਸਿਧੀ ਦੇ ਅੰਸ਼ ਰਖਦਾ ਹੈ। ਇਹ ਇਕ ਪਾਸੇ ਬੌਧਿਕ ਹੁੰਦੀ ਹੈ ਅਤੇ ਦੂਸਰੇ ਪਾਸੇ ਸੁਹਜ ਆਤਮਕ ਦ੍ਰਿਸ਼ਟੀ ਵਾਲੇ ਤੇ ਆਤਮਕ ਅਨੁਭਵ ਦਾ ਰੂਪ ਧਾਰਨ ਕਰ ਲੈਂਦੀ ਹੈ। ਮਨੁੱਖ ਦਾ ਇਸ ਪ੍ਰਕਾਰ ਆਦਰਸ਼ਵਾਦੀ ਨੈਤਿਕ ਸਿਧਾਂਤ ਮਨ ਦੀ ਕਲਪਨਾ, ਸੰਕਲਪਾਂ ਤੇ ਤ੍ਰਿਸ਼ਨਾਵਾਂ ਦਾ ਤਿਆਗ ਕਰਨ ਦਾ ਪ੍ਰੇਰਨਾ ਸ੍ਰੋਤ ਹੁੰਦਾ ਹੈ ਜਦੋਂ ਇਸ ਸਿਧਾਂਤ ਨੂੰ ਇਕ ਸਾਧਨ ਦੇ ਤੌਰ ਅਪਣਾਇਆ ਜਾਂਦਾ ਹੈ ਤਾਂ ਇਹ ਆਤਮਾ ਦੀਆਂ ਦੈਵੀ ਮੰਗਾਂ ਪੂਰਨ ਕਰਨ ਦੇ ਸਮਰੱਥ ਬਣ ਜਾਂਦਾ ਹੈ। ਇਸ ਅੰਦਰ ਉਤਸ਼ਾਹ ਤੇ ਪ੍ਰੇਰਨਾ ਉਤਪੰਨ ਹੁੰਦੀ ਹੈ। ਇਹ ਆਤਮ-ਵਿਸ਼ਵਾਸ ਤੇ ਆਸ਼ਾਵਾਦੀ ਨਜ਼ਰੀਏ ਵਾਲਾ ਹੁੰਦਾ ਹੈ। ਗੁਰਬਾਣੀ ਵਿਚ ਇਸ ਦਾ ਕਥਨ ਇਨ੍ਹਾਂ ਪੰਗਤੀਆਂ ਵਿਚੋਂ ਦੇਖਿਆ ਜਾ ਸਕਦਾ ਹੈ :

ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ
ਨਾਨਕ ਸਿਝਿ ਇਵੇਹਾ ਵਾਰ ਬਹੁੜਿ ਨ ਹੋਵੀ ਜਨਮੜਾ ।। (ਮਾਰੂ ਵਾਰ ਮ. ੫, ਪੰਨਾ ੧੦੯੬)

ਆਤਮ ਸਿਧੀ ਤੇ ਪੂਰਨਤਾ ਦੀ ਆਸ ਤੇ ਸਮਰੱਥਾ ਵਾਲਾ ਜੀਵਨ ਪ੍ਰਸੰਨਤਾ ਵਾਲਾ ਹੁੰਦਾ ਹੈ। ਇਹ ਪ੍ਰਸੰਨਤਾ ਆਮ ਖੁਸ਼ੀ ਨਾਲੋਂ ਭਿੰਨ ਤੇ ਉਚੇਰੀ ਹੁੰਦੀ ਹੈ। ਗੁਰਮਤਿ ਦਾ ਸਵੈ-ਪੂਰਨਤਾ ਦਾ ਸਿਧਾਂਤ ਵਿਅਕਤੀਗਤ ਨੈਤਿਕਤਾ ਦਾ ਪ੍ਰਮਾਣ ਹੈ।

ਆਤਮ ਸਿਧੀ ਵਾਲਾ ਵਿਅਕਤੀ ਸੇਵਕ ਭਾਵ ਵਾਲਾ ਤੇ ਸਮਾਜ ਦਾ ਹਿਤੂ ਬਣ ਜਾਂਦਾ ਹੈ ਉਹ ਸੁਆਰਥ ਨੂੰ ਤਿਆਗ ਕੇ ਪਰਉਪਕਾਰੀ ਬਣਨ ਦਾ ਚਾਹਵਾਨ ਹੁੰਦਾ ਹੈ।

ਆਤਮਿਕ ਵਿਕਾਸ ਲਈ ਕੀਤਾ ਉਦਮ ਅਧਿਆਤਮ ਉਦਮ ਹੁੰਦਾ ਹੈ। ਇਸ ਨੂੰ ਬੁੱਝਣਾ ਬੜਾ ਜ਼ਰੂਰੀ ਹੈ। ਮਨੁੱਖ ਜਦੋਂ ਗੁਰੂ ਉਪਦੇਸ਼ ਅਧੀਨ ਸਦਾਚਾਰੀ ਕਰਮ ਕਰਦਾ ਹੈ ਤਾਂ ਇਹ ਆਤਮ ਵਿਕਾਸ ਤੇ ਪੂਰਤੀ ਲਈ ਸਹਾਈ ਹੁੰਦਾ ਹੈ। ਇਹ ਕਰਮ ਜਿਸ ਨੂੰ ਅਚਾਰ-ਵਿਹਾਰ ਦਰਸਾਇਆ ਹੈ, ਪ੍ਰਭੂ ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ :

ਜਿਹ ਪ੍ਰਸਾਦਿ ਤੂ ਆਚਾਰ ਬਿਓਹਾਰੀ ।।
ਤਿਸੁ ਪ੍ਰਭ ਕਉ ਸਾਸਿ ਸਾਸਿ ਚਿਤਾਰੀ ।। (ਪੰਨਾ ੨੭੦)

ਗੁਰਮਤਿ ਨੇ ਇਹ ਵੀ ਸਵੀਕਾਰ ਕੀਤਾ ਹੈ ਕਿ ਮਨੁੱਖ ਦੇ ਅੰਦਰ (ਬਿਬੇਕ) ਬੁਧ ਉਸ ਦੀ ਰਹਿਨੁਮਾਈ ਕਰਨ ਦੇ ਸਮਰੱਥ ਹੁੰਦੀ ਹੈ। ਇਸ ਪ੍ਰਕਿਰਿਆ ਵਿਚ ਮਨੁੱਖ ਨੂੰ ਕਾਮਨਾਵਾਂ ਦਾ ਤਿਆਗ ਕਰਨ ਲਈ ਨਹੀਂ ਸਗੋਂ ਉਸ ਨੂੰ ਸੰਜਮਮਈ ਹੋਣ ਦੀ ਪ੍ਰੇਰਨਾ ਦਿੱਤੀ ਗਈ ਹੈ। ਇਸ ਨੂੰ

ਬਿਬੇਕ ਬੁਧ ਵਾਲਾ ਅੰਕੁਸ਼ ਵੀ ਕਹਿ ਸਕਦੇ ਹਾਂ ਜੈਸਾ ਕਿ :

– ਗਿਆਨ ਕਾ ਬਧਾ ਮਨੁ ਰਹੈ (ਪੰਨਾ ੪੬੯)

ਗੁਰਮਤਿ ਨੇ ਸਿਧਾਂਤਕ ਆਦਰਸ਼ਾਂ ਦੀ ਮਹੱਤਤਾ ਦੇ ਨਾਲ ਨਾਲ ਉੱਚਾ ਆਚਾਰ ਵੀ ਦਰਸਾਇਆ ਹੈ। ਵਿਅਕਤੀ ਦਾ ਅੰਤਰ-ਆਪਾ ਤਦ ਹੀ ਪਰੀਪੂਰਨ ਹੋ ਸਕਦਾ ਹੈ ਜਦੋਂ ਉਹ ਇਸ ਨੂੰ ਸ਼ੁੱਧ ਤੇ ਪਵਿੱਤਰ ਬਣਾ ਲੈਂਦਾ ਹੈ। ਨੈਤਿਕਤਾ ਦਾ ਬਾਹਰੀ ਰੂਪ ਵਿਅਕਤੀ ਦੇ ਅੰਤਰ-ਆਪੇ ਦਾ ਹੀ ਪ੍ਰਗਟਾਵਾ ਹੁੰਦਾ ਹੈ। ਇਸ ਵਿਚਾਰ ਨੂੰ ਗੁਰਮਤਿ ਨੇ ਅੰਤਰ-ਆਤਮੇ ਦੀ ਅਵਾਜ ਕਿਹਾ ਹੈ ਇਹ ਜ਼ਮੀਰ ਦੀ ਆਵਾਜ਼-ਨਿਆਂਪੂਰਨ, ਪਵਿੱਤਰ ਤੇ ਸਾਰਥਿਕ ਹੁੰਦੀ ਹੈ। ਇਹ ਮਨੁੱਖ ਦੇ ਸਮੁੱਚੇ ਆਪੇ ਦੀ ਪ੍ਰਤਿਨਿਧਤਾ ਕਰਦੀ ਹੈ। ਇਸ ਦਾ ਉਦੇਸ਼ ਇਕ ਅੰਤਮ ਉਦੇਸ਼ ਦੀ ਤਰ੍ਹਾਂ ਹੁੰਦਾ ਹੈ। ਮਨੁੱਖ ਦਾ ਅੰਤਰੀਵੀ ਆਪਾ ਆਪਣੀ ਸ਼ੁੱਧ ਤੇ ਪਵਿੱਤਰ ਅਵਸਥਾ ਵਿਚ ਮਨੁੱਖ ਦੀ ਦੁਚਿੱਤੀ ਦਾ ਫੈਸਲਾ ਕਰਨ ਲਈ ਸੇਧ ਪ੍ਰਦਾਨ ਕਰਦਾ ਹੈ :

ਦਿਲਾ ਕਾ ਮਾਲਕੁ ਕਰੇ ਹਾਕੁ ।।
ਕੁਰਾਨ ਕਤੇਬ ਤੇ ਪਾਕੁ ।। (ਪੰਨਾ ੮੯੭)

ਡਾ. ਜੀ.ਐਸ. ਸੰਧੂ ਨੇ ਆਪਣੀ ਪੁਸਤਕ **ਪੱਛਮੀ ਨੀਤੀ ਸ਼ਾਸਤ੍ਰ** ਵਿਚ ਕਥਨ ਕੀਤਾ ਹੈ ਕਿ ਨੈਤਿਕਤਾ ਆਪਣੇ ਆਪ ਦੀ ਏਕਤਾ ਤੇ ਅਧਾਰਤ ਹੁੰਦੀ ਹੈ ਜੋ ਸਾਡੇ ਮਨ ਦੇ ਸਾਰੇ ਤੱਤਾਂ ਨੂੰ ਕੇਵਲ ਸ਼ਾਮਲ ਹੀ ਨਹੀਂ ਕਰਦੀ ਸਗੋਂ ਸਾਰੇ ਸਮਾਜ ਨੂੰ ਵੀ ਸ਼ਾਮਲ ਕਰਦੀ ਹੈ। ਇਹ ਇਸ ਤੋਂ ਉਚੇ ਆਦਰਸ਼ਾਂ ਜਿਵੇਂ ਸੁਹਿਦਰਤਾ, ਸਚਾਈ ਤੇ ਲੋਕ-ਭਲਾਈ ਨਾਲ ਵੀ ਜੋੜਦੀ ਹੈ।

ਆਤਮ ਸਿਧੀ ਸਿਧਾਂਤ ਦਾ ਅਰਥ ਧਾਰਮਿਕ ਖੇਤਰ ਵਿੱਚ ਅਧਿਐਨ ਕਰਨ ਉਪਰੰਤ ਇਹ ਸਪੱਸ਼ਟ ਹੁੰਦਾ ਹੈ ਕਿ ਪੂਰਬ ਤੇ ਪੱਛਮ ਦੇ ਮਹਾਨ ਦਾਰਸ਼ਨਿਕ ਅਤੇ ਅਧਿਆਤਮਵਾਦੀਆਂ ਨੇ ਜੀਵਨ ਦਾ ਪਰਮ ਉਦੇਸ਼ ਸਿਰਫ਼ ਆਤਮ ਸਿਧੀ (Self-Realization) ਹੀ ਦੱਸਿਆ ਹੈ। ਆਤਮ-ਸਿਧੀ ਤੋਂ ਭਾਵ ਆਤਮਾ ਦੀ ਪੂਰਨਤਾ, ਆਤਮ-ਦਰਸ਼ਨ, ਆਤਮ ਪ੍ਰਕਾਸ਼ ਜਾਂ ਆਤਮ ਦੇ ਸਰੂਪ ਨੂੰ ਪਛਾਨਣ ਤੋਂ ਲਿਆ ਜਾਂਦਾ ਹੈ। ਆਤਮਾ ਮਨੁੱਖ ਦੇ ਅੰਦਰ ਇਕ ਐਸਾ ਅਮਰ ਤੱਤ ਹੈ ਜਿਹੜਾ ਕਦੇ ਮਰਦਾ ਨਹੀਂ, ਨਾ ਹੀ ਬੁੱਢਾ ਹੁੰਦਾ ਹੈ। ਇਹ ਪਰਮਾਤਮਾ ਦਾ ਆਪਣਾ ਪਵਿੱਤਰ ਅੰਸ਼ ਹੈ। ਆਤਮ ਸਿਧੀ ਦਾ ਅਰਥ ਹੈ ਆਤਮ ਦਾ ਵਿਕਾਸ ਦੂਸਰੇ ਅਰਥਾਂ ਵਿਚ ਆਤਮਾ ਦਾ ਸਬੰਧ ਮਨੁੱਖ ਦੇ ਵਿਅਕਤਿਤਵ ਨਾਲ ਹੈ ਜਿਸ ਤੋਂ ਭਾਵ ਹੋਇਆ ਕਿ ਮਨੁੱਖ ਦੇ ਵਿਅਕਤਿਤਵ ਦਾ ਵਿਕਾਸ। ਦਾਰਸ਼ਨਿਕ ਵਿਦਵਾਨਾਂ ਨੇ ਮਨੁੱਖ ਦੇ ਵਿਅਕਤਿਤਵ ਅੰਦਰ ਸਰੀਰ, ਮਨ, ਬੁੱਧੀ, ਚਰਿੱਤਰ ਤੇ ਵਿਵਹਾਰਕ ਸਬੰਧ ਦਰਸਾਏ ਹਨ। ਕੀ ਮਨੁੱਖ ਇਨ੍ਹਾਂ ਸਾਰੇ ਤੱਤਾਂ ਦਾ ਵਿਕਾਸ ਕਰ ਸਕਦਾ ਹੈ ? ਇਹ ਇਕ ਪ੍ਰਸ਼ਨ ਸਾਡੇ ਸਾਹਮਣੇ ਹੈ। ਆਤਮ ਵਿਕਾਸ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਕਿੰਨਾ ਤੱਤਾਂ ਦਾ ਵਿਕਾਸ ਜ਼ਰੂਰੀ ਹੈ। ਇਹ ਚੋਣ ਕਰਦੇ ਸਮੇਂ ਇਸ ਗੱਲ ਦਾ ਖਿਆਲ ਰੱਖਣਾ ਹੋਵੇਗਾ ਕਿ ਕਿਹੜਾ ਪੱਖ ਮਹੱਤਵਪੂਰਨ ਹੈ ਤੇ ਉਸ ਦੇ ਵਿਕਾਸ ਨਾਲ ਆਤਮ ਸਿੱਧੀ ਪ੍ਰਾਪਤ ਹੋ ਸਕਦੀ ਹੈ। ਕੁਝ ਵਿਦਵਾਨਾਂ ਨੇ ਮਨੁੱਖ ਦੇ ਦੋ ਪੱਖ ਹੀ ਮਹੱਤਵਪੂਰਨ ਦਰਸਾਏ ਹਨ, ਅੰਦਰੂਨੀ ਪੱਖ ਤੇ ਵਿਵਹਾਰਕ ਪੱਖ, ਅਧਿਆਤਮਵਾਦੀ, ਮਨੁੱਖੀ ਆਤਮਿਕ ਦੇ ਵਿਕਾਸ ਦੇ ਹਾਮੀ ਹਨ। ਆਤਮਾ ਹੀ ਸ਼ੁੱਧ ਰੂਪ ਤੇ ਉਚਤਮ ਪੱਖ ਹੈ ਗੁਰਬਾਣੀ ਵਿਚ ਕਥਨ ਹੈ :

ਪਾਪ ਪੁੰਨ ਕਾ ਇਸੁ ਲੇਪੁ ਨ ਲਾਗੈ ।।
ਘਟ ਘਟ ਅੰਤਰਿ ਸਦ ਹੀ ਜਾਗੈ ।। (ਪੰਨਾ ੮੬੮)

ਗਿਆਨਵਾਦੀਆਂ ਅਨੁਸਾਰ, ਸਰੀਰ ਦੀ ਪੂਰਨਤਾ ਗਲਤ ਹੈ ਕਿਉਂਕਿ ਇਹ ਸਰੀਰ ਝੂਠ ਹੈ, ਪਰਿਵਰਤਨਸ਼ੀਲ ਹੈ, ਸੀਮਤ ਹੈ, ਦੁੱਖਾਂ ਦਾ ਸ਼ਿਕਾਰ ਰਹਿੰਦਾ ਹੈ, ਆਤਮਾ ਹੀ ਚੇਤਨ, ਨਿਤ-ਬੁਧ ਤੇ ਅਨੰਦ ਸਰੂਪ ਹੈ, ਆਤਮਾ ਨੂੰ ਜੀਵ ਨਹੀਂ ਸਮਝਣਾ ਚਾਹੀਦਾ ਜੀਵ ਤਾਂ ਅੰਤਹਕਰਨ ਦੇ ਚਾਰ ਤੱਤਾਂ ਦਾ ਸਮੂਹ ਹੈ। ਆਤਮ ਸਿਧੀ ਹੀ ਆਤਮ ਦੀ ਅਮਰਤਾ ਨੂੰ ਪਹਿਚਾਨਦਾ ਹੈ।

ਆਤਮ ਰਸੁ ਜਿਹ ਜਾਨਿਆ ਹਰਿ ਰੰਗ ਸਹਜੇ ਮਾਣੁ ।। (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੫੨)

ਮਨੁੱਖ ਦਾ ਅਸਲੀ ਰੂਪ ਅਧਿਆਤਮਕ ਤੱਤ ਹੈ, ਇਹੀ ਤੱਤ ਉਸ ਨੂੰ ਬਾਕੀ ਪ੍ਰਾਣੀਆ ਤੋਂ ਅਲੱਗ ਕਰਦਾ ਹੈ। ਮਨੁੱਖ ਦੀ ਬੁਧੀ (Reason) ਤੇ ਅਧਿਆਤਮ ਤੱਤ (Spiritual element) ਅਜਿਹੇ ਤੱਤ ਹਨ ਜੋ ਉਸ ਨੂੰ ਦੂਸਰੇ ਪ੍ਰਾਣੀਆਂ ਤੋਂ ਵੱਖਰਾ ਕਰਦੇ ਹਨ, ਪਸ਼ੂ ਚੇਤੰਨ ਤਾਂ ਹੈ ਪਰੰਤੂ ਮਨੁੱਖ ਆਤਮ ਚੇਤੰਨ ਹੈ, ਗਿਆਨ ਸੰਪੰਨ ਸੱਚਾਈ ਸਰੂਪ ਹੈ :

ਨਾਰਿ ਨ ਪੁਰਖੁ ਨ ਪੰਖਣੂ ਸਾਚਉ ਚਤੁਰੁ ਸਰੂਪੁ ।। (ਮਾਰੂ ਮ. ੧, ਪੰਨਾ ੧੦੧੦)

ਮਨੁੱਖ ਅਤੇ ਪਸ਼ੂਆਂ ਦੀ ਪ੍ਰਕ੍ਰਿਤੀ ਭਾਵੇਂ ਸਮਾਨ ਹੈ ਪਰੰਤੂ ਮਨੁੱਖ ਦੀ ਆਤਮ-ਚੇਤਨਾ ਇਸ ਦੇ ਸੁਭਾਅ ਤੇ ਰੂਪ ਨੂੰ ਬਦਲ ਦਿੰਦੀ ਹੈ, ਮਨੁੱਖ ਤੇ ਪਸ਼ੂਆਂ ਦੀਆਂ ਲਾਲਸਾਵਾਂ ਬਰਾਬਰ ਹਨ, ਪਰੰਤੂ ਇਹ ਲਾਲਸਾਵਾਂ (Appetities) ਇੱਛਾਵਾਂ (Desires) ਵਿਚ ਬਦਲ ਜਾਂਦੀਆਂ ਹਨ, ਲਾਲਸਾ ਵਿਚ ਨੈਤਿਕ ਵਿਵੇਕ ਨਹੀਂ ਹੁੰਦਾ ਇਸ ਲਈ ਅੰਨੀ ਹੁੰਦੀ ਹੈ ਜਦ ਕਿ ਇੱਛਾ ਵਿਚ ਨੈਤਿਕ ਵਿਵੇਕ ਹੁੰਦਾ ਹੈ।

ਆਤਮ ਚੇਤਨਾ ਕਾਰਨ ਇਹ ਸੰਵੇਦਨਾਵਾਂ (Emotions) ਪ੍ਰਤੱਖੀਕਰਨ (Perceptions) ਬਣ ਜਾਂਦੀਆਂ ਹਨ। ਸੰਵੇਦਨਾ ਵਿਚ ਵਸਤੂ

ਦਾ ਅਰਥ ਸਮਝਿਆ ਨਹੀਂ ਜਾਂਦਾ ਜਦੋਂ ਕਿ ਪ੍ਰਤੱਖੀਕਰਨ ਵਿਚ ਸੰਵੇਦਨਾ ਦਾ ਅਰਥ ਵਿਦਮਾਨ ਰਹਿੰਦਾ ਹੈ। ਆਤਮ ਚੇਤਨਾ ਮਨੁੱਖ ਦੀ ਪਰਵਿਰਤੀ (ਸੁਭਾਅ) ਨੂੰ ਪ੍ਰਵਰਤਿਤ ਕਰਦੀ ਹੈ ਤੇ ਉਹ ਨੈਤਿਕ ਜੀਵਨ ਦੇ ਯੋਗ ਬਣ ਜਾਂਦਾ ਹੈ।

ਪ੍ਰਥਮੇ ਤਿਆਗੀ ਹਉਮੈ ਪ੍ਰੀਤਿ ।। ਦੁਤੀਆ ਤਿਆਗੀ ਲੋਗਾ ਰੀਤਿ ।।
ਤ੍ਰੈਗੁਣ ਤਿਆਗਿ ਦੁਰਜਨ ਮੀਤ ਸਮਾਨੇ ।। ਤੁਰੀਆ ਗੁਣ ਮਿਲਿ ਸਾਧ ਪਛਾਨੇ ।। (ਪੰਨਾ ੩੭੦)

ਮਨੁੱਖ ਦੀ ਇਕ ਹੋਰ ਯੋਗਤਾ ਜੋ ਉਸ ਨੂੰ ਨੈਤਿਕ ਜੀਵਨ ਲਈ ਤਿਆਰ ਕਰਦੀ ਹੈ ਉਹ ਹੈ ਨਿਰਣੈ ਸ਼ਕਤੀ। ਮਨੁੱਖ ਆਜ਼ਾਦ ਹੈ, ਉਹ ਨਿਰਣੇ ਕਰਕੇ, ਕੋਈ ਵੀ ਰਾਹ ਚੁਣ ਸਕਦਾ ਹੈ। ਮਨੁੱਖ ਵਿਚ ਨਵੀਂ ਸ੍ਰਿਸ਼ਟੀ (world) ਰਚਨ ਦੀ ਸ਼ਕਤੀ ਹੈ, ਸੁਪਨੇ ਨੂੰ ਯਥਾਰਥ ਵਿਚ ਬਦਲ ਸਕਦਾ ਹੈ, ਅਮੂਰਤ ਨੂੰ ਸੂਰਤ ਬਣਾ ਦਿੰਦਾ ਹੈ। ਇਸ ਰਚਨਾਤਮਕ ਸ਼ਕਤੀ ਵਿਚ ਉਹ ਪਰਮਾਤਮਾ ਨਾਲ ਮਿਲਦਾ-ਜੁਲਦਾ ਹੈ, ਫਰਕ ਕੇਵਲ ਇਤਨਾ ਹੈ ਪਰਮਾਤਮਾ ਵਿਸ਼ਾਲ ਰੂਪ ਵਿਚ ਸਿਰਜਨਾ ਕਰਦਾ ਹੈ। ਮਨੁੱਖ ਸੀਮਤ ਰੂਪ ਵਿਚ ਇਹ ਸੰਸਾਰ ਨੂੰ ਰਚਦਾ ਹੈ। ਮਨੁੱਖ ਛੋਟਾ ਬ੍ਰਹਮਾ ਹੈ :

- ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ।। (ਪੰਨਾ ੬੯੫)
- ਜੋ ਬ੍ਰਹਮੰਡਿ ਖੰਡਿ ਸੋ ਜਾਣਹੁ ।। (ਪੰਨਾ ੧੦੪੧)

ਆਤਮ ਸਿਧੀ ਦਾ ਦ੍ਰਿਸ਼ਟੀਕੋਣ ਬੜੇ ਵਿਸ਼ਾਲ ਰੂਪ ਵਿਚ ਲਿਆ ਜਾਂਦਾ ਹੈ ਖਾਸ ਕਰਕੇ ਅੱਜ ਕਲ ਇਸ ਸਿਧੀ ਨੂੰ ਸੰਸਾਰ ਦੇ ਅਧਿਆਤਮਕ ਵਿਕਾਸ ਦੇ ਪੱਖ ਤੋਂ ਲਿਆ ਜਾਂਦਾ ਹੈ। ਇਹ ਵਿਕਾਸ ਜੜ੍ਹ ਪਦਾਰਥ ਤੋਂ ਲੈ ਕੇ ਪਰਮਾਤਮਾ ਦੀ ਸਰਬ ਵਿਆਪਕ ਸ਼ਕਤੀ ਦਾ ਅਨੁਭਵ ਤੇ ਉਸ ਨਾਲ ਇਕਮਿਕਤਾ ਤੋਂ ਹੈ। ਆਤਮ ਸਿਧੀ ਦਾ ਭਾਵ ਪਰਮਾਤਮ ਸਿਧੀ ਤੋਂ ਲਿਆ ਜਾਂਦਾ ਹੈ। ਸੰਸਾਰ ਦੇ ਅਧਿਆਤਮਕ ਵਿਕਾਸ ਤੋਂ ਭਾਵ ਹੈ, ਜੋ ਇਸ ਖੇਤਰ ਦੇ ਅਧਿਆਤਮਵਾਦੀਆਂ ਨੇ ਲਿਆ ਹੈ, ਉਹ ਇਸ ਪ੍ਰਕਾਰ ਹੈ ਕਿ :

ਜੜ ਪਦਾਰਥ ਤੋਂ ਜੀਵਨ
ਜੀਵਨ ਤੋਂ ਮਨ, ਮਨ ਤੋਂ ਚੇਤਨਾ
ਚੇਤਨਾ ਤੋਂ ਆਤਮ ਚੇਤਨਾ ਵਲ ਵਿਕਾਸ ਹੈ।

ਭੌਤਿਕ ਪਦਾਰਥਾਂ ਵਿਚ ਚੇਤਨਾ ਨਾ-ਮਾਤਰ ਹੁੰਦੀ ਹੈ, ਇਹ ਚੇਤਨਾ ਗੁਪਤ ਹੁੰਦੀ ਹੈ। ਇਹ ਤਤ ਜੜ੍ਹ ਪਦਾਰਥ ਤੋਂ ਜੀਵਨ ਪੈਦਾ ਕਰਦਾ ਹੈ, ਇਹ ਜੀਵਨ ਅਧਿਆਤਮਕ ਤੱਤ ਨਹੀਂ ਹੈ। ਪ੍ਰਕਿਰਤੀ ਵਿਚ ਮਨ ਨਹੀਂ, ਪਸ਼ੂਆਂ ਵਿਚ ਮਨ ਹੁੰਦਾ ਹੈ, ਮਨੁੱਖ ਵਿਚ ਮਨ ਤੇ ਆਤਮਾ ਹੁੰਦਾ ਹੈ। ਮਨੁੱਖ ਵੀ ਪੂਰੀ ਤਰ੍ਹਾਂ ਅਧਿਆਤਮਕ ਨਹੀਂ ਇਸੇ ਲਈ ਉਹ ਪੂਰਨ ਆਤਮ ਹੋਣਾ ਚਾਹੁੰਦਾ ਹੈ, ਗੁਰੂ ਅਰਜਨ ਦੇਵ ਜੀ ਨੇ ਇਸ ਉਪਰੋਕਤ ਕਿਸਮ ਦੇ ਵਿਕਾਸ ਵੱਲ ਵਿਚਾਰ ਪ੍ਰਗਟ ਕੀਤਾ ਹੈ। ਗੁਰੂ ਜੀ ਇਹ ਵੀ ਸਪੱਸ਼ਟ ਕਰਦੇ ਹਨ ਕਿ ਮਨੁੱਖ ਵਿਚ ਪੂਰਨ ਆਤਮ ਸਿਧੀ ਦੀ ਸੰਭਾਵਨਾ ਹੈ ਇਸੇ ਲਈ ਇਸ ਨੂੰ ਇਸ ਪ੍ਰਕਾਰ ਦੀ ਪ੍ਰੇਰਨਾ ਦਿੱਤੀ ਗਈ ਹੈ। ਤੀਸਰੇ ਪਾਤਸ਼ਾਹ ਦਾ ਕਥਨ ਹੈ :

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ।। (ਪੰਨਾ ੪੪੧)

ਗੁਰਬਾਣੀ ਦੇ ਕਥਨ ਅਨੁਸਾਰ ਮਨੁੱਖੀ ਆਤਮਾ ਜੜ੍ਹ, ਸਥੂਲ ਅਵਸਥਾ ਤੋਂ ਚੇਤਨ ਤੇ ਫਿਰ ਆਤਮ ਚੇਤਨ ਵੱਲ ਵਿਕਾਸ ਹੈ ਜਿਸ ਬਾਰੇ ਗੁਰੂ ਜੀ ਦਾ ਕਥਨ ਹੈ :

ਕਈ ਜਨਮ ਭਏ ਕੀਟ ਪਤੰਗਾ ।। ਕਈ ਜਨਮ ਗਜ ਮੀਨ ਕੁਰੰਗਾ ।।
ਕਈ ਜਨਮ ਪੰਖੀ ਸਰਪ ਹੋਇਓ ।। ਕਈ ਜਨਮ ਹੈਵਰ ਬ੍ਰਿਖ ਜੋਇਓ ।।
ਮਿਲੁ ਜਗਦੀਸ ਮਿਲਨ ਕੀ ਬਰੀਆ ।। ਚਿੰਰਕਾਲ ਇਹ ਦੇਹ ਸੰਜਰੀਆ ।। ਰਹਾਉ ।।
- - - - - - - - - - - - - - - - - - - - - - - - - - -
ਕਈ ਜਨਮ ਸਾਖ ਕਰਿ ਉਪਾਇਆ ।। ਲਖ ਚਉਰਾਸੀਹ ਜੋਨਿ ਭ੍ਰਮਾਇਆ ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੭੬)

ਇਸ ਆਤਮਾ ਸਿਧੀ ਦੇ ਬਾਰੇ ਇਕ ਗੱਲ ਸਿਧਾਂਤਕ ਤੌਰ ਤੇ ਇਥੇ ਹੋਰ ਸਪੱਸ਼ਟ ਕਰਨ ਦੀ ਲੋੜ ਹੈ। ਪਹਿਲੇ ਪਹਿਲ ਮਨੁੱਖ ਦਾ ਨੈਤਿਕ ਦ੍ਰਿਸ਼ਟੀਕੋਣ ਤੋਂ ਅੰਦਰੂਨੀ ਪੱਖ ਦਾ ਵਿਕਾਸ ਨਹੀਂ ਸੀ ਹੋਇਆ, ਉਸ ਦੇ ਬਾਹਰੀ ਵਿਹਾਰ ਨੂੰ ਦੇਖ ਕੇ ਹੀ ਨੈਤਿਕ ਨਿਰਣੈ ਕੀਤੇ ਜਾਂਦੇ ਸਨ। ਅੱਜ ਕੱਲ ਵਿਅਕਤੀ ਦਾ ਚਰਿੱਤਰ ਦੇਖਿਆ ਜਾਂਦਾ ਹੈ। ਇਸ ਵਿਚਾਰ ਤੋਂ ਸਪੱਸ਼ਟ ਹੁੰਦਾ ਹੈ ਕਿ ਸਾਡੇ ਨੈਤਿਕ ਦ੍ਰਿਸ਼ਟੀਕੋਣ ਦਾ ਅੰਤਰੀਕਰਨ (Internalization) ਹੋ ਰਿਹਾ ਹੈ। ਇਹ ਮਨੁੱਖ ਦੇ ਅਧਿਆਤਮੀਕਰਨ ਦਾ ਚਿੰਨ੍ਹ ਹੈ। ਬਾਹਰੀ ਆਪੇ ਤੇ ਅੰਤਰੀਵੀ ਆਪੇ ਵਲ ਵਿਕਾਸ ਆਤਮ ਸਿਧੀ ਦੀ ਨਿਸ਼ਾਨੀ ਹੈ।

ਦੂਸਰਾ, ਮਨੁੱਖ ਦੇ ਸਦਗੁਣਾਂ ਦਾ ਖੇਤਰ ਬਹੁਤ ਵਿਸਤ੍ਰਿਤ ਹੋ ਗਿਆ ਹੈ। ਪਹਿਲਾਂ ਪਹਿਲ 'ਸੇਵਾ' ਦਾ ਅਰਥ ਕੇਵਲ ਮਹਿਮਾਨ ਦੀ ਸੇਵਾ ਤਕ ਹੀ ਸੀਮਤ ਹੁੰਦਾ ਸੀ ਅਤੇ ਸੰਜਮ ਕੇਵਲ ਖਾਣ-ਪੀਣ ਤਕ ਹੀ ਸੀ, ਪਰ ਅੱਜ ਦੀ ਸੇਵਾ ਸਾਰੀ ਧਰਤੀ ਨੂੰ ਪਰਿਵਾਰ ਮੰਨ ਕੇ ਵਿਸ਼ਵ ਸੇਵਾ ਦਾ ਰੂਪ ਧਾਰ ਗਈ ਹੈ ਅਤੇ ਸੰਜਮ ਦੀ ਸੀਮਾ ਅਧੀਨ ਬੋਲਣਾ, ਹੱਸਣ ਤੇ ਹੋਰ ਪੱਖ ਵੀ ਆ ਗਏ ਹਨ। ਅੱਜ ਤਾਂ ਸੇਵਾ ਤੇ ਸੰਜਮ ਨੂੰ ਆਤਮ ਸਿਧੀ ਲਈ ਸਹਾਈ ਮੰਨਿਆ ਜਾਂਦਾ ਹੈ :

ਵਿਚਿ ਦੁਨੀਆ ਸੇਵ ਕਮਾਈਐ ਤਾ ਦਰਗਹ ਬੈਸਣ ਪਾਈਐ ।। (ਪੰਨਾ ੨੬)

ਸੇਵਾ ਕਰਤ ਹੋਇ ਨਿਹਕਾਮੀ ਤਿਸ ਕਉ ਹੋਤ ਪਰਾਪਤਿ ਸੁਆਮੀ ।। (ਪੰਨਾ ੨੮੬)

ਗੁਰਬਾਣੀ ਵਿਚ ਮਨੁੱਖ ਨੂੰ ਉਸ ਦੇ ਜੀਵਨ ਆਦਰਸ਼ ਪ੍ਰਤਿ ਸੋਝੀ ਕਰਾਉਣ ਅਤੇ ਉਸ ਦੀ ਪ੍ਰਾਪਤੀ ਲਈ ਬਰਾਬਰ ਸੁਚੇਤ ਕੀਤਾ ਗਿਆ ਹੈ। ਗੁਰਬਾਣੀ ਮਨੁੱਖ ਦੇ ਅੰਤਰੀਵੀ ਆਪੇ ਨੂੰ ਉਸ ਦਾ 'ਅਸਲ ਆਪਾ' ਅੰਕਤ ਕਰਦੀ ਹੈ। ਗੁਰਬਾਣੀ ਵਿਚ ਇਸ ਪ੍ਰਥਾਇ 'ਪਰਮਾਤਮਾ', 'ਜੀਵ', 'ਜੀਵਾਤਮਾ', 'ਆਪਣਾ ਮੂਲ', 'ਆਪ ਪਛਾਣ' ਆਦਿ ਸ਼ਬਦ ਵਰਤੇ ਗਏ ਹਨ :

ਸਭ ਸਾਲਾਹੈ ਆਪ ਕਉ ਵਡਹੁ ਵਡੇਰੀ ਹੋਇ ।।

ਗੁਰ ਬਿਨੁ 'ਆਪੁ' ਨ ਚੀਨੀਐ ਕਹੇ ਸੁਣੇ ਕਿਆ ਹੋਇ ।।

ਨਾਨਕ ਸਬਦਿ ਪਛਾਣੀਐ ਹਉਮੈ ਕਰੈ ਨ ਕੋਇ ।। (ਸਿਰੀ ਰਾਗ ਮ.੧, ਪੰਨਾ ੫੮)

ਗੁਰਬਾਣੀ ਵਿਚ ਆਤਮ ਸਿਧੀ ਲਈ ਸ੍ਰੋਤ ਤੇ ਸਾਧਨ ਤੇ ਅੰਤ ਵਿਚ ਪ੍ਰਾਪਤੀਆਂ ਦਾ ਜ਼ਿਕਰ ਵੀ ਕੀਤਾ ਗਿਆ ਹੈ। ਇਸ ਆਤਮ-ਸਿਧੀ ਦੀ ਪ੍ਰਾਪਤੀ, ਗੁਰੂ ਬਾਣੀ (ਗੁਰੂ ਗ੍ਰੰਥ ਭਾਵ ਗੁਰੂ ਉਪਦੇਸ਼) ਹੈ ਇਸ ਉਪਦੇਸ਼ ਅੰਦਰ ਬਹੁਤ ਸਾਰੇ ਸਿਧਾਂਤ ਜੈਸਾ ਕਿ ਗੁਰੂ, ਹੁਕਮ, ਨਾਮ, ਕਰਮ, ਨਦਰ ਆਦਿ ਦਾ ਵੀ ਵਰਣਨ ਕੀਤਾ ਗਿਆ ਹੈ। ਗੁਰਬਾਣੀ ਅੰਦਰ ਸ੍ਰੋਤਾਂ ਅਤੇ ਸਾਧਨਾਂ ਉਪਰੰਤ ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਆਤਮ-ਸਿਧੀ ਦੇ ਰਾਹ ਵਿਚ ਕੀ ਕੀ ਰੁਕਾਵਟਾਂ ਆਉਂਦੀਆਂ ਹਨ। ਇਨ੍ਹਾਂ ਰੁਕਾਵਟਾਂ ਨੂੰ ਕਿਵੇਂ ਦੂਰ ਕਰਨਾ ਹੈ। ਇਹ ਰੁਕਾਵਟਾਂ ਪੰਜ ਵਿਕਾਰ (ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ) ਹਨ। ਇਨ੍ਹਾਂ ਵਿਕਾਰਾਂ ਕਰਕੇ ਮਨ ਅੰਦਰ ਜਿਹੜੀਆਂ ਵਿਕਾਰ ਬਿਰਤੀਆਂ ਪੈਦਾ ਹੁੰਦੀਆਂ ਹਨ ਉਨ੍ਹਾਂ ਪ੍ਰਤੀ ਵੀ ਮਨੁੱਖ ਨੂੰ ਸੁਚੇਤ ਕੀਤਾ ਗਿਆ ਹੈ। ਆਤਮਾ ਤੇ ਪਰਮਾਤਮਾ ਦੇ ਵਿਚਕਾਰ ਹਉਮੈ ਦੀ ਦੀਵਾਰ ਦਰਸਾਈ ਗਈ ਹੈ :

ਧਨ ਪਿਰ ਕਾ ਇਕ ਹੀ ਸੰਗਿ ਵਾਸਾ

ਵਿਚਿ ਹਉਮੈ ਭੀਤਿ ਕਰਾਰੀ ।। (ਪੰਨਾ ੧੨੬੩)

ਆਤਮ ਸਿਧੀ ਬਾਰੇ ਭਾਈ ਕਾਨ੍ਹ ਸਿੰਘ ਦਾ ਕਥਨ ਇਸ ਪ੍ਰਕਾਰ ਹੈ :

ਸਿਖ-ਸਿਧਾਂਤ ਅਨੁਸਾਰ ਤਾਂ ਖੁਦ ਪਸੰਦੀ ਔਰ ਅਭਿਮਾਨ ਦਾ ਤਿਆਗ ਕਰਕੇ
ਆਪਣੀ ਅਸਲੀਅਤ ਸਮਝਣ ਔਰ ਗੁਰਬਾਣੀ ਦਵਾਰਾ ਆਤਮਾ-ਸਰੂਪ ਨੂੰ
ਯਥਾਰਥ ਰੀਤਿ ਕਰਕੇ ਜਾਣਨ ਦਾ ਅਰਥ ਆਪਾ ਪਛਾਣਨਾ ਹੈ।
(ਗੁਰਮਤਿ ਪ੍ਰਭਾਕਰ, ਪੰਨਾ ੮੧)

ਆਤਮ ਸਿਧੀ ਨੂੰ ਜੀਵਨ ਮਨੋਰਥ ਦਰਸਾ ਕੇ ਮਨੁੱਖ ਨੂੰ ਇਸ ਦੀ ਪ੍ਰਾਪਤੀ ਪ੍ਰਤਿ ਵੀ ਸੁਚੇਤ ਕੀਤਾ ਹੈ। ਇਸ ਪ੍ਰਾਪਤੀ ਤੋਂ ਬਿਨਾਂ ਉਸ ਦੇ ਜੀਵਨ ਦਾ ਕੋਈ ਮਹੱਤਵ ਨਹੀਂ ਹੈ। ਆਤਮ ਸਿਧੀ ਹੀ ਅਸਲ ਜੀਵਨ ਮਕਸਦ ਹੈ। ਮਨੁੱਖ ਨੂੰ ਸੁਚੇਤ ਕਰਦਿਆਂ ਇਹ ਚੇਤਾਵਨੀ ਦਿੱਤੀ ਹੈ :

ਪ੍ਰਾਣੀ ਤੂੰ ਆਇਆ ਲਾਹਾ ਲੈਣ ।।

ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣ ।। (ਪੰਨਾ ੪੩)

ਆਤਮਾ-ਪਰਮਾਤਮਾ ਦਾ ਹੀ ਰੂਪ ਅਤੇ ਇਸ ਦੀ ਇਕਮਿਕਤਾ, ਇਕਰੂਪਤਾ ਲਈ ਆਤਮ ਚੀਨਣ ਦੀ ਲੋੜ ਤੇ ਮਹੱਤਤਾ ਦਰਸਾ ਕੇ ਇਸ ਨੂੰ ਚੀਨਣ ਲਈ ਬਰਾਬਰ ਉਪਦੇਸ਼ ਕੀਤਾ ਹੈ :

ਅਚਰਜ ਕਥਾ ਮਹਾ ਅਨੂਪ

ਪ੍ਰਾਤਮਾ ਪਾਰਬ੍ਰਹਮ ਕਾ ਰੂਪ ।। (ਸ੍ਰੀ ਗੁਰੂ ਗ੍ਰੰਥ ਸਾਹਿਬ, ਗੋਂਡ ਮ. ੫, ਪੰਨਾ ੮੬੮)

ਆਤਮਾ ਦੀ ਪਛਾਣ ਹੀ ਹਰੀ ਰੂਪ ਦੀ ਪਛਾਣ ਹੈ, ਪ੍ਰਭੂ ਅਮ੍ਰਿਤ (ਮ੍ਰਿਤੂ ਰਹਿਤ) ਰੁਖ ਹੈ ਇਸ ਦਾ ਫਲ ਵੀ ਅਮਰਤਾ ਹੈ ਭਾਵ ਮੁਕਤੀ ਹੈ। ਆਤਮ ਚੀਨ ਕੇ ਹੀ ਪਰਮਾਤਮਾ ਦਾ ਮਿਲਾਪ ਸੰਭਵ ਦਰਸਾਇਆ ਹੈ :

ਜਿਨੀ ਆਤਮ ਚੀਨਿਆ ਪਰਮਾਤਮੁ ਸੋਈ ।।

ਏਕ ਅੰਮ੍ਰਿਤ ਬਿਰਖੁ ਹੈ ਫਲੁ ਅੰਮ੍ਰਿਤੁ ਹੋਈ ।। (ਸ੍ਰੀ ਗੁਰੂ ਗ੍ਰੰਥ ਸਾਹਿਬ, ਮ. ੧, ਪੰਨਾ ੪੨੧)

ਪ੍ਰਭੂ ਤੇ ਗੁਰੂ ਹੁਕਮ ਅੱਗੇ ਹੀਲ ਹੁੱਜਤ ਨਹੀਂ ਹੁੰਦੀ। ਭਾਣਾ ਭਲਾ ਕਰਕੇ ਮੰਨਣਾ ਹੁੰਦਾ ਹੈ :

ਸਹੁ ਕਹੈ ਸੋ ਕੀਜੈ ਤਨੁ ਮਨੋ ਦੀਜੈ
ਐਸਾ ਪਰਮਲੁ ਲਾਈਐ
ਜੋ ਕਿਛ ਕਰੇ ਸੋ ਭਲਾ ਕਰ ਮਾਨੀਐ
ਹਿਕਮਤ ਹੁਕਮੁ ਚੁਕਾਈਐ ।। (ਰਾਗ ਤਿਲੰਗ, ਮ. ੧, ਪੰਨਾ ੭੨੨)

ਆਤਮ ਸਿਧੀ ਲਈ ਮਨ ਨੂੰ ਜਿੱਤਣਾ ਤੇ ਮਨ ਦੀ ਪਵਿੱਤਰਤਾ ਅਤਿ ਜ਼ਰੂਰੀ ਹੈ, ਮਨ ਹੁਕਮ ਮਾਨੇ, ਗੁਰੂ ਦੀ ਰਜਾ ਵਿਚ ਰਹੇ, ਆਤਮ ਸਮਰਪਣ ਕਰੇ, ਤਾਂ ਹੀ ਉਸ ਦੀ ਹਉਮੈ ਮਿਟਦੀ ਹੈ, ਮਨ ਚੰਚਲ ਹੈ, ਖੋਤੇ ਦੀ ਤਰ੍ਹਾਂ ਦੁਲੱਤੇ ਮਾਰਦਾ ਹੈ, ਮਹਾ ਖਰੂਦੀ ਹੈ, ਵਿਕਾਰਾਂ ਦਾ ਖਲਲ ਪਾਉਣ ਵਾਲਾ ਹੈ, ਇਸ ਮਨ ਨੂੰ ਪ੍ਰਭੂ ਹੁਕਮ ਦਾ ਪੈਖੜ ਪਾ ਕੇ ਰੱਖਣਾ ਚਾਹੀਦਾ ਹੈ। ਨਾਮ ਦੁਆਰਾ ਇਸ ਨੂੰ ਹਮੇਸ਼ਾ ਲੱਦ ਕੇ ਰੱਖਣ ਨਾਲ ਇਹ ਫਿਰ ਕਲਪਨਾ ਦਾ ਸ਼ਿਕਾਰ ਨਹੀਂ ਹੁੰਦਾ :

ਮਨ ਖੁਟਹਰ ਤੇਰਾ ਨਹੀ ਬਿਸਾਸੁ
ਤੂ ਮਹਾ ਉਦਮਾਦਾ ।।
ਖਰ ਕਾ ਪੱਖਰ ਤਉ ਛੂਟੈ
ਜਉ ਉਪਰਿ ਲਾਦਾ ।। (ਬਿਲਾਵਲ ਮ. ੫, ਪੰਨਾ ੮੧੫)

ਇਸ ਦੇ ਨਾਲ ਹੀ ਮਨ ਨੂੰ ਇਹ ਵੀ ਸਮਝਾਇਆ ਹੈ ਕਿ ਤੇਰਾ ਸ਼ੁੱਧ ਸਰੂਪ ਭਾਵ ਪ੍ਰਕਾਸ਼ਮਈ ਮਨ, ਪ੍ਰਭੂ ਦੇ ਆਪਣੇ ਆਪੇ ਵਰਗਾ ਹੁੰਦਾ ਹੈ। ਕੇਵਲ ਗੁਰਮੁਖ ਹੀ ਇਸ ਪਵਿੱਤਰ ਅਕਸ ਵਾਲੇ ਮਨ ਨੂੰ ਦੇਖ ਸਕਦਾ ਹੈ :

- ਇਹੁ ਮਨੁ ਆਰਸੀ ਕੋਈ ਗੁਰਮੁਖਿ ਵੇਖੈ ।। (ਪੰਨਾ ੧੧੫)
- ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲ ਪਛਾਣੁ ।।

(ਸ੍ਰੀ ਗੁਰੂ ਗ੍ਰੰਥ ਸਾਹਿਬ ਆਸਾ ਮ.੩, ਪੰਨਾ ੪੪੧)

ਮਨਿ ਜੀਤੈ ਜਗੁ ਜੀਤੁ ।। (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬)

ਆਤਮ ਸਿਧੀ ਦੀ ਪ੍ਰਾਪਤੀ ਲਈ ਗੁਰਮਤਿ ਇਹ ਵੀ ਸਪੱਸ਼ਟ ਕਰਦੀ ਹੈ ਕਿ ਸਾਧਕ ਨੇ ਘਰ ਬਾਰ, ਗ੍ਰਹਿਸਤ ਤੇ ਇਸਦੀਆ ਜ਼ਿੰਮੇਵਾਰੀਆਂ ਦਾ ਤਿਆਗ ਨਹੀਂ ਕਰਨਾ, ਸਗੋਂ ਸੰਸਾਰ ਵਿਚ ਰਹਿੰਦਿਆਂ ਸੰਸਾਰਕਤਾ (Worldliness) ਤੋਂ ਨਿਰਲੇਪ ਰਹਿਣਾ ਹੈ, ਸੰਸਾਰਕਤਾ ਤੋਂ ਨਿਰਲੇਪ ਰਹਿਣ ਲਈ ਜ਼ਰੂਰੀ ਹੈ, ਆਪਣੀ ਜ਼ਮੀਰ (Conscience) ਨੂੰ ਜਗਾਉਣਾ। ਆਪਣੇ ਅੰਤਰ ਆਪੇ ਦੀ ਆਵਾਜ਼ ਸੁਣੇ, ਸ਼ੁਧ ਆਤਮ ਚੇਤਨਾ ਦੁਆਰਾ ਜੀਵ ਨੂੰ ਅੰਦਰੋਂ, ਹੁਕਮ ਮਿਲਦਾ ਹੈ ਇਸ ਨੂੰ ਜ਼ਮੀਰ ਦੀ ਆਵਾਜ਼ ਕਿਹਾ ਗਿਆ ਹੈ। ਗੁਰਬਾਣੀ ਇਸ ਬਾਰੇ ਇਸ ਤਰ੍ਹਾਂ ਕਥਨ ਕਰਦੀ ਹੈ :

ਦਿਲਾ ਕਾ ਮਾਲਕੁ ਕਰੇ ਹਾਕੁ
ਕੁਰਾਨ ਕਤੇਬ ਤੇ ਪਾਕੁ ।। (ਪੰਨਾ ੮੯੭)
ਏਕੋ ਨਾਮੁ ਹੁਕਮੁ ਹੈ
ਨਾਨਕ ਸਤਿਗੁਰ ਦੀਆ ਬੁਝਾਇ ਜੀਉ ।। (ਪੰਨਾ ੭੨)

ਹਉਮੈ ਵਸ ਹੀ ਮਨੁੱਖ ਨੂੰ ਪ੍ਰਭੂ ਤੋਂ ਵਿਛੋੜ ਵਾਲੇ ਮਨ ਨੂੰ ਪ੍ਰਭੂ ਹੁਕਮ ਦੇ ਅਧੀਨ ਕਰਨਾ ਹੀ ਆਤਮਾ ਸਿਧੀ ਦਾ ਮਾਰਗ ਹੈ :

ਹੁਕਮਿ ਮੰਨਿਐ ਹੋਵੈ ਪਰਵਾਣ
ਤਾ ਖਸਮੈ ਕਾ ਮਹਲੁ ਪਾਇਸੀ ।। (ਪੰਨਾ ੪੭੧)

ਆਤਮਾ ਸਿਧੀ ਲਈ ਸਾਧਕ ਨੂੰ ਆਤਮ ਨਰੀਖਣ ਕਰਨਾ ਜ਼ਰੂਰੀ ਦੱਸਿਆ ਹੈ। ਆਤਮ ਨਿਰੀਖਣ ਲਈ, ਬਿਬੇਕ ਗੁਣਾਂ ਦਾ ਹੋਣਾ ਜ਼ਰੂਰੀ ਹੈ। ਬਿਬੇਕ ਬਾਹਰੋਂ ਨਹੀਂ ਸਗੋਂ ਅੰਦਰੋਂ ਹੀ ਪ੍ਰਾਪਤ ਹੁੰਦੀ ਹੈ, ਬਿਬੇਕ, ਲਈ ਉਦਮ, ਭਾਵ ਅਧਿਆਤਮ ਉਦਮ ਤੇ ਅਰਦਾਸ ਅਤੀ ਜ਼ਰੂਰੀ ਹੈ। ਉਦਮ, ਗੁਰੂ ਦੇ ਗੁਣਾਂ ਦੀ ਸੋਝੀ ਦਾ ਹੋਣਾ ਹੈ। ਜਿਨ੍ਹਾਂ ਨੂੰ ਅਸੀਂ ਅਧਿਆਤਮਕ ਕਰਮ ਕਹਿੰਦੇ ਹਾਂ :

ਉਦਮੁ ਕਰਿ ਹਰਿ ਜਾਪਣਾ ਵਡਭਾਗੀ ਧਨੁ ਖਾਟਿ ।। (ਪੰਨਾ ੪੮)

ਅਧਿਆਤਕ ਆਹਰ ਹੀ ਅਸਲ ਉਦਮ ਹੈ :

- ਆਹਰ ਸਭਿ ਕਰਦਾ ਫਿਰੈ

ਆਹਰੁ ਇਕੁ ਨ ਹੋਇ ।।
ਨਾਨਕ ਜਿਤੁ ਆਹਰਿ ਜਗੁ ਉਧਰੈ
ਵਿਰਲਾ ਬੁਝੈ ਕੋਇ ।। (ਪੰਨਾ ੯੬੫)
– – – – – – – – –

– ਅਧਿਆਤਮ ਕਰਮ ਕਰੇ ਤਾ ਸਾਚਾ ।।
ਮੁਕਤਿ ਭੇਦ ਕਿਆ ਜਾਣੈ ਕਾਚਾ ।। (ਪੰਨਾ ੨੨੩)

ਗੁਰੂ ਜੀ ਦਾ ਕਥਨ ਹੈ :

– ਬੋਲਹੁ ਸਾਚ ਪਛਾਣਹੁ ਅੰਦਰਿ ।।
ਦੂਰ ਨਹੀਂ ਦੇਖਹੁ ਕਰਿ ਨੰਦਰਿ ।। (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੨੬)

ਗੁਰਬਾਣੀ ਇਹ ਸਭ ਸਪੱਸ਼ਟ ਕਰਦੀ ਹੈ ਕਿ ਆਤਮਾ ਤੇ ਪਰਮਾਤਮਾ ਦਾ ਇਕੋ ਹੀ ਗੁਣ ਹੈ, ਇਕੋ ਹੀ ਥਾਂ ਹੈ, ਪਰੰਤੂ ਆਤਮਾ ਤੇ ਪਰਮਾਤਮਾ ਦੇ ਵਿਚਕਾਰ ਹਉਮੈ ਦੀ ਪਤਲੀ ਭੀਤ ਹੈ ਜਿਹੜੀ ਆਪਣੇ ਆਪ ਮਹਿਸੂਸ ਨਹੀਂ ਹੁੰਦੀ ਤੇ ਨਾ ਹੀ ਮਿਟਦੀ ਹੈ। ਇਹ ਸਭ ਗੁਰੂ ਉਪਦੇਸ਼ ਤੇ ਕਿਰਪਾ ਨਾਲ ਹੁੰਦਾ ਹੈ।

ਧਨ ਪਿਰ ਕਾ ਇਕ ਹੀ ਸੰਗਿ ਵਾਸਾ
ਵਿਚਿ ਹਉਮੈ ਭੀਤਿ ਕਰਾਰੀ ।। (ਸ੍ਰੀ ਗੁਰੂ ਗ੍ਰੰਥ ਸਾਹਿਬ, ਮਲਾਰ ਮ. ੫, ਪੰਨਾ ੧੨੬੩)
ਅੰਤਰਿ ਅਲਖੁ ਨ ਜਾਈ ਲਖਿਆ
ਵਿਚਿ ਪੜਦਾ ਹਉਮੈ ਪਾਈ ।। (ਪੰਨਾ ੨੦੫)

ਗੁਰਮਤਿ ਵਿਚ ਹਉਮੈ ਤੇ ਨਾਮ ਦਾ ਵਿਰੋਧ ਦਰਸਾਇਆ ਹੈ। ਮੈਂ ਮੇਰੀ, ਮੈਂ ਤੂੰ ਦੇ ਭੇਦ ਨੂੰ ਬਣਾਈ ਰਖਦੀ ਹੈ। ਜਦੋਂ ਤਕ ਇਹ ਵਿਰੋਧ ਬਣਿਆ ਰਹਿੰਦਾ ਹੈ, ਆਤਮ ਸਿਧੀ ਦੀ ਪ੍ਰਾਪਤੀ ਨਹੀਂ ਹੁੰਦੀ :

– ਹਉਮੈ ਨਾਵੈ ਨਾਲਿ ਵਿਰੋਧੁ ਹੈ ।।
ਦੁਇ ਨ ਵਸਹਿ ਇਕ ਠਾਇ ।।
– ਜਬ ਹਮ ਹੋਤੇ ਤਬ ਤੂ ਨਾਹੀ
ਅਬ ਤੂਹੀ ਮੈ ਨਾਹੀ ।। (ਸ੍ਰੀ ਗੁਰੂ ਗ੍ਰੰਥ ਸਾਹਿਬ, ਸੋਰਠਿ ਰਵਿਦਾਸ, ਪੰਨਾ ੬੫੭)

ਅਤੇ ਜਦੋਂ ਇਹ ਭੇਦ ਖਤਮ ਹੋ ਜਾਂਦਾ ਹੈ ਤਾਂ ਸਾਰੇ ਪਾਸੇ ਉਹੀ ਦਿਖਾਈ ਦਿੰਦਾ ਹੈ। ਮਨੁੱਖ ਦੀ ਆਪਣੀ ਹੋਂਦ ਖਤਮ ਹੋ ਜਾਂਦੀ ਹੈ। ਅਭੇਦਤਾ ਦੀ ਸਥਿਤੀ ਮਹਿਸੂਸ ਹੁੰਦੀ ਹੈ।

ਆਤਮ ਸਿਧੀ ਲਈ ਗੁਰਬਾਣੀ ਨੇ ਸਪੱਸ਼ਟ ਕਰਦਿਆਂ ਇਸ ਨੂੰ ਦੁਨਿਆਵੀ ਕਾਰੋਬਾਰੀ, ਦ੍ਰਿਸ਼ਟਾਂਤਾਂ ਰਾਹੀਂ ਮਨੁੱਖ ਨੂੰ ਸਮਝਾਇਆ ਹੈ ਕਿ ਜਿਸ ਤਰ੍ਹਾਂ ਇਕ ਵਪਾਰੀ, ਕੱਚੇ ਧਨ (ਮਾਇਆ) ਦੇ ਵਪਾਰ ਰਾਹੀਂ ਸੰਸਾਰ ਵਸਤਾਂ ਇਕੱਠੀਆਂ ਕਰਦਾ ਹੈ, ਵਪਾਰ ਕਰਦਾ ਹੈ, ਕਦੀ ਲਾਭ ਤੇ ਕਦੀ ਘਾਟਾ ਸਹਿੰਦਾ ਹੋਇਆ, ਸੁਖੀ ਤੇ ਦੁਖੀ ਹੁੰਦਾ ਰਹਿੰਦਾ ਹੈ, ਉਹ ਵਾਹਿਗੁਰੂ ਦੇ ਨਾਮ ਦਾ ਵਪਾਰ ਨਹੀਂ ਕਰਦਾ ਜਿਸ ਦੀ ਰਾਸ ਪੂੰਜੀ ਗੁਰੂ ਤੋਂ ਮਿਲਦੀ ਹੈ, ਗੁਰੂ ਇਸ ਨਾਮ ਪੂੰਜੀ ਦੁਆਰਾ ਸਾਧਕ ਨੂੰ ਉਸ ਦੇ ਹਿਰਦੇ ਅੰਦਰ ਹੀ ਨਾਮ ਧਨ ਦੇ ਕੇ ਉਸ ਨੂੰ ਅਧਿਆਤਮਕ ਅਮੀਰੀ (Spiritual richness) ਦੇ ਦਿੰਦਾ ਹੈ। ਇਸ ਰਾਸ ਪੂੰਜੀ ਨਾਲ ਸਾਧਕ ਆਪਣੇ ਆਪ ਤੇ ਆਪਣੇ ਸਾਕ-ਸਬੰਧੀਆਂ ਨੂੰ ਤਾਰ ਦਿੰਦਾ ਹੈ :

ਵਿਣੁ ਰਾਸੀ ਵਾਪਾਰੀਆ ਤਕੇ ਕੁੰਡਾ ਚਾਰਿ ।।
ਮੂਲੁ ਨ ਬੁਝੈ ਆਪਣਾ ਵਸਤੁ ਰਹੀ ਘਰ ਬਾਰਿ ।।
(ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮ ਮ. ੧, ਪੰਨਾ ੫੬)

ਨਾਮ ਧਨ ਦੇ ਵਪਾਰੀਆਂ ਦੇ ਲਾਹੇ ਬਾਰੇ ਤੇ ਜਿਨ੍ਹਾਂ ਨੇ ਆਤਮ ਸਿਧੀ ਪ੍ਰਾਪਤ ਕਰ ਲਈ ਹੈ ਦੇ ਬਾਰੇ ਇਸ ਪ੍ਰਕਾਰ ਕਥਨ ਹੈ :

ਲਾਹਾ ਅਹਿਨਿਸਿ ਨਉਤਨਾ ਪਰਖੇ ਰਤਨੁ ਵੀਚਾਰਿ ।।
ਵਸਤੁ ਲਹੈ ਘਰਿ ਆਪਣੈ, ਚਲੈ ਕਾਰਜੁ ਸਾਰਿ ।।
(ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮ ਮ. ੧, ਪੰਨਾ ੫੬)

ਨਾਮ ਤੱਤ ਦੁਆਰਾ ਆਤਮਾ ਜਾਗ ਉਠਦੀ ਹੈ ਭਾਵ ਜੀਵ (ਅੰਤਹਕਰਣ ਦੇ ਤੱਤ) ਦੀ ਵਿਕਾਰ ਬਿਰਤੀ, ਸ਼ੁੱਧ ਚੇਤਨਾ ਵਿਚ ਬਦਲ

ਜਾਂਦੀ ਹੈ। ਨਾਮ ਸਾਧਨਾ ਦੁਆਰਾ ਸੰਸਕਾਰਾਂ ਦੀ ਪਾਪ ਰੂਪੀ ਮੈਲ ਧੋਤੀ ਜਾਂਦੀ ਹੈ। ਭਰਮ ਭੁੱਲਿਆ ਜੀਵ ਆਤਮਕ ਜੀਵਨ ਵਾਲਾ ਬਣ ਜਾਂਦਾ ਹੈ, ਬੰਧਨਾਂ ਦੀ ਬੇੜੀ ਕੱਟੀ ਜਾਂਦੀ ਹੈ। ਨਾਮ ਸਾਧਨ ਸਾਰੇ ਤੱਤਾਂ ਦਾ ਸਰਬੋਤਮ ਤੱਤ ਹੈ :

– ਨਾਮ ਤਤੁ ਸਭ ਹੀ ਸਿਰਿ ਜਾਪੈ ।। (ਪੰਨਾ ੯੪੩)

ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ ।।
ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਮ. ੫, ਪੰਨਾ ੧੦੦੨)

ਮਨ ਅੰਦਰ ਪ੍ਰਕਾਸ਼ ਭਾਵ ਅੰਤਹਕਰਨ ਦੀ ਸ਼ੁੱਧਤਾ, ਭਰਮ ਦਾ ਨਾਸ ਸੰਸਾਰਕ ਬੰਧਨਾਂ ਦੀਆਂ ਬੇੜੀਆਂ ਕੱਟ ਜਾਣੀਆਂ ਗੁਰੂ ਕਿਰਪਾ ਦੁਆਰਾ ਖਲਾਸੀ (ਛੁਟਕਾਰਾ) ਮਿਲਣਾ ਹੀ ਦੂਸਰੇ ਰੂਪ ਵਿਚ ਆਤਮ ਸਿਧੀ ਹੈ।

ਸੋ ਜਾਗੈ ਜੋ ਤਤੁ ਬੀਚਾਰੈ
ਆਪਿ ਮਰੈ ਅਵਰਾ ਨਹ ਮਾਰੈ ।। (ਸ੍ਰੀ ਗੁਰੂ ਗ੍ਰੰਥ ਸਾਹਿਬ, ਮ. ੩, ਪੰਨਾ ੧੧੨੮)

ਆਤਮ-ਸਿਧੀ ਦੇ ਸਰੂਪ ਬਾਰੇ ਗੁਰਬਾਣੀ ਕਥਨ ਕਰਦੀ ਹੈ ਕਿ ਆਪਣੇ ਆਪ ਨੂੰ ਪਛਾਣਨ ਵਾਲਾ, ਸਾਰੇ ਗੁਣਾਂ (ਦੈਵੀ ਗੁਣਾਂ) ਨੂੰ ਜਾਣਨ ਦੇ ਸਮਰੱਥ ਹੋ ਜਾਂਦਾ ਹੈ ਅਤੇ ਉਸ ਦੀ ਬਾਹਰੀ ਭਟਕਣਾ ਖਤਮ ਹੋ ਜਾਂਦੀ ਹੈ। ਆਪਣੇ ਹਿਰਦੇ ਅੰਦਰ ਹੀ ਪ੍ਰਭੂ ਦੇ ਟਿਕਾਣੇ ਨੂੰ ਪਾ ਲੈਂਦਾ ਹੈ। ਆਤਮ ਸਿਧੀ ਪ੍ਰਾਪਤ ਕਰਨ ਵਾਲੇ ਦੇ ਸਰੂਪ ਤੇ ਹੋਰ ਪੱਖਾਂ ਬਾਰੇ ਦੂਸਰੇ ਪਾਠ ਵਿਚ ਜ਼ਿਕਰ ਕੀਤਾ ਜਾਵੇਗਾ।

ਆਪੁ ਪਛਾਣੈ ਸੋ ਸਭਿ ਗੁਣ ਜਾਣੈ ।। (ਮਾਰੂ ਸੋਲਹੇ ਮ. ੩, ਪੰਨਾ ੧੦੫੬)
ਜਿਨੀ ਆਪੁ ਪਛਾਣਿਆ
ਘਰ ਮਾਹਿ ਮਹਲੁ ਸੁਥਾਇ ।। (ਪੰਨਾ, ੫੬)

ਆਤਮ ਸਿਧੀ ਪ੍ਰਾਪਤ ਕਰਨ ਵਾਲਾ ਸਾਧਕ ਹਮੇਸ਼ਾ ਸੁਖੀ, ਸੰਤੁਸ਼ਟ ਤੇ ਚੜ੍ਹਦੀ ਕਲਾ ਵਿਚ ਰਹਿੰਦਾ ਹੈ : ਆਤਮ ਪ੍ਰਕਾਸ਼, ਨਿਜ ਘਰ ਵਾਸਾ, ਸਰੀਰ ਰੂਪੀ ਘਰ ਅੰਦਰ ਆਤਮ ਘਰ ਦੇ ਦਰਸ਼ਨ ਹੀ ਆਤਮ-ਪੂਰਨਤਾ ਹੈ। ਇਹੀ ਪ੍ਰਾਪਤੀ ਅੰਤਰ ਤੇ ਬਾਹਰ ਫਿਰ ਸਾਧਕ ਨੂੰ ਸੁਹੇਲਾ ਬਣਾ ਦਿੰਦੀ ਹੈ :

ਗੁਰ ਪਰਸਾਦੀ ਜਿਨੀ ਅੰਤਰਿ ਪਾਇਆ
ਸੋ ਅੰਤਰਿ ਬਾਹਰਿ ਸੁਹੇਲਾ ਜੀਉ ।। (ਸ੍ਰੀ ਗੁਰੂ ਗ੍ਰੰਥ ਸਾਹਿਬ, ਮ. ੫, ਪੰਨਾ ੧੦੨)

ਅੰਤ ਵਿਚ ਅਸੀਂ ਇਹੀ ਕਹਿ ਸਕਦੇ ਹਾਂ ਕਿ ਗੁਰੂ ਤੋਂ ਬਿਨਾਂ ਆਤਮ ਸਿਧੀ ਦੀ ਪ੍ਰਾਪਤੀ ਸੰਭਵ ਨਹੀਂ, ਗੁਰੂ ਉਪਦੇਸ਼ ਦੁਆਰਾ ਹੀ ਹਉਮੈ ਦਾ ਵਿਨਾਸ ਹੁੰਦਾ ਹੈ। ਗੁਰੂ ਸ਼ਬਦ ਦੁਆਰਾ ਆਪੇ ਦੀ ਪਛਾਣ ਭਾਵ ਆਤਮ ਸਿਧੀ ਮਿਲਦੀ ਹੈ :

ਸਭ ਸਾਲਾਹੈ ਆਪ ਕਓ, ਵਡਹੁ ਵਡੇਰੀ ਹੋਇ ।।
ਗੁਰਬਿਨੁ ਆਪੁ ਨ ਚੀਨੀਐ, ਕਹੇ ਸੁਣੇ ਕਿਆ ਹੋਇ ।।
ਨਾਨਕ ਸਬਦਿ ਪਛਾਣੀਐ, ਹਉਮੈ ਕਰੈ ਨ ਕੋਇ ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਮ. ੨, ਪੰਨਾ ੫੮)

ਗੁਰਮੁਖਿ ਬੂਝੈ ਸਬਦਿ ਪਤੀਜੈ ।।
ਉਸਤਤਿ ਨਿੰਦਾ ਕਿਸ ਕੀ ਕੀਜੈ ।।
ਚੀਨਹੁ ਆਪੁ ਜਪਹੁ ਜਗਦੀਸਰੁ ।।
ਹਰਿ ਜਗੰਨਾਥੁ ਮਨਿ ਭਾਇਆ ।। (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੪੧)

ਆਤਮ ਸਿਧੀ ਦਾ ਸਿਖਰ ਇਕ ਐਸੀ ਅਭੇਦਤਾ ਹੈ ਜਿਥੇ ਪਹੁੰਚ ਕੇ ਸਾਧਯ ਤੇ ਸਾਧਕ ਇਕਮਿਕ ਹੋ ਜਾਂਦੇ ਹਨ :

ਆਪੇ ਕਰਤਾ ਪੁਰਖੁ ਬਿਧਾਤਾ ।।
ਜਿਨਿ ਆਪੇ ਆਪਿ ਉਪਾਇ ਪਛਾਤਾ ।।
ਆਪੇ ਸਤਿਗੁਰੁ ਆਪੇ ਸੇਵਕੁ ।।
ਆਪੇ ਸ੍ਰਿਸਟਿ ਉਪਾਈ ਹੇ ।। (ਮਾਰੂ ਮ. ੧, ਪੰਨਾ ੧੦੨੫)

ਆਤਮ ਸਿਧੀ ਵਾਲੇ ਸਾਧਕ ਦਾ ਸਰੂਪ ਇਸ ਪ੍ਰਕਾਰ ਅੰਕਤ ਕੀਤਾ ਗਿਆ ਹੈ ਜਿਸ ਅੰਦਰ, ਸਬਰ ਸੰਤੋਖ, ਸ਼ਾਂਤੀ, ਸੰਤੁਸ਼ਟੀ, ਦੈਵੀ ਪ੍ਰਕਾਸ਼, ਨਿਰਭੈਤਾ ਆਦਿ ਤੱਤ ਪ੍ਰਗਟ ਹੋ ਜਾਂਦੇ ਹਨ :

ਪਾਇਆ ਲਾਲੁ ਰਤਨੁ ਮਨਿ ਪਾਇਆ
ਤਨੁ ਸੀਤਲੁ ਮਨੁ ਸੀਤਲੁ ਥੀਆ ।।
ਸਤਿਗੁਰ ਸਬਦਿ ਸਮਾਇਆ ।।
ਲਾਥੀ ਭੂਖ ਤ੍ਰਿਸਨ ਸਭ ਲਾਥੀ ।।
ਚਿੰਤਾ ਸਗਲ ਬਿਸਾਰੀ ।।
– – – – – – – – – – –
ਤ੍ਰਿਪਤਿ ਅਘਾਇ ਰਹੇ ਰਿਦ ਅੰਤਰਿ ।।
ਡੋਲਨ ਤੇ ਅਬ ਚੂਕੇ
ਅਖੁਟੁ ਖਜਾਨਾ ਸਤਿਗੁਰਿ ਦੀਆ
ਤੋਟਿ ਨਹੀ ਰੇ ਮੂਕੈ ।। (ਗਉੜੀ, ਮ. ਪ, ਪੰਨਾ ੨੧੫)

## ਪ੍ਰਸ਼ਨ

1. ਆਤਮ ਸਿਧੀ ਇਕ ਨੈਤਿਕ ਆਦਰਸ਼ ਹੈ। ਗੁਰਮਤਿ ਦੇ ਸੰਦਰਭ ਵਿਚ ਇਸ ਸਿਧਾਂਤ ਦੀ ਵਿਆਖਿਆ ਕਰੋ।
2. ਆਤਮ ਸਿਧੀ ਮਨੁੱਖੀ ਜੀਵਨ ਦਾ ਇਕ ਮਹੱਤਵਪੂਰਨ ਆਦਰਸ਼ ਹੈ, ਗੁਰਬਾਣੀ ਦੇ ਪਰਿਪੇਖ ਵਿਚ ਸਪੱਸ਼ਟ ਕਰੋ।

## ਪੁਸਤਕਾਂ


1. **ਆਤਮਾ ਕੀ ਹੈ,** ਵਧਾਵਾ ਸਿੰਘ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ।
2. **ਪਛਮੀ ਨੀਤੀ ਸ਼ਾਸਤਰ,** ਜੀ.ਐਸ.ਸੰਧੂ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
3. **ਨੈਤਿਕ ਨਿਯਮ,** ਵਜੀਰ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
4. **ਫ਼ਲਸਫ਼ਾ ਤੇ ਸਿੱਖ ਫ਼ਲਸਫ਼ਾ,** ਵਜੀਰ ਸਿੰਘ,ਮਦਾਨ ਪਬਲਿਸ਼ਰਜ਼, ਪਟਿਆਲਾ।

ਪਾਠ ਨੰਬਰ : 2.5 ਲੇਖਕ : ਡਾ. ਸੁਮਸ਼ੇਰ ਸਿੰਘ

## ਹੁਕਮ ਤੇ ਆਤਮ ਸਿਧੀ - ਗੁਰਮੁਖ ਤੇ ਮਨਮੁਖ

ਗੁਰਮਤਿ ਅਨੁਸਾਰ ਮਨੁੱਖ ਦਾ ਜੀਵਨ ਆਦਰਸ਼ ਪਰਮਾਤਮਾ ਨਾਲ ਅਭੇਦਤਾ ਮੰਨੀ ਗਈ ਹੈ। ਇਸ ਅਭੇਦਤਾ ਲਈ ਸਭ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਪ੍ਰਭੂ ਦਾ ਹੁਕਮ ਜੋ ਸਾਰੇ ਸੰਸਾਰ ਨੂੰ ਚਲਾ ਰਿਹਾ ਹੈ ਉਸ ਨੂੰ ਮੰਨੇ, ਉਸੇ ਹੁਕਮ ਦਾ ਅਨੁਸਾਰੀ ਹੋਣਾ ਉਸ ਨੂੰ ਸਵੀਕਾਰ ਕਰਨਾ, ਭਾਣਾ ਮੰਨਣਾ ਜਾਂ ਉਸ ਦੀ ਰਜਾ ਵਿਚ ਰਹਿਣਾ ਹੈ। ਆਪਣੀ ਇੱਛਾ ਨੂੰ ਅਕਾਲ ਪੁਰਖ ਦੀ ਇੱਛਾ ਅਨੁਸਾਰ ਢਾਲ ਲੈਣਾ ਹੀ ਜੀਵਨ ਆਦਰਸ਼ - ਆਤਮ ਸਿਧੀ ਹੈ। ਇਹ ਅਵਸਥਾ ਗੁਰੂ ਉਪਦੇਸ਼ ਨੂੰ ਦ੍ਰਿੜ੍ਹ ਕਰਨ ਨਾਲ ਪ੍ਰਾਪਤ ਹੁੰਦੀ ਹੈ। ਆਪਣਾ ਮਨ ਗੁਰੂ ਹੁਕਮ ਦੇ ਅਧੀਨ ਕਰਨ ਨਾਲ ਮਨੁੱਖ ਦਾ ਇਖਲਾਕ-ਜ਼ਮੀਰ ਉਸ ਦਾ ਪ੍ਰੇਰਨਾ ਸ੍ਰੋਤ ਬਣਦੇ ਹਨ, ਉਸ ਨੂੰ ਆਪਣੇ ਅੰਦਰੋਂ ਹੀ ਸੇਧ ਮਿਲਦੀ ਹੈ, ਇਸ ਸੇਧ, ਭਾਣੇ ਤੇ ਰਜਾ ਦੇ ਰੂਪ ਵਿਚ (ਹੁਕਮ ਰਜਾਈ) ਚੱਲਣ ਨਾਲ ਸੁੱਖ ਦੀ ਪ੍ਰਾਪਤੀ ਸੰਭਵ ਹੈ। ਜਦੋਂ ਮਨੁੱਖ ਆਪਣਾ ਤਨ, ਮਨ ਗੁਰੂ ਨੂੰ ਅਰਪਤ ਕਰ ਦਿੰਦਾ ਹੈ ਤਾਂ ਖਸਮ (ਮਾਲਕ) ਪ੍ਰਭੂ ਦੀ ਪਛਾਣ ਹੁੰਦੀ ਹੈ।

ਖਸਮੁ ਪਛਾਣਹਿ ਆਪਣਾ ਤਨੁ ਮਨੁ ਆਗੈ ਦੇਇ ।। (ਸਿਰੀ ਰਾਗ ਮ. ੩, ਪੰਨਾ ੩੯)
**ਹੁਕਮ** ਬੂਝ ਸੁਖ ਪਾਈਐ ਰੇ ।। (ਸਿਰੀ ਰਾਗ ਮ. ੫)

ਗੁਰਬਾਣੀ ਅੰਦਰ, ਇਸ ਅੰਤਮ (ਆਤਮ) ਪ੍ਰਾਪਤੀ ਨੂੰ ਪ੍ਰਸ਼ਨ ਉੱਤਰ ਦੇ ਢੰਗ ਨਾਲ ਦਰਸਾ ਕੇ ਪ੍ਰਭਾਵਸ਼ਾਲੀ ਬਣਾਇਆ ਹੈ। ਸੁਹਾਗਣੀ, ਜਿਸ ਨੇ ਪ੍ਰਭੂ-ਪਤੀ ਦੀ ਨੇੜਤਾ ਪ੍ਰਾਪਤ ਕਰ ਲਈ ਹੈ, ਤੋਂ ਇਸ ਜੁਗਤ ਬਾਰੇ ਪੁੱਛਿਆ ਗਿਆ ਹੈ ਤੇ ਇਹ ਉਸ ਦਾ ਜਵਾਬ ਪ੍ਰਭੂ ਭਾਣੇ ਨੂੰ ਮੰਨਣ ਦੁਆਰਾ ਸਪੱਸ਼ਟ ਕਰਦਿਆਂ ਇਸ ਪ੍ਰਕਾਰ ਦਰਸਾਇਆ ਹੈ :

ਜਾਇ ਪੁਛਹੁ ਸੋਹਾਗਣੀ ਭੈਣੇ ਕਿਨੀ ਬਾਤੀ ਸਹੁ ਪਾਈਐ ।।
ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ
ਹਿਕਮਤਿ **ਹੁਕਮੁ** ਚੁਕਾਈਐ ।। ...
ਸਹੁ ਕਹੈ ਸੋ ਕੀਜੈ ਤਨੁ ਮਨੋ ਦੀਜੈ ਐਸਾ ਪਰਮਲੁ ਲਾਈਐ ।।
ਏਵ ਕਹਹਿ ਸੋਹਾਗਣੀ ਭੈਣੇ ਇਨੀ ਬਾਤੀ ਸਹੁ ਪਾਈਐ ।। .... (ਤਿਲੰਗ ਮ. ੧, ਪੰਨਾ ੭੨੨)

ਮਨੁੱਖ ਨੂੰ ਆਪਣੀ ਮਤਿ ਤਿਆਗਣ ਤੇ ਗੁਰਮਤਿ ਤੇ ਚੱਲਣ ਦਾ ਆਦੇਸ਼ ਤੇ ਉਪਦੇਸ਼ ਹੀ ਪਰਮਾਰਥ ਦੀ ਸਿਧੀ ਦਾ ਰਸਤਾ ਹੈ। ਪ੍ਰਭੂ ਮਿਲਣ ਦੀ ਇਹ ਹੀ ਸੱਚੀ ਨਿਸ਼ਾਨੀ ਹੈ :

ਪ੍ਰਭ ਮਿਲਣੈ ਕੀ ਏਹ ਨੀਸਾਣੀ
ਮਨਿ ਇਕੋ ਸਚਾ **ਹੁਕਮੁ** ਪਛਾਣੀ ।।
ਸਹਜਿ ਸੰਤੋਖਿ ਸਦਾ ਤ੍ਰਿਪਤਾਸੇ
ਅਨਦੁ ਖਸਮ ਕੈ ਭਾਣੈ ਜੀਉ ।। (ਮਾਝ ਮ. ੫)

ਗੁਰਬਾਣੀ ਵਿਚ ਪ੍ਰਭੂ ਹੁਕਮ, ਗੁਰੂ ਹੁਕਮ, ਸੰਗਤ (ਪੰਥ ਖ਼ਾਲਸੇ) ਦਾ ਹੁਕਮ ਆਦਿ ਦਾ ਵਰਣਨ ਮਿਲਦਾ ਹੈ ਪਰੰਤੂ ਆਪਣਾ ਲੇਖ ਦੈਵੀ ਹੁਕਮ ਤੱਕ ਹੀ ਸੀਮਤ ਰੱਖਿਆ ਹੈ :

ਹਰਿ ਕੈ **ਭਾਣੈ** ਜਨੁ ਸੇਵਾ ਕਰੈ ਬੂਝੈ ਸਚੁ ਸੋਈ ।।
ਹਰਿ ਕੈ **ਭਾਣੈ** ਸਾਲਾਹੀਐ ਭਾਣੈ ਮੰਨਿਐ ਸੁਖੁ ਹੋਈ ।।
ਹਰਿ ਕੈ **ਭਾਣੈ** ਜਨਮੁ ਪਦਾਰਥੁ ਪਾਇਆ ਮਤਿ ਊਤਮ ਹੋਈ ।।
ਨਾਨਕ ਨਾਮੁ ਸਲਾਹਿ ਤੂੰ ਗੁਰਮੁਖਿ ਗਤਿ ਹੋਈ ।। (ਆਸਾ ਮ. ੩, ਪੰਨਾ ੩੬੫)

ਗੁਰੂ ਦੀ ਮਤਿ ਤੋਂ ਬਿਨਾਂ ਇਹ ਸਾਰਾ ਜਗ ਮੋਹ ਮਮਤਾ ਵਿਚ ਡੁੱਬਿਆ ਹੋਇਆ ਹੋਣ ਕਰਕੇ ਜੀਵਨ ਜੁਗਤ ਨਹੀਂ ਜਾਣਦਾ, ਕੇਵਲ

ਗੁਰੂ ਦੇ ਭਾਣੇ ਅੰਦਰ ਚੱਲਣ ਵਾਲੇ ਹੀ ਜੀਵਨ ਦੀ ਪਦਵੀ ਦੇ ਹੱਕਦਾਰ ਹੁੰਦੇ ਹਨ। ਗੁਰੂ ਜੀ ਇਸ ਪ੍ਰਥਾਇ ਕਥਨ ਕਰਦੇ ਹਨ :

ਇਹ ਜਗਤੁ ਮਮਤਾ ਮੁਆ ਜੀਵਣ ਕੀ ਬਿਧਿ ਨਾਹਿ ।।
ਗੁਰ ਕੈ **ਭਾਣੈ** ਜੋ ਚਲੈ ਤਾ ਜੀਵਣ ਪਦਵੀ ਪਾਹਿ ।। (ਗੂਜਰੀ ਦੀ ਵਾਰ ਮ. ੩, ਪੰਨਾ ੫੦੮)

ਸਾਡੇ ਇਸ ਪਾਠ ਦਾ ਮੰਤਵ ਗੁਰਮਤਿ ਖੇਤਰ ਦੇ ਉਨ੍ਹਾਂ ਦੋ ਪ੍ਰਕਾਰ ਦੇ ਮਨੁੱਖਾਂ ਦਾ ਵਿਵਰਣ ਦੇਣਾ ਹੈ ਜਿਹੜੇ ਪ੍ਰਭੂ ਹੁਕਮ ਨੂੰ ਮੰਨਦੇ ਹਨ ਤੇ ਦੂਸਰੇ ਜਿਹੜੇ ਨਹੀਂ ਮੰਨਦੇ। ਮਨਮੁਖ ਆਪਣੇ ਆਪ ਨੂੰ ਚਤੁਰਾਈ ਵਾਲਾ ਮਨ ਕੇ ਪ੍ਰਭੂ ਭਾਣੇ ਨੂੰ ਸਵੀਕਾਰ ਨਹੀਂ ਕਰਦਾ ਤੇ ਦੁੱਖ ਕਾਰਨ ਆਵਾਗਵਨ ਵਿਚ ਭਟਕਦਾ ਰਹਿੰਦਾ ਹੈ :

ਮਨਮੁਖੁ ਅੰਧੁ ਕਰੇ ਚਤੁਰਾਈ
ਭਾਣਾ ਨ ਮੰਨੇ ਬਹੁਤੁ ਦੁਖੁ ਪਾਈ
ਭਰਮੈ ਭੂਲਾ ਆਵੈ ਜਾਏ ਘਰੁ ਮਹਲੁ ਨ ਕਬਹੂ ਪਾਇਦਾ ।। (ਮਾਰੂ ਸੋਲਹੇ ਮ. ੩, ਪੰਨਾ ੧੦੬੪)

ਗੁਰਬਾਣੀ, ਉਪਦੇਸ਼ ਦਾ ਮੰਤਵ ਤੇ ਮਨੋਰਥ ਗੁਰਮੁਖ (ਆਦਰਸ਼ ਵਿਅਕਤੀ) ਬਣਨਾ ਹੈ। ਗੁਰਬਾਣੀ ਅਧਿਐਨ ਤੋਂ ਇਹ ਵਿਚਾਰ ਸਪੱਸ਼ਟ ਹੋ ਜਾਂਦਾ ਹੈ ਕਿ ਗੁਰਮੁਖਿ ਸ਼ਬਦ ਚਾਰ ਰੂਪਾਂ ਵਿਚ ਆਇਆ ਹੈ :

1. ਅਕਾਲ ਪੁਰਖ ਲਈ
2. ਗੁਰੂ ਲਈ ਅਤੇ
3. ਗੁਰਮੁਖਿ ਲਈ
4. ਗੁਰੂ ਉਪਦੇਸ਼ ਲਈ

ਗੁਰਮੁਖ ਦੈਵੀ ਸ਼ਖ਼ਸੀਅਤ ਲਈ ਵਰਤਿਆ ਗਿਆ ਹੈ, ਦੈਵੀ ਸ਼ਖ਼ਸੀਅਤ (Divine personality) ਕਿਸੇ ਯੁਗ ਅੰਦਰ ਵੀ ਹੋ ਸਕਦੀ ਹੈ ਭਾਵ ਗੁਰਮੁਖ ਲਈ ਸਭ ਯੁਗ ਇਕ ਸਮਾਨ ਹਨ। ਕਹਿਣ ਦਾ ਭਾਵ ਇਹੀ ਹੈ ਕਿ ਗੁਰਮੁਖ ਇਕ ਸਰਵਵਿਆਪਕ ਸ਼ਕਤੀ ਦਾ ਪ੍ਰਤਿਨਿਧ ਹੁੰਦਾ ਹੈ ਉਹ ਆਪਣੇ ਕਰਤੱਵ ਤੇ ਇੱਛਾ ਅਨੁਸਾਰ ਕਿਸੇ ਵੀ ਸਮੇਂ ਤੇ ਕਿਸੇ ਵੀ ਸਥਾਨ ਤੇ ਵਿਚਰ ਸਕਦਾ ਹੈ। ਪ੍ਰਭੂ ਹੁਕਮ ਅਨੁਸਾਰ ਜਨਮ ਲੈ ਸਕਦਾ ਹੈ :

ਗੁਰਮੁਖਿ ਜੁਗ ਚਾਰੇ ਹੈ ਜਾਤਾ ।। (ਮਾਝ ਮ. ੩, ਪੰਨਾ ੧੨੫)
ਗੁਰਮੁਖਿ ਭਗਤਿ ਜੁਗ ਚਾਰੇ ਹੋਈ ।। (ਉਹੀ, ਪੰਨਾ ੧੨੨)

ਸਤਿਜੁਗ ਅੰਦਰ ਗੁਰਮੁਖ ਹੀ ਆਦਰਸ਼ ਵਿਅਕਤੀ ਮੰਨਿਆ ਜਾਂਦਾ ਸੀ :

ਸਤਿਜੁਗ ਸਚੁ ਕਹੈ ਸਭੁ ਕੋਈ ।।
ਘਰਿ ਘਰਿ ਭਗਤਿ ਗੁਰਮੁਖਿ ਹੋਈ ।। (ਰਾਮਕਲੀ ਮ. ੩, ਪੰਨਾ ੮੮੦)

ਅਸੀਂ ਪਹਿਲਾਂ ਜ਼ਿਕਰ ਕੀਤਾ ਹੈ ਕਿ ਗੁਰਮੁਖ ਸ਼ਬਦ ਚਾਰ ਰੂਪਾਂ ਵਿਚ ਆਇਆ ਹੈ, ਗੁਰੂ ਅਰਜਨ ਦੇਵ ਜੀ ਵਰਣਨ ਕਰਦੇ ਹਨ :

ਗੁਰਮੁਖਿ ਕੋਟਿ ਉਧਾਰਦਾ ਦੇ ਨਾਵੈ ਏਕ ਕਣੀ ।। (ਸੋਰਠਿ ਮ. ੫, ਪੰਨਾ ੬੦੮)

1. ਗੁਰਮੁਖ ਅਕਾਲ ਪੁਰਖ ਲਈ ਵਰਤਿਆ ਗਿਆ ਹੈ :

   ਓਅੰ ਗੁਰਮੁਖਿ ਕੀਓ ਅਕਾਰਾ ।।
   ਏਕਹਿ ਸੂਤਿ ਪਰੋਵਨ ਹਾਰਾ ।। (ਗਉੜੀ ਮ. ੫, ਪੰਨਾ ੨੫੦)

2. ਗੁਰਮੁਖ ਗੁਰੂ ਪਦਵੀ ਲਈ ਵੀ ਆਇਆ ਹੈ :

   ਗੁਰਮੁਖੇ ਗੁਰਮੁਖਿ ਨਦਰੀ ਰਾਮੁ ਪਿਆਰਾ ਰਾਮ ।। (ਆਸਾ ਮ. ੪, ਪੰਨਾ ੪੪੩)

3. ਗੁਰੂ ਉਪਦੇਸ਼ ਦੇ ਰੂਪ ਵਿਚ ਗੁਰਮੁਖ ਸ਼ਬਦ ਦੀ ਵਰਤੋਂ ਹੋਈ ਹੈ। ਗੁਰੂ ਉਪਦੇਸ਼ ਸਿੱਖ ਅੰਦਰ ਸਤੋ ਗੁਣੀ ਵਿਰਤੀ-ਸਹਜ ਭਾਵ-ਪਵਿੱਤਰ ਪਦਵੀ ਪਾ ਲੈਂਦਾ ਹੈ :

   ਗੁਰਮੁਖਿ ਅਖਰੁ ਜਿਤੁ ਧਾਵਤੁ ਰਹਿਤਾ ।। (ਮਾਝ ਮ. ੫, ਪੰਨਾ ੧੩੧)
   ਸਤੁ ਸੰਤੋਖੁ ਸਭੁ ਸਚੁ ਹੈ ਗੁਰਮੁਖਿ ਪਵਿਤਾ ।। (ਗੂਜਰੀ ਮ. ੩, ਪੰਨਾ ੫੧੨)

4. ਗੁਰੂ ਸਿੱਖ ਲਈ ਤਾਂ ਇਸ ਸ਼ਬਦ ਦੀ ਬਰਾਬਰ ਵਰਤੋਂ ਹੋਈ ਹੈ :

ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ
ਨਾਨਕ ਗੁਰਮੁਖਿ ਸਾਚਿ ਸਮਾਵੈ ।। (ਰਾਮ ਮ. ੧, ਪੰਨਾ ੯੪੧)

ਗੁਰਬਾਣੀ ਦਾ ਕੇਂਦਰੀ ਬਿੰਦੂ ਮਨੁੱਖ ਹੈ। ਗੁਰਮਤਿ ਦਾ ਮੰਤਵ ਮਨੁੱਖ ਨੂੰ ਸ੍ਰੇਸ਼ਟ ਮਨੁੱਖ ਬਣਾਉਣਾ ਹੈ। ਗੁਰੂ ਨਾਨਕ ਦੇਵ ਜੀ ਨੇ ਇਸ ਮਨੋਰਥ ਲਈ ਚਾਰ ਵੱਡੀਆਂ ਉਦਾਸੀਆਂ (ਲੰਬੀਆਂ ਯਾਤਰਾਵਾਂ) ਕੀਤੀਆਂ ਅਤੇ ਗੁਰਮੁਖਾਂ ਦੀ ਭਾਲ ਲਈ ਸਮਕਾਲੀ ਧਾਰਮਿਕ ਸੰਸਥਾਵਾਂ ਦੇ ਮੁਖੀਆਂ ਨਾਲ ਵੀ ਵਿਚਾਰ-ਵਟਾਂਦਰੇ ਕੀਤੇ। ਸਿਧਾਂ ਨੇ ਗੁਰੂ ਨੂੰ ਪ੍ਰਸ਼ਨ ਕੀਤਾ :

ਕਿਸੁ ਕਾਰਣਿ ਇਹੁ ਭੇਖੁ ਨਿਵਾਸੀ ।। (ਪੰਨਾ ੯੩੯)

ਗੁਰੂ ਜੀ ਦਾ ਉੱਤਰ ਸੀ :

ਗੁਰਮੁਖਿ ਖੋਜਤ ਭਏ ਉਦਾਸੀ
ਦਰਸਨ ਕੈ ਤਾਈ ਭੇਖ ਨਿਵਾਸੀ ।। (ਪੰਨਾ ੯੩੯)

ਮਨੁੱਖ ਲਈ ਗੁਰਮੁਖ ਬਣਨਾ ਇਕ ਆਦਰਸ਼ ਮੰਨਿਆ ਗਿਆ ਹੈ। ਇਸ ਆਦਰਸ਼ ਦੀ ਪੂਰਤੀ ਦਾ ਸ੍ਰੋਤ ਹੈ, ਗੁਰੂ ਜੋ ਕਿ ਸਿੱਖਮਤ ਅਨੁਸਾਰ ਗੁਰਬਾਣੀ ਹੈ ਸੋ ਗੁਰੂ ਬਾਣੀ ਮਨੁੱਖੀ ਮਨ ਅੰਦਰ ਪਰਿਵਰਤਨ ਲਿਆ ਕੇ ਉਸ ਦੀ ਕਾਇਆ ਕਲਪ ਕਰਦੀ ਹੈ। ਗੁਰੂ, ਬਾਣੀ ਦਾ ਗਿਆਤਾ ਹੁੰਦਾ ਹੈ ਉਹ ਪ੍ਰਭੂ ਨੂੰ ਦੇਖਦਾ ਅਤੇ ਸਿੱਖ ਨੂੰ ਦਿਖਾਉਣ ਦੇ ਸਮਰੱਥ ਹੁੰਦਾ ਹੈ। ਗੁਰੂ, ਮਨੁੱਖ (ਸਿੱਖ) ਨੂੰ ਪੂਰਨ ਬਣਾ ਦਿੰਦਾ ਹੈ। ਗੁਰੂ ਪ੍ਰਭੂ ਦੇ ਗੁਣਾਂ ਦੀ ਥੈਲੀ ਖੋਲਦਾ ਹੈ :

ਗੁਰਮੁਖਿ ਆਖੀ ਗੁਰਮੁਖਿ ਜਾਤੀ
ਸੁਰਤੀ ਕਰਮਿ ਧਿਆਈ ।। (ਪੰਨਾ ੧੨੪੩)

ਸਿੱਖ ਗੁਰੂ ਦੇ ਉਪਦੇਸ਼ ਅਨੁਸਾਰ ਆਪਣੇ ਮਨ ਨੂੰ ਸੰਸਾਰ ਵੱਲੋਂ ਪਲਟ ਕੇ ਸਿਮਰਨ ਵੱਲ ਲਗਾਉਂਦਾ ਹੈ। ਇਸ ਪ੍ਰਕਿਰਿਆ ਦੁਆਰਾ ਆਪਣੇ ਮਨ-ਤਨ ਨੂੰ ਗੁਰੂ ਨੂੰ ਅਰਪਤ ਕਰਕੇ ਆਪਣੀ ਹਉਮੈ ਨੂੰ ਸਮਾਪਤ ਕਰ ਦਿੰਦਾ ਹੈ :

ਜਿਉ ਜਿਉ ਸਾਹਬੁ ਮਨਿ ਵਸੈ ਗੁਰਮੁਖਿ ਅਮ੍ਰਿਤੁ ਪੇਉ ।।
ਮਨੁ ਤਨੁ ਤੇਰਾ ਤੂ ਧਣੀ ਗਰਬੁ ਨਿਵਾਰੁ ਸਮੇਉ ।। (ਸਿਰੀ ਰਾਗ ਮ. ੧, ਪੰਨਾ ੨੦)

ਗੁਰਮੁਖ - ਗੁਰੂ ਉਪਦੇਸ਼ ਦੁਆਰਾ ਆਪਣੀ ਆਪਣੀ ਕਾਇਆ (ਦੇਹੀ) ਨੂੰ ਸੋਧਦਾ ਹੈ, ਸੁਆਰਦਾ ਹੈ। ਇਹ ਦੇਹੀ ਅੰਦਰ ਨੌ ਨਿਧਿ ਨਾਮ ਦਾ ਖਜਾਨਾ ਹੈ। ਦੇਹੀ ਹੀ ਇਕ ਸਾਧਨ ਹੈ ਜਿਸ ਦੁਆਰਾ ਮਨੁੱਖ ਆਪਣੇ ਆਦਰਸ਼ ਦੀ ਪੂਰਤੀ ਕਰਦਾ ਹੈ :

ਗੁਰਮੁਖਿ ਹੋਵੈ ਸੁ ਕਾਇਆ ਖੋਜੈ ।। (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੫੪)
ਗੁਰਮੁਖਿ ਹੋਵੈ ਸੁ ਕਾਇਆ ਸੋਧੈ ।। (ਮਾਰੂ ਮ. ੩, ਪੰਨਾ ੧੦੬੬)

ਗੁਰੂ ਦੇ ਸਿੱਖ ਲਈ ਨਾਮ ਮਾਰਗ ਇਕ ਸਵੈ ਪੜਤਾਲ ਦਾ ਮਾਰਗ ਹੈ। ਇਹ ਹੁਕਮ ਰਜਾ ਦਾ ਮਾਰਗ ਹੈ। ਨਾਮ ਮਾਰਗ ਪ੍ਰਭੂ ਗੁਣਾਂ ਦੀ ਭਗਤੀ ਹੈ, ਭਾਉ ਮਾਰਗ ਹੈ, ਪ੍ਰਭੂ ਭੈ ਵਿਚ ਵਿਚਰਨਾ ਹੈ :

ਮੈ ਨਿਰਖਤ ਨਿਰਖਤ ਸਰੀਰੁ ਸਭਿ ਖੋਜਿਆ
ਇਕੁ ਗੁਰਮੁਖਿ ਚਲਤੁ ਦਿਖਾਇਆ ।। (ਪੰਨਾ ੧੧੯੧)
ਬਾਹਰੁ ਖੋਜਿ ਮੁਏ ਸਭਿ ਸਾਕਤ ਹਰਿ ਗੁਰਮਤੀ ਘਰਿ ਆਇਆ ।। (ਪੰਨਾ ੧੧੯੧)

ਪ੍ਰਭੂ ਮਿਹਰ, ਸੇਵਾ ਸਿਮਰਨ ਦੁਆਰਾ ਮੁਕਤ ਭੁਗਤ ਜੁਗਤ ਦਾ ਪਾਤਰ ਬਣਦਾ ਹੈ। ਉਹ ਜੀਵਨ ਦੀਆਂ ਸਮੱਸਿਆਵਾਂ ਤੋਂ ਸੰਨਿਆਸ ਨਹੀਂ ਲੈਂਦਾ, ਕਰਮ ਕਰਦਾ ਹੋਇਆ ਨਿਸ਼ਕਾਮ ਕਰਮੀ ਰਹਿੰਦਾ ਹੈ :

ਗੁਰਮੁਖਿ ਮੁਕਤਾ ਗੁਰਮੁਖਿ ਜੁਗਤਾ
ਗੁਰਮੁਖਿ ਗਿਆਨੀ ਗੁਰਮੁਖਿ ਬਕਤਾ ।।
ਧੰਨੁ ਗਿਰਹੀ ਉਦਾਸੀ ਗੁਰਮੁਖਿ ।।
ਗੁਰਮੁਖਿ ਕੀਮਤਿ ਪਾਏ ਜੀਉ ।। (ਮਾਝ ਮ. ੫, ਪੰਨਾ ੧੩੧)

ਗੁਰਮੁਖਿ ਘਰਬਾਰੀ ਹੁੰਦਾ ਹੋਇਆ ਸੰਸਾਰਕਤਾ (Worldliness) ਤੋਂ ਮੁਕਤਾ ਭਾਵ ਨਿਰਲੇਪ ਰਹਿੰਦਾ ਹੈ। ਉਹ ਹਮੇਸ਼ਾ ਸਹਿਜ ਅਵਸਥਾ ਵਿਚ ਵਿਚਰਦਾ ਹੈ। ਗੁਰਮੁਖ ਨਾ ਤਾਂ ਸੰਸਾਰ ਦਾ ਤਿਆਗ ਕਰਦਾ ਹੈ ਅਤੇ ਨਾ ਹੀ ਸੰਸਾਰ ਵਿਚ ਖੱਚਤ ਹੁੰਦਾ ਹੈ :

ਗੁਰਮੁਖਿ ਅਲਿਪਤੁ ਰਹੈ ਸੰਸਾਰੇ ।। (ਮਾਝ ਮ. ੩, ਪੰਨਾ ੧੧੮)

ਗੁਰਮੁਖਿ ਪਰਵਿਰਤਿ ਨਰਵਿਰਤਿ ਪਛਾਣੈ ।। (ਰਾਮਕਲੀ ਮ. ੧, ਪੰਨਾ ੯੪੧)

ਗੁਰਮਤਿ ਨੇ ਗੁਰਮੁਖ ਨੂੰ ਉੱਚਾ-ਸੁੱਚਾ ਆਦਰਸ਼ ਵਿਅਕਤੀ ਵਰਣਨ ਕੀਤਾ ਹੈ। ਗੁਰਮੁਖਿ ਪ੍ਰਭੂ ਹੁਕਮ ਅੰਦਰ ਆਉਂਦਾ ਹੈ, ਜਨਮ ਲੈਂਦਾ ਹੈ। ਪ੍ਰਭੂ ਹੁਕਮ ਅੰਦਰ ਹੀ ਪ੍ਰਭੂ ਨਾਲ ਮੁੜ ਅਭੇਦ ਹੋ ਜਾਂਦਾ ਹੈ। ਉਹ ਜਨਮ ਮਰਨ ਤੋਂ ਮੁਕਤ ਹੁੰਦਾ ਹੈ। ਗੁਰਮੁਖਿ ਕਰਮਾਂ ਦੇ ਬੰਧਨ ਤੋਂ ਮੁਕਤ ਹੁੰਦਾ ਹੈ। ਧਰਮ ਰਾਜ ਗੁਰਮੁਖਿ ਦਾ ਲੇਖਾ ਨਹੀਂ ਪੁੱਛਦਾ :

ਗੁਰਮੁਖਿ ਉਪਜੈ ਸਾਚਿ ਸਮਾਵੈ

ਨਾ ਮਰਿ ਜੰਮੈ ਨ ਜੂਨੀ ਪਾਵੈ ।। (ਮਾਰੂ ਮ. ੩, ਪੰਨਾ ੧੦੫੫)

ਗੁਰਮੁਤਿ ਨੇ ਗੁਰਮੁਖਾ ਦੇ ਪੰਥ ਦੀ ਮਹਾਨਤਾ ਦਾ ਜ਼ਿਕਰ ਕੀਤਾ ਹੈ। ਗੁਰਮੁਖ ਜਨਮ-ਮਰਨ ਤੋਂ ਉਪਰ ਹੁੰਦਾ ਹੈ। ਗੁਰਮੁਖ ਦਾ ਜਨਮ ਲੈਣਾ ਤੇ ਮਰਨਾ ਦੋਵੇਂ ਪਰਵਾਨ ਹੁੰਦੇ ਹਨ :

ਗੁਰਮੁਖਿ ਆਵੈ ਜਾਇ ਨਿਸੰਗੁ ।। (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੩੨)

ਗੁਰਮੁਖਿ ਜੀਵੈ ਮਰੈ ਪਰਵਾਣੁ ।। (ਮਾਝ ਮ. ੩, ਪੰਨਾ ੧੨੪)

ਗੁਰਮੁਖ ਦੀ ਮਨ, ਬਚਨ ਅਤੇ ਕਰਮ ਦੀ ਇਕਸਾਰਤਾ ਹੁੰਦੀ ਹੈ ਜੋ ਉਸ ਦੇ ਮਨ ਵਿਚ ਹੁੰਦਾ ਹੈ ਉਹੀ ਮੁਖ ਤੇ ਹੁੰਦਾ ਹੈ। ਆਪਣੇ ਮਨ ਦੇ ਪਿੱਛੇ ਲਗ ਕੇ ਕਰਮ ਕਰਨ ਵਾਲਾ ਮਨਮੁੱਖ ਆਖਿਆ ਜਾਂਦਾ ਹੈ। ਮਨੁੱਖੀ ਮਨ ਜਿਹੜਾ ਚੰਚਲ ਹੈ, ਹਮੇਸ਼ਾ ਅਵਗੁਣਾਂ ਨੂੰ ਹੀ ਚਿਤਵਤਾ ਹੈ, ਭਟਕਦਾ ਰਹਿੰਦਾ ਹੈ, ਦਸ ਦਿਸ਼ਾਵਾਂ ਵੱਲ ਦੌੜਦਾ ਹੈ, ਟਿਕ ਕੇ ਨਹੀਂ ਬੈਠਦਾ। ਐਸਾ ਅੰਧਕਾਰਮਈ ਮਨ ਅਗਿਆਨਤਾ ਵਸ ਵਿਕਾਰਾਂ ਦਾ ਸ਼ਿਕਾਰ ਹੋਇਆ ਰਹਿੰਦਾ ਹੈ। ਪੰਜਾਂ ਵਿਕਾਰਾਂ ਦਾ ਅਸਰ ਕਬੂਲਦਾ ਰਹਿੰਦਾ ਹੈ ਅਤੇ ਖੁਆਰ ਹੁੰਦਾ ਹੈ। ਮਨਮੁਖ ਦੇ ਐਸੇ ਮਨ ਦੀ ਅਵਸਥਾ ਨੂੰ ਇਸ ਪ੍ਰਕਾਰ ਚਿਤਰਿਆ ਹੈ। ਤੀਸਰੇ ਪਾਤਸ਼ਾਹ ਕਹਿੰਦੇ ਹਨ :

ਇਹ ਮਨੂਆ ਦਹ ਦਿਸਿ ਧਾਵਦਾ

ਦੂਜੈ ਭਾਇ ਖੁਆਇਆ ।। (ਸ੍ਰੀ ਗੁਰੂ ਗ੍ਰੰਥ ਸਾਹਿਬ, ਸੋਰਠਿ ਮ. ੩, ਪੰਨਾ ੫੯੯)

ਮਨਮੁਖ ਨੂੰ ਮੂੜ ਅਭਾਗਾ, ਜੀਵਨ ਆਦਰਸ਼ ਤੋਂ ਖੁੰਝੇ ਹੋਏ ਕਿਹਾ ਹੈ। ਨਿਗੁਰੇ ਮਨੁੱਖ ਦੇ ਅੰਦਰ ਹਮੇਸ਼ਾ ਮਾਇਆ ਦਾ ਮੋਹ ਹੀ ਭਾਰੂ ਰਹਿੰਦਾ ਹੈ। ਐਸਾ ਮਨਮੁਖ ਨਾ ਤਾਂ ਗੁਰੂ ਦੇ ਸ਼ਬਦ (ਉਪਦੇਸ਼ਮਈ ਗਿਆਨ) ਦੀ ਸਾਰ ਨਹੀਂ ਜਾਣਦਾ ਅਤੇ ਹਮੇਸ਼ਾਂ ਭਰਮ ਵਿਚ ਹੀ ਭੁੱਲਿਆ ਰਹਿੰਦਾ ਹੈ। ਉਹ ਕਿਸੇ ਸਿਰੇ ਨਹੀਂ ਲਗਦਾ। ਸੰਸਾਰ ਸਾਗਰ ਵਿਚ ਹੀ ਗੋਤੇ ਖਾਂਦੇ ਰਹਿੰਦਾ ਹੈ :

ਭਰਮਿ ਭੁਲਾਣੇ ਸਿ ਮਨਮੁਖ ਕਹੀਅਹਿ

ਨਾ ਉਰਵਾਰਿ ਨ ਪਾਰੇ ।। (ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲ ਮ. ੩, ਪੰਨਾ ੭੯੭)

ਗੁਰੂ ਜੀ ਦਾ ਕਥਨ ਹੈ ਕਿ ਸੰਸਾਰ ਇਕ ਰੁਖ ਦੀ ਤਰ੍ਹਾਂ ਹੈ। ਇਸ ਰੁਖ ਨੂੰ ਮਾਇਆ ਮੋਹ ਰੂਪ ਫਲ ਲੱਗਾ ਹੋਇਆ ਹੈ। ਉਸ ਰੁਖ ਤੇ ਗੁਰਮੁਖ ਤੇ ਮਨਮੁਖ ਦੋ ਕਿਸਮ ਦੇ ਪੰਛੀ ਰਹਿੰਦੇ ਹਨ। ਮਨਮੁਖ ਮੋਹ ਰੂਪੀ ਫਲਾਂ ਦੇ ਰਸਾਂ ਕਸਾਂ ਵਿਚ ਮਸਤ ਰਹਿੰਦਾ ਹੈ ਤੇ ਆਦਰਸ਼ ਪ੍ਰਤਿ ਅਵੇਸਲਾ ਰਹਿੰਦਾ ਹੈ ਜਦੋਂ ਕਿ ਗੁਰਮੁਖ (ਪੰਛੀ) ਇਨ੍ਹਾਂ ਰਸਾਂ-ਕਸਾਂ ਦੇ ਵਾਧੂ ਮੋਹ ਤੋਂ ਨਿਰਲੇਪ ਰਹਿ ਕੇ ਸ਼ਬਦ ਵਿਚ ਲੀਨ ਰਹਿੰਦਾ ਹੈ। ਮਨਮੁਖ ਸੰਸਾਰ ਵਿਚ ਆ ਕੇ ਸੰਸਾਰਕ ਵਸਤੂਆਂ ਦੇ ਵਾਪਾਰ ਤੱਕ ਸੀਮਤ ਰਹਿੰਦੇ ਹੈ ਅਤੇ ਖੋਟੀ ਰਾਸ ਮਾਇਆ ਦਾ ਖਲਾਰਾ ਖਲਾਰ ਲੈਂਦਾ ਹੈ। ਇਹ ਮਨਮੁਖ ਸਿੱਕਾ ਰੱਬੀ (ਦੈਵੀ) ਟਕਸਾਲ ਵਿਚ ਖੋਟਾ ਮੰਨਿਆ ਜਾਂਦਾ ਹੈ ਤੇ ਮੰਜ਼ੂਰ ਨਹੀਂ ਹੁੰਦਾ। ਮਨਮੁਖ ਦੀ ਕਮਾਈ, ਨਾਸਵੰਤ ਹੈ। ਅੰਤ ਦੁੱਖਦਾਈ ਹੁੰਦੀ ਹੈ ਕਿਉਂਕਿ ਸਾਥ ਨਹੀਂ ਜਾਂਦੀ। ਇਸੇ ਕਾਰਨ ਮਨਮੁਖ ਅਗਿਆਨਤਾ ਵਸ, ਮਾਨਸਿਕ ਅਸ਼ਾਂਤੀ ਤੇ ਭਟਕਣਾ ਵਿਚ ਲੰਘਾ ਦਿੰਦਾ ਹੈ :

ਮਨਮੁਖ ਖੋਟੀ ਰਾਸਿ ਖੋਟਾ ਪਾਸਾਰਾ

ਕੂੜੁ ਕਮਾਵਨਿ ਦੁਖੁ ਲਾਗੈ ਭਾਰਾ ।। (ਮਾਝ ਮ. ੩, ਪੰਨਾ ੧੧੬)

ਮਨਮੁਖਿ ਅੰਧਾ ਅੰਧੁ ਕਮਾਵੈ ਬਿਖੁ ਖਟੇ ਸੰਸਾਰੇ ।।

ਮਾਇਆ ਮੋਹਿ ਸਦਾ ਦੁਖੁ ਪਾਏ ਬਿਨੁ ਗੁਰ ਅਤਿ ਪਿਆਰੇ ।। (ਸੂਹੀ ਮ. ੩, ਪੰਨਾ ੭੫੩)

ਨਿਗੁਰਾ ਮਨਮੁਖ ਜੇ ਸਤਿਗੁਰ ਉਪਦੇਸ਼ ਤੋਂ ਬਿਨਾਂ ਭਗਤੀ ਵੀ ਕਰਦਾ ਹੈ, ਤਾਂ ਉਸ ਦੀ ਭਗਤੀ ਇਕ ਪ੍ਰਭੂ ਤੇ ਭਰੋਸੇ ਵਾਲੀ ਨਹੀਂ ਹੁੰਦੀ ਉਹ ਹੋਰ ਆਸਰੇ ਤਕਦਾ ਹੈ, ਭੇਖੀ ਗੁਰੂਆਂ, ਕਰਮ-ਕਾਂਡੀ ਭਗਤੀ ਵਿਚ ਹੀ ਜੀਵਨ ਵਿਅਰਥ ਗੁਆ ਦਿੰਦਾ ਹੈ। ਸੱਚੇ ਗੁਰੂ ਦੀ ਭਗਤੀ ਤੋਂ ਬਿਨਾਂ ਸ਼ਬਦ ਦੀ ਸੋਝੀ ਨਹੀਂ ਮਿਲਦੀ। ਇਹ ਮਨਮੁਖ ਦਾ ਆਚਾਰ ਹੁੰਦਾ ਹੈ।

ਮਨਮੁੱਖ ਦੇ ਲੱਛਣਾਂ ਬਾਰੇ ਭਾਈ ਕਾਨ੍ਹ ਸਿੰਘ ਨਾਭਾ ਮਹਾਨ ਕੋਸ਼ (ਪੰਨਾ ੭੧੧) ਤੇ ਲਿਖਦੇ ਹਨ :

ਜਿਸ ਨੇ ਆਪਣੇ ਮਨ ਨੂੰ ਹੀ ਮੁਖ ਜਾਣਿਆ ਹੈ
ਮਨਮਤ ਧਾਰਨ ਕਰਨ ਵਾਲਾ ਮਨਮੁਖ ਹੈ ।।

ਮਨਮੁਖ ਆਪਣੇ ਮਨ ਦੀ ਮਤਿ ਅਨੁਸਾਰ ਕਰਮ ਕਰਦਾ ਹੈ। ਉਸ ਨੂੰ 'ਵਿਮੁਖ' ਕਾਇਰ, ਕਰੂਪ ਆਦਿ ਸ਼ਬਦ ਰਾਹੀਂ ਵੀ ਅੰਕਤ ਕੀਤਾ ਹੈ :

ਮਨਮੁਖੁ ਕਾਇਰੁ ਕਰੂਪੁ ਹੈ ਬਿਨੁ ਨਾਵੈ ਨਕੁ ਨਾਹਿ ।।
ਅਨਦਿਨੁ ਧੰਧੈ ਵਿਆਪਿਆ ਸੁਪਨੈ ਭੀ ਸੁਖੁ ਨਾਹਿ ।। (ਪੰਨਾ ੫੯੧)

ਇਸ ਤੋਂ ਇਲਾਵਾ ਗੁਰਬਾਣੀ ਵਿਚ ਮਨਮੁਖ ਲਈ ਸਾਕਤ, ਦੁਹਾਗਣੀ, ਕੁਚੱਜੀ, ਪਾਪੀ ਤੇ ਅੰਧਾ ਸ਼ਬਦਾਂ ਦਾ ਵੀ ਪ੍ਰਯੋਗ ਤੇ ਹੋਇਆ ਹੈ। ਅੰਧਾ ਉਹ ਨਹੀਂ ਜਿਸ ਦੀਆਂ ਅੱਖਾਂ ਨਹੀਂ ਸਗੋਂ ਅੰਧਾ ਉਹ ਹੈ ਜੋ ਪਰਮਾਤਮਾ ਦੀ ਰਜਾ ਨਹੀਂ ਮੰਨਦਾ:

ਅੰਧੇ ਏਹ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ ।।
ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ ।। (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੫੪)

ਇਸ ਦੇ ਉਲਟ ਗੁਰਮੁਖ ਪ੍ਰਭੂ ਦੇ ਹੁਕਮ ਅੰਦਰ ਚਲਦਾ ਹੈ। ਮਨਮੁਖ ਅੱਠੇ ਪਹਿਰ ਭਾਵ ਹਮੇਸ਼ਾਂ ਪਦਾਰਥ ਦੇ ਮੋਹ ਵਿਚ ਗਲਤਾਨ ਰਹਿੰਦਾ ਹੈ। ਉਸ ਦਾ ਰਸਾਂ ਕਸਾਂ ਦਾ ਚਸਕਾ ਹਟਦਾ ਨਹੀਂ। ਉਸ ਦੀ ਭੁੱਖ ਨਹੀਂ ਮਿਟਦੀ। ਉਹ ਹਉਮੈ ਨਹੀਂ ਛੱਡਦਾ, ਇਸ ਹਉਮੈ ਦੀ ਵੱਖਰੀ ਹੋਂਦ ਦੇ ਸਦਕਾ ਉਹ ਮੁੜ ਮੁੜ ਜੂਨਾ ਵਿਚ ਪੈਂਦਾ ਹੈ।

ਮਨਮੁਖ ਦਾ ਸੁਭਾਅ ਕਦੀ ਸਹਿਜ ਵਿਚ ਨਹੀਂ ਹੁੰਦਾ ਉਸ ਦੇ ਮਨ ਦੀ ਅਸਥਿਰਤਾ ਕਾਰਨ ਕਦੀ ਤਾਂ ਉਹ ਮਾਲਕ ਦੇ ਹੁਕਮ ਨੂੰ ਮੰਨਦਾ ਹੈ। ਦੂਸਰੇ ਪਲ ਇਤਰਾਜ ਕਰਦਾ ਹੈ, ਉਹ ਦੈਵੀ ਹੁਕਮ (Divine order) ਪਛਾਨਣ ਦੇ ਸਮਰੱਥ ਨਹੀਂ ਹੁੰਦਾ, ਉਹ ਪਰਮਾਰਥ ਦੇ ਰਾਹ ਤੋਂ ਹਮੇਸ਼ਾਂ ਹੀ ਖੁੰਝਿਆ ਰਹਿੰਦਾ ਹੈ। ਉਹ ਮਾਲਕ ਦੇ ਦਰ ਤੇ ਕਬੂਲ ਨਹੀਂ ਹੁੰਦਾ:

ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ ।।
ਨਾਨਕ ਦੋਵੈ ਕੂੜੀਆ ਥਾਇ ਨ ਕਾਈ ਪਾਇ ।। (ਪੰਨਾ ੪੭੪)

ਅੰਤ ਵਿਚ ਅਸੀਂ ਇਸ ਪਾਠ ਨੂੰ ਇਸ ਪ੍ਰਕਾਰ ਹੀ ਸਾਰ ਰੂਪ ਵਿਚ ਅੰਕਤ ਕਰ ਸਕਦੇ ਹਾਂ ਕਿ ਗੁਰਮੁਖ ਦੈਵੀ ਗੁਣਾਂ ਨੂੰ ਗ੍ਰਹਿਣ ਕਰਨ ਲਈ ਨਾਮ-ਭਗਤੀ ਨੂੰ ਜੀਵਨ ਦਾ ਆਧਾਰ ਬਣਾਉਂਦਾ ਹੈ। ਉਸ ਦੀ ਕਰਨੀ ਤੇ ਕਥਨੀ ਇਕ ਹੁੰਦੀ ਹੈ, ਪਵਿੱਤਰ ਵਿਵਹਾਰ ਹੁੰਦਾ ਹੈ, ਉਸ ਦੇ ਸਾਰੇ ਕਾਰਜ ਗੁਰੂ ਹੁਕਮ ਅਨੁਸਾਰ ਹੋਣ ਕਰਕੇ ਸਾਰਥਕ ਹੁੰਦੇ ਹਨ:

ਤਿਨਕਾ ਖਾਧਾ ਪੈਧਾ ਮਾਇਆ ਸਭੁ ਪਵਿਤੁ ਹੈ
ਜੋ ਨਾਮਿ ਹਰਿ ਰਾਤੇ
ਤਿਨਕੇ ਘਰ ਮੰਦਰ ਸਰਾਈ ਸਭਿ ਪਵਿਤੁ ਹਹਿ
ਜਿਨੀ ਗੁਰਮੁਖਿ ਸੇਵਕ ਸਿਖ ਅਭਿਆਗਤ ਜਾਇ ਵਰਸਾਤੇ ।। (ਸੋਰਠਿ ਮ. ੫, ਪੰਨਾ ੬੪੮)

ਗੁਰਮੁਖ ਪਰਉਪਕਾਰੀ ਸੁਭਾਅ ਵਾਲਾ ਹੁੰਦਾ ਹੈ, ਉਹ ਸੰਗੀ ਸਾਥੀਆਂ ਨੂੰ ਅਧਿਆਤਮਕ ਲਾਭ ਪਹੁੰਚਾਉਂਦਾ ਹੈ। ਗੁਰਮੁਖ ਸਹਿਜ, ਧੀਰਜ ਤੇ ਕੁਦਰਤੀ ਜੀਵਨ ਜੀਉਂਦਾ ਹੈ। ਉਹ ਧਰਤੀ ਵਾਂਗ ਧੀਰਜਵਾਨ ਤੇ ਪਉਣ ਵਾਂਗ ਸਮਦਰਸ਼ੀ ਹੁੰਦਾ ਹੈ ਤੇ ਆਪਣੀ ਸਗਲੀ ਕੁਲ ਦਾ ਨਿਸਤਾਰਾ ਕਰ ਦਿੰਦਾ ਹੈ।

ਗੁਰਮੁਖਿ ਧਰਤੀ ਗੁਰਮੁਖਿ ਪਾਣੀ
ਗੁਰਮੁਖਿ ਪਵਣੁ ਬੈਸੰਤਰ ਖੇਲੈ ਵਿਡਾਣੀ ।। (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੭)
- - - - - - - - - - - - - -
ਗੁਰਮੁਖਿ ਹਰਿ ਦਰਿ ਸੋਭਾ ਪਾਏ ।।
ਗੁਰਮੁਖਿ ਵਿਚਹੁ ਆਪੁ ਗਵਾਏ ।।
ਆਪਿ ਤਰੈ ਕੁਲ ਸਗਲੇ ਤਾਰੇ ।।
ਗੁਰਮੁਖਿ ਜਨਮੁ ਸਵਾਰਣਿਆ ।। (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨੫)

ਪਾਠ ਨੰਬਰ : 3.1 ਲੇਖਕ : ਡਾ. ਨਿਰਭੈ ਸਿੰਘ

## ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ-ਬਾਣੀ ਅੰਕਿਤ ਕਰਨ ਦੇ ਕਾਰਨ

ਸਿੱਖ ਜਗਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪਰਮ ਸਤਿਕਾਰ ਦੀ ਪਦਵੀ ਦਿੱਤੀ ਜਾਂਦੀ ਹੈ। ਇਸ ਧਰਮ ਗ੍ਰੰਥ ਨੂੰ ਗੁਰੂ ਨਾਨਕ ਨੇ ਆਰੰਭ ਕੀਤਾ ਸੀ। ਇਸ ਤੋਂ ਬਾਅਦ ਸਿੱਖਾਂ ਦੇ ਤੀਸਰੇ ਗੁਰੂ, ਗੁਰੂ ਅਮਰਦਾਸ ਜੀ ਨੇ ਆਪਣੇ ਪੋਤਰੇ ਸਹੁੰਸਰ ਰਾਮ ਤੋਂ ਪਹਿਲੇ ਦੋ ਗੁਰੂਆਂ ਦੀ ਬਾਨੀ, ਆਪਣੀ ਬਾਣੀ ਅਤੇ ਹੋਰ ਭਗਤਾਂ ਦੀ ਬਾਣੀ ਨੂੰ ਸੰਪਾਦਿਤ ਕਰਕੇ ਪੋਥੀਆਂ ਵਿਚ ਸੰਭਾਲਣ ਦਾ ਯਤਨ ਕੀਤਾ ਸੀ। ਇਨ੍ਹਾਂ ਪੋਥੀਆਂ ਨੂੰ 'ਗੋਇੰਦਵਾਲ ਵਾਲੀਆਂ ਪੋਥੀਆਂ' ਜਾਂ 'ਮੋਹਨ ਜੀ ਦੀਆਂ ਪੋਥੀਆਂ' ਕਿਹਾ ਜਾਂਦਾ ਹੈ। ਇਨ੍ਹਾਂ ਨੂੰ ਗੋਇੰਦਵਾਲ ਵਾਲੀਆਂ ਪੋਥੀਆਂ ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਇਹ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਵਿਖੇ ਤਿਆਰ ਕਰਵਾਈਆਂ ਸਨ। ਉਨ੍ਹਾਂ ਤੋਂ ਬਾਅਦ ਮੋਹਨ ਜੀ, ਜੋ ਉਨ੍ਹਾਂ ਦੇ ਵੱਡੇ ਪੁੱਤਰ ਸਨ, ਉਨ੍ਹਾਂ ਪਾਸ ਇਹ ਪੋਥੀਆਂ ਪਹੁੰਚੀਆਂ, ਜਿਨ੍ਹਾਂ ਨੂੰ ਅੱਗੇ ਚਲ ਕੇ ਗੁਰੂ ਅਰਜਨ ਦੇਵ ਜੀ ਨੇ ਖੁਦ ਗੋਇੰਦਵਾਲ ਸਾਹਿਬ ਤੋਂ ਲਿਆਂਦਾ ਦਸਿਆ ਜਾਂਦਾ ਹੈ। ਇਹ ਪੋਥੀਆਂ ਤਿੰਨ ਸਮਝੀਆਂ ਜਾਂਦੀਆਂ ਸਨ ਪਰੰਤੂ ਇਕ ਪੋਥੀ ਦਾ 1947 ਈ. ਤੋਂ ਬਾਅਦ ਕੋਈ ਪਤਾ ਨਹੀਂ ਚਲ ਰਿਹਾ, ਜਿਸ ਵਿਚ ਵਾਰਾਂ ਸਨ। ਦੋ ਪੋਥੀਆਂ ਇਸ ਵਕਤ ਖਰੜਿਆਂ ਦੇ ਰੂਪ ਵਿਚ ਯਹੀਆਪੁਰ (ਟਾਂਡੇ) ਪਾਸ ਅਤੇ ਪੰਜੌਰ ਪਈਆਂ ਹਨ। ਇਨ੍ਹਾਂ ਪੋਥੀਆਂ ਵਿਚ ਭਗਤ-ਬਾਣੀ ਵੀ ਅੰਕਿਤ ਹੈ।

ਗੁਰੂ ਅਰਜਨ ਦੇਵ ਜੀ ਨੇ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸੰਪੂਰਨ ਰੂਪ ਦੇਣ ਦਾ ਬੀੜਾ ਚੁੱਕਿਆ ਤਾਂ ਉਨ੍ਹਾਂ ਨੇ (ਰਾਮਸਰ) ਅੰਮ੍ਰਿਤਸਰ ਵਿਖੇ ਭਾਈ ਗੁਰਦਾਸ ਤੋਂ ਇਹ ਪਵਿੱਤਰ ਗ੍ਰੰਥ ਆਪਣੀ ਨਿੱਜੀ ਦੇਖ-ਰੇਖ ਵਿਚ ਲਿਖਵਾਇਆ ਸੀ।ਇਹ ਜਿਹੜਾ 1604 ਈ. ਵਿਚ ਸੰਪੂਰਨ ਹੋਇਆ ਅਤੇ ਇਸ ਦਾ ਪਹਿਲਾ ਪ੍ਰਕਾਸ਼, ਅੰਮ੍ਰਿਤਸਰ ਵਿਖੇ ਹਰਿਮੰਦਰ ਸਾਹਿਬ ਵੱਿਚ ਗੁਰੂ ਸਾਹਿਬ ਨੇ ਆਪਣੇ ਹੱਥੀਂ ਕੀਤਾ ਸੀ। ਸੋਹਨ ਕਵੀ, ਇਸ ਸੰਬੰਧ ਵਿਚ ਲਿਖਦਾ ਹੈ ਕਿ ਇਸ ਪੋਥੀ ਨੂੰ ਭਾਦੋਂ ਦੇ ਮਹੀਨੇ ਵਿਚ ਪ੍ਰਕਾਸ਼ ਕਰਕੇ ਪਹਿਲੀ ਵਾਰ ਬਾਬਾ ਬੁੱਢਾ ਜੀ ਨੂੰ ਇਸ ਦਾ ਪਹਿਲਾ ਗ੍ਰੰਥੀ ਥਾਪਿਆ ਗਿਆ ਸੀ।ਭਾਈ ਗੁਰਦਾਸ ਇਸ ਦੇ ਸ਼ਬਦ ਦੀ ਖੁਦ ਵਿਆਖਿਆ ਕਰਦੇ ਸਨ, ਜਿਸ ਨਾਲ ਸੰਗਤ ਨੂੰ ਗੁਰਬਾਣੀ ਦੇ ਗੁੱਝੇ ਅਤੇ ਰਹੱਸਮਈ ਭੇਦਾਂ ਨੂੰ ਖੋਲ੍ਹ ਕੇ ਸਮਝਾਇਆ ਜਾਂਦਾ ਸੀ। ਗੁਰੂ ਗ੍ਰੰਥ ਸਾਹਿਬ ਵਿਚ ਪਹਿਲੇ ਪੰਜ ਗੁਰੂਆਂ ਦਾ ਬਾਣੀ ਤੋਂ ਇਲਾਵਾ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਵੀ ਅੰਕਿਤ ਹੈ। ਇਸ ਤੋਂ ਇਲਾਵਾ ਪੰਜ ਮੁਸਲਮਾਨ ਦਰਵੇਸ਼ਾਂ ਦੀ ਬਾਣੀ ਵੀ ਮੌਜੂਦ ਹੈ। ਇਹ ਪੰਜ ਮੁਸਲਮਾਨ ਦਰਵੇਸ਼ ਫਰੀਦ, ਭੀਖਨ, ਮਰਦਾਨਾ, ਸਧਨਾ, ਸਤਾ ਅਤੇ ਬਲਵੰਡ ਹਨ। ਮਹਾਂਰਾਸ਼ਟਰ ਦੀ ਬੀਠਲ ਪਰੰਪਰਾ ਦੇ ਤਿੰਨ ਸੰਤ ਨਾਮਦੇਵ, ਪਰਮਾਨੰਦ ਅਤੇ ਤਰਲੋਚਨ ਦੀ ਬਾਣੀ ਵੀ ਗੁਰੂ ਗ੍ਰੰਥ ਸਾਹਿਬ ਵਿਚ ਵਿਦਮਾਨ ਹੈ। ਰਾਮਾਨੰਦ ਅਤੇ ਉਸ ਦੇ ਚੇਲਿਆਂ ਕਬੀਰ, ਰਵਿਦਾਸ, ਪੀਪਾ, ਸੈਣ ਅਤੇ ਧੰਨੇ ਦੀ ਬਾਣੀ ਵੀ ਮੌਜੂਦ ਹੈ। ਇਨ੍ਹਾਂ ਤੋ ਛੁੱਟ ਗੁਰੂ ਅਮਰਦਾਸ ਜੀ ਦੇ ਭਤੀਜੇ ਬਾਬਾ ਸੁੰਦਰ ਜੀ ਦੀ ਸੱਦ, ਜੈਦੇਵ, ਬੇਣੀ, ਸੂਰਦਾਸ ਅਤੇ ਭੱਟਾ ਦੀ ਬਾਣੀ ਵੀ ਮਿਲਦੀ ਹੈ।

ਭਾਈ ਗੁਰਦਾਸ ਨੇ ਆਪਣੀਆਂ ਵਾਰਾਂ (ਵਾਰ ਪਹਿਲੀ) ਵਿਚ ਸੰਕੇਤ ਕੀਤਾ ਹੈ ਕਿ ਗੁਰੂ ਨਾਨਕ ਦੇਵ ਜਦੋਂ ਉਦਾਸੀਆਂ ਤੇ ਗਏ ਸਨ ਤਾਂ ਉਨ੍ਹਾਂ ਦੀ ਕੱਛ ਵਿਚ ਇਕ ਪੋਥੀ ਹੁੰਦੀ ਸੀ (ਪੋਥੀ ਕੁਝ ਕਾਸਾ ਹੱਥ)। ਇਸ ਤੋਂ ਸੰਕੇਤ ਮਿਲਦਾ ਹੈ ਕਿ ਗੁਰੂ ਨਾਨਕ ਦੇਵ ਨੇ ਆਪਣੀਆਂ ਉਦਾਸੀਆਂ ਦੇ ਦੌਰਾਨ ਸ਼ਾਇਦ ਕੁਝ ਹੋਰ ਭਗਤਾਂ ਤੇ ਸੂਫੀ ਦਰਵੇਸ਼ਾਂ ਦੀ ਬਾਣੀ ਵੀ ਇਕੱਤਰਿਤ ਕੀਤੀ ਹੋਵੇ। ਇਸ ਤੋਂ ਅੱਗੇ ਚਲ ਕੇ ਇਹ ਤੱਥ ਸਪੱਸ਼ਟ ਹੋ ਜਾਂਦਾ ਹੈ ਕਿ ਜਦੋਂ ਅਸੀਂ ਮੋਹਨ ਜੀ ਦੀਆਂ ਪੋਥੀਆਂ ਵਿਚ ਭਗਤ-ਬਾਣੀ ਨੂੰ ਅੰਕਿਤ ਕੀਤੀ ਹੋਈ ਦੇਖਦੇ ਹਾਂ ਤਾਂ ਸਿੱਖ ਪਰੰਪਰਾ ਅਨੁਸਾਰ ਗੁਰੂ ਅਮਰਦਾਸ ਜੀ ਨੇ ਆਪਣੇ ਸਿੱਖਾਂ ਨੂੰ ਆਦੇਸ਼ ਦਿੱਤਾ ਸੀ ਕਿ ਜਿਥੇ ਕਿਤੇ ਉਨ੍ਹਾਂ ਨੂੰ ਭਗਤ-ਬਾਣੀ ਮਿਲਦੀ ਹੈ, ਉਹ ਗੋਇੰਦਵਾਲ ਸਾਹਿਬ ਪਹੁੰਚਦੀ ਕਰ ਦੇਣ। ਇਹੀ ਗੱਲ ਗੁਰੂ ਅਰਜਨ ਦੇਵ ਜੀ ਬਾਰੇ ਵੀ ਕਹੀ ਜਾਂਦੀ ਹੈ।

ਸ਼ਰਧਾਲੂ ਸਿੱਖਾਂ ਵਿਚ ਇਹ ਵੀ ਪ੍ਰਥਾ ਚਲਦੀ ਆ ਰਹੀ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਸਾਰੇ ਭਗਤਾਂ ਦੀਆਂ ਰੂਹਾਂ ਨੂੰ ਆਪਣੇ ਦਰਬਾਰ ਵਿਚ ਬੁਲਾਇਆ ਸੀ ਅਤੇ ਉਨ੍ਹਾਂ ਨੂੰ ਆਪਣੀ ਆਪਣੀ ਬਾਣੀ ਗਾ ਕੇ ਸੁਣਾਉਣ ਦਾ ਆਦੇਸ਼ ਕੀਤਾ ਸੀ। ਜਿਹੜੀ ਬਾਣੀ ਗੁਰੂ ਸਾਹਿਬ ਨੂੰ ਚੰਗੀ ਅਤੇ ਗੁਰੂ ਆਸ਼ੇ ਦੇ ਅਨੁਕੂਲ ਲੱਗੀ, ਉਸ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਚੜ੍ਹਾ ਦਿੱਤਾ ਗਿਆ ਸੀ। ਇਸ ਰਿਵਾਇਤ ਦੀ ਪੁਸ਼ਟੀ ਸਾਨੂੰ ਬਾਬਾ ਅਟੱਲ ਦੇ ਗੁਰਦੁਆਰੇ ਵਿਚ ਪ੍ਰਵੇਸ਼ ਕਰਦਿਆਂ ਹੋਇਆਂ

ਕੰਧ ਤੇ ਉਲੀਕੇ ਹੋਏ ਚਿੱਤਰਾਂ ਤੇ ਵੀ ਹੁੰਦੀ ਹੈ ਅਤੇ ਬਾਬਾ ਬਕਾਲੇ ਵਿਚ ਗੁਰਦੁਆਰਾ ਸਾਹਿਬ ਵਿਚ ਪ੍ਰਵੇਸ਼ ਕਰਣ ਸਮੇ ਫਿਰ ਛੱਤ ਤੇ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਸਾਰੇ ਭਗਤ ਹਾਜ਼ਰ ਦਿਖਾਏ ਗਏ ਹਨ, ਜੋ ਆਪਣੀ ਆਪਣੀ ਬਾਣੀ ਗੁਰੂ ਸਾਹਿਬ ਨੂੰ ਸੁਣਾ ਰਹੇ ਸਨ। ਇਸ ਤੋਂ ਅੱਗੇ ਚਲ ਕੇ ਨਿਰਮਲੇ ਸੰਤ ਤਾਰਾ ਸਿੰਘ ਨਰੋਤਮ ਅਤੇ ਭਾਈ ਸੰਤੋਖ ਸਿੰਘ ਕਰਤਾ ਗੁਰ ਪ੍ਰਤਾਪ ਸੂਰਜ ਗ੍ਰੰਥ ਨੇ ਵੀ ਇਸ ਰਿਵਾਇਤ ਨੂੰ ਆਪਣੀਆਂ ਰਚਨਾਵਾਂ ਵਿਚ ਦੁਹਰਾਇਆ ਹੋਇਆ ਹੈ। ਇਹ ਗੱਲ ਸ਼ਰਧਾ ਦੇ ਪੱਖ ਤੋਂ ਤਾਂ ਪ੍ਰਵਾਨ ਕੀਤੀ ਜਾ ਸਕਦੀ ਹੈ, ਪ੍ਰੰਤੂ ਇਹ ਇਤਿਹਾਸਕ ਤੱਥ ਨਹੀਂ ਜਾਪਦਾ ਕਿਉਂਕਿ ਸਾਰੇ ਭਗਤਾਂ ਦੀ ਬਾਣੀ ਪੰਜਾਬ ਤੋਂ ਬਾਹਰ ਖਰੜਿਆਂ ਦੇ ਰੂਪ ਵਿਚ ਵੀ ਮਿਲਦੀ ਹੈ। ਜੋ ਕੁਝ ਸਮਾਂ ਮੌਖਿਕ ਰੂਪ ਵਿਚ ਸ਼ਰਧਾਲੂਆਂ ਨੇ ਸੰਭਾਲ ਕੇ ਰਖੀ ਅਤੇ ਲੋਕਾਂ ਵਿਚ ਗਾਈ ਜਾਂਦੀ ਹੈ। ਹੁਣ ਇਹ ਤੱਥ ਸਾਡੇ ਸਾਹਮਣੇ ਸਪੱਸ਼ਟ ਹੈ ਕਿ ਕਰਤਾਰਪੁਰੀ ਬੀੜ ਜਲੰਧਰ ਜ਼ਿਲ੍ਹੇ ਵਿਚ ਕਰਤਾਰਪੁਰ ਪਈ ਹੈ ਅਤੇ ਉਸ ਵਿਚ ਭਗਤ-ਬਾਣੀ ਵਿਦਮਾਨ ਹੈ। ਇਸ ਬੀੜ ਨੂੰ ਗੁਰੂ ਅਰਜਨ ਦੇ ਵ ਜੀ ਨੇ ਆਪਣੀ ਦੇਖ-ਰੇਖ ਅਧੀਨ ਤਿਆਰ ਕਰਵਾਇਆ ਸੀ।

ਹੁਣ ਇਹ ਪ੍ਰਸ਼ਨ ਉਠਦਾ ਹੈ ਕਿ ਗੁਰੂ ਸਾਹਿਬਾਨ ਨੇ ਭਗਤ-ਬਾਣੀ ਨੂੰ ਗ੍ਰੰਥ ਸਾਹਿਬ ਵਿਚ ਕਿਨ੍ਹਾਂ ਕਾਰਨਾਂ ਕਰਕੇ ਅੰਕਿਤ ਕੀਤਾ? ਸਿੱਖਾਂ ਦੀ ਇਕ ਸੰਪ੍ਰਦਾ ਜੋ ਭਸੌੜੀਏ ਕਹਾਉਂਦੇ ਹਨ, ਉਨ੍ਹਾਂ ਦਾ ਵਿਚਾਰ ਹੈ ਕਿ ਭਗਤ-ਬਾਣੀ ਦਾ ਗੁਰੂ ਗ੍ਰੰਥ ਸਾਹਿਬ ਵਿਚ ਕੋਈ ਯੋਗ ਸਥਾਨ ਨਹੀਂ ਹੈ। ਇਨ੍ਹਾਂ ਦੇ ਅਨੁਸਾਰ ਭਗਤ-ਬਾਣੀ ਦਾ ਆਸ਼ਾ ਅਤੇ ਗੁਰਬਾਣੀ ਦਾ ਆਸ਼ਾ ਮਿਲਦਾ ਨਹੀਂ ਹੈ। ਉਨ੍ਹਾਂ ਦੀ ਇਹ ਕੋਸ਼ਿਸ਼ ਰਹੀ ਹੈ ਕਿ ਗੁਰਬਾਣੀ ਤੇ ਭਗਤ-ਬਾਣੀ ਨੂੰ ਵੱਖ ਵੱਖ ਕੀਤਾ ਜਾਵੇ। ਪ੍ਰੰਤੂ ਜੇ ਅਸੀਂ ਇਸ ਤੱਥ ਨੂੰ ਵਧੇਰੇ ਘੋਖ ਕੇ ਦੇਖੀਏ ਤਾਂ ਇਹ ਪਤਾ ਚਲਦਾ ਹੈ ਕਿ ਭਗਤ-ਬਾਣੀ ਅਤੇ ਗੁਰਬਾਣੀ ਦੀ ਵਿਚਾਰਧਾਰਾਕ ਸਾਂਝ ਬਹੁਤ ਗੂੜ੍ਹੀ ਹੈ ਅਤੇ ਦੋਵਾਂ ਦੀ ਵਿਚਾਰਧਾਰਾ ਆਪਸ ਵਿਚ ਸੰਪੂਰਨ ਤੌਰ ਤੇ ਮਿਲਦੀ-ਜੁਲਦੀ ਹੈ। ਜਿਹੜੇ ਭਗਤਾਂ ਦੀ ਬਾਣੀ ਗੁਰੂ ਸਾਹਿਬਾਨ ਨੂੰ ਉਪਲਬਧ ਹੋਈ, ਕੇਵਲ ਉਸੇ ਭਗਤ-ਬਾਣੀ ਨੂੰ ਗੁਰੂ ਸਾਹਿਬਾਨ ਨੇ ਗੁਰੂ ਆਸ਼ੇ ਅਨੁਕੂਲ ਛਾਂਟ ਕੇ ਗ੍ਰੰਥ ਸਾਹਿਬ ਵਿਚ ਅੰਕਿਤ ਕੀਤਾ ਸੀ।

ਜਿਹੜੇ ਭਗਤਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਦੇ ਅਨੁਕੂਲ ਨਹੀਂ ਸੀ ਉਸ ਨੂੰ ਗੁਰੂ ਸਾਹਿਬ ਨੇ ਅੰਕਿਤ ਕਰਨ ਤੋਂ ਜਵਾਬ ਦੇ ਦਿੱਤਾ ਸੀ। ਕਿਹਾ ਜਾਂਦਾ ਹੈ ਕਿ ਲਾਹੌਰ ਦੇ ਚਾਰ ਸੰਤਾਂ ਨੇ ਗੁਰੂ ਸਾਹਿਬ ਨੂੰ ਖੁਦ ਬੇਨਤੀ ਕੀਤੀ ਕਿ ਉਨ੍ਹਾਂ ਦੀ ਬਾਣੀ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਵਾਨ ਕਰਕੇ ਚੜ੍ਹਾਈ ਜਾਵੇ। ਪਰੰਤੂ ਗੁਰੂ ਸਾਹਿਬ ਨੇ ਅਜਿਹਾ ਕਰਨ ਤੋਂ ਨਾਂਹ ਕਰ ਦਿੱਤੀ ਸੀ। ਇਹ ਭਗਤ ਕਾਨ੍ਹਾ, ਛੱਜੂ, ਸ਼ਾਹ ਹੁਸੈਨ ਅਤੇ ਪੀਲੂ ਸਨ। ਇਨ੍ਹਾਂ ਦੀ ਬਾਣੀ ਗੁਰੂ ਆਸ਼ੇ ਦੇ ਵਿਪਰੀਤ ਹੋਣ ਕਾਰਨ ਪ੍ਰਵਾਨ ਨਾ ਹੋ ਸਕੀ। ਜਿਵੇਂ ਕਾਨਾ ਦੀ ਰਚਨਾ ਵਿਚ ਉਸ ਦਾ ਦਾਅਵਾ ਹੈ ਕਿ ਉਹ 'ਰੱਬ' ਦੇ ਬਰਾਬਰ ਹੈ। ਇਸ ਦੇ ਨਾਲ ਉਸ ਵਿਚ ਹਉਮੈ ਦੀ ਝਲਕ ਪੈਂਦੀ ਹੈ, ਜੋ ਗੁਰੂ ਗ੍ਰੰਥ ਸਾਹਿਬ ਦੇ ਮੂਲ ਸਿਧਾਂਤ ਦੇ ਉਲਟ ਹੈ।ਛੱਜੂ ਭਗਤ ਨੇ ਇਸਤਰੀ ਨੂੰ ਘਿਰਣਾ ਦੀ ਨਿਗਾਹ ਨਾਲ ਦੇਖ ਕੇ ਭੰਡਿਆ ਹੈ। ਸ਼ਾਹ ਹੁਸੈਨ ਦੇ ਬੋਲਾਂ ਦੀ ਢਹਿੰਦੀ ਕਲਾ ਹੈ। ਪੀਲੂ ਦੀ ਬਾਣੀ ਨਿਰਾਸ਼ਾਵਾਦ ਵਿਚ ਡੁੱਬੀ ਹੋਈ ਹੈ। ਇਨ੍ਹਾਂ ਗੱਲਾਂ ਤੋਂ ਸਪਸ਼ਟ ਹੈ ਕਿ ਜੋ ਬਾਣੀ ਗੁਰੂ ਸਾਹਿਬ ਨੂੰ ਠੀਕ ਨਹੀਂ ਲੱਗਦੀ ਸੀ, ਉਸ ਨੂੰ ਪ੍ਰਵਾਨ ਨਹੀਂ ਕੀਤਾ ਗਿਆ ਸੀ।

ਇਹ ਇਕ ਇਤਿਹਾਸਕ ਤੱਥ ਹੈ ਕਿ ਗੁਰੂ ਸਾਹਿਬ ਨੇ ਹੋਰ ਗੁਰੂਆਂ ਤੋਂ ਉਪਰੰਤ ਬਾਣੀ ਨੂੰ ਪ੍ਰਵਾਨ ਕਰਨ ਸਮੇਂ ਨਿਰਪੱਖ ਹੋ ਕੇ ਗੁਰਮਤਿ ਦੇ ਸਿਧਾਂਤਾਂ ਨੂੰ ਅੱਗੇ ਰਖਦਿਆਂ ਹੋਇਆਂ ਗ੍ਰੰਥ ਸਾਹਿਬ ਦੀ ਤਿਆਰੀ ਕੀਤੀ ਸੀ। ਇਥੋਂ ਤੱਕ ਕਿ ਜਦੋਂ ਮੌਕੇ ਦੇ ਹਾਕਮ ਜਹਾਂਗੀਰ ਨੇ ਕੁਰਾਨ ਸ਼ਰੀਫ ਵਿਚੋਂ ਕੁਝ ਆਇਤਾਂ (ਪੰਗਤੀਆਂ) ਗੁਰੂ ਗ੍ਰੰਥ ਸਾਹਿਬ ਵਿਚ ਪਾਉਣ ਲਈ ਕਿਹਾ ਤਾਂ ਗੁਰੂ ਸਾਹਿਬ ਨੇ ਆਪਣੀ ਅਸਹਿਮਤੀ ਪ੍ਰਗਟ ਕੀਤੀ ਸੀ। ਗੁਰੂ ਸਾਹਿਬ ਨਾਲ ਈਰਖਾ ਕਰਨ ਵਾਲੇ ਹੋਰ ਵਿਰੋਧੀਆਂ ਨੇ ਜਹਾਂਗੀਰ ਦੇ ਕੰਨ ਭਰੇ ਸਨ। ਗੁਰੂ ਸਾਹਿਬ ਦੀ ਸ਼ਹੀਦੀ ਦਾ ਇਕ ਕਾਰਨ ਇਹ ਵੀ ਮੰਨਿਆ ਜਾਂਦਾ ਹੈ ਕਿ ਉਨ੍ਹਾਂ ਨੇ ਗੁਰੂ ਗ੍ਰੰਥ ਵਿਚ ਕੁਰਾਨ ਸ਼ਰੀਫ਼ ਦੀਆਂ ਆਇਤਾਂ ਸ਼ਾਮਿਲ ਨਹੀਂ ਕੀਤੀਆਂ ਸਨ। ਪਰ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਕੁਰਾਨ ਸ਼ਰੀਫ ਅਤੇ ਗੁਰੂ ਗ੍ਰੰਥ ਸਾਹਿਬ ਦੀ ਰਹੱਸਮਈ ਅਤੇ ਅਧਿਆਤਮਕ ਵਿਚਾਰਧਾਰਾ ਵਿਚ ਕੁਝ ਸੂਖਮ ਅੰਤਰ ਹੈ। ਕੁਰਾਨ ਸਰੀਫ ਵਿਚ ਇਕ ਨਿੱਜੀ ਪੁਰਖ ਅੱਲ੍ਹਾ ਨੂੰ ਮੰਨਿਆ ਜਾਂਦਾ ਹੈ ਪ੍ਰੰਤੂ ਗੁਰਬਾਣੀ ਵਿਚ ਕੋਈ ਪ੍ਰਸਨਲ ਜਾਂ ਤਿੱਜੀ ਹਸਤੀ ਨਹੀਂ ਹੈ। ਗੁਰੂ ਗ੍ਰੰਥ ਸਾਹਿਬ ਦਾ ਮੂਲ ਇਸ਼ਟ ਇਕ ਨਿਰੰਕਾਰ ਹੈ। ਇਸ ਤੋਂ ਇਲਾਵਾ ਇਸਲਾਮ ਅਨੁਸਾਰ ਜਗਿਆਸੂ ਅਧਿਆਤਮਕ ਯਤਨ ਕਰਕੇ ਅੱਲ੍ਹਾ ਦੇ ਨੇੜੇ ਜਾਂ ਕਰੀਬ ਹੋ ਸਕਦਾ ਹੈ। ਪਰੰਤੂ ਸਿੱਖ ਧਰਮ ਵਿਚ ਅਧਿਆਤਮਕ ਘਾਲਣਾ ਕਰਕੇ ਜੋ ਗਿਆਸੂ ਨਿਰੰਕਾਰ ਨਾਲ ਅਭੇਦ ਨਾਂ ਹੋ ਸਕਦਾ ਹੈ ਅਤੇ ਇਸ ਸਮਾਜ ਤੋਂ ਫਿਰ ਵੀ ਛੁਟਕਾਰਾ ਨਹੀਂ ਪਾਉਂਦਾ।

ਇਨ੍ਹਾਂ ਫਰਕਾਂ ਤੋਂ ਸਿਵਾ ਹੋਰ ਵੀ ਕੁਝ ਫਰਕ ਹਨ, ਜਿਨ੍ਹਾਂ ਕਰਕੇ ਸ਼ਾਇਦ ਗੁਰੂ ਸਾਹਿਬ ਨੇ ਕੁਰਾਨ ਸ਼ਰੀਫ ਦੀਆਂ ਆਇਤਾਂ ਨੂੰ ਗੁਰੂ ਸਾਹਿਬ ਵਿਚ ਚੜ੍ਹਾਉਣ ਤੋਂ ਜਵਾਬ ਦੇ ਦਿੱਤਾ ਹੋਵੇ।

ਪਰ ਸਾਡੇ ਦੇਖਣ ਵਿਚ ਆਇਆ ਹੈ ਕਿ ਹੋਰ ਧਰਮਾਂ ਦੇ ਗ੍ਰੰਥ ਉਨ੍ਹਾਂ ਧਰਮਾਂ ਦੇ ਆਗੂਆਂ ਨੇ ਆਪਣੇ ਕਾਲ ਸਮੇਂ ਤਿਆਰ ਨਹੀਂ ਕੀਤੇ ਸਨ।ਸਗੋਂ ਅੱਗੇ ਚਲ ਕੇ ਉਨ੍ਹਾਂ ਨੂੰ ਸ਼ਰਧਾਲੂਆਂ ਜਾਂ ਚੇਲਿਆਂ ਨੇ ਧਾਰਮਿਕ ਮੋਢੀਆਂ ਦੇ ਪਵਿੱਤਰ ਬੋਲਾਂ ਨੂੰ ਲਿਪੀਮਾਨ ਕੀਤਾ ਸੀ ਅਤੇ ਪਿਛੋਂ ਜਾ ਕੇ ਪਵਿੱਤਰ ਗ੍ਰੰਥ ਦੇ ਰੂਪ ਵਿਚ ਸਵੀਕਾਰ ਕਰ ਲਿਆ ਸੀ। ਇਸ ਵਿਚ ਇਹ ਸ਼ੰਕਾ ਰਹਿ ਜਾਂਦੀ ਹੈ ਕਿ ਜੋ ਬੋਲ ਗ੍ਰੰਥ ਦੇ ਰੂਪ ਵਿਚ ਸੰਭਾਲੇ ਗਏ ਹਨ : ਕੀ ਉਹ ਧਾਰਮਿਕ ਮੋਢੀਆਂ ਦੇ ਹੀ ਸਨ ਜਾਂ ਉਨ੍ਹਾਂ ਦੇ ਸ਼ਰਧਾਲੂਆਂ ਨੇ ਕੁਝ ਆਪਣੇ ਵਲੋਂ ਰਲਾ ਪਾ ਦਿੱਤਾ ਸੀ? ਗੁਰੂ ਗ੍ਰੰਥ ਸਾਹਿਬ ਹੀ ਅਜਿਹਾ ਇਕੋ ਇੱਥ ਇੱਥ ਗ੍ਰੰਥ ਹੈ : ਜਿਸ ਵਿਚ ਅਜਿਹੇ ਰਲੇ ਦੀ ਸੰਭਾਵਨਾ ਬਿਲਕੁਲ ਨਹੀਂ ਹੈ। ਇਸ ਦਾ ਕਾਰਨ ਇਹ ਹੈ ਕਿ ਜਿਸ ਸਮੇਂ ਗੁਰੂ ਨਾਨਕ ਦੇਵ ਜੀ ਨੇ ਭਗਤ-ਬਾਣੀ ਉਦਾਸੀਆਂ ਦੇ ਸਮੇਂ ਇਕੱਤਰ ਕਰਨੀ ਸ਼ੁਰੂ ਕੀਤੀ ਤਾਂ ਉਨ੍ਹਾਂ ਨੇ ਭਗਤਾਂ ਦੇ ਪਵਿੱਤਰ ਬੋਲਾਂ ਦੇ ਸਹੀ ਰੂਪ ਨੂੰ ਬਰਕਰਾਰ ਰੱਖਣ ਲਈ ਪੂਰਾ ਯਤਨ ਕੀਤਾ ਸੀ। ਇਸ ਤੋਂ ਬਾਅਦ ਗੁਰੂ ਅਮਰਦਾਸ ਤੇ ਗੁਰੂ ਅਰਜਨ ਦੇਵ ਜੀ ਨੇ ਭਗਤਾਂ ਦੇ ਪਵਿੱਤਰ ਬੋਲਾਂ ਨੂੰ ਉਨ੍ਹਾਂ ਦੇ ਸਹੀ ਰੂਪ ਵਿਚ ਰੱਖਣ ਦਾ ਪੂਰਾ-ਪੂਰਾ ਯਤਨ ਕੀਤਾ ਸੀ। ਗੁਰੂ ਨਾਨਕ ਦੇਵ ਜੀ ਦੀ ਗੱਦੀ ਉਨ੍ਹਾਂ ਤੋਂ ਬਾਅਦ ਪੰਜਾਬ ਅਤੇ ਹੋਰ ਇਲਾਕਿਆਂ ਵਿਚ ਬਹੁਤ ਹਰਮਨ ਪਿਆਰੀ ਹੋ ਗਈ ਸੀ। ਕਈ ਹੋਰ ਸ਼ਰਧਾਲੂਆਂ ਨੇ ਆਪਣੇ ਵਲੋਂ ਕਵਿਤਾਵਾਂ ਰਚ ਕੇ ਗੁਰੂ ਨਾਨਕ ਦੇਵ ਦੇ ਨਾਂ ਨਾਲ ਪ੍ਰਚਲਿਤ ਕਰਨ ਦਾ ਵੀ ਯਤਨ ਕੀਤਾ। ਅਜਿਹੀ ਬਿਰਤੀ ਨੂੰ ਰੋਕਣ ਲਈ ਗੁਰੂ ਅਮਰਦਾਸ ਨੇ ਆਪਣੀ ਦੇਖ-ਰੇਖ ਅਧੀਨ ਮਿਆਰੀ ਪੋਥੀਆਂ ਦਾ ਸੰਗ੍ਰਹਿ ਤਿਆਰ ਕਰਨ ਦਾ ਬੀੜਾ ਚੁੱਕਿਆ। ਉਨ੍ਹਾਂ ਦਾ ਇਹ ਯਤਨ ਸੀ ਕਿ ਮਿੱਠੀ ਅਤੇ ਖਾਰੀ ਬਾਣੀ ਜਾਂ ਸਹੀ ਤੇ ਝੂਠੀ ਜਾਂ ਕੱਚੀ ਤੇ ਸੱਚੀ ਬਾਣੀ ਵਿਚ ਅੰਤਰ ਕੀਤਾ ਜਾਵੇ। ਇਸ ਸੰਬੰਧ ਵਿਚ ਇਹ ਦੱਸਣਾ ਯੋਗ ਹੋਵੇਗਾ ਕਿ ਗੁਰਬਾਣੀ ਵਿਚ ਪਾਠਾਂਤਰਾਂ ਦੇ ਹੋਣ ਦੀ ਸੰਭਾਵਨਾ ਬਹੁਤ ਘੱਟ ਸੀ ਕਿਉਂਕਿ ਗੁਰੂ ਸਾਹਿਬਾਨ ਦੀ ਬਾਣੀ ਪੋਥੀ ਦੇ ਰੂਪ ਵਿਚ ਗੁਰਗੱਦੀ ਦੇਣ ਵਾਲੇ ਅਗਲੇ ਗੁਰੂ ਨੂੰ ਦਿੱਤੀ ਜਾਂਦੀ ਸੀ। ਪਰੰਤੂ ਇਹ ਸ਼ੱਕ ਭਗਤ-ਬਾਣੀ ਵਿਚ ਹੋ ਸਕਦਾ ਹੈ ਕਿਉਂਕਿ ਅਜੇ ਤਕ ਕੋਈ ਅਜਿਹਾ ਖਰੜਾ ਨਹੀਂ ਮਿਲਿਆ ਜੋ ਕਿਸੇ ਭਗਤ ਦੇ ਆਪਣੇ ਹੱਥੀਂ ਲਿਖਿਆ ਹੋਵੇ।ਫਿਰ ਵੀ ਜਿਸ ਵਿਧੀ ਵਿਚ ਭਗਤਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹੋ ਚੁੱਕੀ ਹੈ। ਇਹ ਆਪਣੇ ਆਪ ਵਿਚ ਭਗਤਾਂ ਦੀ ਬਾਣੀ ਦਾ ਸਿਲੇਬਸ ਰੂਪ ਹੋ ਗਿਆ ਹੈ।

ਵਿਦਵਾਨਾਂ ਨੇ ਖੋਜ ਕਰਕੇ ਇਹ ਨਿਰਣਾ ਲਿਆ ਹੈ ਕਿ 16ਵੀਂ ਸਦੀ ਤੋਂ ਪਹਿਲਾਂ ਭਗਤ-ਬਾਣੀ ਮੌਖਿਕ ਰੂਪ ਵਿਚ ਪ੍ਰਚਲਿਤ ਸੀ। ਸ਼ਰਧਾਲੂ ਭਗਤਾਂ ਦੇ ਪਵਿੱਤਰ ਬੋਲਾਂ ਨੂੰ ਯਾਦ ਕਰਕੇ ਪਿੰਡਾਂ ਵਿਚ ਗਾਇਆ ਕਰਦੇ ਸਨ। 16ਵੀਂ ਸਦੀ ਈਸਵੀ ਨਜ਼ਦੀਕ ਆ ਕੇ ਇਨ੍ਹਾਂ ਦੀ ਬਾਣੀ ਨੂੰ ਹੱਥ ਲਿਖਤਾਂ ਵਿਚ ਅੰਕਿਤ ਕੀਤਾ ਗਿਆ ਸੀ। ਕੁਝ ਨੋਟ ਤੇ ਖਰੜੇ ਸਮੇਂ ਦੇ ਬਦਲਣ ਨਾਲ ਬਰਬਾਦ ਹੋ ਗਏ ਅਤੇ ਕੁਝ ਖਰੜਿਆਂ ਨੂੰ ਫਿਰ ਅੱਗੇ ਨਕਲ ਕਰਕੇ ਸੰਭਾਲਿਆ ਗਿਆ ਹੋਵੇਗਾ। ਬੈਲਜ਼ੀਅਮ ਦੇ ਇਕ ਖੋਜੀ ਕਲਾਵਰਤ ਨੇ ਆਪਣੀਆਂ ਰਚਨਾਵਾਂ ਵਿਚ ਦੱਸਿਆ ਹੈ ਕਿ 1582 ਈ: ਦਾ ਇਕ ਖਰੜਾ ਫਤਿਹਪੁਰ ਤੋਂ ਉਨ੍ਹਾਂ ਨੇ ਪ੍ਰਾਪਤ ਕੀਤਾ ਹੈ ਜਿਸ ਦਾ ਸਿਰਲੇਖ ''ਸੂਰਦਾਰ ਕੇ ਪਦੇ'' ਹੈ। ਇਸ ਖਰੜੇ ਵਿਚ ਸੂਰਦਾਸ ਦੇ ਪਦਿਆਂ ਤੋਂ ਸਿਵਾ ਹੋਰ ਭਗਤਾਂ ਦੀ ਬਾਣੀ ਵੀ ਹੈ। ਪਰੰਤੂ ਇਹ ਵੀ ਦੇਖਣ ਵਿਚ ਆਇਆ ਹੈ ਕਿ ਜਿਹੜੇ ਸ਼ਬਦ ਰਵਿਦਾਸ ਅਤੇ ਨਾਮ ਦੇਵ ਦੇ ਗੁਰੂ ਗ੍ਰੰਥ ਵਿਚ ਹਨ, ਉਨ੍ਹਾਂ ਵਿਚੋਂ ਕੁਝ ''ਸੂਰਦਾਸ ਦੇ ਪਦਿਆਂ'' ਵਿਚ ਵੀ ਹਨ। ਇਕ ਪਦਾ ਰਾਜਸਥਾਨ, ਯੂ.ਪੀ. ਅਤੇ ਪੰਜਾਬ ਵਿਚ ਕਈ ਰੂਪਾਂ ਵਿਚ ਪ੍ਰਾਪਤ ਹੁੰਦਾ ਹੈ ਪਰੰਤੂ ਗੁਰੂ ਸਾਹਿਬਾਨ ਨੇ ਕੇਵਲ ਉਨ੍ਹਾਂ ਖਰੜਿਆਂ ਤੋਂ ਹੀ ਪਦੇ ਲਏ, ਜਿਹੜੇ ਗੁਰੂ-ਆਸ਼ੇ ਦੇ ਅਨੁਕੂਲ ਸਨ ਅਤੇ ਜਿਨ੍ਹਾਂ ਪਦਿਆਂ ਵਿਚ ਗੁਰੂ ਆਸ਼ੇ ਨਾਲ ਸਵੈ-ਵਿਰੋਧਤਾ ਸੀ ਉਨ੍ਹਾਂ ਨੂੰ ਅੰਕਿਤ ਨਹੀਂ ਕੀਤਾ ਸੀ।

ਹੁਣ ਮੈਂ ਅੱਗੇ ਚੱਲ ਕੇ ਇਹ ਦੇਖਣ ਦਾ ਯਤਨ ਕਰਦਾ ਹਾਂ ਕਿ ਭਗਤ-ਬਾਣੀ ਨੂੰ ਅੰਕਿਤ ਕਰਨ ਸਮੇਂ ਗੁਰੂ ਸਾਹਿਬ ਨੇ ਮੂਲ ਵਿਚਾਰਧਾਰਾ ਨੂੰ ਮੁੱਖ ਰਖਿਆ, ਪਰੰਤੂ ਹਰ ਭਗਤ ਦੀ ਬਾਣੀ ਵਿਚ ਆਪਣੇ-ਆਪਣੇ ਇਲਾਕਿਆਂ ਦੀ ਭਾਸ਼ਾ, ਚਿੰਨ੍ਹਾਂ, ਬੋਲੀ ਆਦਿ ਦੇ ਵਖਰੇਵੇਂ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਭਗਤ-ਬਾਣੀ ਵਿਚ ਇਲਾਕਿਆਂ ਦੀ ਅੰਤਰ-ਸੰਸਕ੍ਰਿਤੀ ਉਪਲਬਧ ਹੈ। ਜਿਨ੍ਹਾਂ ਵਿਚ ਪੰਜਾਬ, ਯੂ.ਪੀ., ਮਹਾਂਰਾਸ਼ਟਰ, ਰਾਜਸਥਾਨ ਤੇ ਹੋਰ ਭਾਰਤ ਦੇ ਪ੍ਰਾਂਤਾਂ ਦੀਆਂ ਸੰਸਕ੍ਰਿਤੀਆਂ ਦੀ ਝਲਕ ਮਿਲਦੀ ਹੈ। ਪਰੰਤੂ ਗੁਰੂ ਸਾਹਿਬ ਨੇ ਬਾਣੀ ਨੂੰ ਪ੍ਰਵਾਨ ਕਰਨ ਸਮੇਂ ਭਾਸ਼ਾ, ਚਿੰਨ੍ਹਾਂ, ਮਿਥਾਂ ਆਦਿ ਦੇ ਬਾਹਰੀ ਪ੍ਰਗਟਾਵੇ ਨੂੰ ਮੁੱਖ ਨਹੀਂ ਰੱਖਿਆ ਬਲਕਿ ਉਨ੍ਹਾਂ ਵਿਚ ਜੋ ਅੰਦਰ ਛੁਪਿਆ ਹੋਇਆ ਰਹੱਸਮਈ ਸਤਿ ਹੈ, ਉਸ ਨੂੰ ਮੁੱਖ ਰਖ ਕੇ ਉਨ੍ਹਾਂ ਭਗਤਾਂ ਦੀ ਬਾਣੀ ਨੂੰ ਗ੍ਰੰਥ ਸਾਹਿਬ ਵਿਚ ਚੜ੍ਹਾਇਆ ਗਿਆ ਸੀ।

ਅੱਗੇ ਚਲ ਕੇ ਹੁਣ ਇਹ ਪ੍ਰਸ਼ਨ ਉਠਦਾ ਹੈ ਕਿ ਇਨ੍ਹਾਂ ਭਗਤਾਂ ਦੀ ਬਾਣੀ ਪੂਰੇ ਤੌਰ ਤੇ ਦਾਰਸ਼ਨਿਕ ਪੱਖ ਤੋਂ ਗੁਰਮਤਿ ਦੇ ਆਸ਼ੇ ਦੇ ਅਨੁਕੂਲ ਹੈ? ਮੇਰਾ ਇਹ ਵਿਚਾਰ ਹੈ ਕਿ ਗੁਰੂ ਸਾਹਿਬ ਨੇ ਭਗਤ-ਬਾਣੀ ਨੂੰ ਅੰਕਿਤ ਕਰਨ ਸਮੇਂ ਇਸ ਗੱਲ ਦਾ ਧਿਆਨ ਰੱਖਿਆ ਸੀ ਕਿ ਸਾਰੇ ਭਗਤਾਂ ਦੀ ਬਾਣੀ ਗੁਰਮਤਿ ਦੇ ਆਸ਼ੇ ਦੇ ਅਨੁਕੂਲ ਹੋਵੇ। ਇਸ ਕਰਕੇ ਭਗਤ-ਬਾਣੀ ਅਤੇ ਗੁਰਮਤਿ ਦੇ ਅਸੂਲਾਂ ਦੀ ਸਿਧਾਂਤਕ ਸਾਂਝ ਹੈ। ਗੁਰਬਾਣੀ, ਗੁਰੂ ਗ੍ਰੰਥ ਸਾਹਿਬ ਦਾ ਅਟੁਟ ਭਾਗ ਹੈ। ਕਈ ਵਾਰ ਸਾਨੂੰ ਇਹ ਭੁਲੇਖਾ ਪੈਣ ਦੀ ਸੰਭਾਵਨਾ ਹੈ ਕਿ ਸ਼ਾਇਦ ਭਗਤ-ਬਾਣੀ ਦੇ ਕੁਝ ਸ਼ਬਦ ਗੁਰੂ-ਆਸ਼ੇ ਦੇ ਵਿਪਰੀਤ ਹਨ। ਪਰੰਤੂ ਇਸ ਸ਼ੱਕ ਨੂੰ ਦੂਰ ਕਰਨ ਵਾਸਤੇ ਗੁਰੂ ਅਮਰਦਾਸ ਅਤੇ ਗੁਰੂ ਅਰਜਨ ਦੇਵ ਜੀ ਨੇ ਅਜਿਹੀਆਂ ਸਥਿਤੀਆਂ ਵਿਚ ਆਪਣੇ ਸ਼ਬਦ ਨਾਲ ਲਾ ਕੇ ਗੁਰਮਤਿ ਦੇ ਆਸ਼ੇ ਦੁਆਰਾ ਭਗਤਾਂ ਦੇ ਸਲੋਕਾਂ ਨੂੰ ਸਪਸ਼ਟ ਕੀਤਾ ਹੈ। ਇਸ ਤੋਂ ਇਲਾਵਾ ਇਹ ਵੀ ਸਿੱਖ ਪਰੰਪਰਾ ਵਿਚ ਪ੍ਰਚਲਿਤ ਹੈ ਕਿ ਸਮੁੱਚੇ ਗੁਰੂ ਗ੍ਰੰਥ ਸਾਹਿਬ ਨੂੰ ਸਮਝਣ ਤੇ ਇਨ੍ਹਾਂ ਦੀ ਵਿਆਖਿਆ ਲਈ ਮੂਲ-ਅੰਤਰ ਨੂੰ ਆਧਾਰ ਬਣਾਇਆ ਜਾਵੇ। ਇਸ ਵਾਸਤੇ ਜਿਥੇ ਕਿਤੇ ਕੋਈ ਗੁਰਬਾਣੀ ਤੇ ਭਗਤ-ਬਾਣੀ ਵਿਚ ਸ਼ੱਕ ਪੈਣ ਦੀ ਸੰਭਾਵਨਾ ਹੁੰਦੀ ਹੈ, ਉਥੇ ਮੂਲ-ਮੰਤਰ ਅਤੇ ਗੁਰਮਤਿ ਵਿਚਾਰਧਾਰਾ ਦੀ ਕਸੌਟੀ ਦੁਆਰਾ ਸ਼ਬਦ ਦੀ ਵਿਆਖਿਆ ਕੀਤੀ ਜਾਣੀ ਉਚਿਤ ਹੋਵੇਗੀ, ਅਜਿਹਾ ਕਰਨ ਵਿਚ ਇਹ ਹੁਣ ਸਪਸ਼ਟ ਹੋ ਜਾਂਦਾ ਹੈ ਕਿ ਭਗਤ-ਬਾਣੀ ਅਤੇ ਗੁਰਬਾਣੀ ਇਕ ਦੂਜੇ ਨਾਲ ਇਕ-ਮਿਕ ਹਨ।

ਇਥੇ ਇਹ ਦੱਸਣਾ ਵੀ ਯੋਗ ਹੋਵੇਗਾ ਕਿ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਤੋਂ ਪਹਿਲਾਂ ਰਾਜਸਥਾਨ ਵਿਚ ਇਕ ਹੋਰ ਵੀ ਗ੍ਰੰਥ ਤਿਆਰ ਹੋਇਆ, ਜਿਸ ਦਾ ਨਾਂ 'ਸਰਵਾਂਗੀ' ਕਿਹਾ ਜਾਂਦਾ ਹੈ। ਇਹ ਗ੍ਰੰਥ ਦਾਦੂ ਪੰਥ ਸੰਪ੍ਰਦਾਇ ਵਿਚੋਂ ਰਜਬ ਨੇ ਤਿਆਰ ਕੀਤਾ। ਉਸ ਦਾ ਇਹ ਵਿਚਾਰ ਸੀ ਕਿ ਦਾਦੂ ਪੰਥ ਤੇ ਹੋਰ ਭਗਤਾਂ ਦੀ ਬਾਣੀ ਨੂੰ ਰਲੇ ਤੋਂ ਬਚਾਉਣ ਲਈ ਇਕ ਪੋਥੀ ਦੇ ਰੂਪ ਵਿਚ ਤਿਆਰ ਕੀਤਾ ਜਾਵੇ। ਇਹ ਗ੍ਰੰਥ ਤਕਰੀਬਨ 1601 ਈ. ਵਿਚ ਤਿਆਰ ਹੋਇਆ ਸੀ। ਪਰੰਤੂ ਜਦੋਂ ਅਸੀਂ ਗੁਰੂ ਗ੍ਰੰਥ ਸਾਹਿਬ ਅਤੇ ''ਸਰਵਾਂਗੀ'' ਦੀ ਸੰਪਾਦਨਾ ਦੀ ਤੁਲਨਾ ਕਰਦੇ ਹਾਂ ਤਾਂ ਇਹ ਸਪਸ਼ਟ ਹੁੰਦਾ ਹੈ ਕਿ ਜਿੰਨੀ ਬਾਰੀਕੀ ਨਾਲ ਗੁਰੂ ਗ੍ਰੰਥ ਸਾਹਿਬ ਨੂੰ ਤਿਆਰ ਕੀਤਾ ਗਿਆ ਹੈ ਉਤਨੀ ਬਾਰੀਕੀ ਨਾਲ ਸਰਵਾਂਗੀ ਨਹੀਂ ਤਿਆਰ ਹੋਈ।

ਗੁਰੂ ਗੋਬਿੰਦ ਸਿੰਘ ਜੀ ਦੇ ਕਾਲ ਸਮੇਂ ਕੇਸਰ ਸਿੰਘ ਛਿੱਬਰ ਨੇ ਆਪਣੀ ਪ੍ਰਸਿੱਧ ਪੁਸਤਕ ''ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ'' ਵਿਚ ਇਹ ਦਲੀਲ ਪੇਸ਼ ਕੀਤੀ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਤਿਆਰੀ ਸਮੇਂ ਜਦੋਂ ਭਗਤ-ਬਾਣੀ ਨੂੰ ਅੰਕਿਤ ਕੀਤਾ ਗਿਆ ਤਾਂ ਉਸ ਸਮੇਂ ਵਧੇਰੇ ਕਰਕੇ ਗੁਰੂ ਅਰਜਨ ਦੇਵ ਜੀ ਦਾ ਆਪਣੇ ਸ਼ਰੀਕਾਂ ਨਾਲ ਵਿਰੋਧ ਚਲ ਰਿਹਾ ਸੀ। ਪ੍ਰਿਥੀ ਚੰਦ ਦਾ ਪੁੱਤਰ ਮਿਹਰਬਾਨ ਜੋ ਕਿ ਫਾਰਸੀ, ਹਿੰਦਵੀ, ਸੰਸਕ੍ਰਿਤ ਤੇ ਗੁਰਮੁਖੀ ਭਾਸ਼ਾਵਾਂ ਦਾ ਵਿਦਵਾਨ ਸੀ, ਆਪਣੇ ਵਲੋਂ ਬਾਣੀ ਰਚ ਕੇ ਗੁਰੂ ਨਾਨਕ ਜੀ ਦੇ ਨਾਂ ਨਾਲ ਪ੍ਰਚਲਿਤ ਕਰ ਰਿਹਾ ਸੀ। ਅਜਿਹੀ ਨਕਲੀ ਬਾਣੀ ਨੂੰ ਜਦੋਂ ਗੁਰੂ ਸਾਹਿਬ ਨੇ ਖਤਮ ਕਰਨ ਵਾਸਤੇ ਗੁਰੂ ਗ੍ਰੰਥ ਸਾਹਿਬ ਤਿਆਰ ਕਰਨ ਦਾ ਯਤਨ ਕੀਤਾ ਤਾਂ ਇਸ ਦੀ ਵਿਰੋਧਤਾ ਹੋਈ। ਇਸੇ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਹੋਰ ਭਗਤਾਂ ਦੀ ਬਾਣੀ ਜਿਹੜੀ ਕਬੀਰ, ਰਵਿਦਾਸ, ਸੈਨ, ਪੀਪਾ ਆਦਿ ਦੇ ਨਾਂ ਨਾਲ ਯੂ.ਪੀ., ਰਾਜਸਥਾਨ ਅਤੇ ਪੰਜਾਬ ਦੇ ਪ੍ਰਾਂਤਾਂ ਵਿਚ ਪ੍ਰਚਲਿਤ ਹੋਈ, ਉਹ ਵਧੇਰੇ ਕਰਕੇ ਸ਼ਰਧਾਲੂਆਂ ਨੇ ਆਪਣੇ ਵਲੋਂ ਹੀ ਤਿਆਰ ਕੀਤੀ ਹੋਈ ਸੀ। ਇਸ ਦਾ ਪ੍ਰਮਾਣ ਇਹ ਹੈ ਕਿ ਕਈ ਅਜਿਹੇ ਸ਼ਬਦ ਮਿਲਦੇ ਹਨ ਜਿਹੜੇ ਰਵਿਦਾਸ ਅਤੇ ਕਬੀਰ ਦੇ ਸਾਂਝੇ ਹਨ। ਇਸੇ ਤਰ੍ਹਾਂ ਇਹ ਦੇਖਣ ਵਿਚ ਆਇਆ ਹੈ ਕਿ ਇਸੇ ਸ਼ਬਦ ਜੋ ਕਬੀਰ ਦੇ ਨਾਂ ਨਾਲ ਪ੍ਰਚਲਿਤ ਹੈ, ਉਹ ਭਗਤ ਸੈਣ ਦੇ ਨਾਂ ਹੇਠ ਵੀ 'ਸੈਣ ਸਾਗਰ' ਵਿਚ ਮਿਲਦਾ ਹੈ। ਇਸ ਦਾ ਭਾਵ ਇਹ ਨਿਕਲਦਾ ਹੈ ਕਿ ਗੁਰੂ ਸਾਹਿਬ ਤੋਂ ਪਹਿਲਾਂ ਭਗਤਾਂ ਦੇ ਪਦਿਆਂ ਤੇ ਮਿਆਰ ਦੇ ਰੂਪ ਨਹੀਂ ਸਨ। ਜਦੋਂ ਗੁਰੂ ਸਾਹਿਬ ਨੇ ਭਗਤ-ਬਾਣੀ ਨੂੰ ਗ੍ਰੰਥ ਸਾਹਿਬ ਵਿਚ ਚੜ੍ਹਾਇਆ, ਉਸ ਤੋਂ ਬਾਅਦ ਉਨ੍ਹਾਂ ਵਿਚ ਰਲੇ ਪੈਣ ਦੀ ਸੰਭਾਵਨਾ ਬਿਲਕੁਲ ਖਤਮ ਹੋ ਗਈ ਤੇ ਉਨ੍ਹਾਂ ਦੇ ਪਦੇ ਗੁਰੂ ਗ੍ਰੰਥ ਸਾਹਿਬ ਦੇ ਮਿਆਰੀ ਰੂਪ ਵਿਚ ਸੁਰੱਖਿਅਤ ਮਿਲਦੇ ਹਨ। ਸ਼ਾਇਦ ਗੁਰੂ ਸਾਹਿਬ ਦਾ ਇਹ ਵੀ ਆਸ਼ਾ ਸੀ ਕਿ ਗੁਰਬਾਣੀ ਦੇ ਨਾਲ ਨਾਲ ਭਗਤ-ਬਾਣੀ ਦੀ ਪਵਿੱਤਰਤਾ ਨੂੰ ਕਾਇਮ ਰਖਦਿਆਂ ਉਨ੍ਹਾਂ ਦੇ ਪਵਿੱਤਰ ਬੋਲਾਂ ਨੂੰ ਮਿਆਰੀ ਰੂਪ ਵਿਚ ਕਾਇਮ ਰੱਖਿਆ ਜਾ ਸਕੇ। ਇਸ ਤੋਂ ਸਪਸ਼ਟ ਹੈ ਕਿ ਗੁਰੂ ਸਾਹਿਬ ਫਿਰਕਾ ਪ੍ਰਸਤੀ ਤੇ ਹੋਰ ਵਿਤਕਰਿਆਂ ਤੋਂ ਉਪਰ ਉਠੇ ਹੋਏ ਸਨ। ਉਨ੍ਹਾਂ ਦਾ ਦੂਜੇ ਫਿਰਕਿਆਂ ਪ੍ਰਤੀ ਬੜਾ ਉਦਾਰ ਵਿਚਾਰ ਸੀ। ਜੇ ਗੁਰੂ ਸਾਹਿਬਾਨ ਆਪਣੀ ਤੰਗ-ਦਿਲੀ ਨਾਲ ਸੋਚਦੇ ਤਾਂ ਭਗਤ-ਬਾਣੀ ਨੂੰ ਅੰਕਿਤ ਨਹੀਂ ਕੀਤਾ ਜਾ ਸਕਦਾ ਸੀ।ਪ੍ਰੰਤੂ ਉਨ੍ਹਾਂ ਦੇ ਵਿਸ਼ਾਲ ਹਿਰਦੇ ਤੇ ਵਿਸ਼ਾਲ ਵਿਚਾਰਧਾਰਾ ਦੇ ਕਾਰਨ ਭਗਤ-ਬਾਣੀ ਨੂੰ ਅੰਕਿਤ ਕੀਤਾ ਗਿਆ ਹੈ। ਇਹ ਇਕ ਬਹੁਤ ਠੋਸ ਦਲੀਲ ਹੈ, ਜਿਸ ਕਰਕੇ ਭਗਤ-ਬਾਣੀ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤੀ ਗਈ ਸੀ।

ਹੁਣ ਉੱਪਰ ਦਿੱਤੇ ਹੋਏ ਤੱਥਾਂ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਜੋ ਭਗਤ-ਬਾਣੀ ਦੇ ਖਰੜੇ ਗੁਰੂ ਸਾਹਿਬਾਨ ਨੂੰ

ਉਪਲਬਧ ਹੋਏ, ਉਨ੍ਹਾਂ ਵਿਚ ਪਾਠਾਂਤਰ ਅਰਥਾਤ ਲਿਖਤੀ ਵਾਖਰੇਵਾਂ ਸੀ। ਇਸ ਕਾਰਨ ਸ਼ਰਧਾਲੂ ਕਈ ਵਾਰ ਉਲਝਣ ਵਿਚ ਪੈ ਜਾਂਦੇ ਸਨ ਕਿ ਖਾਸ ਭਗਤ ਦਾ ਖਰੜਾ ਕਿਸੇ ਹੱਦ ਤੱਕ ਉਸ ਭਗਤ ਦਾ ਹੀ ਉਚਾਰਿਆ ਹੋਇਆ ਬੋਲ ਹੈ ਵੀ ਨਹੀਂ । ਅਜਿਹਾ ਨਿਰਣਾ ਕਰਨ ਲਈ ਇਕ ਮਹਾਂ ਵਿਦਵਾਨ, ਅਧਿਆਤਮਕ ਗੁਰੂ ਦੀ ਲੋੜ ਸੀ। ਜਿਸ ਸਮੇਂ ਗੁਰੂ ਸਾਹਿਬਾਨ ਨੇ ਭਗਤ-ਬਾਣੀ ਦੇ ਮਿਆਰੀ ਰੂਪ ਨੂੰ ਨਿਸ਼ਚਿਤ ਕਰਦਿਆਂ ਹੋਇਆਂ ਗ੍ਰੰਥ ਸਾਹਿਬ ਵਿਚ ਚੜ੍ਹਾਇਆ ਤਾਂ ਲੋਕਾਂ ਨੇ ਬਿਨਾਂ ਸ਼ੱਕ-ਸੁਬਾ ਤੋਂ ਇਸ ਨੂੰ ਸਵੀਕਾਰ ਕਰ ਲਿਆ ਸੀ। ਲੋਕਾਂ ਦਾ ਵਿਸ਼ਵਾਸ ਸੀ ਕਿ ਗੁਰੂਆਂ ਤੋਂ ਛੁੱਟ ਸ਼ਾਇਦ ਹੋਰ ਕੋਈ ਇਸ ਕਾਰਜ ਦੇ ਸਮਰੱਥ ਨਹੀਂ ਸੀ। ਜਦੋਂ ਗਰਬਾਣੀ ਦੇ ਨਾਲ ਭਗਤ-ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਚੜ੍ਹੀ ਤਾਂ ਲੋਕ ਗੁਰਬਾਣੀ ਵਾਂਗ ਭਗਤ-ਬਾਣੀ ਨੂੰ ਵੀ, ਸਤਿਕਾਰ ਦੇਣ ਲਗ ਪਏ ਤੇ ਜਿਸ ਸਮੇਂ ਗੁਰੂ ਗੋਬਿੰਦ ਸਿੰਘ ਨੇ 1708 ਵਿਚ ਗ੍ਰੰਥ ਸਾਹਿਬ ਨੂੰ ਗੁਰਗੱਦੀ ਦਿੱਤੀ ਤਾਂ ਇਸ ਵਿਚ ਸਾਰੇ ਭਗਤਾਂ ਤੇ ਗੁਰੂ ਸਾਹਿਬਾਨ ਨੂੰ ਇਕ ਇਕਾਈ ਦੇ ਰੂਪ ਵਿਚ ਪਦਵੀ ਮਿਲੀ। ਅੱਜ ਦੇ ਵਰਤਮਾਨ ਸੰਸਾਰ ਵਿਚ ਗੁਰਬਾਣੀ ਤੇ ਭਗਤ-ਬਾਣੀ ਵਿਚ ਕੋਈ ਵੀ ਅੰਤਰ ਨਹੀਂ ਸਮਝਿਆ ਜਾਂਦਾ। ਭਾਈ ਜੋਧ ਸਿੰਘ ਨੇ ਆਪਣੀ ਪੁਸਤਕ 'ਪ੍ਰਾਚੀਨ ਬੀੜਾਂ ਬਾਰੇ ਭੁਲਾਂ ਦੀਆਂ ਸੋਧਾਂ' ਵਿਚ ਸਪਸ਼ਟ ਕਰਦਿਆਂ ਹੋਇਆ ਦਸਿਆ ਹੈ ਕਿ ਗੁਰੂ ਸਾਹਿਬਾਨ ਆਪਣੇ ਸਮੇਂ ਦੇ ਸਭ ਤੋਂ ਸਮਰੱਥ ਅਧਿਆਤਮਕ ਗੁਰੂ ਸਨ, ਜੋ ਕੱਚੀ ਅਤੇ ਪੱਕੀ ਬਾਣੀ ਦਾ ਅੰਤਰ ਕਰ ਸਕਦੇ ਸਨ। ਲੋਕਾਂ ਅੰਦਰ ਪੁਨਰ ਵਿਸ਼ਵਾਸ ਲਿਆਉਣ ਵਾਸਤੇ ਗੁਰੂ ਸਾਹਿਬ ਨੇ ਭਗਤ-ਬਾਣੀ ਨੂੰ ਮਿਆਰੀ ਰੂਪ ਦੇ ਕੇ ਲੋਕਾਂ ਅੰਦਰ ਸ਼ਰਧਾ ਨੂੰ ਫਿਰ ਜਗਾਇਆ ਸੀ।

ਭਗਤ-ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਕਰਨ ਦਾ ਇਕ ਕਾਰਨ ਇਹ ਵੀ ਜਾਪਦਾ ਹੈ ਕਿ ਜੋ ਭਗਤ-ਬਾਣੀ ਗ੍ਰੰਥ ਸਾਹਿਬ ਵਿਚ ਆਈ ਹੈ, ਉਸ ਦੇ ਰਚਨਹਾਰ ਵਧੇਰੇ ਕਰਕੇ ਉਸ ਸਮੇਂ ਦੀਆਂ ਅਖੌਤੀ ਨੀਵੀਆਂ ਜਾਤਾਂ ਵਿਚੋਂ ਸਨ। ਉਨ੍ਹਾਂ ਨੂੰ ਬ੍ਰਾਹਮਣਵਾਦ ਨੇ ਬਹੁਤ ਤੰਗ ਕੀਤਾ ਹੋਇਆ ਸੀ ਅਤੇ ਦੂਜੇ ਪਾਸੇ ਉਹ ਮੌਕੇ ਦੇ ਹਾਕਮਾਂ ਤੋਂ ਵੀ ਤੰਗ ਆਏ ਹੋਏ ਸਨ। ਉਨ੍ਹਾਂ ਦੀ ਬਾਣੀ ਵਿਚ ਸਤਿ ਅਤੇ ਨੈਤਿਕ ਕ੍ਰਾਂਤੀ ਦੀ ਝਲਕ ਮਿਲਦੀ ਹੈ। ਅਜਿਹੀ ਅਵਸਥਾ ਅਸੀਂ ਗੁਰਬਾਣੀ ਵਿਚ ਵੀ ਵੇਖਦੇ ਹਾਂ। ਗੁਰੂ ਸਾਹਿਬਾਨ ਨੇ ਆਪਣੇ ਸਮੇਂ ਦੇ ਜਾਬਰ ਹਾਕਮਾਂ ਦੀ ਈਨ ਨਹੀਂ ਮੰਨੀ ਅਤੇ ਉਹ ਉਨ੍ਹਾਂ ਦੇ ਵਿਰੁੱਧ ਰਹੇ ਸਨ। ਗੁਰੂ ਗ੍ਰੰਥ ਸਾਹਿਬ ਵਿਚ ਜਿੰਨੇ ਵੀ ਭਗਤ ਅਤੇ ਹੋਰ ਯੋਗਦਾਨੀ ਹਨ ਉਹ ਸਾਰੇ ਆਪਣੇ ਸਮੇ ਂ ਦੇ ਹਾਕਮਾਂ ਦੇ ਅੱਤ ਦੇ ਵਿਰੁੱਧ ਆਵਾਜ਼ ਬੁਲੰਦ ਕਰਦੇ ਰਹੇ ਸਨ। ਇੰਜ ਜਾਪਦਾ ਹੈ ਕਿ ਭਗਤ-ਬਾਣੀ ਨੂੰ ਅੰਕਿਤ ਕਰਦੇ ਹੋਏ ਗੁਰੂ ਸਾਹਿਬ ਨੇ ਇਸ ਪੱਖ ਨੂੰ ਵੀ ਮੁੱਖ ਰਖਿਆ ਹੋਵੇਗਾ। ਇਸ ਤੋਂ ਛੁੱਟ ਅਸੀਂ ਗੁਰੂ ਗ੍ਰੰਥ ਸਾਹਿਬ ਵਿਚ ਭਗਤ-ਬਾਣੀ ਨੂੰ ਅੰਕਿਤ ਕਰਨ ਦੇ ਕਈ ਹੋਰ ਕਾਰਨ ਵੀ ਵਿਚਾਰ ਸਕਦੇ ਹਾਂ, ਪਰੰਤੂ ਵਿਚਾਰਾਂ ਦੀ ਅਧਿਆਤਮਕ ਦਾਰਸ਼ਨਿਕ ਸਮਾਨਤਾ ਉਨ੍ਹਾਂ ਵਿਚੋਂ ਪ੍ਰਮੁੱਖ ਹੈ। ਇਸ ਕਰਕੇ ਭਗਤ-ਬਾਣੀ ਕਾਰ ਗੁਰੂ ਗ੍ਰੰਥ ਸਾਹਿਬ ਦੇ ਅਟੁੱਟ ਅੰਗ ਹਨ।

ਅੰਤ ਵਿਚ ਇਹੀ ਕਿਹਾ ਜਾ ਸਕਦਾ ਹੈ ਕਿ ਭਗਤ ਬਾਣੀ ਦਰਜ ਕਰਨ ਦੇ ਮੁਖ ਕਾਰਨ ਇਸ ਪ੍ਰਕਾਰ ਹੋ ਸਕਦੇ ਹਨ :

1. ਭਗਤਾਂ ਦੀਆਂ 'ਰਚਨਾਵਾਂ' ਦੀ ਵਿਚਾਰਧਾਰਾ ਗੁਰੂ ਬਾਣੀ ਦੇ ਅਨੁਸਾਰ ਸੀ।
2. ਬਹੁਤੇ ਭਗਤ ਕਥਿਤ ਨੀਵੀਆਂ ਜਾਤੀਆਂ ਦੇ ਸਨ। ਉਨ੍ਹਾਂ ਦੀ ਰਚਨਾ ਨੂੰ ਦਰਜ ਕਰਕੇ, ਗੁਰੂ ਜੀ ਨੇ ਭਾਰਤਵਰਸ਼ ਵਿਚ ਇਕ ਸਾਝੀਵਾਲਤਾ, ਭਰਾਤੀਭਾਵ ਦਾ ਸੰਦੇਸ਼ ਦਿੱਤਾ ਸੀ।
3. ਇਸ ਬਾਣੀ ਦੇ ਦਰਜ ਕਰਨ ਨਾਲ ਭਾਰਤ ਦੀ ਏਕਤਾ ਅਤੇ ਅਖੰਡਤਾ ਦਾ ਪ੍ਰੋਗਰਾਮ ਹਰ ਪਾਸੇ ਚੱਲਿਆ ਸੀ।

## ਵਧੇਰੇ ਪੜ੍ਹਨ ਵਾਸਤੇ ਹੋਰ ਪੁਸਤਕਾਂ

1.ਵਿਨਾਦ ਕਲਾਵਰਤ : 'ਦੀ ਹਿੰਦੀ ਪਦਾਵਲੀ ਆਫ ਨਾਮਦੇਵ'
2.ਵਿਨਾਦ ਕਲਾਵਰਤ : 'ਨਿਰਗੁਣ ਭਗਤੀ ਸਾਗਰ'
3.ਸ਼ੇਰ ਸਿੰਘ : 'ਗੁਰਮਤਿ ਦਰਸ਼ਨ'
4.ਨਿਰਭੈ ਸਿੰਘ : 'ਗੁਰਬਾਣੀ ਐਂਡ ਭਗਤ ਬਾਣੀ-ਏ ਫਿਲੋਸਾਫੀਕਲ ਅਨੈਲੇਸਿਸ' ਜਨਰਲ ਆਫ ਰਿਲੀਜਸ ਸਟਡੀਅਜ਼ (ਪਤਝੜ 1993, ਨੰ: 1)
5. ਪ੍ਰੋ ਸਾਹਿਬ ਸਿੰਘ : ਭਗਤ ਬਾਣੀ ਸਟੀਕ

ਪਾਠ ਨੰਬਰ : 3.2 ਲੇਖਕ : ਡਾ. ਨਿਰਭੈ ਸਿੰਘ

## ਬਾਣੀ ਭਗਤ ਨਾਮਦੇਵ ਜੀ ਦੇ ਸ਼ਬਦ ਅਤੇ ਬੀਠੁਲ ਦਾ ਸੰਕਲਪ

### ਪਿਛੋਕੜ

ਭਗਤ ਨਾਮਦੇਵ ਜੀ ਦਾ ਜਨਮ 1270 ਈ. ਵਿਚ ਮਹਾਂਰਾਸ਼ਟਰ ਦੇ ਇਕ ਪਿੰਡ ਨਰਸੀਬਾਮਨੀ ਵਿਚ ਹੋਇਆ। ਇਹ ਪਿੰਡ ਕ੍ਰਿਸ਼ਨਾ ਨਦੀ ਦੇ ਕਿਨਾਰੇ ਤੇ ਵਸੇ ਹੋਏ ਵੱਡੇ ਸ਼ਹਿਰ ਕਰਹਟ ਦੇ ਨੇੜੇ ਹੈ। ਭਗਤ ਜੀ ਦਾ ਪਰਿਵਾਰ ਮਿਹਨਤ ਮਜ਼ਦੂਰੀ ਕਰਕੇ ਗੁਜ਼ਾਰਾ ਕਰਨ ਵਾਲਾ ਸਧਾਰਨ ਪਰਿਵਾਰ ਸੀ। ਭਗਤ ਜੀ ਬਚਪਨ ਵਿਚ ਹੀ ਹੋਣਹਾਰ ਬਾਲਕ ਦਾ ਪ੍ਰਭਾਵ ਦੇਣ ਲੱਗ ਪਏ ਸਨ। ਭਗਤ ਜੀ ਨੇ ਧਾਰਮਿਕ ਵਿਸ਼ਵਾਸ ਆਪਣੇ ਮਾਂ ਪਿਉ ਦੇ ਪ੍ਰਭਾਵ ਅਧੀਨ ਗ੍ਰਹਿਣ ਕੀਤਾ ਸੀ। ਬਹੁਤ ਸਾਰੀਆਂ ਕਰਾਮਾਤੀ ਸਾਖੀਆਂ ਭਗਤ ਜੀ ਦੇ ਬਚਪਨ ਨਾਲ ਜੁੜੀਆਂ ਹੋਈਆਂ ਹਨ। ਇਨ੍ਹਾਂ ਸਾਖੀਆਂ ਤੋ ਸਪਸ਼ਟ ਹੋ ਜਾਂਦਾ ਹੈ ਕਿ ਭਗਤ ਜੀ ਸਾਧਾਰਨ ਬਾਲਕ ਨਹੀਂ ਸਨ। ਇਨ੍ਹਾਂ ਸਾਖੀਆਂ ਦੇ ਸੰਕੇਤ ਉਨ੍ਹਾਂ ਦੀ ਬਾਣੀ ਵਿਚੋਂ ਵੀ ਮਿਲ ਜਾਂਦੇ ਹਨ। ਭਾਈ ਗੁਰਦਾਸ ਜੀ ਨੇ 'ਦਸਵੀਂ ਵਾਰ' ਦੀ ਗਿਆਰ੍ਹਵੀਂ ਪਉੜੀ ਵਿਚ ਇਕ ਸਾਖੀ ਦੇ ਹਵਾਲੇ ਨਾਲ ਭਗਤ ਜੀ ਦੀ ਮਹਿਮਾ ਕੀਤੀ ਹੋਈ ਹੈ। ਭਾਈ ਗੁਰਦਾਸ ਜੀ ਨੇ ਮੰਨਿਆ ਹੈ ਕਿ ਠਾਕੁਰ ਨੂੰ ਦੁੱਧ ਪਿਆਉਣ ਦੀ ਘਟਨਾ ਅਸੰਭਵ ਕਲਪਨਾ ਨਹੀਂ ਹੈ। ਇਸ ਸਾਖੀ ਤੋਂ ਇਸ ਤੱਥ ਦਾ ਪਤਾ ਲਗਦਾ ਹੈ ਕਿ ਭਗਤ ਨਾਮਦੇਵ ਜੀ ਦਾ ਪਿਤਾ ਠਾਕੁਰ-ਪੂਜ ਸੀ। ਇਕ ਵਾਰ ਉਨ੍ਹਾਂ ਨੇ ਬਾਹਰ ਜਾਣਾ ਸੀ। ਉਹ ਚਾਹੁੰਦਾ ਸੀ ਕਿ ਠਾਕੁਰ ਦੀ ਸੇਵਾ ਅਰਥਾਤ ਭੋਗ ਲੁਆਵਣ ਦੀ ਰਸਮ ਵਿਚ ਫਰਕ ਨਾ ਪਵੇ । ਇਸ ਵਾਸਤੇ ਬਾਹਰ ਜਾਣ ਤੋਂ ਪਹਿਲਾਂ ਉਸ ਨੇ ਆਪਣੇ ਬਾਲਕ ਪੁੱਤਰ ਨਾਮਦੇਵ ਦੀ ਜ਼ਿੰਮੇਵਾਰੀ ਲਾ ਦਿੱਤੀ ਕਿ ਉਸ ਦੀ ਗੈਰ ਹਾਜ਼ਰੀ ਵਿਚ ਠਾਕਰਾਂ ਨੂੰ ਭੋਗ ਲੁਆ ਕੇ ਹੀ ਕੁਝ ਖਾਧਾ ਜਾਵੇ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਭਗਤ ਨਾਮਦੇਵ ਜੀ ਨੇ ਸ਼ਰਧਾ ਅਤੇ ਨਿਰਛਲ ਜ਼ਿੱਦ ਨਾਲ ਠਾਕਰ ਨੂੰ ਦੁੱਧ ਪਿਆ ਦਿੱਤਾ ਸੀ। ਭਾਈ ਸਾਹਿਬ ਇਸ ਘਟਨਾ ਦਾ ਵਰਨਣ ਇਸ ਤਰ੍ਹਾਂ ਕਰਦੇ ਹਨ :

ਕੰਮ ਕਿਤੇ ਪਿਉ ਚਲਿਆ ਨਾਮਦੇਉ ਨੋ ਆਖ ਸਿਧਾਇਆ।।
ਠਾਕੁਰ ਕੀ ਸੇਵਾ ਕਰੀਂ ਦੁਧੁ ਪਿਆਵਣੁ ਕਹਿ ਸਮਝਾਇਆ।।
ਨਾਮਦੇਉ ਇਸਨਾਨੁ ਕਰਿ ਕਪਲੁ ਗਾਇ ਦੁਹਿ ਕੈ ਲੈ ਆਇਆ।।
ਠਾਕੁਰ ਨੂੰ ਨਾਵਾਲਿਕੈ ਚਰਣੋਦਕੁ ਲੈ ਤਿਲਕੁ ਚੜਾਇਆ।।
ਹਥ ਜੋੜਿ ਬਿਨਤੀ ਕਰੈ ਦੁਧੁ ਪੀਅਹਿ ਜੀ ਗੋਬਿੰਦ ਰਾਇਆ।।
ਨਿਹਚਉ ਕਰਿ ਆਰਾਧਿਆ ਹੋਇ ਦਇਆਲ ਦਰਸੁ ਦਿਖਲਾਇਆ।।
ਭਰੀ ਕਟੋਰੀ ਨਾਮਦੇਵ ਲੈ ਠਾਕੁਰ ਨੋ ਦੂਧ ਪੀਆਇਆ।। (ਭਾ.ਗੁ. ਵਾਰ 10-11)

ਦੁੱਧ ਪਿਆਉਣ ਵਾਲੀ ਘਟਨਾ ਪੰਡਰਪੁਰ ਵਿਚ ਵਾਪਰੀ ਸੀ ਅਤੇ ਇਹ ਸਥਾਨ ਅੱਜ ਕੱਲ ਪਵਿੱਤਰ ਤੀਰਥ ਹੈ। ਇਸ ਨਾਲ ਇਹ ਸਪਸ਼ਟ ਹੋ ਜਾਂਦਾ ਹੈ ਕਿ ਭਗਤ ਨਾਮਦੇਵ ਅੰਦਰ ਧਾਰਮਿਕ ਜਗਿਆਸਾ ਅਤੇ ਧਾਰਮਿਕ ਸੰਭਾਵਨਾਵਾਂ ਬਚਪਨ ਵਿਚ ਹੀ ਪ੍ਰਗਟ ਹੋਣ ਲਗ ਪਈਆਂ ਸਨ। ਪਿਉ ਦਾਦੇ ਦੇ ਧੰਦੇ ਦੀ ਥਾਂ ਭਗਤ ਜੀ ਨੇ ਧਰਮ ਪ੍ਰਚਾਰ ਅਤੇ ਲੋਕ ਸੇਵਾ ਵਾਲੇ ਪਾਸੇ ਜੀਵਨ ਲਾ ਦਿੱਤਾ ਸੀ। ਇਸ ਕੰਮ ਵਾਸਤੇ ਉਨ੍ਹਾਂ ਨੂੰ ਵੱਖ ਵੱਖ ਥਾਵਾਂ ਤੇ ਜਾਣਾ ਪੈਂਦਾ ਸੀ। ਪੰਜਾਬ ਵਿਚ ਕਾਫੀ ਸਮਾਂ ਉਨ੍ਹਾਂ ਨੂੰ ਰਹਿਣਾ ਪਿਆ। ਉਨ੍ਹਾਂ ਦੀ ਯਾਦ ਵਿਚ ਘੁਮਾਣ ਜ਼ਿਲ੍ਹਾ ਗੁਰਦਾਸਪੁਰ ਵਿਚ ਧਰਮ ਸਥਾਨ ਬਣਿਆ ਹੋਇਆ ਹੈ। ਪੰਜਾਬ ਨਾਲ ਭਗਤ ਜੀ ਦਾ ਅਟੁੱਟ ਰਿਸ਼ਤਾ ਹੈ ਜੋ ਉਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹੋਣ ਕਰਕੇ ਵੀ ਪੱਕਾ ਹੋ ਗਿਆ ਹੈ। ਪੰਜਾਬ ਤਾਂ ਪ੍ਰੋ: ਪੂਰਣ ਸਿੰਘ ਦੇ ਸ਼ਬਦਾਂ ਵਿਚ ਗੁਰਾਂ ਦੇ ਨਾਮ ਤੇ ਜਿਉਂਦਾ ਹੈ। ਗੁਰੂ ਦੇ ਨਾਮ ਦਾ ਮੂਲ ਸੋਮਾ ਸ੍ਰੀ ਗੁਰੂ ਗ੍ਰੰਥ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ, ਬਾਣੀ ਦਾ ਸਾਗਰ ਹੋਣ ਕਰਕੇ ਗੁਰੂਆਂ ਦੇ ਪੈਰੋਕਾਰਾਂ ਵਾਸਤੇ

ਜਾਗਤ ਜੋਤਿ ਅਤੇ ਜ਼ਾਹਰਾ ਜ਼ਹੂਰ ਹੈ। ਜਿਸ ਕਿਸੇ ਦਾ ਸਿਰ ਸ੍ਰੀ ਗੁਰੂ ਗ੍ਰੰਥ ਸਾਹਿਬ, ਅੱਗੇ ਝੁਕਦਾ ਹੈ, ਉਸ ਦਾ ਸਿਰ ਭਗਤ ਨਾਮਦੇਵ ਜੀ ਅੱਗੇ ਵੀ ਝੁਕਦਾ ਹੈ। ਭਗਤ ਜੀ 1270 ਤੋਂ 1350 ਈਃ ਤੱਕ ਜਗਤ ਕਲਿਆਣ ਵਿਚ ਰੁਝੇ ਰਹੇ ਸਨ।

**ਭਗਤ ਜੀ ਬਾਣੀਕਾਰ ਵਜੋਂ :**

ਭਗਤ ਨਾਮਦੇਵ ਜੀ ਦੀ ਬਾਣੀ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਹੈ ਅਤੇ ਗੁਰੂ ਸਾਹਿਬਾਨ ਨੇ ਭਗਤ ਨਾਮਦੇਵ ਜੀ ਦਾ ਨਾਮ ਪਹੁੰਚੇ ਹੋਏ ਸੰਤ ਵਜੋਂ ਪ੍ਰਵਾਨ ਕੀਤਾ ਹੋਇਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਭੈਰਉ ਰਾਗ ਵਿਚ ਭਗਤ ਜੀ ਨੇ ਆਪਣੀ ਹੀਨੜੀ ਜਾਤ ਦਾ ਜ਼ਿਕਰ ਕਰਦਿਆਂ, ਸ਼ਰਧਾ, ਵਿਸ਼ਵਾਸ ਅਤੇ ਭਗਤੀ ਦੇ ਨਿਸ਼ਚਿਤ ਬੋਲਬਾਲੇ ਦੀ ਗੱਲ ਕੀਤੀ ਹੋਈ ਹੈ।

ਹੀਨੜੀ ਜਾਤਿ ਮੇਰੀ ਜਾਦਿਮ ਰਾਇਆ।। ਛੀਪੇ ਕੇ ਜਨਮਿ ਕਾਹੇ ਕਉ ਆਇਆ।। ਰਹਾਉ।।
ਜਿਉ ਜਿਉ ਨਾਮਾ ਹਰਿ ਗੁਣ ਉਚਰੇ।। ਭਗਤ ਜਨਾ ਕਉ ਦੇਹੁਰਾ ਫਿਰੈ।। ਪੰਨਾ 1164

ਭਗਤ ਨਾਮਦੇਵ ਜੀ ਪ੍ਰਮਾਤਮਾ ਦੇ ਪ੍ਰਬੰਧ ਵਿਚ ਦਖਲ ਅੰਦਾਜ਼ੀ ਕਰਨ ਅਰਥਾਤ ਕਰਾਮਾਤੀ ਜੁਗਤ ਨੂੰ ਅਪਨਾਉਣ ਦੇ ਖਿਲਾਫ ਸਨ। ਕਿਸੇ ਕਿਸਮ ਦੇ ਭੈਅ ਅਧੀਨ ਵਿਚਰਨ ਦਾ ਉਹ ਵਿਰੋਧ ਕਰਦੇ ਸਨ। ਆਪਣੇ ਸਮੇਂ ਦੇ ਹਾਕਮਾਂ ਹੱਥੋਂ ਉਨ੍ਹਾਂ ਨੂੰ ਕਸ਼ਟ ਝਲਣੇ ਪਏ, ਪਰੰਤੂ ਉਨ੍ਹਾਂ ਨੇ ਆਪਣਾ ਸਿਧਾਂਤਕ ਪਹਿਲੂ ਹਮੇਸ਼ਾ ਸਾਹਮਣੇ ਰੱਖਿਆ ਸੀ। ਭਗਤ ਜੀ ਹੀ ਇਹ ਕਹਿ ਸਕੇ ਸਨ :

ਇਸ ਪਤੀਆ ਕਾ ਇਹੈ ਪਰਵਾਨੁ।। ਸਚਿ ਸੀਲਿ ਚਾਲਹੁ ਸੁਲਿਤਾਨ।। ਭੈਰਉ ਨਾਮਦੇਵ (ਪੰਨਾ 1166)

ਭਗਤ ਜੀ ਨੇ ਪ੍ਰੇਮਾ ਭਗਤੀ ਦਾ ਸੰਦੇਸ਼ ਮਹਾਂਰਾਸ਼ਟਰ ਤਕ ਹੀ ਸੀਮਤ ਨਹੀ ਰੱਖਿਆ। ਉਹ ਪੰਜਾਬ ਤੱਕ ਲੋਕ ਕਲਿਆਣ ਹਿੱਤ ਪਹੁੰਚੇ ਸਨ। ਆਪ ਜੀ ਦੀ ਰਚਨਾ ਭਾਵੇਂ ਮਰਾਠੀ ਅਤੇ ਸੰਤ ਭਾਸ਼ਾ ਦੋਹਾਂ ਵਿਚ ਮਿਲਦੀ ਹੈ, ਪਰੰਤੂ ਉਨ੍ਹਾਂ ਦੀ ਜੋ ਰਚਨਾ ਅੱਜ ਪਰਮਾਣਿਕ ਮੰਨੀ ਜਾਂਦੀ ਹੈ, ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਉਨ੍ਹਾਂ ਦੀ ਰਚਨਾ ਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਨ੍ਹਾਂ ਦੀ ਰਚਨਾ ਵੱਖੋ-ਵੱਖ ਅਠਾਰਾ ਰਾਗਾਂ ਵਿਚ ਅੰਕਿਤ ਹੈ। ਇਸ ਦਾ ਕੁਲ ਜੋੜ ਇਕਾਹਠ (61) ਸ਼ਬਦ ਬਣਦੇ ਹਨ। ਇਸ ਦੇ ਆਧਾਰ ਤੇ ਕੁਝ ਸੰਕਲਪਾਂ ਦਾ ਵਿਸਥਾਰ ਅੱਗੇ ਦਿੱਤਾ ਜਾ ਰਿਹਾ ਹੈ। ਭਗਤ ਜੀ ਦੇ ਸ਼ਬਦਾਂ ਵਿਚ ਇਹ ਸੰਕਲਪ ਪ੍ਰਾਪਤ ਹਨ :

**ਸਤਿ ਦਾ ਸੰਕਲਪ**

ਪ੍ਰਮਾਤਮਾ ਹੀ ਸਤਿ ਹੈ। ਭਗਤ ਜੀ ਨੇ ਪ੍ਰਮਾਤਮਾ ਜਾਂ ਸਤਿ ਦੀ ਪ੍ਰਤੀਨਿਧਤਾ ਵਾਸਤੇ ਜੋ ਸ਼ਬਦ ਵਰਤੇ ਹਨ, ਉਨ੍ਹਾਂ ਨੂੰ ਚਾਰ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ :

1. ਉਹ ਸ਼ਬਦ ਜੋ ਆਮ ਲੋਕਾਂ ਵਿਚ ਪ੍ਰਚਲਿਤ ਹੋਣ ਕਰਕੇ ਮਾਨਵ ਮਾਨਸਿਕਤਾ ਦੇ ਨੇੜੇ ਹਨ। ਉਦਾਹਰਣ ਵਜੋਂ 'ਰਾਮ', 'ਹਰੀ', 'ਨਰਾਇਣ' ਅਤੇ 'ਅੱਲ੍ਹਾ' ਆਦਿ।
2. ਉਹ ਸ਼ਬਦ ਜੋ ਖਾਸ ਇਲਾਕੇ ਜਾਂ ਖਾਸ ਸਥਾਨ ਵਿਚ ਨਿਸ਼ਚਿਤ ਅਰਥਾਂ ਵਿਚ ਵਰਤੇ ਜਾਂਦੇ ਸਨ, ਜਿਵੇਂ 'ਬੀਠਲ' ਆਦਿ।
3. ਉਹ ਸ਼ਬਦ ਜੋ ਅਨੁਭਵ ਦੇ ਪ੍ਰਗਟਾਵੇ ਵਾਸਤੇ ਸੰਤ, ਭਗਤ ਲੋੜ ਮੁਤਾਬਿਕ ਘੜ ਲੈਂਦੇ ਸਨ। ਜਿਵੇਂ ਬੇਢੀ ਅਤੇ ਗੋਪਾਲ ਆਦਿ।
4. ਉਹ ਸ਼ਬਦ ਜੋ ਗੁਣਾਂ ਦੇ ਆਧਾਰ ਤੇ ਸਿਰਜੇ ਗਏ ਸਨ, ਜਿਵੇਂ ਜਗਜੀਵਨ ਅਤੇ ਪੁਰਸ਼ੋਤਮ ਆਦਿ।

ਇਹ ਵੰਡ ਸਮਝਣ ਦੀ ਸਹੂਲਤ ਵਾਸਤੇ ਹੈ ਅਤੇ ਇਸ ਦਾ ਭਗਤ ਜੀ ਨੂੰ ਕੋਈ ਬੰਧਨ ਨਹੀਂ ਹੈ। ਭਗਤ ਜੀ ਵਲੋਂ ਇਤਿਹਾਸਕ ਨਾਵਾਂ ਦੀ ਵਰਤੋਂ ਵੀ ਸਤਿ ਪ੍ਰਗਟਾਵੇ ਦਾ ਮਾਧਿਅਮ ਮਾਤਰ ਹੈ। ਭਗਤ ਜੀ ਜਦੋਂ ਸ਼ਬਦ 'ਰਾਮ' ਵਰਤਦੇ ਹਨ ਤਾਂ ਇਸ ਨੂੰ ਦੈਵੀ ਸ਼ਕਤੀ-ਪ੍ਰਤੀਕ ਪ੍ਰਵਾਨ ਕਰਦੇ ਹਨ। ਇਸ ਸ਼ਬਦ ਨਾਲ ਜੋ ਸਤਿ-ਪ੍ਰਕਾਸ਼ਨ ਹੁੰਦਾ ਹੈ, ਉਸ ਨੂੰ ਮਾਨਸਿਕ ਪਰਿਵਰਤਨ ਵਾਸਤੇ ਸਮਰਥ ਤੇ ਅਚੁੱਕ ਮਾਧਿਅਮ ਪਰਵਾਨ ਕੀਤਾ ਗਿਆ ਹੈ :

ਰਾਮ ਕਹਤ ਜਨ ਕਸ ਨ ਤਰੇ।। ਗਉੜੀ (ਪੰਨਾ 345)

ਭਗਤ ਜੀ ਦਾ ਵਿਸ਼ਵਾਸ ਹੈ ਕਿ ਪਰਮਾਤਮਾ ਸਰਬੋਤਮ ਸਤਿ ਹੋਣ ਕਰਕੇ ਸਾਰੀ ਉਤਪਤੀ ਤੋਂ ਉੱਪਰ ਵੀ ਹੈ ਅਤੇ ਵਿਚ ਰਮਿਆ ਹੋਇਆ ਵੀ ਹੈ। ਪਰਮਾਤਮਾ ਤੋਂ ਬਿਨਾਂ ਕਲਪਨਾ ਕੀਤੀ ਉਤਪਤੀ ਨੂੰ ਭਗਤ ਜੀ ਨੇ 'ਪਰਪੰਚ' ਪਰਵਾਨ ਕੀਤਾ

ਹੈ। ਪਰੰਤੂ ਇਹ ਪਰਪੰਚ ਵੀ ਪਰਮਾਤਮਾ ਦੀ ਹੀ ਲੀਲ੍ਹਾ ਹੈ :

ਇਹ ਪਰਪੰਚੁ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨਾ ਹੋਈ।। (ਪੰਨਾ 485)

ਸਪਸ਼ਟ ਹੋਇਆ ਕਿ ਸੰਸਾਰ ਪ੍ਰਭੂ ਲੀਲ੍ਹਾ ਹੋਣ ਕਰਕੇ ਪ੍ਰਭੂ ਦਾ ਹੀ ਹਿੱਸਾ ਹੈ। ਇਸ ਲੀਲ੍ਹਾ ਦਾ ਕਰਤਾ ਹੋਣ ਕਰਕੇ ਪਰਮਾਤਮਾ ਇਸ ਤੋਂ ਵੱਖਰਾ ਵੀ ਨਹੀਂ ਹੈ ਪਰੰਤੂ ਇਸ ਤੋਂ ਉਪਰ ਹੋਣ ਕਰਕੇ ਵੱਖਰਾ ਵੀ ਹੈ। ਗੁਰਬਾਣੀ ਵਿਚ ਇਸ ਨੂੰ ਸਰਗੁਣੀ ਅਤੇ ਨਿਰਗੁਣ ਦੀ ਸੰਗਿਆ ਦਿੱਤੀ ਗਈ ਹੈ। ਇਸ ਨੂੰ ਭਗਤ ਜੀ ਨੇ ਪ੍ਰਭੂ ਦੀ ਸਰਬ ਵਿਆਪਕਤਾ ਵਜੋਂ ਪ੍ਰਵਾਨ ਕੀਤਾ ਹੋਇਆ ਹੈ।

ਸਭੁ ਗੋਬਿੰਦ ਹੈ ਸਭੁ ਗੋਬਿੰਦ ਹੈ, ਗੋਬਿੰਦ ਬਿਨੁ ਨਹੀਂ ਕੋਈ।। (ਪੰਨਾ 485ਨਯੈਃਭਗਤ ਨਾਮਦੇਵ ਜੀ ਸਤਿ ਨੂੰ ਸੀਮਾ ਵਿਚ ਨਹੀਂ ਵੇਖਦੇ। ਸਤਿ ਕਿਸੇ ਜਾਤੀ ਜਾਂ ਇਲਾਕੇ ਜਾਂ ਵਿਅਕਤੀ ਦੀ ਮਲਕੀਅਤ ਨਹੀਂ ਹੈ।

ਹਿੰਦੂ ਪੂਜੇ ਦੇਹੁਰਾ ਮੁਸਲਮਾਣ ਮਸੀਤਿ।।
ਨਾਮੇ ਸੋਈ ਸੇਵਿਆ ਜਹ ਦੇਹੁਰਾ ਨਾ ਮਸੀਤਿ।। (ਪੰਨਾ 875)

ਭਗਤ ਜੀ ਸਤਿ ਨੂੰ ਅਨੁਭਵ ਦਾ ਵਿਸ਼ਾ ਪਰਵਾਨ ਕਰਦੇ ਹਨ। ਸਤਿ ਮਾਲਕ ਪਰਮਾਤਮਾ ਹੈ। ਪਰਮਾਤਮਾ ਇਸ ਤਰ੍ਹਾਂ ਬਖਸਿਸ਼ਾਂ ਕਰਨ ਵਾਲਾ ਹੈ। ਕੁਝ ਵੀ ਪ੍ਰਭੂ ਤੋਂ ਓਹਲੇ ਨਹੀਂ ਹੈ। ਪ੍ਰਭੂ ਗੁਣਾਂ ਦਾ ਬਖਾਨ ਮੁਸ਼ਕਲ ਹੈ।

ਤੂੰ ਦਾਨਾਂ ਤੂੰ ਬੀਨਾ ਮੈਂ ਬੀਚਾਰ ਕਿਆ ਕਰੀ।।
ਨਾਮੇ ਕੋ ਸੁਆਮੀ ਬਖਸ਼ੰਦ ਤੂੰ ਹਰੀ।। (ਪੰਨਾ 727)

ਮਨੁੱਖ ਨੂੰ ਉਤਪਤੀ ਦਾ ਉਤਮ ਅੰਗ ਪਰਵਾਨ ਕਰਦਿਆਂ ਮਨੁੱਖ ਅਤੇ ਪਰਮਾਤਮਾ ਦੇ ਅਟੁੱਟ ਰਿਸ਼ਤੇ ਦੇ ਨਾਲ ਨਾਲ ਪਰਮਾਤਮਾ ਦਾ ਜਿਹੜਾ ਸਰੂਪ ਭਗਤ ਨਾਮਦੇਵ ਜੀ ਦੀ ਬਾਣੀ ਵਿਚੋਂ ਉਘੜਦਾ ਹੈ, ਉਹ ਗੁਣਾਂ ਤੇ ਆਧਾਰਤ ਹੈ। ਪਰਮਾਤਮਾ ਦਾ ਅਸਲ ਰੂਪ ਤਾਂ ਸਤਿਰੂਪ ਹੀ ਹੈ। ਇਸ ਨੂੰ ਵੇਖਣ ਵਿਖਾਣ ਦੀ ਥਾਂ ਕੇਵਲ ਅਨੁਭਵ ਹੀ ਕੀਤਾ ਜਾ ਸਕਦਾ ਹੈ। ਅਨੁਭਵ ਦੀ ਅੱਖ ਨਾਲ ਕਰਤਾ ਨੂੰ ਉਸ ਦੀ ਕਿਰਤ ਵਿਚੋਂ ਪਛਾਣਿਆ ਜਾ ਸਕਦਾ ਹੈ। ਇਸ ਪਛਾਣ ਨਾਲ ਹੋਣ ਵਾਲੇ ਪਰਿਵਰਤਨ ਨੂੰ ਮੁਕਤੀ ਪਰਵਾਨ ਕੀਤਾ ਗਿਆ ਹੈ। ਮਾਨਵ ਵਾਸਤੇ ਮੁਕਤੀ ਵੱਡੀ ਪ੍ਰਾਪਤੀ ਹੈ। ਮੁਕਤੀ ਦੇ ਅਰਥ ਨੂੰ ਕਿਸੇ ਤਰ੍ਹਾਂ ਦੀ ਕਾਲਪਨਿਕ ਪ੍ਰਾਪਤੀ ਨਾਲ ਨਹੀਂ ਜੋੜਿਆ ਗਿਆ। ਮੁਕਤੀ ਵਾਸਤੇ ਜਿਸ ਮਾਨਵ ਗੁਣ ਵਲ ਇਸ਼ਾਰਾ ਕੀਤਾ ਗਿਆ ਹੈ, ਉਹ ਹੈ ਸ਼ਰਣ ਜਾਂ ਸਮਰਪਣ। ਮੁਕਤੀ ਦੀ ਇਕ ਨਿਸ਼ਾਨੀ ਚਰਿਤਰ ਦੀ ਸੋਭਾ ਜਾਂ ਵਿਵਹਾਰ ਦੀ ਵਡਿਆਈ ਹੈ। ਮਾਇਆ ਦੇ ਰੰਗ, ਮੁਕਤ-ਮਾਰਗ ਦੀਆਂ ਰੁਕਾਵਟਾਂ ਹਨ। ਇਨ੍ਹਾਂ ਪ੍ਰਤੀ ਚੇਤਨਾ ਮਾਨਵ ਦੀ ਦ੍ਰਿੜ੍ਹਤਾ ਦਾ ਆਧਾਰ ਹੈ। ਭਗਤ ਜੀ ਦਾ ਵਿਸ਼ਵਾਸ ਹੈ ਕਿ, ''ਮਾਇਆ ਚਿਤ੍ਰ ਚਿਤ੍ਰ ਬਿਮੋਹਿਤ ਬਿਰਲਾ ਬੁਝੈ ਕੋਈ।'' ਜੇ ਸੁਝ ਪ੍ਰਾਪਤ ਹੋ ਜਾਵੇ ਤਾਂ ''ਨੇਰੇ ਨਾਹੀ ਦੂਰਿ'' ਦਾ ਵਿਸ਼ਵਾਸ ਬੱਝ ਜਾਂਦਾ ਹੈ। ਫੈਸਲਾ ਇਹ ਦਿੱਤਾ ਹੈ :

ਚਾਰਿ ਮੁਕਤਿ ਚਾਰੈ ਸਿਧਿ ਮਿਲਿਕੇ ਦੂਲਹ ਪ੍ਰਭੂ ਦੀ ਸਰਨ ਪਰਿਉ।।
ਮੁਕਤਿ ਭਇਓ ਚਉਹੰ ਜੁਗ ਜਾਨਿਓ ਜਸ ਕੀਰਤਿ ਮਾਥੈ ਛਤ੍ਰ ਧਾਰਿਓ।। (ਮਾਰੂ,ਪੰਨਾ 1105)

ਇਸ ਵਾਸਤੇ ਜੋ ਸਮਰਥ ਮਾਧਿਅਮ ਭਗਤ ਜੀ ਨੇ ਪਰਵਾਨ ਕੀਤਾ ਹੈ, ਉਹ ਨਾਮ ਸਿਮਰਨ ਹੈ, ਇਹ ਸਾਧਨ ਏਕਮ ਸਤਿ ਤਕ ਲੈ ਜਾਂਦਾ ਹੈ। ਸਤਿ ਅਨੁਭਵ ਕੀਤਾ ਜਾਣਾ ਹੈ ਅਤੇ ਇਸ ਨੂੰ ਕਿਸੇ ਕਿਸਮ ਦੀ ਵਰਗ-ਵੰਡ ਦੀ ਕੋਈ ਮੁਥਾਜੀ ਨਹੀਂ ਹੈ। ਭਗਤ ਜੀ ਦਾ ਸਤਿ ਪ੍ਰਤੀ ਇਹ ਵਿਸ਼ਵਾਸ ਹੈ :-

ਕਾਇ ਰੇ ਬਕਬਾਦੁ ਲਾਇਉ।।
ਜਿਨਿ ਹਰਿ ਪਾਇਉ ਤਿਨਹਿ ਛਪਾਇਉ।। (ਪੰਨਾ ੭੧੮)

ਅਗਿਆਨ ਜਾਂ ਓਹਲਾ ਮਾਇਆ ਕਾਰਣ ਹੈ ਪਰੰਤੂ ਕੇਵਲ ਮਾਤਰ ਭ੍ਰਾਂਤੀ ਨਹੀਂ ਹੈ। ਮਾਇਆ ਨੂੰ ਭ੍ਰਾਂਤੀ ਉਤਪਾਦਕ ਜ਼ਰੂਰ ਕਿਹਾ ਜਾ ਸਕਦਾ ਹੈ। ਕਿਉਂਕਿ ਮਾਇਆ ਸਤਿ ਅਤੇ ਭ੍ਰਾਤੀ ਦੋਹਾਂ ਨਾਲ ਜੁੜੀ ਹੋਈ ਹੈ। ਭਗਤ ਨਾਮਦੇਵ ਜੀ ਮਾਇਆ ਨੂੰ ਉਤਪਤੀ ਦਾ ਕਾਰਣ ਵੀ ਮੰਨਦੇ ਹਨ, ''ਮਾਇਆ ਨਾਮੁ ਗਰਭ ਜੋਨਿ ਕਾ (ਪੰਨਾ 657)''। ਅਸਲ ਵਿਚ ਉਤਪਤੀ 'ਹੁਕਮ' ਅਧੀਨ ਹੀ ਹੁੰਦੀ ਮੰਨੀ ਗਈ ਹੈ। ਅੱਗੋਂ ਦਾਨਸ਼ਵਰਾਂ ਨੇ ਇਸ ਨੂੰ ਸਮਝਾਉਣ ਵਾਸਤੇ ਸੂਰਜ ਅਤੇ ਕਿਰਨਾਂ ਦੀ ਉਦਾਹਰਣ ਲੈ ਲਈ ਹੈ ਅਤੇ ਕਿਸੇ ਥਾਂ ਦੁੱਧ ਅਤੇ ਦਹੀਂ ਦੀ ਉਦਾਹਰਣ ਲੈ ਲਈ ਹੈ। ਪਹਿਲੀ ਉਦਾਹਰਣ ਵਿਚ ਆਕਾਰ ਕਿਰਣ, ਸ੍ਰੋਤ ਸੂਰਜ ਦੇ ਆਸਰੇ ਹੈ। ਦੂਜੀ ਉਦਾਹਰਣ ਵਿਚ ਰੂਪ-ਦਹੀਂ, ਸ੍ਰੋਤ-ਦੁੱਧ ਨਾਲੋਂ ਵੱਖ ਨਹੀਂ ਵੀ ਹੈ ਅਤੇ

ਸੁੰਤਤਰ ਵੀ ਹੈ। ਸੋ ਸਪਸ਼ਟ ਹੋਇਆ ਕਿ ਉਤਪਤੀ ਦਾ ਅਰਥ ਹੈ, ਜੋ ਨਹੀਂ ਸੀ ਜਾਂ ਨਜ਼ਰ ਨਹੀਂ ਆਉਂਦਾ ਸੀ, ਉਹ ਹੋ ਗਿਆ ਜਾਂ ਨਜ਼ਰ ਆਉਣ ਲੱਗ ਪਿਆ। ਇਸ ਦਾ ਇਕ ਪੱਖ ਮਾਇਆ ਹੈ ਜਾਂ ਬਿਨਸਣਹਾਰਤਾ ਹੈ। ਇਸ ਪ੍ਰਸੰਗ ਵਿਚ ਨਾਮਦੇਵ ਜੀ ਦਾ ਮਤਿ ਹੈ :

ਝੂਠੀ ਮਾਇਆ ਦੇਖਿ ਕੈ ਭੂਲਾ ਰੇ ਮਨਾ। (ਪੰਨਾ ੪੮੬)

ਇਸ ਬਾਰੇ ਭਰਮਜਾਲ ਵਿਚੋਂ ਕੱਢਦੀ ਹੈ ਜਾਂ ਮੁਕਤ ਕਰਦੀ ਹੈ ਸ਼ਬਦ-ਸੂਝ। ਸ਼ਬਦ-ਸੂਝ, ਸ਼ਬਦ ਦਾ ਮਨ ਵਿਚ ਵੱਸ ਜਾਣਾ ਹੈ। ਇਹ ਮਨ ਦੀ ਸਹਜ ਸਥਾਪਨਾ ਹੈ। ਇਸ ਨੂੰ ਨਾਮਦੇਵ ਜੀ ਨੇ ''ਤੱਤ ਪਛਾਨਣ'' ਦੀ ਸੰਗਿਆ ਦਿੱਤੀ ਹੋਈ ਹੈ :

ਗੁਰ ਚੇਲੇ ਹੈ ਮਨੁ ਮਾਨਿਆ।।ਜਨੁ ਨਾਮੈ ਤਤੁ ਪਛਾਨਿਆ।। (ਪੰਨਾ ੬੫੭)

ਇਸੇ ਲਈ ਮੁਕਤੀ, ਉਤਪਤੀ ਨੂੰ ਪਛਾਣ ਲੈਣ ਵਿਚ ਹੀ ਪਰਵਾਨ ਹੋਈ ਹੈ। ਇਹ ਪਛਾਣ ਬੌਧਿਕ ਨਹੀਂ, ਅਨੁਭਵੀ ਹੈ। ਇਸੇ ਲਈ ਇਹ ਪਛਾਣ ਅੰਦਰੋਂ ਬਾਹਰ ਵਲ ਵਿਕਾਸ ਹੈ :-

ਕਹਤ ਨਾਮਦੇਉ ਹਰਿ ਕੀ ਰਚਨਾ ਦੇਖਹੁ ਰਿਦੈ ਬੀਚਾਰੀ।। (ਪੰਨਾ ੪੮੫)

ਉਤਪਤੀ ਅਤੇ ਮੁਕਤੀ ਨਾਲ ਸੰਬੰਧਤ ਚਰਚਾ ਨੂੰ ਵਿਸ਼ਵਾਸ ਮੂਲਕ ਸਕ੍ਰਿਆ ਸਮਰਪਨ ਨਾਲ ਜੋੜਿਆ ਹੋਇਆ ਹੈ :

ਮੇਰਾ ਕੀਆ ਕਛੂ ਨ ਹੋਇ।।
ਕਰਿ ਹੈ ਰਾਮੁ ਹੋਇ ਹੈ ਸੋਇ।। (ਪੰਨਾ ੧੧੬੫)

ਇਸ ਨਾਲ ਕਰਾਮਾਤੀ ਪ੍ਰਸੰਗ ਜਾਂ ਕਾਲਪਨਿਕ ਉਡਾਰੀ ਦੀ ਲੋੜ ਹੀ ਨਹੀਂ ਰਹੀ। ਸ਼ਬਦ ਦੀ ਸਾਧਨਾ ਦਾ ਮਾਧਿਅਮ ਸਿਮਰਨ ਨੂੰ ਪਰਵਾਨ ਕੀਤਾ ਹੋਇਆ ਹੈ।

**ਨਾਮ ਸਿਮਰਨ**

ਭਗਤ ਨਾਮਦੇਵ ਜੀ ਨੇ ਸਾਰੀਆਂ ਪ੍ਰਾਪਤੀਆਂ ਦਾ ਮੂਲ ਨਾਮ ਸਿਮਰਨ ਨੂੰ ਪ੍ਰਵਾਨ ਕੀਤਾ ਹੈ :

ਨਾਮਦੇਇ ਸਿਮਰਨ ਕਰਿ ਜਾਨਾ।। ਜਗਜੀਵਨ ਸਿਉ ਜੀਉ ਸਮਾਨਾ।। (ਬਿਲਾਵਲ, ਪੰਨਾ 858)

ਇਸ ਧਾਰਨਾ ਨੂੰ ਪਰੰਪਰਕ ਪ੍ਰਸੰਗ ਵਿਚ ਪ੍ਰਸਤੁਤ ਕਰਦਿਆਂ ਇਹ ਵਿਸ਼ਵਾਸ ਸਾਹਮਣੇ ਲਿਆਂਦਾ ਹੈ ਕਿ ਨਾਮ ਸਿਮਰਨ ਦਾ ਪ੍ਰਤੱਖਣ ਹੋ ਚੁੱਕਾ ਹੈ, ਹੋ ਰਿਹਾ ਹੈ ਅਤੇ ਹੁੰਦਾ ਰਹੇਗਾ :

ਕਉਨ ਕੋ ਕਲੰਕੁ ਰਹਿਓ ਰਾਮੁ ਲੇਤ ਹੀ।।
ਪਤਿਤ ਪਵਿਤ ਭਏ ਰਾਮ ਕਹਤ ਹੀ।। (ਟੋਡੀ ਪੰਨਾ 718)

ਨਾਮ ਸਿਮਰਨ ਨੂੰ ਉੱਤਮ ਤਸਲੀਮ ਕੀਤਾ ਹੋਇਆ ਹੈ ਅਤੇ ਇਸ ਦੀ ਪਾਲਨਾ ਵਾਸਤੇ ਪ੍ਰੇਰਨਾ ਕੀਤੀ ਹੋਈ ਹੈ :

ਹਰਿ ਕੋ ਨਾਮੁ ਲੈ ਉਤਮ ਧਰਮਾ। (ਗੌਂਡ ਪੰਨਾ 874)

ਇਥੋਂ ਤਕ ਕਿ ਜਾਤ ਪਾਤ ਵਰਗੇ ਵਿਤਕਰੇ ਤੋਂ ਮੁਕਤ ਕਰ ਦੇਣ ਦੀ ਸਮਰਥਾ ਵੀ ਨਾਮ ਸਿਮਰਨ ਨਾਲ ਪੈਦਾ ਹੋ ਜਾਂਦੀ ਮੰਨੀ ਹੋਈ ਹੈ :

ਹਰਿ ਹਰਿ ਕਰਤ ਜਾਤਿ ਕੁਲ ਹਰਿ।। (ਗੌਂਡ ਪੰਨਾ 874)

ਭਗਤ ਜੀ ਤਾਂ ਆਪਣਾ ਧੜਾ ਵੀ ਸਪਸ਼ਟ ਕਰਦੇ ਹਨ। ਇਹ ਧੜਾ ਧਰਮ ਦਾ ਹੈ। ਇਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਕਿਸ ਕਿਸਮ ਦਾ ਭਾਈਚਾਰਾ ਸਿਰਜਣ ਦੀ ਨਾਮਦੇਵ ਜੀ ਨੇ ਕਲਪਨਾ ਕੀਤੀ ਹੋਈ ਹੈ :

ਜੋ ਨ ਭਜੰਤੇ ਨਾਰਾਇਣਾ।। ਤਿੰਨ ਕਾ ਮੈ ਨਾ ਕਰਉ ਦਰਸਨਾ।। (ਭੈਰਉ, ਪੰਨਾ 1163)

ਭਗਤ ਜੀ ਦੀ ਅਰਦਾਸ ਵੀ ਨਾਮ ਸਿਮਰਨ ਤੇ ਹੀ ਕੇਂਦਰਤ ਹੈ। ਨਾਮ ਸਿਮਰਨ ਦਾ ਮਾਨਵ ਵਾਸਤੇ ਉਹੀ ਮਹੱਤਵ ਹੈ, ਜੋ ਅੰਨੇ ਵਾਸਤੇ ਸੋਟੀ ਦਾ ਹੋ ਸਕਦਾ ਹੈ :

ਮੈਂ ਅੰਧਲੇ ਕੀ ਟੇਕ ਤੇਰਾ ਨਾਮ ਖੁੰਦਕਾਰਾ।।
ਮੈਂ ਗਰੀਬ ਮੈਂ ਮਸਕੀਨ ਤੇਰਾ ਨਾਮੁ ਹੈ ਆਧਾਰਾ।। (ਤਿਲੰਗ, ਪੰਨਾ 727)

ਨਾਮ ਸਿਮਰਨ ਕਰਮ-ਕਾਂਡ ਨਹੀਂ ਹੈ, ਇਹ ਤਾਂ ਸਮਰਪਨ ਹੈ, ਚੇਤਨਾ ਹੈ, ਗਿਆਨ ਹੈ ਅਤੇ ਅਨੁਭਵ ਹੈ। ਆਦੇਸ਼

ਕੀਤਾ ਹੋਇਆ ਹੈ ਕਿ ਦੁਬਿਧਾ ਵਿਚ ਇਸ ਦੀ ਪ੍ਰਾਪਤੀ ਨਹੀਂ ਹੁੰਦੀ :

ਕਾਹੈ ਕਉ ਕੀਜੈ ਧਿਆਨ ਜਪੰਨਾ।।
ਜਬ ਤੇ ਸੁਧੁ ਨਾਹੀ ਮਨੁ ਅਪਨਾ।। ਆਸਾ, ਪੰਨਾ 485

ਸੋ ਨਾਮਦੇਵ ਜੀ ਅਨੁਸਾਰ ਨਾਮ ਸਿਮਰਨ ਆਦਰਸ਼ ਵੀ ਹੈ, ਜੀਵਨ ਸ੍ਰੋਤ ਵੀ ਹੈ ਅਤੇ ਸਾਧਨ ਵੀ ਹੈ। ਇਸ ਨੂੰ ਕੇਵਲ ਮਨੁੱਖਾ ਜਨਮ ਵਿਚ ਹੀ ਵਰਤਿਆ ਜਾਂ ਹੰਢਾਇਆ ਜਾ ਸਕਦਾ ਹੈ। ਇਸ ਦੇ ਸਿੱਟੇ ਅਚੁੱਕ ਹਨ ਅਤੇ ਇਨ੍ਹਾਂ ਦੀ ਪੁਸ਼ਟੀ ਪਰੰਪਰਾ ਅਤੇ ਸਿਧਾਂਤ ਵਿਚੋਂ ਹੋ ਜਾਂਦੀ ਹੈ। ਨਾਮ ਸਿਮਰਨ ਤਾਂ ਸ਼ਬਦ ਦਾ ਹੀ ਕਰਨ ਲਈ ਆਖਿਆ ਹੈ। ਇਸ ਦੇ ਨਾਲ ਗੁਰੂ ਦਾ ਮਹੱਤਵ ਵੀ ਇਸ ਪ੍ਰਸੰਗ ਵਿਚ ਪਰਵਾਨ ਕੀਤਾ ਹੋਇਆ ਹੈ।

**ਗੁਰੂ**

ਭਗਤ ਜੀ ਅਨੁਸਾਰ ਗੁਰੂ ਦੇ ਅਰਥ ਅਗਿਆਨ ਦੂਰ ਕਰਨ ਵਾਲਾ ਅਤੇ ਸੱਚ ਨੂੰ ਹਿਰਦੇ ਵਿਚ ਵਸਾਉਣ ਵਾਲਾ ਹੈ। ਗੁਰੂ ਦੀ ਵਿਆਖਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਅਰਜਨ ਦੇਵ ਜੀ ਵਲੋਂ ਇਸ ਤਰ੍ਹਾਂ ਕੀਤੀ ਹੋਈ ਹੈ :

ਸਤਿ ਪੁਰਖ ਜਿਨਿ ਜਾਨਿਆ ਸਤਿਗੁਰ ਤਿਸ ਕਾ ਨਾਉ।। ਗਉੜੀ, 286

ਭਗਤ ਜੀ ਦੀ ਬਾਣੀ ਵਿਚੋਂ ਵੀ ਗੁਰੂ ਦੇ ਇਹੀ ਅਰਥ ਹੁੰਦੇ ਹਨ। ਭਗਤ ਜੀ ਵਾਸਤੇ ਗੁਰੂ-ਮਿਲਾਪ ਉੱਤਮ ਪ੍ਰਾਪਤੀ ਹੈ। ਕਿਉਂਕਿ ਉਹ ਗੁਰੂ ਨੂੰ ਅਜਿਹੀ ਸ਼ਕਤੀ ਮੰਨਦੇ ਹਨ, ਜਿਸ ਦੇ ਆਸਰੇ ਨਾਲ ਸੰਸਾਰ ਸਾਗਰ ਨੂੰ ਪਾਰ ਕੀਤਾ ਜਾ ਸਕਦਾ ਹੈ :

ਹੋਹੁ ਦਇਆਲੁ ਸਤਿਗੁਰ ਮੇਲਿ ਤੂੰ ਮੋਕਉ ਪਾਰਿ ਉਤਾਰੇ ਕੇਸਵਾ।। (ਬਸੰਤ, ਪੰਨਾ 1196)

ਇਹ ਗੁਰੂ ਦਾ ਦੇਹਧਾਰੀ ਪ੍ਰਸੰਗ ਨਹੀਂ ਹੈ ਕਿਉਂਕਿ ਭਗਤ ਨਾਮਦੇਵ ਜੀ ਨੇ ਇਹ ਪਰਵਾਨ ਕੀਤਾ ਹੋਇਆ ਹੈ ਕਿ ਗੁਰੂ ਦੀ ਸ਼ਰਨ ਸੰਸਾਰ ਸਮੁੰਦਰ ਤੋਂ ਪਾਰ ਉਤਾਰਦੀ ਹੈ। ਇਹ ਗੁਰੂ ਦਾ ਸ਼ਬਦ ਰੂਪ ਹੀ ਹੈ :

ਜਾ ਕੇ ਮਸਤਕਿ ਲਿਖਿਓ ਕਰਮਾ।। ਸੋ ਭਜਿ ਪਰਿ ਹੈ ਗੁਰੂ ਕੀ ਸਰਨਾ।।
ਕਹਤ ਨਾਮਦੇਉ ਇਹੁ ਬੀਚਾਰੁ।। ਇਨੁ ਬਿਧਿ ਸੰਤਹੁ ਉਤਰਹੁ ਪਾਰਿ।। (ਰਾਗ ਭੈਰਉ, ਪੰਨਾ

ਇਸ ਨੂੰ ਸਪਸ਼ਟ ਕਰਨ ਲਈ ਗੁਰਵਾਕ ਪ੍ਰਸਤੁਤ ਹੈ ਕਿ ਗੁਰੂ ਨੂੰ ਦੇਹ ਦਾ ਬੰਧਨ ਨਹੀਂ ਹੈ। ਗੁਰੂ ਤਾਂ ਕਾਲ ਅਤੀਤ ਹੈ ਅਤੇ ਸਰੀਰ ਕਾਲਾਤੀਤ ਹੋ ਨਹੀਂ ਸਕਦਾ। ਜਨ ਇਥੇ ਮੁਕਤ ਆਤਮਾ ਹੈ ਅਤੇ ਸ਼ਬਦ ਇਸ ਦਾ ਪ੍ਰਤੀਨਿਧ ਹੈ :

ਜਨਮ ਮਰਣੁ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ।।
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ।। (ਪੰਨਾ ੭੪੯)

ਇਸ ਨਾਲ ਗੁਰੂ ਅਤੇ ਉਸਤਾਦ ਦਾ ਫਰਕ ਸਪਸ਼ਟ ਹੋ ਜਾਂਦਾ ਹੈ ਕਿਉਂਕਿ ਗੁਰੂ ਨੂੰ ਸਰੀਰ ਦਾ ਬੰਧਨ ਨਹੀਂ ਹੁੰਦਾ। ਗੁਰੂ ਜੀਵਨ ਦੇਣ ਵਾਲੇ ਗਿਆਨ ਦਾ ਸਰੋਤ ਹੁੰਦਾ ਹੈ। ਜੀਵਨ-ਦਾਤਾ ਗਿਆਨ, ਬਖਸ਼ਿਸ਼ਾਂ ਅਤੇ ਮੁਕਤੀ ਵਲ ਲੈ ਜਾਂਦਾ ਹੈ। ਇਹੀ ਗੁਰੂ ਹੈ ਅਤੇ ਇਹ ਸ਼ਬਦ ਗੁਰੂ ਹੀ ਹੈ। ਇਸ ਗੁਰੂ ਨੇ ਨਾਮਦੇਵ ਨੂੰ ਕਿਥੋਂ ਕਿਥੇ ਪਹੁੰਚਾ ਦਿੱਤਾ, ਇਸ ਦਾ ਵਰਨਣ ਉਨ੍ਹਾਂ ਦੇ ਸ਼ਬਦਾਂ ਵਿਚ ਇਸ ਤਰ੍ਹਾਂ ਹੈ :

ਛੀਪੇ ਕੇ ਘਰਿ ਜਨਮੁ ਦੈਲਾ ਗੁਰ ਉਪਦੇਸ ਭੈਲਾ।।
ਸੰਤਹ ਕੇ ਪਰਸਾਦਿ ਨਾਮਾ ਹਰਿ ਭੇਟੁਲਾ।। (ਰਾਗ ਆਸਾ, ਪੰਨਾ 486)

ਗੁਰੂ ਅਸਲ ਵਿਚ ਗੁਰੂ ਉਪਦੇਸ਼ ਹੀ ਹੈ। ਗੁਰੂ ਨੇ ਸਹਸਾ ਦੂਰ ਕਰਨਾ ਹੈ। ਦੇਹਧਾਰੀ ਗੁਰੂ ਬਾਹਰੋਂ ਅੰਦਰ ਵਲ ਲੈ ਕੇ ਜਾਂਦਾ ਹੈ। ਜਦੋਂ ਕਿ ਸ਼ਬਦ ਗੁਰੂ ਅੰਦਰੋਂ ਬਾਹਰ ਵਲ ਲੈ ਕੇ ਜਾਂਦਾ ਹੈ। ਭਗਤ ਜੀ ਨੇ ਪਰਵਾਨ ਕੀਤਾ ਹੈ ਕਿ ਉਸ ਦਾ ਗੁਰੂ ਤੀਰਥਾਂ ਦੇ ਦਰਸ਼ਨ ਵੀ ਅੰਦਰ ਹੀ ਕਰਵਾ ਦੇਂਦਾ ਹੈ :

ਤੀਰਥ ਦੇਖਿ ਨ ਜਲ ਮਹਿ ਪੈਸਉ ਜੀਅ ਜੰਤ ਨ ਸਤਾਵਉਗੋ।।
ਅਠਸਠਿ ਤੀਰਥ ਗੁਰੂ ਦਿਖਾਏ ਘਟਿ ਹੀ ਭੀਤਰਿ ਨ੍ਹਾਉਗੋ।। (ਰਾਮਕਲੀ, ਪੰਨਾ 973)

ਨਾਮਦੇਵ ਜੀ ਮੁਤਾਬਿਕ ਗੁਰੂ, ਮਨੁੱਖ ਨੂੰ ਦੇਵਤੇਪਨ ਵਿਚ ਪਰਿਵਰਤਤਿ ਕਰਨ ਦੀ ਜੁਗਤਿ ਦਾ ਨਾ ਨਾਮ ਹੈ। ਇਹ ਸਰੀਰ ਨਹੀਂ ਹੋ ਸਕਦਾ ਹੈ। ਜੋ ਸਾਰੇ ਰੋਗਾਂ ਦਾ ਦਾਰੂ ਹੈ। ਇਹ ਅਵਖਧ ਤਾਂ ਸ਼ਬਦ ਹੀ ਹੋ ਸਕਦਾ ਹੈ :

ਨਰ ਤੇ ਸੁਰ ਹੋਇ ਜਾਤ ਨਿਮਖ ਮੈਂ ਸਤਿਗੁਰੂ ਬੁਧਿ ਸਿਖਲਾਈ।।

ਨਰ ਤੇ ਉਪਜਿ ਸੁਰਗ ਕਉ ਜੀਤਿਓ ਸੋ ਅਵਖਧ ਮੈਂ ਪਾਈ।। (ਗੌਂਡ, ਪੰਨਾ 873)

ਸੋ ਸਤਿਗੁਰ ਨੂੰ ਸਫਲ ਜੀਵਨ ਦਾ ਸ੍ਰੋਤ ਪ੍ਰਵਾਨ ਕੀਤਾ ਹੋਇਆ ਹੈ ਅਤੇ ਦੁਖਾਂ ਨੂੰ ਸੁਖਾਂ ਵਿਚ ਤਬਦੀਲ ਕਰਨ ਵਾਲੀ ਜੁਗਤ ਮੰਨਿਆ ਹੈ। ਗਿਆਨ ਦਾ ਸੁਰਮਾ ਵੀ ਆਖਿਆ ਹੈ ਅਤੇ ਜੀਵਨ ਨੂੰ ਸਫਲ ਕਰਨ ਵਾਲਾ ਮਾਰਗ ਵੀ ਐਲਾਨਿਆ ਹੈ। ਇਹ ਪਰਿਵਰਤਨ ਜੁਗਤਿ ਸ਼ਬਦ ਹੀ ਹੈ :

ਸਫਲ ਜਨਮੁ ਮੋ ਕਉ ਗੁਰੂ ਕੀਨਾ।। ਦੁਖ ਬਿਸਾਰਿ ਸੁਖ ਅੰਤਰਿ ਲੀਨਾ।।

ਗਿਆਨ ਅੰਜਨ ਮੋ ਕਉ ਗੁਰਿ ਦੀਨਾ।। ਰਾਮ ਨਾਮ ਬਿਨੁ ਜੀਵਨ ਮਨ ਹੀਨਾ।। (ਬਿਲਾਵਲ, ਪੰਨਾ 857)

ਗੁਰੂ ਗਿਆਨ ਦਾ ਚਸ਼ਮਾ ਹੈ। ਗੁਰੂ ਮਨੁੱਖ ਅੰਦਰ ਸੁੱਤੀਆਂ ਹੋਈਆਂ ਸੰਭਾਵਨਾਵਾਂ ਨੂੰ ਜਗਾ ਦੇਂਦਾ ਹੈ। ਗੁਰੂ, ਸ਼ਬਦ ਨਾਲ ਸਮਸਵਰਤਾ ਹੈ। ਇਸ ਅਕਾਲ ਪੁਰਖ ਦੀ ਟੇਕ ਇਸ ਦੀ ਨਿਸ਼ਾਨੀ ਹੈ। ਗੁਰੂ ਰਾਹੀਂ ਉਹ ਸਵੈ-ਪਰਿਵਰਤਨ (Self Transcendence) ਸੰਭਵ ਹੈ, ਜਿਸ ਰਾਹੀਂ ਇਹ ਸਤਿ ਅਨੁਭਵ ਪ੍ਰਗਟ ਹੋ ਜਾਂਦਾ ਹੈ। ਕਿ ਸਤਿਗੁਰੂ ਦੀ ਸੇਵਾ ਸੱਚ ਹੈ ਤੇ ਬਾਕੀ ਸਭ ਝੂਠ ਹੈ :

ਸਤਿ ਸਤਿ ਸਤਿ ਸਤਿ ਸਤਿ ਗੁਰਦੇਵ।।

ਝੂਠੁ ਝੂਠੁ ਝੂਠੁ ਝੂਠੁ ਆਨ ਸਭ ਸੇਵ।। ਪੰਨਾ 1166

ਸੋ ਸਪਸ਼ਟ ਹੋਇਆ ਹੈ ਕਿ ਭਗਤ ਨਾਮਦੇਵ ਜੀ ਦੀ ਵਿਚਾਰਧਾਰਾ ਗੁਰਮਤਿ ਚਿੰਤਨ ਨਾਲੋਂ ਵੱਖਰੀ ਜਾਂ ਵਿਰੋਧੀ ਨਹੀਂ ਹੈ। ਉਨ੍ਹਾਂ ਦੀ ਬਾਣੀ ਵਿਚ ਸਤਿ, ਉਤਪਤਿ, ਮੁਕਤੀ, ਨਾਮ ਸਿਮਰਨ ਅਤੇ ਗੁਰੂ ਨਾਲ ਸੰਬੰਧਤ ਪਰਤਾਂ ਦਾ ਵਰਨਣ ਕੀਤਾ ਜਾ ਚੁੱਕਾ ਹੈ ਇਸ ਸੰਖੇਪ ਪਰ ਪ੍ਰਸੰਗ ਯੁਕਤ ਚਰਚਾ ਤੋਂ ਇਸ ਸਿੱਟੇ ਤੇ ਪਹੁੰਚਿਆ ਜਾ ਸਕਦਾ ਹੈ ਕਿ ਭਗਤ ਨਾਮਦੇਵ ਜੀ ਦੀ ਬਾਣੀ ਸਿੱਖ ਚਿੰਤਨ ਦਾ ਭਾਗ ਹੈ। ਉਨ੍ਹਾਂ ਦੀ ਬਾਣੀ ਵਿਚ ਜੋ ਮਿਥਿਹਾਸਕ ਸੰਕੇਤ ਪ੍ਰਾਪਤ ਹਨ, ਉਨ੍ਹਾਂ ਦਾ ਪ੍ਰਸੰਗ ਸਥਾਪਨ ਕੀਤੇ ਜਾਣ ਦੀ ਲੋੜ ਹੈ। ਇਹ ਲੋੜ ਭਗਤ ਜੀ ਦੀ ਨਹੀਂ, ਸਗੋਂ ਉਨ੍ਹਾਂ ਤੱਕ ਪਹੁੰਚਣ ਵਾਲੇ ਪਾਠਕਾਂ ਦੀ ਹੈ। ਮਿਥਿਹਾਸ ਨੂੰ ਬਿੰਬਾਂ ਅਤੇ ਸੰਕੇਤਾਂ ਦੇ ਘੇਰੇ ਵਿਚ ਹੀ ਸਮਝੇ ਜਾਣ ਦੀ ਲੋੜ ਹੁੰਦੀ ਹੈ। ਇਸ ਦੀ ਵਿਸਤ੍ਰਿਤ ਚਰਚਾ ਦੀ ਇਥੇ ਗੁੰਜਾਇਸ਼ ਨਹੀਂ ਹੈ। ਪਰ ਇਹ ਸਪਸ਼ਟ ਹੈ ਕਿ ਭਗਤ ਨਾਮਦੇਵ ਜੀ ਦੀ ਬਾਣੀ ਨੂੰ ਗੁਰਮਤਿ ਪ੍ਰਸੰਗ ਤੋਂ ਵੱਖ ਕਰਕੇ ਵੇਖੇ ਜਾਣ ਦੀ ਕੋਈ ਲੋੜ ਨਹੀਂ ਹੈ। ਇੱਥੇ ਪ੍ਰਗਟਾਏ ਗਏ ਸੰਕਲਪਾਂ ਦੀ ਗੁਰਮਤਿ ਨਾਲ ਨਾ ਕੇਵਲ ਨੇੜਤਾ ਹੀ ਨਹੀਂ ਹੈ, ਸਗੋਂ ਸਮਸਵਰਤਾ ਆਖੀ ਜਾਣੀ ਚਾਹੀਦੀ ਹੈ।

ਇਸ ਨਾਲ ਇਹ ਸਾਬਤ ਹੋ ਗਿਆ ਹੈ ਕਿ ਜਿਹੜੇ ਸੰਕਲਪ ਗੁਰਬਾਣੀ ਵਿਚ ਪ੍ਰਾਪਤ ਹਨ, ਉਨ੍ਹਾਂ ਦਾ ਵੇਰਵਾ ਗੁਰਬਾਣੀ ਵਾਲੀ ਸੁਰ ਵਿਚ ਭਗਤ ਨਾਮਦੇਵ ਜੀ ਦੇ ਸ਼ਬਦਾਂ ਵਿਚ ਹੀ ਪ੍ਰਾਪਤ ਹੈ। ਬੀਠਲ ਦਾ ਸੰਕਲਪ ਇਸ ਵਿਚੋਂ ਵਿਸ਼ੇਸ਼ ਹੈ ਕਿਉਂਕਿ ਇਸ ਦੇ ਆਧਾਰ ਤੇ ਭਗਤ ਨਾਮਦੇਵ ਜੀ ਨੂੰ ਗੁਰਮਤਿ ਵਿਰੋਧੀ ਅਤੇ ਮੂਰਤੀ ਪੂਜਕ ਸਾਬਤ ਕਰਨ ਦੇ ਯਤਨ ਕੀਤੇ ਜਾਂਦੇ ਰਹੇ ਹਨ। ਪ੍ਰੋ: ਸਾਹਿਬ ਸਿੰਘ ਨੇ ਇਸ ਬਾਰੇ ਭਗਤ-ਬਾਣੀ ਸਟੀਕ ਵਿਚ ਜੋ ਗੁਰੂ ਗ੍ਰੰਥ ਸਾਹਿਬ ਦਰਪਣ (ਦਸ ਪੋਥੀਆਂ) ਵਿਚ ਸ਼ਾਮਲ ਹੈ, ਵਿਸਤਾਰ ਵਿਚ ਸਾਬਤ ਕੀਤਾ ਹੋਇਆ ਹੈ ਕਿ ਭਗਤ ਨਾਮਦੇਵ ਜੀ ਦੇ ਸ਼ਬਦਾਂ ਵਿਚ ਪ੍ਰਾਪਤ ਬੀਠੁਲ ਦਾ ਸੰਕਲਪ ਅਸਲ ਵਿਚ ਪਰਮਾਤਮਾ ਦਾ ਹੀ ਸੰਕਲਪ ਹੈ। ਇਸ ਦਾ ਵੇਰਵਾ ਅੱਗੇ ਦਿੱਤਾ ਜਾ ਰਿਹਾ ਹੈ।

**'ਬੀਠੁਲ ਦਾ ਸੰਕਲਪ'**

ਸ਼ਬਦ 'ਬੀਠੁਲ' ਨੂੰ ਲੈ ਕੇ ਇਹ ਭੁਲੇਖਾ ਪਾਇਆ ਜਾਂਦਾ ਰਿਹਾ ਹੈ ਕਿ ਭਗਤ ਜੀ ਮੂਰਤੀ ਪੂਜਕ ਸਨ ਅਤੇ ਮੂਰਤੀ ਪੂਜਕ ਹੋਣ ਕਰਕੇ ਉਨ੍ਹਾਂ ਦਾ ਸਿੱਖ ਚਿੰਤਨ ਨਾਲ ਵਿਰੋਧ ਹੈ। ਪਰ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਗੁਰੂ ਅਰਜਨ ਦੇਵ ਜੀ ਨੇ ਖੁਦ ਕੀਤੀ ਸੀ ਅਤੇ ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਵਿਚ ਕੋਈ ਅਜਿਹੀ ਬਾਣੀ ਸ਼ਾਮਿਲ ਨਹੀਂ ਕੀਤੀ ਸੀ ਜਿਸ ਦਾ ਆਸ਼ਾ ਗੁਰੂ-ਆਸ਼ੇ ਦੇ ਵਿਰੁੱਧ ਹੋਵੇ। ਗੁਰੂ ਸਾਹਿਬਾਨ ਦੇ ਆਸ਼ੇ ਨਾਲ ਜਿਹੜੀਆਂ ਲਿਖਤਾਂ ਮੇਲ ਨਹੀਂ ਖਾਂਦੀਆਂ ਸਨ ਉਨ੍ਹਾਂ ਨੂੰ ''ਕੱਚੀ ਬਾਣੀ'' ਦੀ ਸੰਗਿਆ ਪ੍ਰਾਪਤ ਹੈ। ਗੁਰੂ ਗ੍ਰੰਥ ਸਾਹਿਬ ਵਿਚ ਆਪਾ ਵਿਰੋਧੀ ਅਰਥਾਂ ਨੂੰ ਕੋਈ ਥਾਂ ਨਹੀਂ ਹੈ ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜਾਗਤਿ ਜੋਤਿ ਅਤੇ ਜ਼ਾਹਰਾ ਜ਼ਹੂਰ ਸ਼ਬਦ ਗੁਰੂ ਹੈ।ਤਸੋ ਭਗਤ ਨਾਮਦੇਵ ਜੀ ਦੀ ਮੂਰਤੀ ਪੂਜਕ ਵਜੋਂ ਲਿਖੀ ਗਈ ਕੋਈ ਰਚਨਾ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤੀ ਹੀ ਨਹੀਂ ਜਾ ਸਕਦੀ ਸੀ। ਇਸ ਲਈ 'ਬੀਠਲ' ਬਾਰੇ ਜਾਣਕਾਰੀ ਜ਼ਰੂਰੀ ਹੈ। 'ਬੀਠਲ' ਸ਼ਬਦ ਦੀ ਵਰਤੋਂ ਗੁਰੂ ਅਰਜਨ ਦੇਵ ਜੀ ਨੇ 'ਰਾਮਕਲੀ ਰਾਗ' ਵਿਚ ਕੀਤੀ ਹੋਈ ਹੈ :

ਰਸ ਰੂਪ ਰੰਗ ਅਨੰਤ ਬੀਠਲ ਸਾਸਿ ਸਾਸਿ ਧਿਆਇਣਾ।। ਰਾਮਕਲੀ, 925

ਹੋਰ ਥਾਵਾਂ ਤੇ ''ਸਮਰਥ ਪੰਥ ਬੀਠੁਲੇ'' ਅਤੇ ''ਤਾਉ ਦਇਆਰ ਬੀਠੁਲੇ ਪਾਇਓ'' ਦੀ ਵਰਤੋਂ ਪੰਚਮ ਪਾਤਸ਼ਾਹ ਹਜ਼ੂਰ ਨੇ ਕੀਤੀ ਹੋਈ ਹੈ। 'ਬੀਠੁਲ' ਵਾਸਤੇ ਵਿਸ਼ੇਸ਼ਣ ਦਇਆਲ ਕ੍ਰਿਪਾਲ ਅਤੇ ਗੋਪਾਲ ਵਰਤੇ ਹੋਏ ਹਨ। 'ਬੀਠੁਲ' ਸ਼ਬਦ ਦੀ ਵਰਤੋਂ ਗੁਰੂ ਬਾਣੀਕਾਰਾਂ ਵਿਚੋਂ ਕੇਵਲ ਗੁਰੂ ਅਰਜਨ ਦੇਵ ਜੀ ਨੇ ਹੀ ਕੀਤੀ ਹੋਈ ਹੈ ਅਤੇ ਬੀਠੁਲ ਸ਼ਬਦ ਨੂੰ ਅਕਾਲਪੁਰਖ ਦੇ ਅਰਥਾਂ ਵਿਚ ਵਰਤਿਆ ਹੋਇਆ ਹੈ। ਸੋ ਸ਼ਬਦ 'ਬੀਠੁਲ' ਦੀ ਵਰਤੋਂ ਦੇ ਆਧਾਰ ਤੇ ਭਗਤ ਨਾਮਦੇਵ ਜੀ ਨੂੰ ਮੂਰਤੀ ਪੂਜਕ ਨਹੀਂ ਆਖਿਆ ਜਾ ਸਕਦਾ ਹੈ। ਵੈਸੇ ਵੀ ਅਧਿਆਤਮਕ ਪ੍ਰਾਪਤੀ ਦੇ ਸਾਹਮਣੇ ਸਮਾਜਿਕ ਅਤੇ ਸਭਿਆਚਰਕ ਪਿਛੋਕੜ ਦੀ ਕੋਈ ਅਹਿਮੀਅਤ ਨਹੀਂ ਰਹਿੰਦੀ। ਸੋ ਨਾਮਦੇਵ ਜੀ ਦੀ ਬਾਣੀ ਨੂੰ ਉਨ੍ਹਾਂ ਦੇ ਸਮਾਜਿਕ ਪਿਛੋਕੜ ਵਿਚ ਰਖ ਕੇ ਵਿਚਾਰੇ ਜਾਣ ਦੀ ਕੋਈ ਲੋੜ ਨਹੀਂ ਹੈ। ਬੀਠੁਲ ਦਾ ਜੋ ਸਾਂਸਕ੍ਰਿਤਕ ਪ੍ਰਸੰਗ ਮਹਾਂਰਾਸ਼ਟਰ ਵਿਚ ਪ੍ਰਾਪਤ ਸੀ, ਭਗਤ ਜੀ ਉਸ ਸੀਮਾ ਦੇ ਪਾਬੰਦ ਨਹੀਂ ਹਨ।

ਜਿਸ 'ਬੀਠੁਲ' ਦਾ ਭਗਤ ਨਾਮਦੇਵ ਜੀ ਨੇ ਆਪਣੀ ਬਾਣੀ ਵਿਚ ਜ਼ਿਕਰ ਕੀਤਾ ਹੋਇਆ ਹੈ, ਉਸ ਦੇ ਅਰਥਾਂ ਕਿਵੇਂ ਵੀ ਕ੍ਰਿਸ਼ਨ-ਮੂਰਤੀ ਨਹੀਂ ਨਿਕਲਦੇ, ਕਿਉਂਕਿ ਭਗਤ ਜੀ ਦੀ ਬਾਣੀ ਦੇ ਪ੍ਰਸੰਗ ਵਿਚ 'ਬੀਠੁਲ' ਦੇ ਅਰਥ 'ਰਾਮਈਆ' ਅਰਥਾਤ ਪਰਮੇ ਸ਼ਰ ਹੀ ਨਿਕਲਦੇ ਹਨ। ਕ੍ਰਿਸ਼ਨ ਪੂਜਕ ਰਾਮਈਆ ਦੀ ਵਰਤੋਂ ਨਹੀਂ ਕਰਦੇ, ਕਿਉਂਕਿ ਇਹ ਕ੍ਰਿਸ਼ਨ ਜੀ ਦਾ ਨਾਮ ਨਹੀਂ ਹੈ। ਇਸ ਨਾਲ ਸਾਬਤ ਹੋ ਜਾਂਦਾ ਹੈ ਕਿ ਭਗਤ ਜੀ ਕ੍ਰਿਸ਼ਨ-ਭਗਤ ਨਹੀਂ ਸਨ। ਉਦਾਹਰਣ ਵਜੋਂ ਇਹ ਤਿੰਨ ਉਦਾਹਰਣਾਂ ਇਸ ਧਾਰਨਾ ਦੇ ਸਮਰਥਨ ਵਿਚ ਦਿੱਤੀਆਂ ਜਾ ਸਕਦੀਆਂ ਹਨ :

1.ਈਭੈ ਬੀਠੁਲ ਊਭੈ ਬੀਠੁਲ ਬਿਠੁਲ ਬਿਨੁ ਸੰਸਾਰ ਨਹੀਂ।। ਆਸਾ, 485

2.ਨਾਮੇ ਚੇ ਸੁਆਮੀ ਬੀਠੁਲੋ ਜਿਨਿ ਤਿਨੋ ਜਰਿਆ।। ਗੁਜਰੀ 525

3.ਸਗਲ ਭਵਨ ਤੇਰੇ ਨਾਮੁ ਬਾਲਹਾ ਤਿਉ ਨਾਮੇ ਮਨਿ ਬੀਠੁਲਾ।। ਧਨਾਸਰੀ, 693

ਸੋ ਸਪਸ਼ਟ ਹੈ ਕਿ ਜਿਸ 'ਬੀਠੁਲ' ਦਾ ਵਰਨਣ ਭਗਤ ਨਾਮਦੇਵ ਜੀ ਦੀ ਬਾਣੀ ਵਿਚ ਮਿਲਦਾ ਹੈ, ਉਹ ਕਿਸੇ ਤਰ੍ਹਾਂ ਵੀ ਇੱਟ ਤੇ ਬੈਠੇ ਕ੍ਰਿਸ਼ਨ ਦੀ ਮੂਰਤੀ ਨਹੀਂ ਹੈ। ਭਗਤ ਜੀ ਨੇ ਇਸ ਪ੍ਰਚਲਿਤ ਲਫਜ਼ ਨੂੰ ਉਸ ਤਰ੍ਹਾਂ ਨਵੇਂ ਅਰਥ ਦਿੱਤੇ ਹਨ, ਜਿਵੇਂ ਗੁਰੂ ਸਾਹਿਬਾਨ ਨੇ ਗੁਰਬਾਣੀ ਵਿਚ ਸੁਹਾਗਣੀ, ਦੁਹਾਗਣੀ ਅਤੇ ਰਾਮ ਆਦਿ ਲਫਜ਼ਾਂ ਨੂੰ ਨਵੇਂ ਅਰਥ ਦਿੱਤੇ ਹੋਏ ਹਨ। ਵਿਸ਼ੇਸ਼ ਤੌਰ ਤੇ ਗੁਰੂ ਗੋਬਿੰਦ ਸਿੰਘ ਜੀ ਨੇ ''ਭਗੌਤੀ'' ਨੂੰ ਨਵੇਂ ਅਰਥਾਂ ਵਿਚ ਜਿਸ ਤਰ੍ਹਾਂ ਵਰਤਿਆ ਹੋਇਆ ਹੈ, ਉਸੇ ਤਰ੍ਹਾਂ ਭਗਤ ਜੀ ਨੇ 'ਬੀਠੁਲ' ਨੂੰ ਪ੍ਰਚਲਿਤ ਅਰਥਾਂ ਤੋਂ ਮੁਕਤ ਕਰ ਦਿੱਤਾ ਹੈ। ਬੀਠੁਲ ਦੇ ਅਰਥ ਵਿਚ ਸਥਲ ਵਜੋਂ ਕਰੀਏ ਤਾਂ 'ਵਿ' ਦੇ ਅਰਥ ਮਾਇਆ ਦੇ ਪ੍ਰਭਾਵ ਤੋਂ ਪਰੇ ਦੇ ਹਨ ਅਤੇ 'ਸਥਲ' ਦਾ ਅਰਥ ਟਿਕਿਆ ਹੋਇਆ ਹਨ। ਸੋ ਨਾਮਦੇਵ ਜੀ ਵਲੋਂ ਵਰਤੇ 'ਬੀਠੁਲ' ਲਫਜ਼ ਦਾ ਭਾਵ ਉਸ ਪ੍ਰਭੂ ਤੋਂ ਹੈ ਜੋ ਮਾਇਆ ਦੇ ਪ੍ਰਭਾਵ ਤੋਂ ਪਰੇ ਹੈ। ਇਸ ਉਦਾਹਰਣ ਤੋਂ ਇਹ ਪ੍ਰਸੰਗ ਹੋਰ ਵੀ ਸਪਸ਼ਟ ਹੋ ਜਾਂਦਾ ਹੈ :

ਜਿਉ ਪ੍ਰਗਾਸਿਆ ਮਾਟੀ ਕੁੰਭੇਉ।।
ਆਪ ਹੀ ਕਰਤਾ ਬੀਠੁਲ ਦੇਉ।। (ਪ੍ਰਭਾਵੀ, 1351)

ਸੋ ਨਿਰਣਾ ਕਰਨ ਲਈ ਇਹ ਗੱਲ ਧਿਆਨ ਵਿਚ ਰਖ ਲੈਣੀ ਚਾਹੀਦੀ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਨਾਮਦੇਵ ਜੀ ਨੇ ਬੀਠੁਲ ਸ਼ਬਦ ਨੌ ਵਾਰ ਵਰਤਿਆ ਹੈ ਅਤੇ ਗੁਰੂ ਅਰਜਨ ਦੇਵ ਜੀ ਨੇ ਬੀਠੁਲ ਸ਼ਬਦ ਛੇ ਵਾਰ ਵਰਤਿਆ ਹੋਇਆ ਹੈ। ਜੇ ਛੇ ਵਾਰ ਬੀਠੁਲ ਸ਼ਬਦ ਵਰਤਣ ਨਾਲ ਪੰਚਮ ਪਾਤਸ਼ਾਹ ਮੂਰਤੀ ਪੂਜਕ ਨਹੀਂ ਹੁੰਦੇ ਤਾਂ ਭਗਤ ਜੀ ਮੂਰਤੀ ਪੂਜਕ ਕਿਵੇਂ ਹੋ ਗਏ? ਇਸ ਦੀ ਪੁਸ਼ਟੀ ਭਗਤ ਨਾਮਦੇਵ ਜੀ ਦੀ ਬਾਣੀ ਵਿਚੋਂ ਹੋ ਜਾਂਦੀ ਹੈ ਕਿ ਉਹ ਮੂਰਤੀ ਪੂਜਕ ਨਹੀਂ ਸਨ। ਭਗਤ ਜੀ ਦਾ ਵਿਚਾਰ ਸਪਸ਼ਟ ਹੈ :

ਏਕੈ ਪਾਥਰ ਕੀਜੈ ਭਾਉ।।
ਦੂਜੇ ਪਾਥਰ ਧਰੀਐ ਪਾਉ।। (ਗੂਜਰੀ, 525)

ਇਸ ਨਾਲ ਪੱਥਰ ਦੀ ਮੂਰਤੀ ਦਾ ਪ੍ਰਸੰਗ ਸਪਸ਼ਟ ਹੋ ਜਾਂਦਾ ਹੈ। ਨਾਮਦੇਵ ਜੀ ਤਾਂ ਹਿੰਦੂ ਅਤੇ ਮੁਸਲਮਾਨ ਨਾਲੋਂ ਆਪਣੇ ਆਪ ਨੂੰ ਵੱਖ ਘੋਸ਼ਿਤ ਕਰਦੇ ਹੋਏ ਕਹਿੰਦੇ ਹਨ ਕਿ ਮੇਰੀ ਪੂਜਾ ਵਿਧੀ ਇਨ੍ਹਾਂ ਦੋਹਾਂ ਨਾਲੋਂ ਵੱਖਰੀ ਹੈ :

ਹਿੰਦੂ ਪੂਜੇ ਦੇਹੁਰਾ ਮੁਸਲਮਾਨ ਮਸੀਤਿ।।

ਨਾਮੋ ਸੋਈ ਸੇਵਿਆ ਜਹ ਦੇਹੁਰਾ ਨ ਮਸੀਤ।। (ਗੋਂਡ, 875)

ਇਸ ਵਾਸਤੇ ਭਗਤ ਜੀ ਨੂੰ ਹਿੰਦੂ ਪੂਜਾ ਵਿਧੀ ਦਾ ਪਾਬੰਦ ਸਾਬਤ ਨਹੀਂ ਕੀਤਾ ਜਾ ਸਕਦਾ। ਭਗਤ ਜੀ ਨੇ ਆਪਣੀ ਪੂਜਾ ਵਿਧੀ ਸਪਸ਼ਟ ਕਰਦਿਆਂ ਦਸਿਆ ਹੈ ਕਿ ਉਹ ਮੂਰਤੀ ਪੂਜਕ ਨਹੀਂ ਸਗੋਂ ਅਕਾਲ ਪੁਰਖ ਦੀ ਮਹਿਮਾ ਕਰਨ ਵਾਲੇ ਭਗਤ ਹਨ।

ਭਗਤ ਕਰਉ ਹਰਿ ਕੇ ਗੁਣ ਗਾਵਉ।।
ਆਠ ਪਹਰ ਅਪਣਾ ਖਸਮੁ ਧਿਆਵਉ।। (ਆਸਾ, 485)

ਸੋ ਭਗਤ ਨਾਮਦੇਵ ਜੀ ਦਾ ਬੀਠੁਲ ਹਰ ਥਾਂ ਮੌਜੂਦ ਹੈ। ਸਾਰਾ ਜਗਤ ਉਸੇ ਤੋਂ ਬਣਿਆ ਹੋਇਆ ਹੈ। ਉਸੇ ਦੇ ਲੜ ਲਗ ਕੇ ਜਗਤ ਦੀ ਮਾਇਆ ਦੇ ਪ੍ਰਭਾਵ ਤੋਂ ਬਚਿਆ ਜਾ ਸਕਦਾ ਹੈ। ਉਹ ਸਭ ਥਾਵਾਂ ਤੇ ਰਮਿਆ ਹੋਇਆ ਹੈ। ਇਸ ਦੀ ਸਮਝ ਗੁਰੂ ਰਾਹੀਂ ਆਉਂਦੀ ਹੈ :

ਨਾਮ ਦੇਉ ਨਰਾਇਨੁ ਪਾਇਆ।।
ਗੁਰ ਭੇਟਤ ਅਲਖ ਲਖਾਇਆ।। (ਗੋਂਡ, 874)

ਮੁੱਢ ਵਿਚ ਵਿਚਾਰੇ ਗਏ ਸੰਕਲਪਾਂ ਤੋਂ ਵੀ ਇਹ ਗੱਲ ਸਾਬਤ ਹੋ ਜਾਂਦੀ ਹੈ ਕਿਉਂਕਿ ਇਹ ਸੰਕਲਪ ਵੀ ਇਹੋ ਸਾਬਤ ਕਰਦੇ ਹਨ ਕਿ ਬੀਠੁਲ ਭਗਤ ਜੀ ਵਾਸਤੇ ਪ੍ਰਚਲਿਤ ਅਰਥਾਂ ਦੀ ਨਿਰੰਤਰਤਾ ਵਿਚ ਨਹੀਂ ਹੈ, ਸਗੋਂ ਸੁਤੰਤਰ ਸੰਕਲਪ ਹੈ।

## ਸਹਾਇਕ ਪੁਸਤਕਾਂ

1.ਭਗਤ ਨਾਮਦੇਵ - ਭਾਸ਼ਾ ਵਿਭਾਗ, ਪਟਿਆਲਾ
2.ਗੁਰੂ ਨਾਨਕ ਪ੍ਰਕਾਸ਼ ਪਤ੍ਰਿਕਾ - ਭਗਤ ਬਾਣੀ ਅੰਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ
3.ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰ - ਪਿਆਰਾ ਸਿੰਘ ਪਦਮ
4. ਭਗਤ ਨਾਮਦੇਵ : ਜੀਵਨ ਤੇ ਰਚਨਾ - ਡਾ. ਬਲਕਾਰ ਸਿੰਘ

ਪਾਠ ਨੰ : 4.1 ਲੇਖਕ : ਡਾ. ਅਮਨਜੋਤ ਕੌਰ

# ਸੰਵਾਦ ਅਤੇ ਅੰਤਰ ਧਰਮ ਸੰਵਾਦ
# (Inter Religious Understanding And Dialogue)

**ਪਾਠ ਦਾ ਉਦੇਸ਼ ਕੀ ਹੈ :-**

ਇਸ ਪਾਠ ਦਾ ਉਦੇਸ਼ ਸੰਵਾਦ ਅਤੇ ਅੰਤਰ ਧਰਮ ਸੰਵਾਦ ਬਾਰੇ ਮੁੱਢਲੀ ਜਾਣਕਾਰੀ ਦੇਣਾ ਹੈ। ਇਹ ਦੋਵੇਂ ਹੀ ਸੰਕਲਪ ਧਰਮ ਦਰਸ਼ਨ ਦਾ ਬਹੁਤ ਜਰੂਰੀ ਵਿਸ਼ਾ ਹਨ।

**ਪਾਠ ਦੀ ਰੂਪ ਰੇਖਾ :-**

ਸੰਵਾਦ ਕੀ ਹੈ? ਸੰਵਾਦ ਕਿੰਨੀ ਤਰ੍ਹਾਂ ਦਾ ਹੋ ਸਕਦਾ ਹੈ ਅਤੇ ਅੰਤਰ ਧਰਮ ਸੰਵਾਦ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ ਇਸ ਬਾਰੇ ਜਾਣਕਾਰੀ ਦਿੱਤੀ ਗਈ ਹੈ।

**1. ਸੰਵਾਦ ਕੀ ਹੈ?**

ਸੰਵਾਦ ਸ਼ਬਦ ਸੰਸਕ੍ਰਿਤ ਦੇ ਸੰਵਾਦਹ ਸ਼ਬਦ ਦਾ ਅਜੋਕਾ ਰੂਪ ਹੈ। ਜਿਸ ਦਾ ਭਾਵ ਰਲ ਮਿਲ ਕੇ ਚਰਚਾ ਕਰਨੀ ਹੈ। ਮਾਨਕ ਹਿੰਦੀ ਕੋਸ਼ ਅਨੁਸਾਰ ਵੀ ਸੰਵਾਦ ਦਾ ਮਤਲਬ ਗੱਲਬਾਤ ਅਤੇ ਵਾਰਤਾਲਾਪ ਹੈ। ਸੰਵਾਦ ਸ਼ਬਦ ਅੰਗਰੇਜੀ ਦੇ ਸ਼ਬਦ dialogue ਦਾ ਸਮਾਨ ਅਰਥੀ ਹੈ ਜੋ ਕਿ ਗ੍ਰੀਕ ਦੇ ਸ਼ਬਦ dialogos ਫ੍ਰੈਂਚ ਵਿਚ dialoge ਅਤੇ ਅੰਗਰੇਜੀ ਵਿਚ dialogue ਬਣਿਆ ਹੈ ਜਿਸ ਦਾ ਮੂਲ ਭਾਵ ਗੁਫ਼ਤਗੂ ਕਰਨੀ ਹੀ ਹੈ।

ਸੰਵਾਦ ਦੇ ਕੋਸ਼ਗਤ ਅਰਥਾਂ ਅਨੁਸਾਰ ਸੰਵਾਦ, ਦੋ ਧਿਰਾਂ (ਜਿਸ ਵਿਚ ਦੋ ਜਾਂ ਇਸ ਤੋਂ ਵੱਧ ਮਨੁੱਖ, ਕੌਮਾਂ, ਗਰੁੱਪ, ਕਬੀਲੇ, ਸੰਸਥਾਵਾਂ ਆਦਿ) ਦੀ ਆਪਸੀ ਗੱਲਬਾਤ ਹੈ ਜੋ ਕਿ ਕਿਸੇ ਖਾਸ ਵਿਸ਼ੇ ਪ੍ਰਤੀ ਚੇਤੰਨ ਹੋ ਕੇ ਕੀਤੀ ਜਾਂਦੀ ਹੈ। ਸੰਵਾਦ, ਵੱਖ-ਵੱਖ ਧਿਰਾਂ ਦਾ ਸਨਮਾਨਜਨਕ ਵਾਰਤਾਲਾਪ ਹੈ ਜਿਸ ਦੇ ਫੈਲਵੇਂ ਰੂਪ ਨੂੰ ਸਮਝਣ ਲਈ ਅਸੀਂ ਇਸ ਨੂੰ ਹੇਠ ਲਿਖੇ ਅਨੁਸਾਰ ਵੰਡ ਕੇ ਸਮਝਣ ਦੀ ਕੋਸ਼ਿਸ਼ ਕਰਾਂਗੇ।

1. ਵਿਵਹਾਰਿਕ ਸੰਵਾਦ
2. ਦਾਰਸ਼ਨਿਕ ਸੰਵਾਦ
3. ਧਾਰਮਿਕ ਅਤੇ ਅੰਤਰ-ਧਰਮ ਸੰਵਾਦ

**1. ਵਿਵਹਾਰਿਕ ਸੰਵਾਦ :**

ਡੂੰਘੀ ਸਮਝ ਵਿਚ ਸੰਵਾਦ ਨਿੱਜੀ ਰਿਸ਼ਤਿਆਂ ਦੀ ਅਪਣੱਤ, ਇਕ ਦੂਜੇ ਦੀ ਖੁਸ਼ੀ, ਗਿਆਨ ਦੀ ਸਾਂਝ, ਮੁਸ਼ਕਿਲਾਂ, ਤਜਰਬੇ, ਤਕਲੀਫਾਂ ਅਤੇ ਸਾਧਨ ਹੈ। (In a deeper sense dialogue implies intimacy of personal relationship enjoyment of each other and sharing of knowledge, experiences, problems, sufferings and resources)[1] ਸੰਸਾਰ ਵਿਚ ਵੱਖ-ਵੱਖ ਥਾਵਾਂ ਤੇ ਪੈਦਾ ਹੋਈਆਂ ਵੱਖਰਤਾਵਾਂ ਵਿਸ਼ੇਸ਼ ਰੂਪ ਵਿਚ ਕੁਦਰਤ ਦੀ ਦੇਣ ਹਨ। ਧਰਤੀ ਦੇ ਹਰ ਇਕ ਖਿੱਤੇ ਤੇ ਵੱਸਣ ਵਾਲਾ ਮਨੁੱਖ ਆਪਣੇ ਖੇਤਰ ਸੱਭਿਆਚਾਰ, ਬੋਲੀ, ਵਿਸ਼ੇਸ਼ ਆਦਿ ਕਰਕੇ ਵਿਸ਼ੇਸ਼ ਹਨ। ਇਹ ਕੁਦਰਤ ਦੀ ਦੇਣ ਹੈ ਕਿ ਉਸਨੇ ਸਭ ਨੂੰ ਆਪਸ ਵਿਚ ਜੋੜਨ ਦੇ ਰਾਹ ਬਣਾਏ ਹਨ। ਮਨੁੱਖੀ ਇਤਿਹਾਸ ਦੀ ਸ਼ੁਰੂਆਤ ਤੋਂ ਹੀ ਇਕ ਕਬੀਲੇ ਦਾ ਦੂਸਰੇ ਕਬੀਲੇ ਨਾਲ, ਖੇਤਰ ਦੇ ਲੋਕਾਂ ਦਾ ਦੂਸਰੇ ਖੇਤਰ ਦੇ ਲੋਕਾਂ ਨਾਲ, ਇਕ ਵਿਸ਼ਵਾਸ ਦਾ ਦੂਜੇ ਵਿਸ਼ਵਾਸ ਨਾਲ, ਇਕ ਕੌਮ ਦਾ ਦੂਜੀ ਕੌਮ ਨਾਲ ਅਤੇ ਹੁਣ ਇਕ ਦੇਸ਼ ਦਾ ਦੂਜੇ ਦੇਸ਼ ਨਾਲ ਕਿਸੇ ਨਾ ਕਿਸੇ ਰੂਪ ਵਿਚ ਵਿਵਹਾਰਿਕ ਸੰਵਾਦ ਰਿਹਾ ਹੈ। ਸੰਵਾਦ, ਦੂਸਰੀ ਧਿਰ ਨਾਲ ਆਪਣੇ ਜਜਬਾਤ, ਵਿਚਾਰ, ਇੱਛਾਵਾਂ ਆਦਿ ਨੂੰ ਸਾਂਝਾ ਕਰਨ ਦਾ ਨਾਮ ਹੈ। ਸੰਵਾਦ ਭਾਵੇਂ ਰਸਮੀ ਹੋਵੇ ਤੇ ਭਾਵੇਂ ਗੈਰ ਰਸਮੀ, ਸੰਵਾਦ ਦੇ ਜਰੀਏ ਅਸੀਂ ਇਕ ਦੂਜੇ ਨੂੰ ਚੰਗੀ ਤਰ੍ਹਾਂ ਸਮਝ ਸਕਦੇ ਹਾਂ ਅਤੇ ਸੰਬੰਧ ਬਣਾ ਸਕਦੇ ਹਾਂ। ਜੇਕਰ ਸੰਵਾਦ ਵਿਚ ਕਿਸੇ ਵੀ ਕਿਸਮ ਦੇ ਸ਼ੱਕ ਦੀ ਗੁੰਜਾਇਸ਼ ਹੁੰਦੀ ਹੈ ਤਾਂ ਉਹ ਕਪਟ ਦੇ ਰਾਹਾਂ ਵੱਲ ਤੁਰ ਜਾਂਦਾ ਹੈ ਅਤੇ ਅੰਤ

ਉਸਦੇ ਸਿੱਟੇ ਗੰਭੀਰ ਰੂਪ ਵਿਚ ਖਤਰਨਾਕ ਹੋ ਕੇ ਸਾਹਮਣੇ ਆਉਂਦੇ ਹਨ ਅਤੇ ਜੋ ਦੋਨਾਂ ਧਿਰਾਂ ਲਈ ਨੁਕਸਾਨ ਦਾਇਕ ਹੋ ਸਕਦੇ ਹਨ। ਸੰਵਾਦ ਇਕੋ ਸਮੇਂ ਪੜ੍ਹਾਉਣ ਅਤੇ ਸਿੱਖਣ ਦਾ ਕਾਰਜ ਹੈ। ਵੀਹਵੀਂ ਸਦੀ ਦੇ ਪਿਛਲੇ ਅੱਧ ਵਿਚ ਮਾਰਟਿਨ ਲੂਥਰ ਨੇ ਸੰਵਾਦ ਦੇ ਖੇਤਰ ਵਿਚ ਆਪਣਾ ਵਿਸ਼ੇਸ਼ ਯੋਗਦਾਨ ਪਾਇਆ ਹੈ। ਲੂਥਰ ਇਕ ਯਹੂਦੀ ਧਰਮ ਸ਼ਾਸਤਰੀ ਅਤੇ ਦਰਸ਼ਨਵੇਤਾ ਸੀ ਜਿਸ ਨੇ ਆਪਣੀ ਕਿਤਾਬ I and Thou ਰਾਹੀਂ ਪੂਰੇ ਵਿਸ਼ਵ ਨੂੰ ਪ੍ਰਭਾਵਿਤ ਕੀਤਾ ਹੈ। ਮੂਲ ਰੂਪ ਵਿਚ ਮਾਰਟਿਨ ਲੂਥਰ ਨੇ ਆਪਣੀ ਕਿਰਤ ਵਿਚ self ਅਤੇ other ਦੇ ਸਨਮਾਨਜਨਕ ਰਿਸ਼ਤਿਆਂ ਦੀ ਜਰੂਰਤ ਤੇ ਉਸਦੀ ਮਹੱਤਤਾ ਨੂੰ ਬਿਆਨਿਆ ਹੈ।

ਪ੍ਰਸਿੱਧ ਦਰਸ਼ਨ ਸ਼ਾਸਤਰੀ ਅਰਨਤ (Arnett), ਮਾਰਟਿਨ ਲੂਥਰ ਦੇ ਸੰਵਾਦ ਪ੍ਰਤੀ ਨਜਰੀਏ ਬਾਰੇ ਲਿਖਦਾ ਹੈ ਕਿ 'ਇਹ ਜਰੂਰੀ ਨਹੀਂ ਹੈ ਕਿ ਸੰਵਾਦ ਬੋਲ ਕੇ ਜਾਂ ਚੁੱਪ ਕਰਕੇ ਕੀਤਾ ਜਾਵੇ, ਭਾਗ ਲੈਣ ਵਾਲੇ ਹਰ ਇਕ ਦੇ ਮਨ ਵਿਚ ਹੋਰ (other) ਅਤੇ ਹੋਰ (other) ਜਾਣਨ ਦੀ ਇਕ ਪਰਸਪਰ ਸਾਂਝ ਸਥਾਪਿਤ ਹੋਵੇ।'[2] ਇਹ ਵਿਚਾਰ ਕਾਫੀ ਪ੍ਰਬਲ ਅਤੇ ਪ੍ਰਭਾਵਸ਼ਾਲੀ ਹੈ। ਆਪਣੇ ਤੋਂ ਬਿਨਾਂ ਦੂਸਰੇ ਦੀ ਇੱਜਤ ਅਤੇ ਸਨਮਾਨ ਦੀ ਦਿਲੀ ਭਾਵਨਾ ਦੀ ਕਦਰ ਪਰਸਪਰ ਰਿਸ਼ਤਿਆਂ ਵਿਚ ਆਈ ਕੁੜਤਣ ਨੂੰ ਦੂਰ ਕਰ ਸਕਦੀ ਹੈ। ਪਾਲ ਮੋਜਜ (Paul Mojes) ਵੀ ਸੰਵਾਦ ਦੇ ਪ੍ਰਤੀ ਕਹਿੰਦੇ ਹਨ ਕਿ : ਸੰਵਾਦ ਇਕ ਰਸਤਾ ਹੈ, ਜਿਸ ਵਿਚ ਮਨੁੱਖ ਅਤੇ ਵੱਖੋ-ਵੱਖਰੀਆਂ ਸੰਪਰਦਾਈ ਧਿਰਾਂ ਮੂਲ ਮਤਭੇਦਾਂ ਨੂੰ ਨਾ ਮਿਟਾਉਂਦੀਆਂ ਹੋਈਆਂ ਵੀ ਇਕ ਦੂਜੇ ਦੇ ਸਨਮਾਨ ਵਿਚ ਆਪਸੀ ਸਾਂਝਾਂ ਵਿਚ ਵਾਧਾ ਕਰਦੀਆਂ ਹਨ। ਸੰਵਾਦ, ਸ਼ਬਦੀ ਅਤੇ ਆਪਸੀ ਵਿਵਹਾਰਕ ਸਾਂਝ, ਦੋਹਾਂ ਦੀ ਅਜਿਹੀ ਪਹੁੰਚ ਵਿਧੀ ਹੈ, ਜਿਸ ਵਿਚ ਅੰਦਰੂਨੀ ਵਖਰੇਵਿਆਂ ਦੇ ਬਾਵਜੂਦ ਵੀ ਸੁਣਨਾ, ਵਿਚਾਰਾਂ ਦੀ ਸਾਂਝ ਅਤੇ ਇਕੱਠੇ ਕਾਰਜ ਕਰਨਾ ਸ਼ਾਮਲ ਹੁੰਦਾ ਹੈ। ਸੰਵਾਦ ਇਕ ਚੇਤੰਨ ਪ੍ਰਕਿਰਿਆ ਹੈ ਜਿਸ ਵਿਚ ਸੰਵਾਦ ਕਰਤਾ ਇਕ ਦੂਜੇ ਨਾਲ ਆਪਣੇ ਵਿਚਾਰਾਂ ਦਾ ਅਦਾਨ-ਪ੍ਰਦਾਨ ਕਰਦੇ ਹਨ ਅਤੇ ਇਸ ਵਿਚ ਕਿਸੇ ਕਿਸਮ ਦੀ ਤਾਕਤ ਜਾਂ ਡਰ, ਭੇਦ ਦੀ ਅਣਹੋਂਦ ਹੁੰਦੀ ਹੈ। ਸੰਵਾਦ ਉਹ ਯਤਨ ਹੈ ਜਿਸ ਵਿਚ ਮੌਜੂਦਾ ਸਮਾਜਿਕ ਰਿਸ਼ਤਿਆਂ ਦੁਆਰਾ ਠੋਸੇ ਗਏ ਵਿਚਾਰਾਂ ਦੀ ਸੀਮਾ ਨਹੀਂ ਹੁੰਦੀ।[3]

ਇਸ ਤਰ੍ਹਾਂ ਸੰਵਾਦ ਨੇ ਸੰਸਾਰ ਵਿਚਾਰ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਤਾਕੀਦ ਕੀਤੀ ਹੈ ਕਿ ਦੂਜੇ (other) ਨੂੰ ਸਮਝਿਆ ਜਾਵੇ। ਦੂਜੇ ਮਨੁੱਖ ਜਾਂ ਦੂਜੇ ਵਿਸ਼ਵਾਸਾਂ ਦਾ ਸਨਮਾਨ ਕਰਨ ਦੀ ਭਾਵਨਾ ਵਿਚੋਂ ਹੀ ਚੰਗੀਆਂ ਗੱਲਾ ਤੇ ਆਸਵੰਦ ਉਸਾਰੂ ਨਤੀਜਿਆਂ ਦੀ ਉਮੀਦ ਕੀਤੀ ਜਾਂਦੀ ਹੈ। ਜਿਸ ਨਾਲ ਸੱਚੇ ਸੰਵਾਦ ਨੂੰ ਉਤਸ਼ਾਹ ਮਿਲਦਾ ਹੈ। 'ਸੱਚੇ ਸੰਵਾਦ ਵਿਚ ਉਸ ਦੀ ਖੂਬੀ ਉਸਦਾ ਅਰਥ ਹੁੰਦੀ ਹੈ। ਸੰਵਾਦ ਸ਼ਮੂਲੀਅਤ ਕਰਨ ਵਾਲਿਆਂ (participants) ਨੂੰ ਨਵਾਂ ਅਰਥ ਸਿਰਜਣ ਅਤੇ ਇਕ ਆਪਸੀ ਸਮਝ ਪੈਦਾ ਕਰਨ ਦੀ ਇਜਾਜਤ ਦਿੰਦਾ ਹੈ। ਸੰਵਾਦ ਦਾ ਪ੍ਰਮੁੱਖ ਲੱਛਣ ਸੰਵਾਦ ਕਰਨ ਵਾਲਿਆਂ ਦੀ ਆਜਾਦੀ ਅਤੇ ਬਰਾਬਰਤਾ; ਅਦਾਨ ਪ੍ਰਦਾਨ; ਸਿਧਾਂਤਕ ਅਤੇ ਅਮਲੀ ਸਮੱਸਿਆ ਦਾ ਸਮਾਧਾਨ; ਇਕ ਦੂਸਰੇ ਨਾਲ ਗਲਤ ਵਰਤਾਰਾ ਕੀਤੇ ਬਿਨਾਂ ਅਤੇ ਬਿਨਾਂ ਜਿੱਤ ਨੂੰ ਮੁਖ ਰੱਖਦੇ ਹੋਏ ਮੇਲ ਮਿਲਾਪ ਹੈ।[4]

ਡਗਲਸ ਸਟੱਰਮ (Duglas Sturm) ਸੰਵਾਦ ਬਾਰੇ ਲਿਖਦਾ ਹੈ ਕਿ 'ਸੰਖੇਪ ਰੂਪ ਵਿਚ ਵਿਆਖਿਆ ਕਰਦਿਆਂ, ਸੰਵਾਦ ਰਿਸ਼ਤੇ ਦਾ ਇਕ ਅਜਿਹਾ ਰੂਪ (form) ਹੈ, ਜਿਸ ਵਿਚ ਹਰ ਸ਼ਮੂਲੀਅਤ ਕਰਨ ਵਾਲਾ ਦੂਜੇ ਦੀ ਜਿੰਦਗੀ ਵਿਚ ਸਾਂਝਮਈ ਤਰੀਕੇ ਨਾਲ ਦਾਖਲ ਹੁੰਦਾ ਹੈ। ਨਤੀਜੇ ਵਜੋਂ, ਹਠੀ ਵਿਰੋਧਾਂ ਦੇ ਬਾਵਜੂਦ ਦੂਸਰਿਆਂ ਦੇ ਜੀਵਨ ਨੂੰ ਅਰਥਭਰਪੂਰ ਕੀਤਾ ਜਾਂਦਾ ਹੈ।[5] ਇਸ ਤੋਂ ਪਤਾ ਲੱਗਦਾ ਹੈ ਕਿ ਸੰਵਾਦ ਦੀ ਤਾਕਤ ਆਪਸੀ ਨਿੱਘ ਅਤੇ ਸਮਝ ਦਾ ਉਹ ਪੱਧਰ ਹੈ, ਜਿੱਥੇ ਅੜਚਣਾਂ, ਮੁਸ਼ਕਿਲਾਂ ਸਹਿਜੇ ਖਤਮ ਹੋ ਜਾਂਦੀਆਂ ਹਨ ਅਤੇ ਨਵੇਂ ਰਿਸ਼ਤੇ ਸਥਾਪਤ ਹੋ ਜਾਂਦੇ ਹਨ। ਸੰਵਾਦ ਦਿਲਾਂ ਵਿਚ ਪਈ ਹਿਚਕਿਚਾਹਟ ਅਤੇ ਆਪਸੀ ਮੇਲ ਵਿਚ ਬਣੀਆਂ ਰੁਕਾਵਟਾਂ ਨੂੰ ਭੰਨ ਦੇਣ ਦੀ ਤਾਕਤ ਦਾ ਪ੍ਰਤੀਕ ਹੈ। ਇਸੇ ਕਰਕੇ ਵਿਸ਼ਵ ਸ਼ਾਂਤੀ ਦੇ ਦਿਹਾੜੇ ਤੇ ਪਾਪ ਜਾਨ ਪਾਲ II ਅਨੁਸਾਰ 'ਸੰਵਾਦ ਦਾ ਮਤਲਬ ਹੈ ਕਿ ਉਹ ਲੋਕ ਜੋ ਕਿਸੇ ਹੋਰ ਨੂੰ ਖੋਜਦੇ ਹਨ ਅਤੇ ਚੰਗੀਆਂ ਆਸਾਂ ਅਤੇ ਸ਼ਾਂਤਮਈ ਤਾਂਘਾਂ ਨੂੰ ਖੋਜਦੇ ਹਨ ਜਿਹੜੀਆਂ ਕਿ ਉਨ੍ਹਾਂ ਦੇ ਦਿਲਾਂ ਵਿਚ ਅਕਸਰ ਲੁਕੀਆਂ ਹੁੰਦੀਆਂ ਹਨ। ਸੱਚਾ ਸੰਵਾਦ ਸਿਧਾਂਤਾਂ ਤੋਂ ਅੱਗੇ ਲੈ ਜਾਂਦਾ ਹੈ। ਸੰਵਾਦ ਇਕ ਮਨੁੱਖ ਨੂੰ ਕਿਸੇ ਹੋਰ ਮਨੁੱਖ ਨਾਲ ਇਕ ਮਨੁੱਖੀ ਪਰਿਵਾਰ ਦੇ ਜੀਅ ਵਜੋਂ ਜੋੜਦਾ ਹੈ, ਜੋ ਕਿ ਵੱਖੋ-ਵੱਖਰੀਆਂ ਅਮੀਰ ਸੱਭਿਆਚਾਰ ਅਤੇ ਇਤਿਹਾਸ ਵਾਲਾ ਹੈ। ਦਿਲ ਦੀ ਗੁਫ.ਤਗੂ ਵਿਸ਼ਵ ਭਾਈਚਾਰੇ ਦੀ ਉੱਨਤੀ ਲਈ ਅਰਪਿਤ ਹੁੰਦੀ ਹੈ ਅਤੇ ਸੰਵਾਦ ਇਸ ਨਿਸ਼ਾਨੇ ਦੀ ਪ੍ਰਾਪਤੀ ਵਿਚ ਸਹਾਈ ਨਿਬੜਦਾ ਹੈ।'[6]

## II ਦਾਰਸ਼ਨਿਕ ਸੰਵਾਦ

ਸੰਵਾਦ ਦੇ ਜੇਕਰ ਦਾਰਸ਼ਨਿਕ ਪਿਛੋਕੜ ਵੱਲ ਨਿਗ੍ਹਾ ਮਾਰੀਏ ਤਾਂ ਗੱਲ ਸੁਕਰਾਤ ਤੋਂ ਸ਼ੁਰੂ ਕਰਨੀ ਪਵੇਗੀ। ਸੁਕਰਾਤ (470–399 BC) ਪੱਛਮੀ ਦਰਸ਼ਨ ਵਿਚ ਇਕ ਪਿਰਾਮਿਡ ਦੀ ਤਰ੍ਹਾਂ ਸੁਸ਼ੋਭਿਤ ਹੈ ਜਿਸ ਨੇ ਆਪਣੇ ਚੇਲਿਆ ਜਾਂ ਵਿਦਿਆਰਥੀਆਂ ਨਾਲ ਸੰਵਾਦ ਰਚਾ ਕੇ ਜਿੰਦਗੀ, ਧਰਮ, ਵਿਸ਼ਵਾਸ, ਰੱਬ, ਰਾਜਨੀਤੀ, ਆਦਿ ਗੰਭੀਰ ਨੁਕਤਿਆ ਤੇ ਚਰਚਾ ਕੀਤੀ। ਉਸਦੇ ਮਹਾਨ ਚੇਲੇ ਪਲੈਟੋ (427–347 BC) ਨੇ ਆਪਣੇ ਅਧਿਆਪਕ ਸੁਕਰਾਤ ਦੇ ਬੋਲਾਂ ਨੂੰ Republic ਨਾਮਿਕ ਪੁਸਤਕ ਵਿਚ ਕਲਮਬਧ ਕੀਤਾ ਹੈ। ਉਸ ਦੀ ਇਹ ਪੁਸਤਕ ਅਤਿ-ਗੰਭੀਰ ਅਤੇ ਪੱਛਮੀ ਦਰਸ਼ਨ ਦੇ ਸੰਵਾਦ ਦੀ ਇਕ ਅਤਿ ਮਹੱਤਵਪੂਰਨ ਉਦਾਹਰਣ ਹੈ। ਪਲੈਟੋ ਨੇ ਸੰਵਾਦ ਦੀ ਇਹ ਰੀਤ ਕਾਇਮ ਰੱਖੀ ਅਤੇ ਉਸਦੇ ਚੇਲੇ ਅਰਸਤੂ (Aristotle 384-322 BC) ਨੇ ਪ੍ਰਾਚੀਨ ਗ੍ਰੀਕ ਦਰਸ਼ਨ ਪਰੰਪਰਾ ਵਿਚ ਨਵੀਆਂ ਪੈੜਾਂ ਸਥਾਪਿਤ ਕੀਤੀਆਂ। Encyclopedia of Religion ਦੇ ਅਨੁਸਾਰ 'ਸੰਵਾਦ ਦਾ ਪ੍ਰਧਾਨ ਅਰਥ ਚਰਚਾ ਕੀਤਾ ਹੋਇਆ ਲਿਖਤ ਕਾਰਜ ਹੈ।'[7] ਇਹ ਕਾਰਜ ਸਭ ਤੋਂ ਪਹਿਲਾ ਪਲੈਟੋ ਦੇ ਆਪਸੀ ਸੰਵਾਦ ਤੋਂ ਹੀ ਮਿਲਦਾ ਹੈ। ਉਸ ਸਮੇਂ ਦੀ ਪਰੰਪਰਾ ਵਿਚ ਸਿਖਿਆਰਥੀ ਆਪਣੇ ਅਧਿਆਪਕ ਅੱਗੇ ਪੂਰੀ ਤਰ੍ਹਾਂ ਸਮਰਪਿਤ ਹੁੰਦਾ ਸੀ ਅਤੇ ਮਨ ਦੀ ਸ਼ੁੱਧ ਭਾਵਨਾ ਨਾਲ ਉਸਤਾਦ ਤੋਂ ਸਿੱਖਣ ਦੇ ਨੁਕਤੇ ਤੋਂ ਅਭਿਆਸ ਕਰਦਾ ਸੀ ਜਿਸ ਨਾਲ ਸੰਵਾਦ ਅਤਿ ਗੰਭੀਰ ਅਤੇ ਅਤਿ-ਵਿਸ਼ੇਸ਼ ਮਹੱਤਵੀ ਹੋ ਜਾਂਦਾ ਸੀ। ਇਸੇ ਤਰਾਂ ਸੰਵਾਦ ਦੀ ਪਰੰਪਰਾ ਨੂੰ ਭਾਰਤੀ ਪਰੰਪਰਾ ਵਿਚ ਵੀ ਵੇਖਿਆ ਜਾ ਸਕਦਾ ਹੈ। ਦੁਨੀਆਂ ਭਰ ਦੇ ਧਰਮ ਗ੍ਰੰਥਾਂ ਅਤੇ ਧਰਮ ਗ੍ਰੰਥਾਂ ਨੂੰ ਬਿਆਨਣ ਵਾਲੇ ਅਤਿਅੰਤ ਸੂਖਮ ਅਤੇ ਗੰਭੀਰ ਗ੍ਰੰਥਾਂ ਵਿਚ ਸੰਵਾਦ ਦੇ ਵੱਖੋ-ਵੱਖਰੇ ਰੂਪ ਵੇਖਣ ਨੂੰ ਮਿਲਣਗੇ ਪਰ ਸਭ ਵਿਚ ਸੰਵਾਦ ਦਾ ਤਰੀਕਾ, ਮਨੋ-ਭਾਵ ਅਤੇ ਉਦੇਸ਼ ਇਕਸਾਰ ਨਹੀਂ ਮਿਲਣਗੇ।

ਦਾਰਸ਼ਨਿਕ ਸੰਵਾਦ ਆਮ ਤੌਰ ਤੇ ਦੁਨੀਆਂ ਦੀ ਹਰ ਇਕ ਪਰੰਪਰਾ ਵਿਚ ਵੇਖਣ ਨੂੰ ਮਿਲਦਾ ਹੈ। ਹਰ ਪਰੰਪਰਾ ਵਿਚ ਦਾਨਿਸ਼ਵਰਾਂ ਨੇ ਸੰਵਾਦ ਦੇ ਵਿਭਿੰਨ ਰੂਪ ਆਪਣੇ ਲੋਕਾਂ ਦੇ ਸਾਹਮਣੇ ਲਿਆਂਦੇ ਜਿਨ੍ਹਾਂ ਦਾ ਮੁੱਖ ਮੰਤਵ ਗਿਆਨ ਵਿਚ ਵਾਧਾ ਕਰਨਾ, ਕਿਸੇ ਮੁਸ਼ਕਿਲ ਦਾ ਹੱਲ ਕਰਨ ਲਈ, ਦਿਮਾਗੀ ਕਸਰਤ ਲਈ ਅਤੇ ਕਿਤੇ-ਕਿਤੇ ਮਨੋਰੰਜਨ ਲਈ ਵੀ ਹੁੰਦਾ ਸੀ। ਦਾਰਸ਼ਨਿਕ ਨੁਕਤੇ ਤੋਂ ਧਰਤੀ ਤੇ ਬ੍ਰਹਿਮੰਡ ਦੇ ਅਨੰਤ ਪਸਾਰਾਂ ਵਿਚ ਸਮੁੱਚੀ ਕੁਦਰਤ ਸੰਵਾਦ ਕਰਦੀ ਹੀ ਨਜਰ ਆਉਂਦੀ ਹੈ। ਵਿਸ਼ਵ ਦੇ ਸਰਵੋਤਮ ਕਾਵਿ ਤੇ ਮਹਾਂ-ਕਾਵਿ ਮੂਲ ਰੂਪ ਵਿਚ ਸੰਵਾਦ ਹੀ ਹਨ ਜਿਸ ਵਿਚ ਦਰਸ਼ਨ ਦੇ ਵਿਭਿੰਨ ਰੂਪਾਂ ਦੁਆਰਾ ਸੰਵਾਦ ਸਿਰਜ ਕੇ ਜਿੰਦਗੀ ਦੇ ਰਹੱਸਾਂ ਨੂੰ ਬਿਆਨਿਆ ਗਿਆ ਹੈ। ਰਿਸ਼ੀ ਮੁਨੀ ਵੀ ਨਾਦ-ਧੁਨੀਆਂ ਨਾਲ ਸੰਵਾਦ ਰਚਾਉਣ ਵਿੱਚ ਮੋਹ ਕਾਰਨ ਹਜਾਰਾਂ ਵਰ੍ਹਿਆਂ ਦੀ ਸਮਾਧੀ ਵਿਚ ਲੀਨ ਹੋ ਜਾਂਦੇ ਸਨ। ਸੰਵਾਦ ਦਾ ਹੀ ਪ੍ਰਭਾਵ ਹੈ ਕਿ ਇਸ ਨੇ ਧਰਤੀ ਤੇ ਅਨੇਕ ਮਹਾਂਪੁਰਸ਼ ਪੈਦਾ ਕੀਤੇ, ਜਿਨ੍ਹਾਂ ਨਾਲ ਉਨ੍ਹਾਂ ਦੇ ਵੱਡਿਆਂ ਨੇ ਸੰਵਾਦ ਰਚਾ ਕੇ, ਉਨ੍ਹਾਂ ਦੀ ਸੁਰਤ-ਬਿਰਤੀ ਨੂੰ ਅਨੰਦ ਦੇ ਮੰਡਲਾਂ ਵੱਲ ਅਗਰਸਰ ਕਰ ਦਿੱਤਾ ਜਿਨ੍ਹਾਂ ਨੇ ਭਟਕੀ ਹੋਈ ਲੋਕਾਈ ਨੂੰ ਸੰਤੁਲਿਤ ਕਰਨ ਵਿਚ ਆਪਣਾ ਵਿਸ਼ੇਸ਼ ਯੋਗਦਾਨ ਪਾਇਆ। ਦਰਸ਼ਨ ਦੇ ਇਸ ਖੇਤਰ ਵਿਚ ਸੰਵਾਦ ਦੇ ਖੂਬਸੂਰਤ ਪੱਖ ਰਚਾਉਣ ਵਾਲਿਆਂ ਵਿਚ ਮਾਰਟਿਨ ਬੂਬਰ, ਸਵਾਮੀ ਵਿਵੇਕਾਨੰਦ ਅਤੇ ਪ੍ਰੋ. ਪੂਰਨ ਸਿੰਘ ਦਾ ਨਾਮ ਲਿਆ ਜਾ ਸਕਦਾ ਹੈ।

## III. ਧਾਰਮਿਕ ਸੰਵਾਦ ਅਤੇ ਅੰਤਰ ਧਰਮ ਸੰਵਾਦ

ਧਾਰਮਿਕ ਸੰਵਾਦ ਮਨੁੱਖ ਦਾ ਰੂਹਾਨੀ ਅਭਿਆਸ ਹੈ। ਇਹ ਸੰਵਾਦ ਦਾਰਸ਼ਨਿਕ ਸੰਵਾਦ ਤੋਂ ਅਗਲੇਰਾ ਰਾਹ ਹੈ। ਅਭਿਸ਼ਿਕਤਨੰਦ (Abhishktananda) ਅਨੁਸਾਰ, 'ਸੱਚਾ ਧਾਰਮਿਕ ਸੰਵਾਦ ਮਨੁੱਖੀ ਮਨ ਅਤੇ ਰੂਹ ਦੀ ਡੂੰਘਾਈ ਤੋਂ ਉਤਪੰਨ ਹੁੰਦਾ ਹੈ। ਉਹ ਉਸ ਪੱਧਤੀ ਤੇ ਪਹੁੰਚਦਾ ਹੈ, ਜਿੱਥੇ ਫਲਸਫਾ (ਘੱਟੋ-ਘੱਟ ਪੱਛਮੀ ਸਮਝ ਅਨੁਸਾਰ) ਨਹੀਂ ਪਹੁੰਚਦਾ। ਇਸਦਾ ਮੁੱਖ ਮੰਤਵ ਜਾਂ ਅੰਤਿਮ ਪ੍ਰਾਪਤੀ (Ultimate Goal) ਮਨੁੱਖ ਨਾਲ ਸੰਬੰਧ ਹੈ, ਉਹ ਬਿੰਦੂ ਜਿਥੇ ਮਨੁੱਖ ਪਰੇ ਨਾਲ ਜੁੜਦਾ ਹੈ।'[8] ਇਸ ਤਰ੍ਹਾਂ ਦੇ ਸੰਵਾਦ ਵਿਚ ਸਮਰਪਣ, ਕਦਰ ਆਦਿ ਗੁਣ ਸੁਚੇਤ ਰੂਪ ਵਿਚ ਹੋਣੇ ਜਰੂਰੀ ਹਨ ਤਾਂ ਹੀ ਧਾਰਮਿਕ ਸੰਵਾਦ ਧਰਮ ਦੇ ਰਹੱਸਮਈ ਅੰਸ਼ਾਂ ਨੂੰ ਸੌਖੇ ਰੂਪ ਵਿਚ ਬਿਆਨ ਕਰਨ ਦੇ ਸਮਰੱਥ ਹੁੰਦਾ ਹੈ, ਨਹੀਂ ਤਾਂ ਇਹ ਸਿਰਫ ਚੁੰਝ ਚਰਚਾ ਤੇ ਸ਼ਾਸਤਰਾਥ ਹੋ ਕੇ ਹੀ ਰਹਿ ਜਾਂਦਾ ਹੈ। ਧਾਰਮਿਕ ਸੰਵਾਦ ਪੁਨਰ-ਵਿਚਾਰ ਤੇ ਮਨ ਦੀਆਂ ਪਰਤਾ (Rotation of mind) ਦਾ ਮੁਜੱਸਮਾ ਹੈ ਜੋ ਕਿ ਹਰ ਸਮੇਂ ਤਾਜਾ ਅਤੇ ਸੁੰਗਧਿਤ ਹੋ ਕੇ ਵਿਚਰਦਾ ਹੈ। ਸਵਾਮੀ ਵਿਵੇਕਾਨੰਦ ਜਦ ਧਰਮ ਚਰਚਾ ਕਰਦਾ ਹੋਇਆ ਸਵਾਮੀ ਰਾਮਕ੍ਰਿਸ਼ਨ ਪਰਮਹੰਸ ਕੋਲ ਪਹੁੰਚੇ ਤੇ ਉਸਨੂੰ ਧਰਮ ਸੰਵਾਦ ਕਰਨ ਲਈ ਕਿਹਾ ਪਰ ਸਵਾਮੀ ਰਾਮਕ੍ਰਿਸ਼ਨ ਨੇ ਜਵਾਬ ਵਿਚ ਕਿਹਾ ਕਿ ਵਿਚਾਰ ਕਰਾਂਗੇ, ਹੁਣ ਤੁਸੀਂ ਆਰਾਮ ਕਰੋ। ਇਕ ਦਿਨ ਇਸੇ ਤਰ੍ਹਾਂ ਬੈਠੇ-ਬੈਠੇ ਸਵਾਮੀ ਰਾਮਕ੍ਰਿਸ਼ਨ ਨੇ ਆਪਣੇ ਪੈਰ ਦਾ ਅੰਗੂਠਾ ਸਵਾਮੀ ਵਿਵੇਕਾਨੰਦ ਨੂੰ ਛੁਹਾ ਦਿੱਤਾ ਅਤੇ ਸਵਾਮੀ ਵਿਵੇਕਾਨੰਦ ਦੀ

ਰੂਹ ਜਾਗ੍ਰਿਤ ਹੋ ਉਠੀ ਜੋ ਕਿ ਚੁੱਪ ਦੇ ਵਰਤਾਰੇ ਵਾਲੇ ਅੰਦਰੂਨੀ ਸੰਵਾਦ ਦਾ ਪ੍ਰਤੀਕ ਸੀ। ਬੇਸ਼ਕ ਸਵਾਮੀ ਵਿਵੇਕਾਨੰਦ ਇਸ ਅਵਸਥਾ ਨੂੰ ਬਿਆਨ ਕਰਨੋਂ ਅਸਮਰਥ ਸੀ ਪਰ ਉਸਨੇ ਆਪਣੇ ਗੁਰੂ ਨਾਲ ਅੰਦਰੂਨੀ ਸੰਵਾਦ ਰਚਾ ਲਿਆ। ਅਸਲ ਵਿਚ ਹਰ ਇਕ ਮਨੁੱਖ ਵਿਚ ਜਿਵੇਂ ਕਿ ਮੰਨਿਆ ਜਾਦਾ ਹੈ ਕਿ ਪਰਮਾਤਮਾ ਦੀ ਜੋਤ ਵਿਦਮਾਨ ਹੈ ਜਿਸਨੂੰ ਵੱਖ-ਵੱਖ ਵਿਸ਼ਵਾਸ਼ਾਂ ਜਾਂ ਧਰਮਾਂ ਵਿਚ ਵੱਖੋ-ਵੱਖਰੇ ਰੂਪਾਂ ਵਿਚ ਬਿਆਨਿਆ ਜਾਂਦਾ ਹੈ। ਜਾਂ ਇਹ ਕਹਿ ਲਵੋ ਕਿ ਚੰਗੇ ਕਣ ਹਰ ਇਕ ਜੀਵ ਵਿਚ ਹਨ ਪਰ ਉਹ ਮਨੁੱਖੀ ਦੀ ਆਪਣੀ ਸੱਚੀ-ਸੁੱਚੀ ਕਿਰਤ, ਸੱਚੇ ਆਚਰਣ ਅਤੇ ਕਿਸੇ ਵੱਡੇ ਮਹਾਂਪੁਰਸ਼ਾਂ ਦੀ ਸੰਗਤ ਕਰਕੇ ਉਹ ਕਣ ਜਾਗ੍ਰਿਤ ਹੋ ਜਾਂਦੇ ਹਨ। ਉਹ ਆਪਣੇ ਜੀਵਨ ਪ੍ਰਤੀ ਸੁਚੇਤ ਹੋ ਜਾਂਦਾ ਹੈ ਜਿਸ ਨਾਲ ਮਨੁੱਖ ਨੂੰ ਆਪਣੇ ਮਨ ਤੇ ਰੂਹ ਦਾ ਅਭਿਆਸ ਹੋਣਾ ਸ਼ੁਰੂ ਹੁੰਦਾ ਹੈ ਜਿਥੇ ਉਹ ਆਪਣੇ ਪ੍ਰਸ਼ਨ-ਉੱਤਰਾਂ ਦਾ ਸੰਵਾਦ ਰਚਾਉਂਦਾ ਹੈ। 'ਸੱਚਾ ਧਰਮ ਅਤੇ ਸੱਚਾ ਵਿਸ਼ਵਾਸ ਆਤਮ ਚੇਤਨਾ ਦੀ ਬੁਨਿਆਦ ਹਨ... ਧਰਮ ਮਨੁੱਖ ਅਤੇ ਉਸਨੂੰ ਅੰਦਰੂਨੀ ਡੂੰਘਾਈ ਦੁਆਰਾ ਹੀ ਵਿਆਖਿਆ ਜਾ ਸਕਦਾ ਹੈ ਕਿਉਂਕਿ ਇਹ ਸਿਰਫ ਉਸਦੀ ਹੋਂਦ ਦੀ ਡੂੰਘਿਆਈ ਹੈ, ਇਸ ਨਾਲ ਮਨੁੱਖ ਆਤਮ ਹੋਂਦ ਦੀ ਡੂੰਘਿਆਈ ਤੇ ਪਹੁੰਚਦਾ ਹੈ ਅਤੇ ਪਰਮਾਤਮਾ ਦੇ ਬਹੁਤ ਰਹੱਸ ਸਾਂਝੇ ਕਰਦਾ ਹੈ।' ਰੂਹਾਨੀ ਰਹੱਸ ਆਮ ਤੌਰ ਤੇ ਚੁੱਪ ਚਪੀਤੇ ਹੀ ਹੋ ਜਾਂਦੇ ਹਨ। ਇਹ ਅਨੁਭਵ ਦੀ ਅਵਸਥਾ ਹੈ। ਇਸ ਦੀ ਇਕ ਉਦਾਹਰਣ ਪ੍ਰੋ. ਪੂਰਨ ਸਿੰਘ ਦੀ ਜਿੰਦਗੀ ਵਿਚੋਂ ਮਿਲਦੀ ਹੈ, ਜਦੋਂ ਉਨ੍ਹਾਂ ਦਾ ਭਾਈ ਵੀਰ ਸਿੰਘ ਨਾਲ ਮਿਲਾਪ ਇਕ ਦੀਵਾਨ ਵਿਚ ਹੁੰਦਾ ਹੈ। ਭਾਈ ਵੀਰ ਸਿੰਘ ਨੂੰ ਮਿਲਣ ਤੋਂ ਬਾਅਦ ਇਕਦਮ ਉਸਨੂੰ ਇਕ ਝਰਨਾਹਟ ਜਿਹੀ ਮਹਿਸੂਸ ਹੋਈ। ਦੀਵਾਨ ਦੀ ਕਾਰਵਾਈ ਚਲ ਰਹੀ ਸੀ। ਭਾਈ ਸਾਹਿਬ ਆਪਣੇ ਅੱਧ-ਮੀਟੇ ਅੱਧ-ਖੁਲ੍ਹੇ-ਬੁਲ੍ਹਾਂ ਨੂੰ ਆਪਣੀ ਮਸਤੀ ਵਿਚ ਫੜਫੜਾ ਰਹੇ ਸਨ ਤੇ ਕਦੀ-ਕਦੀ ਇਕ ਤੱਕਣੀ ਨਾਲ ਪੂਰਨ ਸਿੰਘ ਨੂੰ ਵੇਖ ਲੈਂਦੇ ਸਨ, ਨਾਲ ਉਸ ਨੂੰ ਆਪਣੇ ਵੱਲ ਘੁੱਟੀ ਜਾਂਦੇ ਹਨ। ਉਨ੍ਹਾਂ ਨੇ ਪੂਰਨ ਸਿੰਘ ਦੇ ਸਿਰ ਉੱਤੇ ਫੇਰਨਾ ਸ਼ੁਰੂ ਕਰ ਦਿੱਤਾ। ਪੂਰਨ ਸਿੰਘ ਨੇ ਸਿਰ ਤੇ ਪਰਨਾ ਰਖਿਆ ਹੋਇਆ ਸੀ : "ਕਾਕਾ ਤੇਰੇ ਕੇਸ ਕਿੰਨੇ ਮੁਲਾਇਮ ਨੇ।" ਪੂਰਨ ਸਿੰਘ ਉੱਤੇ ਬਿਜਲੀ ਵਰਗਾ ਜਾਦੂ ਅਸਰ ਹੋ ਚੁੱਕਾ ਸੀ। ਉਸਦੀ ਰੂਹ ਜਾਗ੍ਰਿਤ ਹੋ ਚੁੱਕੀ ਸੀ। ਇਕ ਗੁਰਸਿੱਖ ਨੇ ਗੁਰੂ ਦੀ ਅਪਾਰ ਬਖਸ਼ਿਸ਼ ਦੁਆਰਾ ਇਕ ਉੱਚੀ ਆਤਮਕ ਧਰਤੀ ਵਿਚ ਬੀਜ ਬੀਜ ਦਿੱਤਾ ਸੀ।[9] ਇਸ ਤੋਂ ਬਾਅਦ ਜੋ ਰੂਹਾਨੀ ਗਿਆਨ ਪ੍ਰੋ. ਪੂਰਨ ਸਿੰਘ ਦੀ ਜਿੰਦਗੀ ਤੇ ਉਸਦੀਆਂ ਰਚਨਾਵਾਂ ਵਿਚ ਵੇਖਣ ਨੂੰ ਮਿਲਦਾ ਹੈ। ਉਹ ਅਦਭੁੱਤ ਹੈ। ਇਹ ਅੰਦਰੂਨੀ ਵਾਪਰੇ ਸੰਵਾਦ ਦਾ ਇਕ ਜਲੌ-ਰੂਪ ਸੀ।

ਧਾਰਮਿਕ ਸੰਵਾਦ ਦਾ ਅਗਲਾ ਮੁਕਾਮ ਅੰਤਰ ਧਰਮ ਸੰਵਾਦ ਹੈ ਜੋ ਕਿ ਅਤਿ-ਗੰਭੀਰ ਅਤੇ ਅਤਿ ਮਹੱਤਵਪੂਰਨ ਹੈ ਜਿਸ ਵਿਚ ਧਾਰਮਿਕ ਸੰਵਾਦ ਦੀ ਸੰਪੂਰਨ ਸਮਰਪਣਾ ਹੁੰਦੀ ਹੈ। ਅੰਤਰ ਧਰਮ ਸੰਵਾਦ ਸੌਖੇ ਸ਼ਬਦਾਂ ਵਿਚ ਕਿਸੇ ਵੀ ਦੋ-ਦੋ ਤੋਂ ਵੱਧ ਵਿਸ਼ਵਾਸਾਂ ਜਾਂ ਧਰਮਾਂ ਵਿਚ ਕੀਤੀ ਜਾਣ ਵਾਲੀ ਵਿਚਾਰ-ਚਰਚਾ ਨੂੰ ਕਿਹਾ ਜਾਂਦਾ ਹੈ ਜੋ ਕਿ ਕਿਸੇ ਖਾਸ ਕਾਰਜ, ਮੁਸ.ਕਿਲ, ਲੋੜ ਆਦਿ ਨੂੰ ਸਾਹਮਣੇ ਰੱਖ ਕੇ ਕੀਤੀ ਜਾਂਦੀ ਹੈ। 'ਅੰਤਰ-ਧਰਮ ਸੰਵਾਦ ਵੱਖ-ਵੱਖ ਧਰਮਾਂ ਦੇ ਪੈਰੋਕਾਰਾਂ ਅਤੇ ਮਨ ਤੇ ਰੂਪ ਵਿਚਕਾਰ ਮਿਲਾਪ ਹੈ। ਇਹ ਚਰਚਾ ਦੋ ਵਿਸ.ਵਾਸਾਂ ਦੇ ਵਿਚਕਾਰ ਧਾਰਮਿਕ ਪੱਧਰ ਤੇ ਹੁੰਦੀ ਹੈ। ਇਹ ਸੱਚ ਵੱਲ ਤੁਰੇ ਜਾਣ ਅਤੇ ਮਨੁੱਖ ਦੇ ਸਾਂਝੇ ਹਿੱਤਾਂ ਤੇ ਇਕੱਠੇ ਹੋ ਕੇ ਤੁਰਨ ਦਾ ਰਾਹ ਹੈ। ਇਹ ਧਾਰਮਿਕ ਸਾਂਝਦਾਰੀ ਬਿਨਾਂ ਉਲਝਣ ਅਤੇ ਬਿਨਾਂ ਕਿਸੀ ਲੁਕਵੀਂ ਕਾਰਜਸੂਚੀ ਤੇ ਉਦੇਸ਼ ਦੀ ਪੂਰਤੀ ਨੂੰ ਮੁਖ ਰੱਖਕੇ ਹੁੰਦੀ ਹੈ।

ਇਹ ਗੱਲ ਬੜੀ ਧਿਆਨ ਦੇਣ ਯੋਗ ਹੈ ਕਿ ਅੰਤਰ ਧਰਮ ਸੰਵਾਦ ਦਾ ਮੁੱਖ ਨਿਸ਼ਾਨਾ ਕੀ ਹੈ ਅਤੇ ਇਸ ਦੀ ਪ੍ਰਾਪਤੀ ਲਈ, ਇਹ ਸਮਝਣਾ ਤੇ ਜਾਨਣਾ ਅਹਿਮ ਹੈ ਕਿ ਇਸ ਸੰਵਾਦ ਨੂੰ ਕਿਹੜੇ ਲੋਕ ਤੇ ਕਿਹੜੀਆ ਸੰਪਰਦਾਵਾਂ ਕਿਵੇਂ ਕਰ ਰਹੀਆਂ ਹਨ। ਜੇਕਰ ਸੰਵਾਦ ਕਰਨ ਵਾਲੇ ਸੰਵਾਦਕਰਤਾ ਦੇ ਮਨ ਵਿਚ ਲੁਕਵੇਂ ਮਨੋਭਾਵ ਹੁੰਦੇ ਹਨ ਤਾਂ ਇਸ ਸੰਵਾਦ ਦੀ ਸਫਲਤਾ ਬੇਯਕੀਨੀ ਹੋ ਜਾਂਦੀ ਹੈ। ਜਦੋਂ ਦੋ ਧਿਰਾਂ ਦੇ ਵਿਸ਼ਵਾਸ ਜਾਂ ਧਰਮ ਕਿਸੇ ਮਨੁੱਖੀ ਬਿਪਤਾ ਦੀ ਘੜੀ ਵਿਚ ਜਾਂ ਸਮਾਜ ਵਿਚ ਮਨੁੱਖੀ ਕਲਿਆਣ ਦੀ ਪ੍ਰਬਲ ਇੱਛਾ ਵਿਚ ਕਿਸੇ ਸੰਵਾਦ ਪ੍ਰਤੀ ਚੇਤੰਨ ਹੁੰਦੇ ਹਨ ਤਾਂ ਉਨ੍ਹਾਂ ਵਿਚ ਸੱਚਾਈ, ਨਿਮਰਤਾ, ਸਤਿਕਾਰ ਅਤੇ ਦ੍ਰਿੜਤਾ ਆਦਿ ਦੇ ਸਦਗੁਣ ਹੋਣੇ ਜਰੂਰੀ ਹਨ ਤਾਂ ਹੀ ਸਫਲ ਸੰਵਾਦ ਯਕੀਨੀ ਬਣਦਾ ਹੈ। ਅੰਤਰ ਧਰਮ ਸੰਵਾਦ ਕਰਨ ਵਾਲੇ ਧਰਮ ਦੀਆਂ ਸਭ ਤੋਂ ਸਤਿਕਾਰਤ ਹਸਤੀਆਂ ਹੁੰਦੀਆਂ ਹਨ ਜਿਨ੍ਹਾਂ ਤੇ ਉਨ੍ਹਾਂ ਦੇ ਧਰਮ ਦੇ ਵਿਸ਼ਵਾਸੀਆਂ ਦਾ ਅਥਾਹ ਨਿਸ਼ਚਾ ਹੁੰਦਾ ਹੈ ਕਿਉਂਕਿ ਉਹ ਸਤਿਕਾਰਤ ਲੋਕ ਵਿਸ਼ਵ ਭਾਈਚਾਰੇ ਦੇ ਸੱਚੇ ਰਹਿਬਰ ਹੁੰਦੇ ਹਨ। 'ਸੱਚੀ ਰੂਹਾਨੀ ਪ੍ਰਵਿਰਤੀ ਵਾਲੇ ਇਹੀ ਸੁੰਦਰ ਮਨੁੱਖ ਹਨ, ਜਿਹੜੇ ਤੁਹਾਡੇ ਵਿਚਾਰ ਵਿਚ ਕਿਸੇ ਦੇ ਨਹੀਂ, ਜਿਹੜੇ ਧਰਤੀ ਦੇ ਅਨੁਭਵੀ ਮਨੁੱਖ ਹਨ ਅਤੇ ਉਹ ਅਗੰਮੀ ਰੂਹਾਨੀ ਪ੍ਰਤਿਭਾ ਦੀ ਉਸ ਉੱਚ ਸ਼੍ਰੇਣੀ ਦੇ ਰਾਜ ਦੇ ਵਾਸੀ ਹਨ। ਉਨ੍ਹਾਂ ਦੀ ਸੰਭਾਵੀ ਸ਼ਕਤੀ ਜਿਹੜੀ ਬ੍ਰਹਿਮੰਡੀ ਗੁਣਾਂ ਵਾਲੀ ਹੈ, ਸਾਡੀ ਸਮਝ ਅਤੇ ਹਿਸਾਬ ਤੋਂ ਪਰ੍ਹੇ ਦੀ ਹੈ। ਉਹ ਤੁਹਾਡੀ ਕਿਸੇ ਮੰਗ ਦੀ ਪੂਰਤੀ ਨਹੀਂ ਸਗੋਂ ਉਹ

ਤੁਹਾਨੂੰ ਕੁਝ ਦਿੰਦੇ ਹਨ, ਜਿਸ ਦੀ ਤੁਹਾਨੂੰ ਅੱਜ ਲੋੜ ਨਹੀਂ ਅਤੇ ਜਿਹੜੀ ਇਸ ਤੋਂ ਥੋੜ੍ਹੀ ਦੇਰ ਪਿਛੋਂ ਅਤੇ ਹਮੇਸ਼ਾ ਲਈ ਤੁਹਾਡਾ ਇਕੋ ਇਕ ਸਹਾਰਾ ਹੋਵੇਗੀ।'[10]

ਉਪਰੋਕਤ ਵਿਚਾਰ ਪ੍ਰੋ. ਪੂਰਨ ਸਿੰਘ ਦਾ ਹੈ ਜੋ ਕਿ ਆਪਣੀ ਗੁਹਜ ਅਤੇ ਦੈਵੀ ਭਰੀ ਅੱਖ ਨਾਲ ਵਿਸ਼ਵ ਭਾਈਚਾਰੇ ਨੂੰ ਸਿਰਜਣ ਵਾਲੇ ਉਨ੍ਹਾਂ ਲੋਕਾਂ ਦੇ ਦੈਵੀ ਗੁਣਾਂ ਨੂੰ ਸਾਹਮਣੇ ਲਿਆ ਰਿਹਾ ਹੈ ਜਿਨ੍ਹਾਂ ਨੇ ਆਪਸੀ ਸੰਵਾਦ ਦੁਆਰਾ ਮਨੁੱਖਤਾ ਦੀ ਸੇਵਾ ਵਿਚ ਜੁੱਟਣਾ ਹੈ। ਅੰਤਰ ਧਰਮ ਸੰਵਾਦ ਧਰਤੀ ਤੇ ਵਿਚਰਣ ਵਾਲੇ ਮਨੁੱਖਾਂ ਵਿਚੋਂ ਉੱਤਮ ਕਿਸਮ ਦੇ ਲੋਕਾਂ, ਜਿਨ੍ਹਾਂ ਨੇ ਕਿਸੇ ਵੀ ਕੱਟੜਵਾਦੀ ਤੋਂ ਉੱਠ ਕੇ, ਦਾ ਮਿਲਣ ਸਥਾਨ ਹੈ। ਜਿੱਥੇ ਉਹ ਆਪਣੀਆਂ ਸਾਂਝਾਂ ਬਣਾਉਂਦੇ ਹਨ ਅਤੇ ਆਪਣੇ ਮਨਾਂ ਦਾ ਭਾਰ ਹਲਕਾ ਕਰਦੇ ਹਨ। ਜਿੱਥੇ ਉਹ ਆਪਣੇ ਮੂਲ ਨਾਲ ਮਿਲਣ ਲਈ ਤਾਂਘਾਂ ਰੱਖਦੇ ਹਨ। ਜਿਵੇਂ ਕਿ ਅਭਿਸ਼ਿਤਾਨੰਦ ਨੇ ਕਿਹਾ ਕਿ ਅੰਤਰ ਧਰਮ ਸੰਵਾਦ 'ਮੂਲ ਨਾਲ ਸੰਬੰਧ ਰੱਖਣ ਵਾਲੇ ਲੋਕਾਂ ਵਿਚਕਾਰ ਸੱਚਾ ਮਿਲਣ ਦਾ ਸਥਾਨ ਹੈ, ਜੋ ਕਿ ਅੰਤਰ ਆਤਮਾ ਅਤੇ ਦਿਲਾਂ ਦੀ ਗੁਫਾ ਵਿਚ ਹੈ।' ਬੁੱਧ ਨਾਲ ਸੰਬੰਧਿਤ ਕਥਾਵਾਂ ਵਿਚ ਇਕ ਕਥਾ ਆਉਂਦੀ ਹੈ ਕਿ ਮਹਾਤਮਾ ਬੁੱਧ ਅਤੇ ਮਹਾਂਵੀਰ ਜੈਨ ਆਪਸ ਵਿਚ ਜਿੰਦਗੀ ਵਿਚ ਸਿਰਫ ਇਕ ਵਾਰ ਮਿਲੇ। ਕਹਿੰਦੇ ਹਨ ਕਿ ਦੋਵੇਂ ਆਪੋ-ਆਪਣੀਆਂ ਯਾਤਰਾਵਾਂ ਕਰਦੇ ਸਗੋਂ ਕਿਸੇ ਜੰਗਲ ਵਿਚ ਮਿਲੇ। ਦੋਵੇਂ ਕੁਟੀਆ ਵਿਚ ਬੈਠੇ ਅਤੇ ਸਵੇਰ ਹੋਣ ਤੇ ਦੋਵੇਂ ਆਪੋ-ਆਪਣਿਆ ਰਸਤਿਆਂ ਤੇ ਤੁਰ ਪਏ। ਦੋਹਾਂ ਨੇ ਆਪਸ ਵਿਚ ਕੋਈ ਸ਼ਬਦ ਸਾਂਝਾ ਨਹੀਂ ਕੀਤਾ। ਜਿਸ ਨਾਲ ਦੋਹਾਂ ਦੇ ਚੇਲਿਆਂ ਨੂੰ ਹੈਰਾਨੀ ਹੋਈ ਅਤੇ ਮਹਾਤਮਾ ਬੁੱਧ ਨੂੰ ਉਨ੍ਹਾਂ ਦੇ ਪੈਰੋਕਾਰਾਂ ਨੇ ਇਸ ਪ੍ਰਤੀ ਪ੍ਰਸ਼ਨ ਕੀਤੇ ਅਤੇ ਜਵਾਬ ਵਿਚ ਉਨ੍ਹਾਂ ਨੇ ਸਮਝਾਇਆ ਕਿ ਸੰਵਾਦ ਕਰਨ ਲਈ ਬੋਲਣਾ ਜਰੂਰੀ ਨਹੀਂ। ਸਪੱਸ਼ਟ ਹੈ ਕਿ ਰੂਹਾਨੀਅਤ ਦੇ ਇਸ ਧਰਮ ਸੰਵਾਦ ਵਿਚ ਅੰਦਰੂਨੀ ਤੌਰ ਤੇ ਸੰਵਾਦ ਹੋ ਚੁੱਕਾ ਸੀ। ਜਿਸ ਨੂੰ ਕੋਈ ਵੀ ਨਾਮ ਦਿੱਤਾ ਜਾ ਸਕਦਾ ਹੈ।

ਇਸ ਤਰ੍ਹਾਂ ਅੰਤਰ ਧਰਮ ਸੰਵਾਦ ਕਿਸੇ ਦੂਜੇ ਤੇ ਆਪਣੇ ਵਿਚਾਰ ਨੂੰ ਥੋਪਣਾ ਨਹੀਂ ਬਲਕਿ ਪਰਮਾਤਮਾ ਦੁਆਰਾ ਪੈਦਾ ਕੀਤੇ ਗਏ ਕੁਦਰਤੀ ਸੰਤੁਲਨ ਨੂੰ ਕਾਇਮ ਰੱਖਣ ਦਾ ਜਰੀਆ ਜਾਂ ਕੋਸ਼ਿਸ਼ ਹੈ। ਜਿਸ ਨਾਲ ਧਰਤੀ ਤੇ ਚਹੁੰ ਕੁੰਟੀ ਖਿਲਰੇ ਮਨੁੱਖਾਂ ਦੇ ਮਨੋ-ਭਾਵਾਂ ਦੀ ਕੋਈ ਸਾਂਝੀ ਥਾਂ ਦੀ ਆਸ ਹੈ। ਜਿੱਥੇ ਹਰ ਇਕ ਦੀ ਆਪਣੀ ਪਛਾਣ ਕਾਇਮ ਕਰਨ ਲਈ ਅਤੇ ਮਨੋ-ਭਾਵਾਂ ਨੂੰ ਸਾਂਝਾ ਕਰਨ ਦਾ ਰਾਹ ਵੀ ਹੈ ਜਿੱਥੇ ਉਨ੍ਹਾਂ ਦੀ ਵਿਲੱਖਣਤਾ ਤੇ ਨੇੜਤਾ ਇਕੋ ਸਮੇਂ ਉਜਾਗਰ ਹੁੰਦੀਆਂ ਹਨ। ਪ੍ਰਚੱਲਿਤ ਵੱਖਰੇ ਤਰ੍ਹਾਂ ਦੀ ਧਾਰਮਿਕ ਪਰੰਪਰਾਵਾ ਅੰਤਰੀਵ ਸ਼ਨਾਖਤ ਅੰਤਰ ਧਰਮ ਸੰਵਾਦ ਦਾ ਇਕ ਮਹੱਤਵਪੂਰਨ ਗੁਣ ਹੈ, ਜਿਹੜਾ ਕਿ ਸੱਚਾਈ ਦੇ ਬਹੁ-ਪ੍ਰਮਾਣਿਕ ਵਿਚਾਰ ਤੇ ਆਧਾਰਿਤ ਹੈ।' ਅੰਤਰ-ਧਰਮ ਸੰਵਾਦ ਦਾ ਸੰਪੂਰਨ ਆਧਾਰ ਸਦਗੁਣ ਹੀ ਹਨ ਜਿਨ੍ਹਾਂ ਦੇ ਆਧਾਰ ਤੇ ਇਸ ਦੀ ਹੋਂਦ ਨੂੰ ਕਿਸੇ ਪ੍ਰਮਾਣਿਕ ਰੂਪ ਵਿਚ ਵੇਖਿਆ ਜਾ ਸਕਦਾ ਹੈ। ਇਸ ਤੋਂ ਬਿਨਾਂ ਜਾਂ ਸਦਗੁਣਾਂ ਦੀ ਗੈਰਹਾਜਰੀ ਵਿਚ ਕੀਤਾ ਗਿਆ ਅੰਤਰ ਧਰਮ ਸੰਵਾਦ ਨਿਸ਼ਚਿਤ ਹੈ ਕਿ ਉਸਦੇ ਨਤੀਜੇ ਗੈਰ-ਮਨੁੱਖੀ ਹੋਣਗੇ ਕਿਉਂਕਿ ਉਨ੍ਹਾਂ ਵਿਚ ਕਿਤੇ ਨਾ ਕਿਤੇ ਉਨ੍ਹਾਂ ਮਨੁੱਖਾਂ ਦੇ ਹਉਮੈ ਉੱਤੇ ਆਪਣਾ ਪ੍ਰਭਾਵ ਵਿਖਾਉਣਗੇ। ਇਸ ਲਈ ਫਰਾਂਸਿਸ (Francis) ਨੇ ਵੀ ਕਿਹਾ ਹੈ ਕਿ, "ਅੰਤਰ ਧਰਮ ਸੰਵਾਦ ਵੱਖੋ-ਵੱਖਰੇ ਧਰਮਾਂ ਵਿਚ ਧਾਰਮਿਕ ਪੱਧਰ ਤੇ ਇਕ ਨਿਸ਼ਕਪਟ, ਮਿੱਤਰਤਾ ਅਤੇ ਪਿਆਰ ਭਰੀ ਭੇਟ ਹੈ।'

ਇਸ ਤਰ੍ਹਾਂ ਜਦੋਂ ਅਸੀਂ ਵੱਖੋ-ਵੱਖਰੇ ਧਰਮਾਂ ਵਿਚ ਅੰਤਰ ਧਰਮ ਸੰਵਾਦ ਦੇ ਰੂਪ ਵੇਖਦੇ ਹਾਂ ਤਾਂ ਉਨ੍ਹਾਂ ਵਿਚ ਬਹੁਤ ਸਾਰੀਆਂ ਸਮਾਨਤਾਵਾਂ ਅਤੇ ਕੁਝ ਵਿਲੱਖਣਤਾਵਾ ਵੀ ਮਿਲਦੀਆਂ ਹਨ। ਜੋ ਕਿ ਕਾਲ ਅਤੇ ਸਥਾਨ ਦੇ ਕਾਰਣਾਂ ਤੋਂ ਇਲਾਵਾ ਹੋਰ ਕਈ ਕਾਰਣਾਂ ਕਰਕੇ ਹੋ ਸਕਦੀਆਂ ਹਨ ਪਰ ਮੋਟੇ ਰੂਪ ਵਿਚ ਵੇਖਿਆਂ ਹਰ ਇਕ ਧਰਮ ਵਿਚ ਅੰਤਰ ਧਰਮ ਸੰਵਾਦ ਦੇ ਅੰਸ਼ ਪਏ ਹਨ ਪਰ ਜਿਗਿਆਸਾ ਇਹ ਬਣਦੀ ਹੈ ਕਿ ਅੱਜ ਦੇ ਦਰਸ਼ਨ ਜਾਂ ਫਲਸਫੇ ਅਤੇ ਮੌਜੂਦਾ ਵਿਚਾਰ (present thought) ਨਾਲ ਵੱਖ-ਵੱਖ ਧਰਮਾਂ ਵਿਚ ਪਏ ਸੰਵਾਦ ਦੇ ਜੋ ਰੂਪ ਮਿਲਦੇ ਹਨ, ਨਾਲ ਕੀ ਸੰਬੰਧ ਹਨ ਅਤੇ ਉਨ੍ਹਾਂ ਦਾ ਅੱਜ ਦੇ ਸਮੇਂ ਨਾਲ ਕੀ ਸੰਬੰਧ ਹੈ ਜਿਸ ਨਾਲ ਇਸ ਦੇ ਰਿਸ਼ਤੇ ਲੱਭੇ ਜਾਣ ਜਿਸ ਨਾਲ ਮੌਜੂਦਾ ਸਮੇਂ ਨਾਲ ਦਰਪੇਸ਼ ਔਕੜਾਂ ਦਾ ਸਾਹਮਣਾ ਕੀਤਾ ਜਾ ਸਕੇ। ਅਮਲੋਰਪਵਾਦਾਸ (Amalorpavadass) ਨੇ ਅੰਤਰ ਧਰਮ ਸੰਵਾਦ ਬਾਰੇ ਮਹੱਤਵਪੂਰਨ ਵਿਚਾਰ ਦਿੰਦੀਆਂ ਕਿਹਾ ਹੈ ਕਿ, "ਅੰਤਰ ਧਰਮ ਸੰਵਾਦ ਧਾਰਮਿਕ ਕਮਾਈ (Religious experience) ਦੀਆਂ ਦਿਸ਼ਾਵਾਂ ਤੇ ਬਲ ਦਿੰਦਾ ਹੈ। ਇਹ ਸਿਰਫ ਵਿਸ਼ਵਾਸ ਦਾ ਸੰਵਾਦ ਨਹੀਂ ਹੈ ਬਲਕਿ ਜਿੰਦਗੀ ਦੇ ਸੰਵਾਦ, ਆਪਸੀ ਸਾਂਝ, ਅਮੀਰੀ ਦੀ ਯਾਤਰਾ, ਪਰਮਾਤਮਾ ਵੱਲ ਜਾ ਰਹੀ ਯਾਤਰਾ ਅਤੇ ਪ੍ਰਭੂ ਦੇ ਸਮਾਜ ਵਿਚ ਨਿਆਂ, ਸ਼ਾਂਤੀ ਅਤੇ ਇਕਸੁਰਤਾ ਦੇ ਖੇਤਰ ਦੀ ਸਥਾਪਨਾ ਹੈ।'

ਸੰਸਾਰ ਦੇ ਧਰਮਾਂ ਦੇ ਪੈਗੰਬਰਾਂ ਅਤੇ ਵੱਖ-ਵੱਖ ਧਰਮਾਂ ਦੇ ਮਹਾਨ ਵਿਸ਼ੇਸ਼ ਵਾਸੀਆਂ ਨੇ ਸਮੇਂ-ਸਮੇਂ ਅੰਤਰ ਧਰਮ ਸੰਵਾਦ ਦੀ ਗੱਲ ਕੀਤੀ, ਜਿਸ ਨੂੰ ਉਨ੍ਹਾਂ ਧਰਮਾਂ ਦੇ ਪੈਰੋਕਾਰਾਂ ਨੇ ਸਿਜਦਾ ਕੀਤਾ ਹੈ ਪਰ ਸਮੇਂ ਦੇ ਵਹਿਣ ਵਿਚ ਮਨੁੱਖੀ ਬਿਰਤੀ ਦੇ ਉਲਝ

ਜਾਣ ਕਾਰਣ ਇਸ ਮੂਲ ਅਤੇ ਆਦਰਸ਼ ਸੱਚਾਈ ਤੋਂ ਟੁੱਟਣ ਕਾਰਣ ਸੰਸਾਰ ਨੂੰ ਮੁਸ਼ਕਿਲਾਂ ਦਰਪੇਸ਼ ਆਉਂਦੀਆਂ ਹਨ ਤੇ ਮਨੁੱਖ ਨੂੰ ਫਿਰ ਸੰਵਾਦ ਵੱਲ ਹੀ ਮੁੜਨਾ ਪੈਂਦਾ ਹੈ। ਅੱਜ ਲੋੜ ਹੈ, ਕਿ ਵੱਖ-ਵੱਖ ਧਰਮਾਂ ਵਿਚ ਅੰਤਰ ਧਰਮ ਸੰਵਾਦ ਦੇ ਪਏ ਵੱਖ-ਵੱਖ ਰੂਪਾਂ ਦਾ ਅਧਿਐਨ ਕੀਤਾ ਜਾਵੇ ਅਤੇ ਫਿਰ ਗੁਰੂ ਨਾਨਕ ਬਾਣੀ ਵਿਚ ਮੌਜੂਦ ਅੰਤਰ-ਧਰਮ ਸੰਵਾਦ ਦਾ ਵਿਸ਼ਲੇਸ਼ਣ ਕੀਤਾ ਜਾਵੇ ਜਿਸਨੇ ਬ੍ਰਹਿਮੰਡੀ ਚੇਤਨ ਪਸਾਰੇ ਵਿਚ ਆਪਣਾ ਵਿਲੱਖਣ ਯੋਗਦਾਨ ਪਾਇਆ ਹੈ।

**ਅਭਿਆਸ ਲਈ ਪ੍ਰਸ਼ਨ :-**

1. ਅੰਤਰ ਧਰਮ ਸੰਵਾਦ ਵਿਚ ਸਦਗੁਣਾਂ ਨੂੰ ਕਿਵੇਂ ਅਧਾਰ ਰੂਪ ਮੰਨਿਆ ਗਿਆ ਹੈ? ਵਿਸਤਾਰ ਸਹਿਤ ਲਿਖੋ।
2. ਅਜੋਕੇ ਸਮੇਂ ਵਿੱਚ ਅੰਤਰ ਧਰਮ ਸੰਵਾਦ ਲਈ ਕੀ ਵਿਧੀ ਅਪਨਾਉਣ ਦੀ ਲੋੜ ਹੈ? ਧਰਮ ਦੇ ਪਿਛੋਕੜ ਦੇ ਅਧਾਰ ਤੇ ਲਿਖੋ।

**ਹਵਾਲੇ :-**

1. Selvanayagam, Israel, A Dialogue on Dialogue, CLS, Madras, 1995, p.1
2. Arnett, R.C, Communication and Community, Carbondale : Southern Illinois University Press, 1986, p. 6.
3. Bryant, Darrol M. & Franic Flinn (ed.), Inter-religious dialogue, Voices from a new Frontier, 1989, p. 203.
4. Ibid, p. 203.
5. Sturm Duglas, Crossing the Bounderies : on the idea of Inter religious dialogue and the poetical question, journal of ecumenical studies, 30 : 1, 1993.
   [A dialogue, summarily defined, is a form of relationships in which each participant enters in to the life of the other through a process of interaction, as a result of which, even when that process entails hard-headed confrontation and opposition, the lives of all are enriched.
6. Rao, Sreenivassa (ed), Inter faith dialogue and world community, p. 29.
   "Dialogue is a means by which people discover one another and discover the good hopes and peaceful aspirations that they often lie hidden in their hearts. True dialogue goes beyond ideologies Dialogue brings human beings into contact with one another as members of one human family, with all the richness of these various cultures and histories. A conversion of heart commits people to promoting universal brotherhood, dialogue helps to effect this goal."
7. Encyclopedia of Religion, Vol. 4, p. 344.
8. Abishhiktanada, The Depth Dimension of Religious Dialogue : Vidya Joyti, 1981 (45), p. 208.
9. ਕਸੇਲ, ਕਿਰਪਾਲ ਸਿੰਘ, ਰਾਜ ਹੰਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996, ਪੰਨਾ 157-158.
10. ਪੂਰਨ ਸਿੰਘ, ਜਿਨ ਕੇ ਚੋਲੇ ਰਤੜੇ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 23-24.

ਪਾਠ ਨੰਬਰ : 4.2 ਲੇਖਕ : ਡਾ. ਸਰਬਜਿੰਦਰ ਸਿੰਘ

## ਸਾਮੀ ਧਰਮਾਂ ਵਿਚ ਪਰਮਸੱਚ : ਯਹੂਦੀ,ਇਸਾਈ ਅਤੇ ਇਸਲਾਮ ਧਰਮ

### ਸਾਮੀ ਧਰਮ : ਜਾਣ-ਪਛਾਣ

ਸਾਮੀ ਧਰਮਾਂ ਦੀ ਲੜੀ ਵਿਚ ਜੋਰਾਸ਼ਟਰਵਾਦ, ਯਹੂਦੀ, ਇਸਾਈ ਅਤੇ ਇਸਲਾਮ ਨੂੰ ਪ੍ਰਮੁੱਖਤਾ ਪ੍ਰਾਪਤ ਹੈ। ਇਨ੍ਹਾਂ ਧਰਮਾਂ ਨੇ ਆਪੋ ਆਪਣੇ ਢੰਗ ਨਾਲ ਲੋਕਾਂ ਦੀ ਜ਼ਿੰਦਗੀ ਨੂੰ ਪ੍ਰਭਾਵਤ ਕੀਤਾ। ਇਨ੍ਹਾਂ ਪ੍ਰਾਚੀਨ ਧਰਮਾਂ ਦੀ ਲੜੀ ਵਿਚ ਜੋਰਾਸ਼ਟਰਵਾਦ ਅਤੇ ਯਹੂਦੀ ਧਰਮ ਦੇ ਆਰੰਭ ਬਾਰੇ ਕੋਈ ਨਿਸ਼ਚਿਤ ਸਮਾਂ ਦੱਸਣਾ ਸੰਭਵ ਨਹੀਂ ਹੈ। ਪਰ ਇਹ ਧਰਮ ਈਸਾ ਮਸੀਹ ਦੇ ਜਨਮ ਤੋਂ ਲਗਭਗ ਦੋ ਹਜ਼ਾਰ ਸਾਲ ਪਹਿਲਾਂ ਹੋਂਦ ਵਿਚ ਆ ਗਏ ਸਨ। ਜੋਰਾਸ਼ਟਰ ਧਰਮ ਦੇ ਬਾਨੀ ਜਰਤੁਸ਼ਤ ਸਨ ਅਤੇ ਯਹੂਦੀ ਧਰਮ ਦੇ ਪੈਰੋਕਾਰ ਆਪਣਾ ਪਹਿਲਾਂ ਪੈਗੰਬਰ ਅਬਰਾਹਮ ਨੂੰ ਮੰਨਦੇ ਹਨ, ਜਿਸ ਨਾਲ ਸਭ ਤੋਂ ਪਹਿਲਾਂ ਖੁਦਾ ਨੇ ਅਹਿਦ ਕੀਤਾ ਸੀ। ਇਸ ਧਰਮ ਵਿਚ ਵਿਸ਼ਵਾਸ ਰੱਖਣ ਵਾਲਿਆਂ ਨੂੰ ਇਬਰਾਨੀ (Hebrew), ਇਜਰਾਈਲੀ (Israelies) ਅਤੇ ਯਹੂਦੀ (Jews) ਆਦਿ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ। ਇਨ੍ਹਾਂ ਨਾਵਾਂ ਵਿਚ ਸਭ ਤੋਂ ਪੁਰਾਣਾ ਨਾਮ ਇਬਰਾਨੀ ਹੈ ਕਿਉਂਕਿ ਇਸ ਨੂੰ 'ਇਬਰ' ਨਾਮ ਤੋਂ ਪ੍ਰਗਟ ਹੋਇਆ ਮੰਨਿਆ ਗਿਆ ਹੈ। ਇਬਰ ਅਬਰਾਹਮ ਦਾ ਵੱਡਾ ਵਡੇਰਾ ਸੀ। ਇਸ ਕਰਕੇ ਅਬਰਾਹਮ ਦੀ ਕੌਮ ਨੂੰ ਇਬਰ ਦੀ ਸੰਤਾਨ ਹੋਣ ਕਰਕੇ ਇਬਰਾਨੀ ਕਿਹਾ ਜਾਂਦਾ ਹੈ। ਇਸ ਤਰ੍ਹਾਂ ਅਬਰਾਹਮ ਨੂੰ ਇਲਹਾਮ ਦੀ ਪ੍ਰਾਪਤੀ ਤੋਂ ਬਾਅਦ ਅਬਰਾਹਮ ਇਬਰਾਨੀ ਅਤੇ ਉਸ ਤੋਂ ਬਾਅਦ ਉਸ ਦੀ ਸਾਰੀ ਸੰਤਾਨ ਨੂੰ ਇਬਰਾਨੀ ਕਿਹਾ ਜਾਣ ਲਗ ਪਿਆ ਅਤੇ ਇਥੋਂ ਤਕ ਕਿ ਉਹਨਾਂ ਨੇ ਆਪਣੇ ਧਰਮ (ਯਹੂਦੀ) ਨੂੰ ਇਬਰਾਨੀ ਧਰਮ ਕਹਾਉਣ ਵਿਚ ਖੁਸ਼ੀ ਮਹਿਸੂਸ ਕੀਤੀ। ਪਰ ਇਸ ਧਰਮ ਦੀ ਅਸਲ ਵਿਚ ਸਿਰਜਨਾ ਅਤੇ ਸਾਜਨਾ ਦਾ ਪ੍ਰਕਰਮ ਮੂਸਾ (Moses)ਦੇ ਹੱਥੀ ਪੂਰਾ ਹੁੰਦਾ ਹੈ। ਇਸ ਲਈ ਆਮ ਮਾਨਸਿਕਤਾ ਵਿਚ ਮੂਸਾ (Moses) ਇਸ ਧਰਮ ਦੇ ਬਾਨੀ ਦੇ ਤੌਰ ਪ੍ਰਵਾਨਤ ਹੋ ਚੁੱਕਾ ਸੀ।

ਜਿਵੇਂ ਉਪਰ ਗੱਲ ਕੀਤੀ ਗਈ ਹੈ ਕਿ ਜੋਰਾਸ਼ਟਰ ਧਰਮ ਦੇ ਬਾਨੀ ਜ਼ਰਤੁਸਤ ਜੀ ਸਨ। ਪੈਗੰਬਰ ਜਰਤੁਸਤ ਦੇ ਜਨਮ ਸੰਬੰਧੀ ਲਾਏ ਜਾਂਦੇ ਅਨੁਮਾਨਾਂ ਵਿਚ ਬਹੁਤ ਫ਼ਰਕ ਹੈ। ਪੱਛਮੀ ਜਗਤ ਨਾਲ ਸੰਬੰਧਤ ਬਹੁਤ ਸਾਰੇ ਇਤਿਹਾਸਕ ਵੇਰਵੇ ਮਹਾਤਮਾ ਜਰਤੁਸ਼ਤ ਦਾ ਜਨਮ ਸਮਾਂ 1000 ਪੂ.ਈ. ਤੋਂ 620 ਪੂ.ਈ. ਮੰਨਦੇ ਹਨ। ਪਰ ਇਸ ਧਰਮ ਨਾਲ ਸੰਬੰਧਤ ਵਿਦਵਾਨਾਂ ਦਾ ਮਤ ਹੈ ਕਿ ਉਨ੍ਹਾਂ ਦੇ ਪੈਗੰਬਰ ਦਾ ਜਨਮ ਈਸਾ ਤੋਂ ਘੱਟ ਤੋਂ ਘੱਟ 6000 ਸਾਲ ਪਹਿਲਾਂ ਹੋਇਆ। ਸੋ ਸਪਸ਼ਟ ਹੈ ਕਿ ਜਨਮ ਸੰਬੰਧੀ ਕਿਸੇ ਭਰੋਸੇਯੋਗ ਸੂਤਰ ਦੀ ਅਣਹੋਂਦ ਕਾਰਣ ਅਸਲ ਸਮੇਂ ਦੇ ਨੇੜੇ ਪਹੁੰਚਣਾ ਸੁਖਾਲਾ ਨਹੀਂ ਹੈ। ਪਰ ਜਰਤੁਸ਼ਤ ਦੇ ਜਨਮ ਸਥਾਨ ਬਾਰੇ ਲਗਭਗ ਸਹਿਮਤੀ ਪ੍ਰਗਟਾਈ ਗਈ ਹੈ ਕਿ ਇਨ੍ਹਾਂ ਦਾ ਜਨਮ ਦਾਰਜੀ ਦਰਿਆ ਦੇ ਕੰਢੇ ਤੇ ਵਸੇ ਇਕ ਛੋਟੇ ਜਿਹੇ ਕਸਬੇ ਰਾਏ ਵਿਚ ਹੋਇਆ। ਆਪ ਦੇ ਪਿਤਾ ਪੌਰਸ਼ਸਪ ਸ਼ਾਹੀ ਘਰਾਣੇ ਨਾਲ ਸੰਬੰਧਤ ਸਨ ਅਤੇ ਆਪ ਦੀ ਮਾਤਾ ਦਿਵ ਦਰਜ ਵੀ ਅਮੀਰ ਮਾਂ ਬਾਪ ਦੀ ਬੇਟੀ ਸੀ। ਜੋਰਾਸ਼ਟਰ ਧਰਮ ਦੇ ਪੈਰੋਕਾਰਾਂ ਵਿਚ ਇਹ ਮੰਨਿਆ ਜਾਂਦਾ ਹੈ ਕਿ ਜਰਤੂਸ਼ਤ ਦੇ ਜਨਮ ਸੰਬੰਧੀ ਭਵਿੱਖਬਾਣੀ ਉਸ ਦੇ ਜਨਮ ਤੋਂ ਪਹਿਲਾਂ ਹੀ ਹੋ ਚੁੱਕੀ ਸੀ ਜਿਸ ਵਿਚ ਕਿਹਾ ਗਿਆ ਸੀ ਕਿ ਇਹ ਬਾਲਕ ਸਦੀਆਂ ਤੋਂ ਚਲੇ ਆ ਰਹੇ ਬੁੱਤ ਪੂਜਾ ਦੇ ਵਿਸ਼ਵਾਸ ਨੂੰ ਸਵੀਕਾਰ ਨਹੀਂ ਕਰੇਗਾ। ਸਗੋਂ ਬਹੁਦੇਵ ਵਿਰੁੱਧ ਪ੍ਰਚਾਰ ਕਰਦਾ ਹੋਇਆ ਪੁਰਾਣੀਆਂ ਰੂੜੀਆਂ ਨੂੰ ਖ਼ਤਮ ਕਰਕੇ ਇਕ ਪਰਮਾਤਮਾ ਦਾ ਸੰਦੇਸ਼ ਦਿੰਦਾ ਹੋਇਆ ਨਵੇਂ ਸਮਾਜ ਦੀ ਸਿਰਜਨਾ ਕਰੇਗਾ ਅਤੇ ਹਰ ਤਰ੍ਹਾਂ ਦੀਆਂ ਅਨੈਤਿਕ ਸ਼ਕਤੀਆਂ ਦੇ ਖਾਤਮੇ ਲਈ ਸੰਘਰਸ਼ੀਲ ਰਹੇਗਾ।

ਜੋਰਾਸ਼ਟਰ ਧਰਮ ਦੇ ਵਿਚ ਇਹ ਪ੍ਰਵਾਨ ਕੀਤਾ ਜਾਂਦਾ ਹੈ ਕਿ ਜਰਤੁਸ਼ਤ ਦੇ ਜਨਮ ਦੇ ਸਮੇਂ ਉਹ ਉੱਚੀ-ਉੱਚੀ ਹੱਸਿਆ ਅਤੇ ਉਸ ਦੇ ਕਹਿ ਕਹਿਆ ਨੇ ਜੰਗਲ ਬੇਲੇ ਤਕ ਗੂੰਜਣ ਲਾ ਦਿੱਤੇ ਅਤੇ ਸਮੁੱਚੇ ਵਾਤਾਵਰਣ ਵਿਚ ਅਜੀਬ ਤਰ੍ਹਾਂ ਦੀ ਸੁਗੰਧੀ ਭਰ ਗਈ। ਇਸ ਤਰ੍ਹਾਂ ਮਹਿਸੂਸ ਹੋ ਰਿਹਾ ਸੀ ਕਿ ਜਿਵੇਂ ਸਮੁੱਚੀ ਕਾਇਨਾਤ ਰੱਬੀ ਨੂਰ ਸ਼ਰਸ਼ਾਰ ਹੋ ਗਈ ਹੋਵੇ ਜਰਤੁਸ਼ਤ ਨੂੰ ਵੱਡਾ ਹੋਣ ਤੇ ਵਿਦਵਾਨ ਅਧਿਆਪਕਾਂ ਦੀ ਸੰਗਤ ਵਿਚ ਭੇਜਿਆ ਗਿਆ ਤਾਂ ਜੋ ਉਹ ਆਪਣੇ ਪਿਤਰੀ ਧਰਮ ਦੀਆਂ ਨਾ ਕੇਵਲ ਪਰੰਪਰਾਵਾਂ ਤੋਂ ਜਾਣੂ ਹੋ ਸਕੇ ਸਗੋਂ ਉਨ੍ਹਾਂ ਵਿਚ ਗੂੜ੍ਹਤਾ ਵੀ ਹਾਸਲ ਕਰ ਲਵੇ। ਇਸ

ਤੋਂ ਇਲਾਵਾ ਇਸਨੂੰ ਪਿਤਰੀ ਧਰਮ ਵਿਚ ਦਾਖਲ ਕਰਾਉਣ ਲਈ ਪਵਿੱਤਰ ਚੋਗਾ ਅਤੇ ਧੋਤੀ ਵੀ ਪਹਿਨਾਈ ਗਈ। ਪਰ ਬਹੁਤ ਜਲਦ ਹੀ ਮਹਾਤਮਾ ਜਰਤੁਸਤ ਨੇ ਪਿਤਰੀ ਧਰਮ ਦੇ ਸਿਧਾਂਤ ਨੂੰ ਅਪ੍ਰਵਾਨ ਕਰਨਾ ਸ਼ੁਰੂ ਕਰ ਦਿੱਤਾ ਅਤੇ ਆਪਣੇ ਵਿਦਵਾਨ ਅਧਿਆਪਕ ਨਾਲ ਇਸ ਸੰਬੰਧੀ ਪ੍ਰਵਚਨ ਵੀ ਰਚਾਉਣੇ ਸ਼ੁਰੂ ਕਰ ਦਿੱਤੇ। ਕਿਹਾ ਜਾਂਦਾ ਹੈ ਕਿ ਜਰਤੁਸ਼ਤ ਦੇ ਵਿਦਵਾਨ ਅਧਿਆਪਕ ਨੇ ਮਨੁੱਖੀ ਮਨ ਦੀਆਂ ਗੁੰਝਲਾਂ ਨੂੰ ਸਮਝਾਉਣ ਅਤੇ ਉਹਨਾਂ ਦੇ ਸਮਾਧਾਨ ਲਈ ਯੋਗ ਸਿਖਿਆ ਦਿੱਤੀ। ਇਸ ਕਰਕੇ ਉਹ ਜ਼ਿੰਦਗੀ ਭਰ ਆਪਣੇ ਅਧਿਆਪਕਾਂ ਦੀ ਦਿਲੋਂ ਕਦਰ ਕਰਦਾ ਰਿਹਾ। ਬੇ ਸ਼ਕ ਦੋਵਾਂ ਦੇ ਆਪਸੀ ਵਿਚਾਰਾਂ ਵਿਚ ਲਗਭਗ ਮਤਭੇਦਤਾ ਸਪਸ਼ਟ ਸੀ।

15 ਸਾਲ ਦੀ ਉਮਰ ਵਿਚ ਆਪਦੇ ਵਿਆਹ ਦਾ ਜ਼ਿਕਰ ਜੇਂਦ ਅਵੇਸਤਾ ਵਿਚ ਆਉਂਦਾ ਹੈ ਅਤੇ ਉਨ੍ਹਾਂ ਦੀ ਪਤਨੀ ਦਾ ਨਾਮ ਇਥੇ ਹੋਵਵੀ ਦਰਜ ਹੈ। ਉਨ੍ਹਾਂ ਦੇ ਤਿੰਨ ਬੱਚੇ ਵੀ ਪੈਦਾ ਹੋਏ। ਪਰ ਜਲਦੀ ਹੀ ਇਹ ਪਰਿਵਾਰਕ ਝਮੇਲਿਆਂ ਤੋਂ ਉਕਤਾ ਗਏ ਅਤੇ 20 ਸਾਲ ਦੀ ਉਮਰ ਵਿਚ ਆਪਣੇ ਮਾਂ, ਪਿਉ ਅਤੇ ਪਰਿਵਾਰ ਨੂੰ ਛੱਡ ਕੇ ਆਤਮਿਕ ਆਨੰਦ ਦੀ ਪ੍ਰਾਪਤੀ ਲਈ ਚਲ ਨਿਕਲੇ। ਲੰਮਾ ਸਮਾਂ ਇਹ ਵਿਦਵਾਨ ਸੰਤਾਂ ਮਹਾਂਪੁਰਸ਼ਾਂ ਦੀ ਸੰਗਤ ਦਾ ਆਨੰਦ ਮਾਣਦੇ ਰਹੇ । ਉਨ੍ਹਾਂ ਨਾਲ ਗੋਸ਼ਟਾਂ ਕਰਦੇ ਰਹੇ ਅਤੇ ਅਖੀਰ ਉਨ੍ਹਾਂ ਨੇ ਉਹ ਸਾਰਾ ਕੁਝ ਕਰਨਾ ਛੱਡ ਦਿੱਤਾ, ਜਿਹੜਾ ਦੂਜਿਆਂ ਦੀ ਨਿਗਾਹ ਵਿਚ ਧਾਰਮਿਕ ਸੀ। ਉਨ੍ਹਾਂ ਨੇ ਪਰੰਪਰਕ ਰਸਮਾਂ ਦਾ ਪੂਰਨ ਤਿਆਗ ਕਰ ਦਿੱਤਾ, ਜਿਸ ਤੇ ਉਨ੍ਹਾਂ ਦਾ ਬਹੁਤ ਸਖ਼ਤੀ ਨਾਲ ਵਿਰੋਧ ਵੀ ਹੋਇਆ। ਇਥੋਂ ਤਕ ਕਿ ਆਪ ਨੂੰ ਮਾਰਨ ਦੀਆਂ ਸਾਜ਼ਸ਼ਾਂ ਵੀ ਰਚੀਆਂ ਗਈਆਂ। ਪਰ ਕੋਈ ਅਗੰਮੀ ਸ਼ਕਤੀ ਇਨ੍ਹਾਂ ਦੀ ਖੁਦ ਰੱਖਿਆ ਕਰਦੀ ਰਹੀ। ਹੁਣ ਮਹਾਤਮਾ ਜਰਤੁਸ਼ਤ ਨੇ ਸਮਾਜ ਤੋਂ ਕਿਨਾਰਾ ਕਸੀ ਕਰ ਲਈ ਅਤੇ ਉਹ ਪਹਾੜਾਂ ਦੀਆਂ ਕੁੰਦਰਾਂ ਵਿਚ ਜਾ ਬੈਠਾ। ਜੋਰਾਸ਼ਟਰ ਕਥਾਵਾਂ ਅਨੁਸਾਰ ਇਨ੍ਹਾਂ ਨੇ ਲਗਭਗ 12 ਸਾਲ ਉਥੇ ਬਤੀਤ ਕੀਤੇ। ਇਸ ਸਮੇਂ ਦੌਰਾਨ ਇਨ੍ਹਾਂ ਨੇ ਬਿਲਕੁਲ ਖਾਮੋਸ਼ੀ ਧਾਰਨ ਕਰ ਰੱਖੀ ਅਤੇ ਇਕ ਸ਼ਬਦ ਵੀ ਕਿਸੇ ਨਾਲ ਸਾਂਝਾ ਨਹੀਂ ਕੀਤਾ। ਲਗਭਗ 32 ਸਾਲ ਦੀ ਉਮਰ ਵਿਚ ਇਨ੍ਹਾਂ ਪਹਾੜਾਂ ਦੀਆਂ ਕੁੰਦਰਾਂ ਵਿਚ ਹੀ ਆਪ ਨੂੰ ਦੈਵੀ ਇਲਹਾਮ ਦੀ ਪ੍ਰਾਪਤੀ ਹੋਣੀ ਪ੍ਰਵਾਨ ਕੀਤੀ ਜਾਂਦੀ ਹੈ।

ਸਾਮੀ ਧਰਮਾਂ ਵਿਚ ਅਗਲੀ ਪ੍ਰਮੁਖਤਾ ਈਸਾਈ ਧਰਮ ਨੂੰ ਪ੍ਰਾਪਤ ਹੈ। ਇਹ ਧਰਮ ਵੀ ਏਸ਼ੀਆ ਦੀ ਜਰਖੇਜ਼ ਧਰਤੀ ਦੀ ਦੇ ਣ ਹੈ। ਇਸ ਧਰਮ ਦੇ ਬਾਨੀ ਹਜਰਤ ਯਿਸੂ ਮਸੀਹ ਹਨ। ਇਨ੍ਹਾਂ ਦੀ ਮਾਤਾ ਦਾ ਨਾਮ ਮਰੀਅਮ ਸੀ ਅਤੇ ਪਿਤਾ ਯੂਸਫ। ਈਸਾ ਦੇ ਜਨਮ ਦੀ ਸਮੁੱਚੀ ਕਹਾਣੀ ਸੇਂਟ ਲੂਕਾ ਦੀ ਬਾਈਬਲ ਵਿਚ ਉਪਲੱਬਧ ਹੈ। ਜਿਸ ਵਿਚੋਂ ਪਤਾ ਲਗਦਾ ਹੈ ਕਿ ਈਸਾ ਕੁਆਰੀ ਮਰੀਅਮ ਦੀ ਕੁੱਖੋਂ ਪੈਦਾ ਹੋਇਆ ਅਤੇ ਜਨਮ ਅਸਥਾਨ ਬੈਥਲਹੇਮ ਸੀ, ਜਿਸ ਵਿਚ ਯਹੂਦੀਆਂ ਦਾ ਬਹੁਤ ਠਾਠ ਵਾਲਾ ਬਾਦਸ਼ਾਹ ਡੇਵਿਡ ਰਹਿੰਦਾ ਸੀ। ਈਸਾਈ ਵਿਸ਼ਵਾਸ ਅਨੁਸਾਰ ਯਿਸੂ ਦੇ ਜਨਮ ਦੀ ਸਭ ਤੋਂ ਪਹਿਲਾਂ ਖ਼ਬਰ ਭੇਡਾਂ ਬਕਰੀਆਂ ਚਾਰਦੇ ਆਜੜੀਆਂ ਨੂੰ ਪ੍ਰਾਪਤ ਹੋਈ ਜਦ ਇਕ ਫਰਿਸਤਾ ਉਨ੍ਹਾਂ ਦੇ ਸਾਹਮਣੇ ਪ੍ਰਗਟ ਹੋਇਆ ਅਤੇ ਕਿਹਾ ਕਿ ਮਿਤਰੋ ਮੇਰੇ ਤੋਂ ਡਰੋ ਨਾ, ਮੈਂ ਪਰਮਾਤਮਾ ਦਾ ਤੁਛ ਨੌਕਰ ਤੁਹਾਡੇ ਲਈ ਖੁਸ਼ੀਆਂ ਦੇ ਭੰਡਾਰ ਲੈ ਕੇ ਆਇਆ ਹਾਂ। ਅੱਜ ਤੁਹਾਡੇ ਸ਼ਹਿਰ ਵਿਚ ਪਰਮੇਸ਼ਵਰ ਦਾ ਪੁੱਤਰ ਤੁਹਾਡਾ ਮੁਕਤੀ ਦਾਤਾ ਜਨਮ ਲੈ ਚੁੱਕਾ ਹੈ। ਜਾਓ ਅਤੇ ਇਕ ਖੁਰਲੀ ਵਿਚ ਉਸਦੇ ਦਰਸ਼ਨ ਕਰੋ। ਆਜੜੀ ਜਲਦੀ-ਜਲਦੀ ਬੈਥਲਹੇਮ ਪਹੁੰਚੇ ਅਤੇ ਜੋ ਉਨ੍ਹਾਂ ਸੁਣਿਆ ਸੀ ਉਹ ਪ੍ਰਤੱਖ ਵਿਚ ਵੇਖਿਆ ਅਤੇ ਉੱਚੀ-ਉੱਚੀ ਫਰਿਸ਼ਤੇ ਦੇ ਸ਼ਬਦਾਂ ਨੂੰ ਦੂਜਿਆਂ ਨਾਲ ਸਾਂਝਾ ਕਰਦੇ ਹੋਏ, ਪਰਮਾਤਮਾ ਦੀ ਜੈ ਜੈ ਕਾਰ ਕਰਨ ਲਗੇ। ਬੱਚੇ ਦੇ ਵੱਡੇ ਹੋਣ ਤੇ ਉਸਨੂੰ ਉਸਦੇ ਪਿਤਰੀ ਧਰਮ ਵਿਚ ਦਾਖਲ ਕਰਾਉਣ ਲਈ ਬਪਤਿਸਮੇ ਦੀ ਰਸਮ ਲਈ ਯੂਹੰਨਾ ਕੋਲ ਲੈ ਕੇ ਗਏ। ਪਰ ਯੂਹੰਨਾ ਨੇ ਕਿਹਾ, ''ਤੂੰ ਮੇਰੇ ਕੋਲ ਕਿਉਂ ਆਇਆ ਹੈ ? ਮੈਨੂੰ ਤੇ ਸਗੋਂ ਤੇਰੇ ਕੋਲ ਬਪਤਿਸਮਾ ਲੈਣ ਆਉਣਾ ਚਾਹੀਦਾ ਸੀ।'' ਪਰ ਯਿਸੂ ਨੇ ਫਰਮਾਇਆ ਕਿ ਈਸ਼ਵਰ ਦੀ ਰਜਾ ਅਨੁਸਾਰ ਹੀ ਇਹ ਸਭ ਕੁਝ ਹੋ ਰਿਹਾ ਹੈ। ਜਦੋਂ ਯਿਸੂ ਬਪਤਿਸਮੇ ਦੀ ਰਸਮ ਉਪਰੰਤ ਪਾਣੀ ਵਿਚੋਂ ਬਾਹਰ ਨਿਕਲਿਆ ਤਾਂ ਈਸ਼ਵਰ ਜੋਤ ਇਕ ਘੁੱਗੀ ਦੇ ਰੂਪ ਵਿਚ ਅਸਮਾਨ ਤੋਂ ਉਤਰੀ ਅਤੇ ਯੂਹੰਨਾ ਨੇ ਅਵਾਜ਼ ਸੁਣੀ :

ਇਹ ਮੇਰਾ ਪੁੱਤਰ ਹੈ, ਮੇਰਾ ਪਿਆਰ ਜਿਸ ਤੇ ਮੇਰੀ ਬਖਸ਼ਿਸ਼ ਹੈ।

ਯਿਸੂ ਪਵਿੱਤਰ ਆਤਮਾ ਨਾਲ ਭਰਪੂਰ ਹੋ ਸਮਾਜ ਵਿਚ ਵਿਚਰਨ ਲੱਗਾ। ਸਮਾਜ ਦੇ ਭਲੇ ਅਤੇ ਗਰੀਬਾਂ ਦੇ ਕਲਿਆਣ ਦਾ ਆਪਣਾ ਐਲਾਨ ਕਰ ਦਿੱਤਾ ਅਤੇ ਕਿਹਾ ਕਿ ਪਰਮੇਸ਼ਵਰ ਦਾ ਇਹੋ ਹੁਕਮ ਹੈ। ਉਸ ਨੇ ਆਪਣੇ 12 ਚੇਲੇ ਵੀ ਚੁਣ ਲਏ ਅਤੇ ਉਨ੍ਹਾਂ ਨੂੰ ਮੁਖ ਪ੍ਰਚਾਰਕ ਕਿਹਾ ਜਾਣ ਲੱਗਾ। ਹੁਣ ਉਸ ਦੀਆਂ ਬਖਸ਼ਿਸਾਂ ਅਤੇ ਮਿਹਰ ਨਾਲ ਲੋਕ ਭਰਪੂਰ ਹੋਣ ਲੱਗੇ। ਉਸ ਨੇ ਉਪਦੇਸ਼ ਦਿੱਤਾ :''ਓਹ ਕਿੰਨੇ ਧੰਨ ਹਨ ਜੋ ਪਰਮਾਤਮਾ ਦੀ ਲੋੜ ਮਹਿਸੂਸ ਕਰਦੇ ਹਨ।

ਅਸਮਾਨ ਦੀ ਬਾਦਸ਼ਾਹਤ ਉਨ੍ਹਾਂ ਹਵਾਲੇ ਹੀ ਹੋਣੀ ਹੈ। ਉਹ ਕਿੰਨੇ ਧੰਨ ਹਨ ਜੋ ਹਾਮਰਗੀਨ ਅਤੇ ਦਿਲਗੀਰ ਰਹਿੰਦੇ ਹਨ। ਉਨ੍ਹਾਂ ਨੂੰ ਅਥਾਹ ਸ਼ਾਂਤੀ ਪ੍ਰਾਪਤ ਹੋਵੇਗੀ। ਉਹ ਕਿੰਨੇ ਵੱਡੇ ਮਨੁੱਖ ਹਨ ਜਿਨ੍ਹਾਂ ਦੀ ਰੂਹ ਵਿਚ ਹਲੀਮੀ ਹੈ ਉਨ੍ਹਾਂ ਨੂੰ ਧਰਤੀ ਦੀ ਬਾਦਸ਼ਾਹਤ ਪ੍ਰਾਪਤ ਹੋਵੇਗੀ। ਉਹ ਕਿੰਨੇ ਉਚ ਹਨ ਜੋ ਧਰਮ ਦੀ ਸਥਾਪਨਾ ਵੇਖਣ ਦੀ ਚਾਹ ਰਖਦੇ ਹਨ। ਉਨ੍ਹਾਂ ਨੂੰ ਸੰਤੋਖ ਪ੍ਰਾਪਤ ਹੋਵੇਗਾ। ਉਹ ਕਿੰਨੇ ਧੰਨ ਹਨ ਜੋ ਦਿਆਲੂ ਹਨ, ਉਨ੍ਹਾਂ ਤੇ ਰੱਬ ਬਖਸ਼ਿਸਾਂ ਦੀ ਛਹਿਬਰ ਲਾ ਦੇਵੇਗਾ। ਉਹ ਕਿੰਨੇ ਮਹਾਨ ਹਨ ਜੋ ਸ਼ਾਂਤੀ ਦੀ ਸਥਾਪਨਾ ਲਈ ਕਾਰਜਸ਼ੀਲ ਹਨ, ਪਰਮਾਤਮਾ ਉਨ੍ਹਾਂ ਨੂੰ ਆਪਣੇ ਪੁੱਤਰਾਂ ਦਾ ਖਿਤਾਬ ਦੇਵੇਗਾ। ਉਹ ਕਿੰਨੇ ਧੰਨ ਹਨ ਜੋ ਸੱਚ ਅਤੇ ਨਿਆਏ ਦੀ ਖਾਤਰ ਜਬਰ ਦਾ ਸਾਹਮਣਾ ਕਰਦੇ ਹਨ, ਅਸਮਾਨ ਦੀ ਬਾਦਸ਼ਾਹਤ ਉਨ੍ਹਾਂ ਦੀ ਝੋਲੀ ਪਵੇਗੀ।''

ਯਿਸੂ ਦਾ ਸ਼ਾਂਤੀ ਦਾ ਸੁਨੇਹਾ ਅਤੇ ਲੋਕਾਂ ਦੇ ਮਸੀਹੇ ਵਜੋਂ ਲੋਕ ਮਨਾਂ ਵਿਚ ਘਰ ਕਰਦਿਆਂ ਵੇਖ ਯਹੂਦੀ ਬਹੁਤ ਖਫ਼ਾ ਹੋਏ। ਉਹ ਉਸ ਨੂੰ ਖ਼ਤਮ ਕਰਨਾ ਚਾਹੁੰਦੇ ਸਨ। ਉਨ੍ਹਾਂ ਇਕ ਮਹਾ ਸਭਾ ਵਿਚ ਕਿਹਾ, ''ਅਸੀਂ ਕੀ ਕਰਨਾ ਹੈ, ਇਹ ਆਦਮੀ ਬਹੁਤ ਕਰਾਮਾਤਾਂ ਦਿਖਾ ਰਿਹਾ ਹੈ। ਜੇ ਅਸੀਂ ਇਸ ਨੂੰ ਇਸੇ ਤਰ੍ਹਾਂ ਹੀ ਕਰਦਿਆਂ ਛੱਡ ਦੇਵਾਂਗੇ ਤਾਂ ਸਾਰੀ ਲੋਕਾਈ ਇਸ ਉਤੇ ਆਪਣਾ ਈਮਾਨ ਲੈ ਆਵੇਗੀ। ਸਾਡਾ ਸਿਧਾਂਤ ਸਾਡੀ ਸਮੁੱਚੀ ਕੌਮ ਸਾਡੇ ਮੰਦਰ ਤਬਾਹ ਹੋ ਜਾਣਗੇ ।'' ਬਹੁਤ ਸੋਚ ਵਿਚਾਰ ਉਪਰੰਤ ਮੁਖ ਪ੍ਰੋਹਤ ਨੇ ਫ਼ਰਮਾਇਆ ਕਿ ਤੁਹਾਨੂੰ ਕਿਸੇ ਗੱਲ ਦਾ ਕੁਝ ਪਤਾ ਨਹੀਂ ਅਤੇ ਨਾ ਹੀ ਤੁਸੀਂ ਢੰਗ ਨਾਲ ਸੋਚਦੇ ਹੀ ਹੋ। ਤੁਹਾਡਾ ਭਲਾ ਵਧੇਰੇ ਕਰਕੇ ਇਸੇ ਵਿਚ ਹੈ ਕਿ ਸਾਰੀ ਕੌਮ ਨੂੰ ਬਰਬਾਦ ਕਰਨ ਦੀ ਥਾਂ ''ਇਕੋ ਮਨੁੱਖ'' ਨੂੰ ਕਤਲ ਕਰ ਦਿੱਤਾ ਜਾਵੇ। ਸਰਬ ਸੰਮਤੀ ਨਾਲ ਇਸ ਫੈਸਲੇ ਤੇ ਸਹੀ ਪਾ ਦਿੱਤੀ ਅਤੇ ਫਿਰ ਯੋਜਨਾਬੱਧ ਯਿਸੂ ਸਲੀਬ ਤੇ ਚੜ੍ਹਾ ਦਿੱਤਾ ਗਿਆ।

ਸਾਮੀ ਧਰਮਾਂ ਦੀ ਲੜੀ ਵਿਚ ਇਸਲਾਮ ਵੀ ਪ੍ਰਮੁਖ ਧਰਮ ਹੈ। ਇਸ ਧਰਮ ਦੇ ਬਾਨੀ ਮੁਹੰਮਦ ਸਾਹਿਬ ਹਨ। ਇਸਲਾਮੀ ਵਿਸ਼ਵਾਸ ਅਨੁਸਾਰ ਪੈਗੰਬਰਾਂ ਦੀ ਲੜੀ ਵਿਚ ਮੁਹੰਮਦ ਸਾਹਿਬ ਆਖਰੀ ਹਨ। ਜਜ਼ੀਰਾਤਅਲ ਅਰਬ ਦੇ ਮਸ਼ਹੂਰ ਸ਼ਹਿਰ ਮੱਕੇ ਵਿਚ ਇਨ੍ਹਾਂ ਦਾ ਜਨਮ ਹੋਇਆ ਅਤੇ ਇਨ੍ਹਾਂ ਦੀ ਜਨਮ ਤਰੀਖ 29 ਅਗਸਤ 570 ਪ੍ਰਵਾਨ ਕੀਤੀ ਜਾਂਦੀ ਹੈ। ਇਨ੍ਹਾਂ ਦੇ ਪਿਤਾ ਕੁਰੈਸ਼ ਕਬੀਲੇ ਨਾਲ ਸੰਬੰਧਤ ਸਨ ਅਤੇ ਉਨ੍ਹਾਂ ਦਾ ਨਾਮ ਅਬਦੁੱਲਾ ਸੀ ਅਤੇ ਇਨ੍ਹਾਂ ਦੀ ਮਾਂ ਦਾ ਨਾਮ ਅਮੀਨਾ ਸੀ ਜੋ ਕੁਰੈਸ਼ ਕਬੀਲੇ ਦੇ ਜ਼ੂਹਰਾ ਫਿਰਕੇ ਨਾਲ ਸੰਬੰਧਤ ਸੀ। ਜਨਮ ਸਮੇਂ ਹੀ ਮੁਹੰਮਦ ਸਾਹਿਬ ਦੇ ਪਿਤਾ ਦੀ ਮੌਤ ਹੋ ਜਾਂਦੀ ਹੈ ਅਤੇ ਪਾਲਣ ਪੋਸ਼ਣ ਦੀ ਜ਼ਿੰਮੇਵਾਰੀ ਇਨ੍ਹਾਂ ਦੇ ਦਾਦੇ ਅਬਦੁਲਾ ਮੁਤਾਲਿਬ ਦੇ ਸਿਰ ਆ ਜਾਂਦੀ ਹੈ। ਅਰਬ ਪਰੰਪਰਾ ਅਨੁਸਾਰ ਜਨਮ ਤੋਂ ਕੁਝ ਸਮਾਂ ਬਾਅਦ ਹੀ ਇਨ੍ਹਾਂ ਨੂੰ ਹਲੀਮਾਂ ਨਾਂ ਦੀ ਇਕ ਦਾਈ ਕੋਲ ਭੇਜ ਦਿੱਤਾ ਜਾਂਦਾ ਹੈ ਤਾਂ ਜੋ ਜ਼ਿੰਦਗੀ ਦੀਆਂ ਤਲਖੀਆਂ ਤੋਂ ਜਾਣੂ ਹੋ ਸਕੇ। ਜ਼ਿੰਦਗੀ ਦੇ ਪਹਿਲੇ ਚਾਰ ਸਾਲ ਉਹ ਦਾਈ ਹਲੀਮਾ ਦੇ ਘਰ ਪਲਿਆ ਅਤੇ ਉਸ ਦੇ ਬੱਚਿਆਂ ਨਾਲ ਭੇਡਾਂ ਬਕਰੀਆਂ ਚਾਰਦਾ ਰਿਹਾ। ਪਰੰਪਰਾ ਅਨੁਸਾਰ ਚਾਰ ਸਾਲ ਬੀਤਣ ਉਪਰੰਤ ਮੁਹੰਮਦ ਨੂੰ ਵਾਪਸ ਆਪਣੀ ਮਾਂ ਕੋਲ ਛੱਡ ਦਿੱਤਾ ਗਿਆ। ਜਦੋਂ ਮੁਹੰਮਦ ਛੇ ਸਾਲ ਦਾ ਹੋਇਆ ਤਾਂ ਉਸਦੀ ਮਾਂ ਸਵਰਗ ਸੁਧਾਰ ਗਈ ਅਤੇ ਸਾਰੀ ਜ਼ਿੰਮੇਵਾਰੀ ਦਾਦਾ ਅਬਦੁਲਾ ਮੁਤਾਲਿਬ ਤੇ ਪੈ ਗਈ। ਅੱਠ ਸਾਲ ਦੀ ਉਮਰ ਸਮੇਂ ਇਨ੍ਹਾਂ ਦੇ ਦਾਦਾ ਵੀ ਮੌਤ ਦੀ ਭੇਂਟ ਚੜ੍ਹ ਗਏ ਅਤੇ ਬਾਲਕ ਫਿਰ ਕਿਸਮਤ ਦੇ ਰਹਿਮ ਤੇ ਹੋ ਗਿਆ। ਇਸ ਵਕਤ ਇਨ੍ਹਾਂ ਦੇ ਚਾਚੇ ਅਬੂ ਤਾਲਿਬ ਨੇ ਇਨ੍ਹਾਂ ਦੀ ਜ਼ਿੰਮੇਵਾਰੀ ਉਠਾ ਲਈ ਅਤੇ ਬੱਚੇ ਨੂੰ ਆਪਣੇ ਘਰ ਲੈ ਆਇਆ। ਅਬੂ ਤਾਲਿਬ ਨੇ ਬੱਚੇ ਨੂੰ ਆਪਣੇ ਨਾਲ ਵਿਉਪਾਰ ਵਿਚ ਲਾ ਲਿਆ। ਲਗਭਗ 12 ਸਾਲ ਦੀ ਉਮਰ ਵਿੱਚ ਇਹ ਚਾਚੇ ਅਬੂ ਤਾਲਿਬ ਨਾਲ ਵਿਉਪਾਰਕ ਗੇੜੇ ਲਈ ਸੀਰੀਆ ਪਹੁੰਚੇ। ਕਿਹਾ ਜਾਂਦਾ ਹੈ ਕਿ ਉਥੇ ਇਨ੍ਹਾਂ ਦਾ ਮੇਲ ਇਕ ਈਸਾਈ ਪ੍ਰਚਾਰਕ ਨਾਲ ਹੋਇਆ। ਉਸ ਨੇ ਮੁਹੰਮਦ ਦੇ ਚਿਹਰੇ ਵੱਲ ਵੇਖਿਆ ਅਤੇ ਪੈਰਾਂ ਤੇ ਝੁਕ ਗਿਆ, ਕਿਹਾ ਕਿ ਤੂੰ ਤੇ ਉਹ ਹੈ ਜਿਸ ਦੀ ਯਹੂਦੀ ਅਤੇ ਈਸਾਈ ਸਦੀਆਂ ਤੋਂ ਉਡੀਕ ਕਰ ਰਹੇ ਹਨ। ਉਸ ਨੇ ਉਸਦੇ ਚਾਚੇ ਨੂੰ ਕਿਹਾ ਕਿ ਹੁਣ ਅੱਗੇ ਨਾ ਜਾਓ ਵਪਾਰ ਦੀਆਂ ਗਤੀਵਿਧੀਆਂ ਇਥੇ ਹੀ ਸਮਾਪਤ ਕਰਕੇ ਵਾਪਸ ਪਰਤ ਜਾਓ।

ਮੁਹੰਮਦ ਸਾਹਿਬ ਦੇ ਜੀਵਨ ਘਟਨਾਵਾਂ ਨਾਲ ਕਾਫੀ ਜਾਣਕਾਰੀ ਪ੍ਰਾਪਤ ਹੈ। ਜਿਸ ਤੋਂ ਪਤਾ ਲਗਦਾ ਹੈ ਕਿ ਉਹ ਬਚਪਨ ਤੋਂ ਹੀ ਸੰਵੇਦਨਸ਼ੀਲ, ਗਹਿਰ ਗੰਭੀਰ ਨੌਜਵਾਨ ਦੇ ਤੌਰ ਤੇ ਪ੍ਰਸਿਧ ਸੀ। ਲੋਕ ਉਸਦੀ ਨਿਤ ਦੇ ਜੀਵਨ ਦੀਆਂ ਸਮੱਸਿਆਵਾਂ ਵਿਚ ਮਦਦ ਲੈਂਦੇ ਅਤੇ ਉਹ ਖੁਸ਼ੀ-ਖੁਸ਼ੀ ਹਰ ਇਕ ਦੇ ਕੰਮ ਆਉਣ ਦਾ ਯਤਨ ਕਰਦਾ। ਸਮਾਜਿਕ ਅਤੇ

ਰਾਜਨੀਤਿਕ ਮਸਲਿਆਂ ਵਿਚ ਉਨ੍ਹਾਂ ਦੀ ਖਾਸ ਰੁਚੀ ਸੀ। ਬਹੁਤ ਸਾਰੇ ਅਹਿਮ ਮਸਲੇ ਜਿਹੜੇ ਕਤਲੋ-ਗਾਰਤ ਤੱਕ ਪਹੁੰਚ ਸਕਦੇ ਸਨ, ਆਪਣੀ ਦੂਰ ਅੰਦੇਸੀ ਪਹੁੰਚ ਨਾਲ ਇਨ੍ਹਾਂ ਨੇ ਨਿਪਟਾ ਦਿੱਤੇ। ਇਨ੍ਹਾਂ ਦੀ ਜ਼ਿੰਦਗੀ ਵਿਚ ਵੱਡੀ ਤਬਦੀਲੀ ਉਸ ਵਕਤ ਵਾਪਰੀ ਜਦੋਂ ਇਹ ਇਕ ਵਿਧਵਾ ਵਿਉਪਾਰੀ ਖਦੀਜਾ ਨਾਲ ਵਪਾਰ ਦੇ ਪ੍ਰਤੀ ਕਿਸੀ ਕੰਮ ਵਜੋਂ ਸੀਰੀਆ ਗਿਆ। ਜਿਸ ਢੰਗ ਨਾਲ ਇਸ ਨੇ ਵਪਾਰ ਮਿਸ਼ਨ ਵਿਚ ਖਦੀਜਾ ਨੂੰ ਲਾਭ ਪਹੁੰਚਾਇਆ, ਉਹ ਉਸ ਤੋਂ ਬਹੁਤ ਪ੍ਰਭਾਵਤ ਹੋਈ ਅਤੇ ਮੁਹੰਮਦ ਸਾਹਿਬ ਨਾਲ ਸ਼ਾਦੀ ਕਰ ਲਈ। ਸ਼ਾਦੀ ਤੋਂ ਬਾਅਦ ਮੁਹੰਮਦ ਸਾਹਿਬ ਦੀ ਆਰਥਿਕ ਹਾਲਤ ਵਿਚ ਤੇ ਸੁਧਾਰ ਹੋਣਾ ਹੀ ਸੀ ਹੁਣ ਉਨ੍ਹਾਂ ਨੂੰ ਕੁਝ ਵਿਹਲਾ ਵਕਤ ਵੀ ਮਿਲਣ ਲੱਗਾ ਜਿਸ ਵਿਚ ਉਹ ਸੰਸਾਰ ਦੇ ਰਹੱਸ ਬਾਰੇ ਗਹਿਰ ਗੰਭੀਰ ਵਿਚਾਰ ਕਰਦੇ। ਅਜਿਹੇ ਸਮੇਂਉਨ੍ਹਾਂ ਦੇ ਬੈਠਣ ਦੀ ਥਾਂ 'ਹਿਰਾ' ਨਾਂ ਦੀ ਗੁਫਾ ਹੁੰਦੀ। ਉਹ ਸੋਚਦੇ ਬ੍ਰਹਿਮੰਡ ਕਿਸਨੇ ਪੈਦਾ ਕੀਤਾ ਹੈ ? ਮੈਂ ਕਿਥੋਂ ਆਇਆ ਹਾਂ ? ਜੀਵਨ ਅਤੇ ਮੌਤ ਕੀ ? ਇਕ ਦਿਨ ਜਦੋਂ ਇਨ੍ਹਾਂ ਵਿਚਾਰਾਂ ਵਿਚ ਮਗਨ ਸਨ ਤਾਂ ਗੁਫ਼ਾ ਵਿਚ ਚਾਨਣ ਦਾ ਹੜ੍ਹ ਆ ਗਿਆ। ਇਕ ਅਦੁੱਤੀ ਸ਼ਕਤੀ ਇਨ੍ਹਾਂ ਦੇ ਸਨਮੁਖ ਹੋਈ ਅਤੇ ਕਿਹਾ ਕਿ ਹੇ ਮੁਹੰਮਦ, ਮੈਂ ਜ਼ਿਬਰਾਈਲ ਫਰਿਸ਼ਤਾ ਹਾਂ, ਮੈਨੂੰ ਪਰਮਾਤਮਾ ਨੇ ਪੈਗੰਬਰ ਚੁਣ ਲਿਆ ਹੈ। ਮੈਂ ਖੁਦਾ ਦਾ ਸੁਨੇਹਾ ਲੈ ਕੇ ਆਇਆ ਹਾਂ ਜਿਸ ਦੇ ਰਾਹੀਂ ਤੂੰ ਸਾਰੀ ਕਾਇਨਾਤ ਵਿਚ ਚਾਨਣ ਵੰਡਣਾ ਹੈ। ਇਸ ਨੂੰ ਪੜ੍ਹ ! ਮੁਹੰਮਦ ਸਾਹਿਬ ਨੇ ਕਿਹਾ ਕਿ ਮੈਂ ਪੜ੍ਹ ਨਹੀਂ ਸਕਦਾ। ਜ਼ਿਬਰਾਈਲ ਨੇ ਮੁਹਮੰਦ ਸਾਹਿਬ ਦੀ ਬਾਂਹ ਫੜੀ ਤੇ ਕਿਹਾ ਤੂੰ ਉਸ ਪ੍ਰਭੂ ਦੇ ਨਾਮ ਦੀ ਖਾਤਰ ਪੜ੍ਹ ਜਿਸ ਨੇ ਤੈਨੂੰ ਪੈਦਾ ਕੀਤਾ ਅਤੇ ਪੈਗੰਬਰ ਦੇ ਤੌਰ ਤੇ ਤੇਰੀ ਚੋਣ ਕੀਤੀ ਹੈ। ਮੁਹੰਮਦ ਸਾਹਿਬ ਨੂੰ ਪੜ੍ਹਨਾ ਆ ਗਿਆ ਅਤੇ ਫਿਰ ਉਸ ਤੋਂ ਬਾਅਦ ਲਗਾਤਾਰ 23 ਸਾਲ ਮੁਹੰਮਦ ਸਾਹਿਬ ਨੂੰ ਜ਼ਿਬਰਾਈਲ ਫਰਿਸ਼ਤੇ ਰਾਹੀਂ ''ਅੱਲਾ ਦਾ ਸੁਨੇਹਾ'' ਨਾਜਿਲ ਹੁੰਦਾ ਰਿਹਾ।

ਮੁਹੰਮਦ ਸਾਹਿਬ ਨੇ ਜਦੋਂ ਅੱਲਾ ਦੇ ਹੁਕਮ ਦੀ ਤਾਮੀਲ ਕਰਦਿਆਂ ਇਸਲਾਮ ਦੇ ਸੱਚ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਤਾਂ ਉਨ੍ਹਾਂ ਦੀ ਬਹੁਤ ਵਿਰੋਧਤਾ ਹੋਈ। ਮੱਕੇ ਦੇ ਲੋਕ ਆਪਣੇ ਪਿਤਰੀ ਧਰਮ ਨੂੰ ਛੱਡ ਕੇ ਮੁਹੰਮਦ ਸਾਹਿਬ ਦੇ ਲੜ ਲੱਗਣ ਲਈ ਬਿਲਕੁਲ ਤਿਆਰ ਨਹੀਂ ਸਨ। ਉਹ ਮੁਹੰਮਦ ਸਾਹਿਬ ਨੂੰ ਨਫ਼ਰਤ ਕਰਨ ਲੱਗੇ ਅਤੇ ਇਥੋਂ ਤਕ ਕਿ ਉਨ੍ਹਾਂ ਨੂੰ ਮਾਰਨ ਦੀਆਂ ਸਕੀਮਾਂ ਵੀ ਬਣਾਈਆਂ ਅਤੇ ਮੁਹੰਮਦ ਸਾਹਿਬ ਨੂੰ ਭੱਜ ਕੇ ਆਪਣੀ ਜਾਨ ਬਚਾਉਣੀ ਪਈ। ਪਰ ਇਸਦੇ ਬਾਵਜੂਦ ਇਨ੍ਹਾਂ ਦੀ ਪਤਨੀ ਖਦੀਜਾ, ਚਾਚੇ ਦਾ ਪੁੱਤਰ ਅਲੀ, ਦੋਸਤ ਅਬੂ ਬਕਰ ਅਤੇ ਇਕ ਜੈਦ ਨਾਮ ਦੇ ਗੁਲਾਮ ਨੇ ਇਨ੍ਹਾਂ ਵਿਚ ਵਿਸ਼ਵਾਸ ਧਾਰਨ ਕੀਤਾ। ਮੁਹੰਮਦ ਸਾਹਿਬ ਨੂੰ ਆਪਣੇ ਮਿਸ਼ਨ ਕਾਰਨ ਜੰਗਾਂ, ਯੁੱਧਾਂ ਵਿਚ ਵੀ ਉਲਝਣਾ ਪਿਆ ਅਤੇ 'ਬਦਰ' ਦੇ ਸਥਾਨ ਤੇ ਇਕ ਵੱਡਾ ਯੁੱਧ ਹੋਇਆ ਜਿਸ ਨੇ ਹਾਲਾਤ ਬਦਲ ਕੇ ਰੱਖ ਦਿੱਤੇ ਅਤੇ ਫਿਰ ਵੇਖਦੇ-ਵੇਖਦੇ ਸਮੁੱਚਾ ਅਰਬ ਅਤੇ ਨੇੜਲੇ ਇਲਾਕੇ ਦੇ ਲੋਕ ਇਸਲਾਮ ਧਰਮ ਦੇ ਪੈਰੋਕਾਰ ਬਣ ਗਏ । ਈਸਾਈ ਧਰਮ ਤੋਂ ਬਾਅਦ ਇਸਲਾਮ ਦੁਨੀਆ ਦਾ ਵੱਡਾ ਧਰਮ ਹੈ।

**ਪਰਮਾਤਮਾ ਦਾ ਸੰਕਲਪ : ਸਾਮੀ ਧਰਮਾਂ ਵਿਚ**

ਜੋਰਾਸ਼ਟਰ ਧਰਮ ਇਕ ਰੱਬ ਦੀ ਪੂਜਾ ਦਾ ਵਿਸ਼ਵਾਸੀ ਧਰਮ ਹੈ। ਪੈਗੰਬਰ ਜਰਤੁਸਤ ਦਾ ਪਹਿਲਾ ਐਲਾਨ ਨਾਮਾ ਹੀ ਪਰਮਾਤਮਾ ਦੀ ਏਕਤਾ ਨਾਲ ਸ਼ੁਰੂ ਹੁੰਦਾ ਹੈ ਅਤੇ ਉਸ ਪਰਮਾਤਮਾ ਨੂੰ ਜੋਰਾਸ਼ਟਰ ਧਰਮ ਵਿਚ ਅਹੁਰਮਜ਼ਦ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਜੋਰਾਸ਼ਟਰ ਧਰਮ ਦੇ ਧਰਮ ਗ੍ਰੰਥਾਂ ਵਿਚ ਥਾਂ-ਥਾਂ ਪਰਮਾਤਮਾ ਦੀ ਏਕਤਾ ਦੀ ਗੱਲ ਕੀਤੀ ਗਈ ਹੈ। ਜੋ ਸਰਵਉੱਚ ਸਰਵਸ਼ਕਤੀਮਾਨ ਹੋਣ ਦੇ ਨਾਲ-ਨਾਲ ਦੁਨੀਆਂ ਦੇ ਕਣ-ਕਣ ਵਿਚ ਵਿਆਪਕ ਹੈ। ਕੁਦਰਤ ਦਾ ਸਮੁੱਚਾ ਸਰੂਪ ਉਸਦੇ ਹੁਕਮ ਨਾਲ ਹੋਂਦ ਵਿਚ ਆਇਆ ਪ੍ਰਵਾਨ ਕੀਤਾ ਜਾਂਦਾ ਹੈ। ਉਸ ਸ੍ਰਿਸ਼ਟੀ ਦੀ ਰਚਨਾ ਕਰਨ ਪਿਛੋਂ ਪਰਮਾਤਮਾ (ਅਹੁਰਮਜ਼ਦ) ਨਾ ਤਾਂ ਇਸ ਤੋਂ ਵੱਖਰਾ ਹੈ ਅਤੇ ਨਾ ਹੀ ਨਿਰਾ ਕੁਦਰਤ ਵਿਚ ਘੁਲਿਆ ਮਿਲਿਆ ਹੋਇਆ ਹੈ। ਉਹ ਸਭ ਤੋਂ ਨਿਰਾਲਾ ਹੈ ਅਤੇ ਸਭ ਚੀਜ਼ਾਂ ਵਿਚ ਵਿਦਮਾਨ ਵੀ ਹੈ। ਉਹ ਸਾਰਿਆਂ ਵਿਚ ਆਪ ਹੀ ਬੋਲਦਾ ਹੈ। ਉਹ ਚੰਗੇ ਮਾੜੇ ਜੀਵਾਂ ਵਿਚ ਹੁੰਦਿਆਂ ਹੋਇਆ ਵੀ ਚਾਨਣ ਹੀ ਚਾਨਣ, ਪਿਆਰ ਹੀ ਪਿਆਰ ਹੈ। ਸਭ ਤੋਂ ਵਿਸ਼ੇਸ਼ ਗੱਲ ਤਾਂ ਇਹ ਹੈ ਕਿ ਜਗਤ ਬਣਨ ਢਹਿਣ ਦੇ ਬਾਵਜੂਦ ਵੀ ਉਹ ਹਮੇਸ਼ਾ ਲਈ ਹੈ। ਉਸ ਦੀ ਬਾਦਸ਼ਾਹੀਅਤ ਦਾ ਇਹ ਵਿਧਾਨ ਹੈ ਕਿ ਪਵਿੱਤਰ ਅਤੇ ਨੇਕ ਮਨ ਨਾਲ ਰੂਹਾਨੀ ਪੂਰਨਤਾ ਅਤੇ ਅਮਰ ਪਦਵੀ ਪ੍ਰਾਪਤ ਕੀਤੀ ਜਾ ਸਕਦੀ ਹੈ।

ਜੋਰਾਸ਼ਟਰ ਧਰਮ ਦੇ ਧਰਮ ਗ੍ਰੰਥ 'ਜੇਂਦ ਅਵੇਸਤਾ' ਵਿਚ ਲਿਖਿਆ ਹੈ ਕਿ ਜੇਕਰ ਅਹੁਰਮਜ਼ਦ ਯਾਸਤ ਦੀਆਂ **ਸਿਫਤਾਂ**

ਦਾ ਲੇਖਾ-ਜੋਖਾ ਕਰੀਏ ਤਦ ਇਨ੍ਹਾਂ ਦਾ ਕੋਈ ਅੰਤ ਨਹੀਂ ਪਾਇਆ ਜਾ ਸਕਦਾ ਕਿਉਂਕਿ ਜਿਥੇ ਉਹ ਪਾਲਣਹਾਰ ਹੈ ਉਥੇ ਕਿਰਪਾ ਨਿਧਾਨ ਤੇ ਨਿਆਂਸੀਲ ਵੀ ਹੈ। ਜਰਤੁਸ਼ਤ ਨੇ ਸਮਝਾਇਆ ਕਿ ਲੋਕ ਪ੍ਰਭੂ ਦੀ ਸਿਫ਼ਤ ਸਲਾਹ ਕਰਦੇ ਹੋਏ ਉਸਨੂੰ ਵੱਖ-ਵੱਖ ਨਾਵਾਂ ਨਾਲ ਸੰਬੋਧਨ ਕਰਦੇ ਹਨ। ਅਹੁਰਮਜ਼ਦ ਯਾਸਤ ਵਿਚ ਅਜਿਹੇ 20 ਨਾਵਾਂ ਦਾ ਉਲੇਖ ਹੈ ਜੋ ਉਸਦੇ ਵੱਖ-ਵੱਖ ਪੱਖਾਂ ਦਾ ਵਰਣਨ ਕਰਦੇ ਹਨ। ਇਕ ਹੋਰ ਬਿਰਤਾਂਤ ਵਿਚ ਅਹੁਰਮਜ਼ਦ ਦੇ 101 ਨਾਮ ਵੀ ਦਰਜ ਹਨ। ਇਨ੍ਹਾਂ ਨਾਵਾਂ ਨੂੰ ਕੁਝ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ। ਇਸ ਵਰਗੀਕਰਣ ਵਿਚ ਅਹੁਰਮਜ਼ਦ ਸਰਬ ਸ਼ਕਤੀਮਾਨ, ਸਰਬ ਗਿਆਤਾ, ਸਰਬ-ਵਿਆਪਕ, ਪਰਮ ਪਵਿੱਤਰ ਅਤੇ ਸਿਰਜਨਹਾਰ ਹੈ। ਅਹੁਰਮਜ਼ਦ ਦੇ 101 ਨਾਵਾਂ ਦਾ ਇਹ ਇਕ ਬਹੁਤ ਸਧਾਰਣ ਜਿਹਾ ਰੂਪ ਹੈ। ਬਹੁਤ ਸਾਰੇ ਬੇਨਤੀ ਪੱਤਰਾਂ ਵਿਚ ਉਸਨੂੰ ਮਿੱਤਰ, ਮਾਤਾ, ਪਿਤਾ ਅਤੇ ਮਨੁੱਖਤਾ ਦਾ ਅੰਤਮ ਲਕਸ਼ ਵੀ ਕਿਹਾ ਗਿਆ ਹੈ। ਪਰ ਜਿਵੇਂ ਪਹਿਲਾਂ ਦੱਸਿਆ ਹੈ ਕਿ ਵੱਖਰੇ ਨਾਮ ਭੇਦਾਂ ਦੇ ਬਾਵਜੂਦ ਉਹ ਚਾਰੇ ਦਿਸ਼ਾਵਾਂ ਵਿਚ ਮੌਜੂਦ ਹੈ ਅਤੇ ਚਾਰੇ ਦਿਸ਼ਾਵਾਂ ਵਿਚ ਉਸਦਾ ਹੁਕਮ ਚਲਦਾ ਹੈ। ਉਹ ਆਪਣੇ ਆਪ ਤੋਂ ਪ੍ਰਗਟ ਹੋਇਆ ਅਤੇ ਉਸ ਦਾ ਪਰਤਾਪ ਕਦੇ ਵਿਨਾਸ ਹੋਣ ਵਾਲਾ ਨਹੀਂ ਹੈ। 'ਜੇਂਦ ਅਵੇਸਤਾ' ਵਿਚ ਦੱਸਿਆ ਹੈ ਕਿ ਉਹ 'ਇਕ' ਹੈ ਪਰ ਅਨੇਕ ਹੋ ਕੇ ਦੁਨੀਆਂ ਦਾ ਤਮਾਸ਼ਾ ਵੇਖ ਰਿਹਾ ਹੈ। ਉਹ ਆਪਣੀ ਸੱਤਾ ਵਾਪਸ ਖਿੱਚ ਸਕਦਾ ਹੈ। ਬੇਸ਼ਕ ਉਸਨੂੰ ਗਿਆਨ ਰਾਹੀਂ ਜਾਣਿਆ ਨਹੀਂ ਜਾ ਸਕਦਾ ਤੇ ਅੱਖਾਂ ਨਾਲ ਵੇਖਿਆ ਨਹੀਂ ਜਾ ਸਕਦਾ, ਪਰ ਸਮਿਅਕ ਦ੍ਰਿਸ਼ਟੀ ਨਾਲ ਉਸ ਤੱਕ ਪਹੁੰਚ ਕੀਤੀ ਜਾ ਸਕਦੀ ਹੈ। ਜੋਰਾਸ਼ਟਰ ਧਰਮ ਦੀ ਇਕ ਪ੍ਰਾਥਨਾ ਜੋ ''ਅਹੁਨਾਵੈਤੀ ਗਾਥਾ ਯਾਸਨਾ'' ਵਿਚ ਅੰਕਿਤ ਹੈ ਕਿਹਾ ਹੈ ਕਿ ''ਐ ਅਰਥ-ਗਿਆਤਾ ਮਾਲਕ ਮੈਂ ਤੇਰੇ ਤਾਈ ਸੁਧ ਮਨ ਰਾਹੀਂ ਪਹੁੰਚ ਜਾਵਾਂ।'' ਇਸ ਦੀ ਪੁਸ਼ਟੀ ''ਅਪਰਾ ਯਾਸਨਾ'' ਵਿਚਲੇ ਪਰਮਾਤਮਾ ਸੰਬੰਧੀ ਦਿੱਤੇ ਪਾਠ ਤੋਂ ਵੀ ਹੋ ਜਾਂਦੀ ਹੈ :

ਜਰਤੁਸ਼ਤ ਨੇ ਅਹੁਰਮਾਜ਼ਦ ਨੂੰ ਆਤਮਸਾਤ ਕੀਤਾ
ਅਤੇ ਪਹਿਚਾਣਿਆ ਕਿ ਉਹ
ਸਰਿਸ਼ਟੀ ਦੀ ਪਹਿਲੀ ਅਤੇ ਅੰਤਮ ਰਚਨਾ ਹੈ
ਉਹ ਨੇਕੀ ਦਾ ਪਿਤਾ ਹੈ
ਇਨਸਾਫ਼ ਦਾ ਸੱਚਾ ਰਚਨਹਾਰਾ ਹੈ
ਅਤੇ ਉਹ ਹੀ ਸੰਸਾਰ ਵਿਚ ਵਾਪਰ ਰਹੇ
ਹਰ ਕਾਰਜ ਦਾ ਕਰਨਹਾਰਾ ਹੈ।

ਇਸ ਤੋਂ ਅਗੇ ਜਰਤੁਸ਼ਤ ਪਰਮਾਤਮਾ ਅੱਗੇ ਅਰਜੋਈਆਂ ਕਰਦਾ ਦਰਸਾਇਆ ਗਿਆ ਹੈ :

ਓ ਅਹੁਰ ਮਾਜ਼ਦਾ !
ਤੂੰ ਸਭ ਨੂੰ ਆਪਣੀ ਤੀਖਣ
ਅਤੇ ਨੂਰਾਨੀ ਦ੍ਰਿਸ਼ਟੀ ਨਾਲ ਵੇਖ ਰਿਹਾ ਹੈ
ਉਨ੍ਹਾਂ ਸਭ ਪ੍ਰਾਣੀਆਂ ਨੂੰ
ਜੋ ਸਭ ਉਤੇ ਆਪਣੀ ਪ੍ਰਭੂ ਸਤਾ ਥੋਪਣਾ ਚਾਹੁੰਦੇ ਹਨ
ਮੈਨੂੰ ਆਪਣੀ ਜੁਬਾਨੀ ਦਸ
ਓ ਅਹੁਰ ਮਾਜ਼ਦਾ !
ਰੋਸ਼ਨ ਰੂਹਾਂ ਲਈ ਤੇਰਾ ਕੀ ਹੁਕਮ ਹੈ ?
ਤਾਂ ਕਿ ਮੈਂ ਸਭ ਨੇਕ ਪ੍ਰਾਣੀਆਂ ਨੂੰ
ਸ਼ੁਭ ਕਰਮ ਕਰਨ ਲਈ ਪ੍ਰੇਰ ਸਕਾਂ !
ਓ ਅਹੁਰ ਮਾਜ਼ਦਾ !
ਤੂੰ ਹੀ ਜੜ ਅਤੇ ਚੇਤਨਾ ਦੇ ਸਿਰਜਣਹਾਰ ਹੈ
ਤੂੰ ਸਰੀਰ ਰਚਦਾ ਹੈ
ਅਤੇ ਉਸ ਦੇ ਵਿਚ ਸਵਾਸ ਪਾਉਂਦਾ ਹੈ
ਤੂੰ ਹੀ ਉਨ੍ਹਾਂ ਸ਼ੁਭ ਕਰਮਾਂ ਅਤੇ ਨਿਯਮਾਂ ਨੂੰ ਰਚਦਾ ਹੈ

ਜਿੰਨਾ ਨਾਲ
ਪ੍ਰਾਣੀ ਸਦ-ਵਿਸ਼ਵਾਸ ਵਿਚ ਸਥਿਰ ਹੁੰਦੇ ਹਨ
ਏਸੇ ਲਈ ਹੇ ਅਹੁਰਮਾਜ਼ਦਾ !
ਦਸ ਕੀ ਹੋਣਾ ਚਾਹੀਦਾ ਹੈ ?
ਅਤੇ ਕੀ ਨਹੀਂ ਹੋਣਾ ਚਾਹੀਦਾ ?
ਤਾਂ ਕਿ ਮੈਂ
ਸਹੀ ਦਿਸ਼ਾ ਨੂੰ ਪਹਿਚਾਣ ਸਕਾਂ
ਅਤੇ ਨੇਕ ਰਾਹ ਤੇ ਤੁਰ ਸਕਾਂ
ਅਤੇ
ਇਸ ਤਰਾਂ ਤੇਰੀਆਂ ਯੋਗ ਨਿਹਮਤਾਂ ਪਾ ਸਕਾਂ।
ਓ ਅਹੁਰ ਮਾਜ਼ਦਾ !
ਵਰਤਮਾਨ ਅਤੇ ਭਵਿੱਖ ਬਾਰੇ
ਮੈਂ ਤੇਰੇ ਤੋਂ ਪੁਛਦਾ ਹਾਂ ਕਿ
ਅੰਤਮ ਫੈਸਲੇ ਦੇ ਦਿਨ
ਨੇਕ ਪੁਰਸ਼ਾਂ ਨਾਲ ਕੀ ਸਲੂਕ ਹੁੰਦਾ ਹੈ ?
ਅਤੇ ਬਦ-ਪੁਰਸ਼ਾਂ ਦੀ ਕੀ ਦਸ਼ਾ ਹੁੰਦੀ ਹੈ ?
ਅਤੇ ਮੈਂ ਪੁਛਦਾ ਹਾਂ
ਓ ਅਹੁਰ ਮਾਜ਼ਦਾ !
ਉਨ੍ਹਾਂ ਨੂੰ ਕੀ ਸਜਾ ਮਿਲੇਗੀ
ਜੋ ਸੰਤਾਨ ਦੀ ਸੇਵਾ ਕਰਦੇ ਹਨ ?
ਉਹ ਜੋ ਆਪਣੇ ਸਾਥੀਆਂ ਅਤੇ ਪਸ਼ੂਆਂ ਤੇ
ਹਿੰਸਾ ਕਰਨ ਤੋਂ ਬਿਨਾਂ
ਕਿਸੇ ਹੋਰ ਤਰੀਕੇ ਰਾਹੀਂ
ਆਪਣੀ ਰੋਜ਼ੀ ਨਹੀਂ ਕਮਾ ਸਕਦੇ ?
ਓ ਅਹੁਰ ਮਾਜ਼ਦਾ !
ਮੈਂ ਤੇਰੇ ਕੋਲੋਂ ਉਨ੍ਹਾਂ ਸਦਾ ਰਾਹਾਂ ਤੇ
ਤੁਰਨ ਵਾਲਿਆਂ ਬਾਰੇ ਪੁਛਦਾ ਹਾਂ
ਜੋ ਆਪਣੇ ਘਰਾਂ ਨੂੰ ਹੋਰ ਚੰਗਾ
ਬਨਾਉਣ ਦੀ ਕੋਸ਼ਿਸ਼ ਕਰਦੇ ਹਨ ?
ਜੋ ਆਪਣੇ ਪਿੰਡਾਂ, ਕਬੀਲਿਆਂ ਅਤੇ
ਕਸਬਿਆਂ ਨੂੰ
ਇਨਸਾਫ ਨਾਲ ਹੋਰ ਚੰਗਾ ਬਣਾਉਂਦੇ ਹਨ
ਕੀ ਉਹ ਤੇਰੇ ਜਿਹੇ ਬਣ ਸਕਦੇ ਹਨ ?

**ਯਹੂਦੀ ਧਰਮ ਵਿਚ ਪਰਮਾਤਮਾ :**

ਯਹੂਦੀ ਧਰਮ ਦਾ ਪਵਿੱਤਰ ਗ੍ਰੰਥ ਬਾਈਬਲ ਦਾ ਪਹਿਲਾ ਭਾਗ ਹੈ, ਜਿਸਨੂੰ ਈਸਾਈ ਲੋਕ ਪੁਰਾਣੇ ਅਹਿਦਨਾਮੇ (Old Testament) ਦੇ ਨਾਮ ਨਾਲ ਸਤਿਕਾਰਦੇ ਹਨ। ਪਰ ਯਹੂਦੀ ਆਪਣੇ ਧਰਮ ਗ੍ਰੰਥ ਨੂੰ ਪੁਰਾਣਾ-ਨੇਮ ਨਹੀਂ ਕਹਿੰਦੇ। ਬਾਈਬਲ ਵਿਚ ਕੁਲ 66 ਕਿਤਾਬਾਂ ਜਿਨ੍ਹਾਂ ਵਿਚ ਪਹਿਲੀਆਂ 39 ਕਿਤਾਬਾਂ ਯਹੂਦੀ ਧਰਮ ਨਾਲ ਸੰਬੰਧਤ ਹਨ। ਇਨ੍ਹਾਂ ਦੇ ਨਾਮ ਯਹੂਦੀ ਧਰਮ ਅਨੁਸਾਰ ਇਸ ਤਰ੍ਹਾਂ ਹਨ :

1. ਤੋਰਾਹ (Torah)
2. ਨਬੀਮ (Nabim)
3. ਕੈਂਥੂਬੀਮ (Kethubim)

ਪਰਾਣੇ ਅਹਿਦਨਾਮੇ ਦੇ ਅਖੀਰਲੇ ਹਿੱਸੇ ਕੈਂਥੂਬੀਮ ਵਿਚ ਯਹੂਦੀ ਪਰਮਾਤਮਾ ਦੇ ਰੂਪ ਦਾ ਚਿਤਰਨ ਕੀਤਾ ਹੈ ਅਤੇ ਨਾਲ ਹੀ ਉਸਨੂੰ ਖੁਸ਼ ਕਰਨ ਲਈ ਬਾਣੀ ਰੂਪ ਹੈ। ਇਸ ਗ੍ਰੰਥ ਵਿਚ ਕੁਲ 11 ਕਿਤਾਬਾਂ ਹਨ ਜਿਨ੍ਹਾਂ ਦਾ ਨਾਮ ਭਜਨਾਵਲੀ, ਕਹਾਉਤਾਂ, ਅਯੂਬ, ਉਪਦੇਸ਼ਕ, ਸਰੇਸ਼ਟ ਗੀਤ, ਰੂਥ, ਵਿਰਲਾਪ, ਅਸਤਰ, ਦਾਨੀਏਲ, ਅਜ਼ਰਾ, ਜਰਮਯਾਰ। ਇਨ੍ਹਾਂ ਪੁਸਤਕਾਂ ਦੇ ਭਗਤੀ ਗੀਤਾਂ ਰਾਹੀਂ ਪਰਮੇਸ਼ਵਰ ਦੇ ਰੂਪ ਦਾ ਚਿਤ੍ਰਨ ਕਰਦਿਆਂ, ਉਸਦੇ ਮਿਲਾਪ ਦਾ ਰਸਤਾ ਵੀ ਦੱਸਿਆ ਹੋਇਆ ਹੈ। ਇਸ ਤੋਂ ਪਰਮੇਸ਼ਵਰ, ਸੰਸਾਰ ਅਤੇ ਮਨੁੱਖ ਆਦਿ ਵਿਸ਼ੇ ਤੇ ਖੁਲ੍ਹਕੇ ਗੱਲ ਕੀਤੀ ਹੈ। ਯਹੂਦੀ ਆਪਣੇ ਪਰਮੇਸ਼ਵਰ ਨੂੰ ਯਹੋਵਾਂ ਦੇ ਨਾਮ ਨਾਲ ਪੁਕਾਰਦੇ ਹਨ ਅਤੇ ਇਸ ਵਿਸ਼ਵਾਸ ਦੇ ਧਾਰਨੀ ਹਨ ਕਿ ਯਹੋਵਾਂ ਨੇ ਦੁਨੀਆ ਦੀ ਸਿਰਜਨਾ ਉਪਰੰਤ ਉਨ੍ਹਾਂ ਨੂੰ ਚੁਣਿਆ ਅਤੇ ਉਨ੍ਹਾਂ ਦੇ ਵੱਡੇ-ਵੱਡੇਰੇ ਅਬਰਾਹਮ ਨਾਲ ਪਹਿਲਾਂ ਅਹਿਦ ਕੀਤਾ। ਇਸੇ ਕਰਕੇ ਉਹ ਆਪਣੀ ਕੌਮ ਨੂੰ 'ਚੁਣੇ ਲੋਕ' ਕਹਿੰਦੇ ਹਨ।

ਯਹੂਦੀ ਧਰਮ ਵਿਚ ਪਰਮਾਤਮਾ ਦੇ ਸੰਕਲਪ ਦਾ ਵਰਨਣ ਦੂਸਰੇ ਧਰਮਾਂ ਤੋਂ ਭਿੰਨ ਹੋਇਆ ਹੈ। ਇਨ੍ਹਾਂ ਦੇ ਵੱਡੇ ਵਡੇਰੇ ਅਬਰਾਹਮ ਦੇ ਵਕਤ ਪਰਮਾਤਮਾ ਦਾ ਸਰੂਪ ਇਕ ਦੀ ਝਲਕ ਦਿੰਦਾ ਹੋਇਆ ਵੀ ਬਹੁਈਸ਼ਵਰਵਾਦ ਵਰਗਾ ਹੀ ਸੀ। ਯਹੂਦੀ ਧਰਮ ਵਿਚ ਪਰਮਾਤਮਾ ਦਾ ਸੰਕਲਪ ਕਈ ਚਰਣਾ ਵਿਚ ਵਿਕਾਸ ਕਰਦਾ ਹੈ। ਪਹਿਲੇ ਚਰਣ ਵਿਚ ਪਹਿਲੇ ਅਹਿਦ ਕਰਨ ਵਾਲੇ ਅਬਰਾਹਮ ਤੋਂ ਸ਼ੁਰੂ ਹੁੰਦਾ ਹੈ ਜਿਸ ਵਿਚ ਪਰਮੇਸ਼ਵਰ ਨੂੰ ਅਹਿਦ-ਏ ਈਸ਼ਵਰ ਮੰਨਿਆ ਗਿਆ ਹੈ। ਇਹ ਕੇਵਲ ਇਬਰਾਨੀ ਜਾਂ ਯਹੂਦੀ ਲੋਕਾਂ ਦਾ ਹੀ ਰੱਬ ਸੀ ਅਤੇ ਕਿਤੇ-ਕਿਤੇ ਆਪਣੀ ਕੌਮ ਜਾਂ ਚੁਣੀ ਹੋਈ ਕੌਮ ਲਈ ਪੱਖਪਾਤੀ ਵੀ ਹੋ ਜਾਂਦਾ ਸੀ। ਇਹ ਵਿਚਾਰ ਬਹੁਤ ਅਜੀਬ ਲਗਦਾ ਹੈ ਕਿ ਪਰਮਾਤਮਾ ਕੇਵਲ ਕੁਝ ਲੋਕਾਂ ਨੂੰ ਹੀ ਚੁਣੇ ਅਤੇ ਇਥੋਂ ਤਕ ਕਿ ਬਹੁਤ ਕ੍ਰੋਧੀ ਅਤੇ ਬਦਲਾ ਲੈਣ ਵਾਲਾ ਰੱਬ, ਜਿਹੜਾ ਕ੍ਰੋਧਤ ਹੋਣ ਤੇ ਕੁਲਾਂ ਦੀਆਂ ਕੁਲਾਂ ਤਬਾਹ ਕਰ ਸਕਦਾ ਸੀ ਅਤੇ ਹਮੇਸ਼ਾ ਹੀ ਯਹੂਦੀਆਂ ਦੀ ਪਿੱਠ ਤੇ ਖੜਾ ਰਹਿੰਦਾ ਭਾਵੇਂ ਅਮਨ ਹੋਵੇ ਜਾਂ ਯੁੱਧ।

ਦੂਜੇ ਹਿੱਸੇ ਵਿਚ ਨਬੀਆਂ ਦੇ ਨਾਲ ਦੁਬਾਰਾ ਹੋਏ ਅਹਿਦ ਦਾ ਸਮਾਂ ਹੈ। ਇਸ ਸਮੇਂ ਵਿਚ ਇਕ ਈਸ਼ਵਰਵਾਦ ਦਾ ਪ੍ਰਚਾਰ ਅਤੇ ਪਸਾਰ ਹੋਇਆ। ਨਬੀਆਂ ਨੇ ਇਥੇ ਪਰਮਾਤਮਾ ਨੂੰ ਕੇਵਲ ਇਕ ਹੀ ਨਹੀਂ ਦੱਸਿਆ, ਸਗੋਂ ਨਿਆਂਕਾਰੀ ਦਸਦਿਆਂ ਪ੍ਰੇਮ ਦਾ ਮੁਜੱਸਮਾ ਵੀ ਦੱਸਿਆ। ਉਹ ਕ੍ਰੋਧਿਤ ਜਾਂ ਦੰਡਤ ਉਸ ਅਵਸਥਾ ਵਿਚ ਹੀ ਹੁੰਦਾ ਹੈ ਜਦੋਂ ਉਸਦੇ ਨਿਯਮਾਂ ਦੀ ਪਾਲਣਾ ਨਹੀਂ ਹੁੰਦੀ। ਆਮ ਹਾਲਤਾਂ ਵਿਚ ਉਹ ਮਨੁੱਖਤਾ ਨੂੰ ਪ੍ਰੇਮ ਕਰਦਾ ਹੈ ਅਤੇ ਉਸਦੀ ਇਹ ਵੀ ਇੱਛਾ ਹੈ ਕਿ ਮਨੁੱਖ ਆਪਸ ਵਿਚ ਪ੍ਰੇਮ ਕਰਨ।

ਅਗਲੇ ਹਿੱਸੇ ਵਿਚ ਪਰਮਾਤਮਾ ਦਾ ਸੰਕਲਪ ਉਸ ਵੇਲੇ ਨਿਖਰ ਕੇ ਸਾਹਮਣੇ ਆਉਂਦਾ ਹੈ ਜਦੋਂ ਯਹੂਦੀ ਬਾਬੁਲ ਦੇਸ਼ ਦੀ ਗੁਲਾਮੀ ਤੋਂ ਮੁਕਤ ਹੁੰਦੇ ਹਨ। ਇਸ ਸਮੇਂ ਈਸ਼ਵਰ ਦੇ ਸੰਕਲਪ ਦਾ ਪੂਰਨ ਵਿਕਾਸ ਹੋਇਆ। ਪਰਮੇਸ਼ਵਰ ਨੂੰ ਇਥੇ ਸਾਰੀ ਸ੍ਰਿਸ਼ਟੀ ਦਾ ਰਚਨਹਾਰ ਅਤੇ ਸਮੁੱਚੇ ਸੰਸਾਰ ਨੂੰ ਈਸ਼ਵਰ ਰੂਪ ਵਿਚ ਮਾਨਤਾ ਦੇ ਦਿੱਤੀ।

**ਈਸਾਈ ਧਰਮ ਵਿਚ ਪਰਮਾਤਮਾ :**

ਈਸਾਈ ਧਰਮ ਨੂੰ ਸੰਸਾਰ ਵਿਚ ਪ੍ਰਮੁਖਤਾ ਪ੍ਰਾਪਤ ਹੈ ਅਤੇ ਦੁਨੀਆ ਦਾ ਲਗਭਗ ਅੱਧਾ ਹਿੱਸਾ ਯਿਸੂ ਮਸੀਹ ਦੇ ਧਰਮ ਨਾਲ ਸੰਬੰਧ ਰਖਦਾ ਹੈ। ਈਸਾਈ ਧਰਮ ਦੇ ਪਵਿੱਤਰ ਧਰਮ ਗ੍ਰੰਥ 'ਨਵੇਂ ਅਹਿਦਨਾਮੇ' ਵਿਚ ਪਰਮੇਸ਼ਵਰ ਪਿਤਾ ਦੇ ਏਕਤਵ ਗੁਣ ਦੀ ਗੱਲ ਕਰਦਿਆਂ ਕੇਵਲ ਤੇ ਕੇਵਲ ਉਸ ਦੇ ਸਤ-ਪੁਰਖ ਹੋਣ ਦੀ ਗੱਲ ਕੀਤੀ ਹੈ। ਇਸ ਦੇ ਨਾਲ ਹੀ ਉਸਨੂੰ ਸਰਵ-ਵਿਆਪਕ ਮੰਨਦੇ ਹੋਏ ਉਸਨੂੰ ਮਨੁੱਖੀ ਪਹੁੰਚ ਤੋਂ ਪਰੇ ਮੰਨਿਆ ਹੋਇਆ ਹੈ। ਪਰ ਉਹ ਪਰਮੇਸ਼ਵਰ ਮਨੁੱਖ ਦੇ ਅੰਦਰ ਵਸਦਾ ਹੋਇਆ ਵੀ ਉਸਦੀ ਪਹੁੰਚ ਤੱਕ ਨਹੀਂ ਹੈ। ਪਰ ਪਾਰਖੂ ਅੱਖ ਉਸਦੀ ਪਹਿਚਾਣ ਕਰ ਸਕਦੀ ਹੈ (ਲੂਕਾ)। ਪਰਮੇ ਸ਼ਵਰ ਅਮਰ, ਦਇਆ ਅਤੇ ਸਚਾਈ ਦਾ ਪੁੜਾ ਹੈ ਜੋ ਸਵੈ-ਪ੍ਰਕਾਸ਼ਮਾਨ ਹੁੰਦਾ ਹੈ। ਉਹ ਅਥਾਹ ਸਿਆਣਪ ਅਤੇ ਬਲ ਵਾਲਾ ਹੈ। ਉਹ ਇਸ ਤਰ੍ਹਾਂ ਦਾ ਸੂਰਜ ਹੈ ਜੋ ਦਿਨ ਰਾਤ ਪ੍ਰਕਾਸ਼ਮਾਨ ਰਹਿੰਦਾ ਹੈ। ਉਹ ਪਵਿੱਤਰ ਜੋਤ ਦੇ ਤੌਰ ਤੇ ਸੰਸਾਰ ਵਿਚ ਵਿਚਰਦਾ ਹੈ। ਉਸ ਦਾ ਸਥੂਲ ਜਾਂ ਭੌਤਿਕ ਸਰੀਰ ਨਹੀਂ ਹੁੰਦਾ। ਉਹ ਵਿਅਕਤੀਗਤ ਪਰਮਾਤਮਾ ਵੀ ਹੈ। ਉਸ ਦੀ ਆਪਣੀ ਸਿਰਜੀ ਹੋਈ ਕਾਇਨਾਤ ਵਿਚ ਪੂਰਨ ਦਿਲਚਸਪੀ ਹੁੰਦੀ ਹੈ ਅਤੇ ਹਮੇਸ਼ਾਂ ਉਨ੍ਹਾਂ ਦੇ ਅੰਗ ਸੰਗ ਵਿਚਰਦਾ ਹੈ।

ਪਰ ਪਰਮਾਤਮਾ ਦੇ ਇਕ ਹੋਣ ਦੀ ਗੱਲ ਕਰਦਿਆਂ ਵੀ ਈਸਾਈ ਵਿਸ਼ਵਾਸ ਵਿਚ ਉਸਨੂੰ ਤਿੰਨ ਰੂਪਾਂ ਵਿਚ ਸ਼ਾਮਲ ਮੰਨਿਆ ਜਾਂਦਾ ਹੈ। ਉਹ ਰੂਪ ਹਨ, ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ। ਬਾਈਬਲ ਵਿਚ ਇਸਦਾ ਉਲੇਖ ਮਿਲਦਾ ਹੈ। ਪਰ ਨਾਲ ਹੀ ਇਹ ਵੀ ਦੱਸਿਆ ਹੈ ਕਿ ਇਹ ਸ੍ਰਿਸ਼ਟੀ ਦੀ ਧਾਰਨਾ ਮਨੁੱਖੀ ਸੂਝ ਤੋਂ ਪਰੇ ਦੀ ਗੱਲ ਹੈ ਕਿਉਂਕਿ ਮਨੁੱਖ ਖੁਦ ਸੀਮਤ ਹੁੰਦਾ ਹੋਇਆ ਵੀ ਆਪਣੇ ਬਾਰੇ ਨਹੀਂ ਜਾਣ ਸਕਦਾ। ਉਹ ਉਸ ਅਪਰੰਪਰ ਹਸਤੀ ਨੂੰ ਕਿਵੇਂ ਸਮਝ ਸਕਦਾ ਹੈ। ਪਰ ਇਸ ਦੇ ਨਾਲ ਹੀ 'ਨਵੇਂ ਅਹਿਦਨਾਮੇ' ਵਿਚ ਅੰਕਿਤ ਹੈ ਕਿ ਜੇਕਰ ਮਨੁੱਖ ਉਸਦੀ ਸਿਰਜੀ ਹੋਈ ਕਾਇਨਾਤ ਨੂੰ ਧਿਆਨ ਨਾਲ ਵੇਖੇ ਤਾਂ ਉਸ ਪ੍ਰਕਾਸ਼ ਨੂੰ ਜਾਣ ਸਕਦਾ ਹੈ। ਇਸ ਤੋਂ ਬਿਨਾਂ ਉਨ੍ਹਾਂ ਦੀ ਇਹ ਧਾਰਨਾ ਹੈ ਕਿ ਨਿਰਗੁਣ ਪਰਮੇਸ਼ਵਰ ਦਾ ਆਪਾ ਜਦੋਂ ਆਪਣੀ ਕਾਇਨਾਤ ਪ੍ਰਤੀ ਪਿਆਰ ਨਾਲ ਉਛਾਲਿਆ ਤਾਂ ਉਸ ਵਿਚ ਆਪਣੇ ਆਪ ਨੂੰ ਪ੍ਰਗਟ ਕਰਨ ਅਤੇ ਆਪਣੇ ਹੁਕਮਾਂ ਨੂੰ ਮਨੁੱਖਾਂ ਦੀ ਮੁਕਤੀ ਲਈ ਦੈਵੀ ਪ੍ਰਕਾਸ਼ਨ ਰਾਹੀਂ ਉਸ ਤੱਕ ਪਹੁੰਚਣ ਲਈ ਇੱਛਾ ਪੈਦਾ ਹੋਈ ਅਤੇ ਫਿਰ ਉਸ ਨੇ ਪੈਗੰਬਰ ਨੂੰ ਚੁਣਿਆ ਜੋ ਉਸਦੇ ਰੂਪ ਵਿਅਕਤ ਕਰਨ। ਨਬੀਆਂ ਦੀ ਇਹ ਲੜੀ ਬਹੁਤ ਲੰਬੀ ਹੈ ਪਰ ਅਖੀਰ ਵਿਚ ਉਸਨੇ ਯਿਸੂ ਰਾਹੀਂ ਸਾਨੂੰ ਸਿੱਖਿਆ ਦਿੱਤੀ। ਈਸਾਈ ਦੀ ਇਹ ਪੱਕੀ ਧਾਰਨਾ ਹੈ ਕਿ ਪਰਮੇਸ਼ਵਰ ਦਾ ਸੰਪੂਰਨ ਪ੍ਰਕਾਸ਼ ਯਿਸੂ ਦੀ ਆਤਮਾ ਰਾਹੀਂ ਪ੍ਰਕਾਸ਼ਮਾਨ ਹੋਇਆ। ਉਸ ਦੀ ਬੇਸ਼ਕ ਦੇਹ ਮਨੁੱਖੀ ਰੂਪ ਵਾਲੀ ਹੈ ਪਰ ਹੈ ਉਹ ਵੀ ਸ਼ਬਦ। ਯਿਸੂ ਅਹਿਮ ਭੌਤਿਕ ਪ੍ਰਕਾਸ਼ਨ ਸੀ। ਪਰਮਾਤਮਾ ਦਾ ਆਖਰੀ ਸਰਵ, ਉੱਚ ਅਹਿਸਾਸ ਅਤੇ ਅਦੁੱਤੀ ਇਤਿਹਾਸਕ ਪ੍ਰਗਟਾ। ਉਸ ਦੇ ਲਿਆਂਦੇ ਹੋਏ ਪਰਮੇਸ਼ਵਰ ਸੰਦੇਸ਼ ਦਾ ਪ੍ਰਚਾਰ ਉਸ ਦੇ ਚੇਲਿਆਂ ਨੇ ਕੀਤਾ। ਉਹ ਉਪਦੇਸ਼ ਬਾਈਬਲ ਦੀਆਂ ਪੁਸਤਕਾਂ ਵਿਚ ਅੰਕਿਤ ਹੈ। ਇਹ ਉਪਦੇਸ਼ ਸਾਰੀ ਮਨੁੱਖਤਾ ਲਈ ਸਚਾਈ ਅਤੇ ਇਖਲਾਕੀ ਜ਼ਬਰ ਦਾ ਸੋਮਾ ਸੀ। ਸੰਪੂਰਨ ਨਿਸਚੈ ਰਾਹੀਂ ਮਨੁੱਖ ਜਦੋਂ ਉਸ ਅੱਗੇ ਸਮਰਪਿਤ ਹੋ ਜਾਂਦਾ ਹੈ ਤਾਂ ਉਸਦੀਆਂ ਖੁਸ਼ੀਆਂ ਦਾ ਪਾਤਰ ਬਣ ਜਾਂਦਾ ਹੈ ਅਤੇ ਫਿਰ ਆਪ ਮੁਹਾਰੇ ਪਰਮੇਸ਼ਵਰ ਦੇ ਜੈ ਜੈ ਕਾਰ ਕਰ ਉਠਦਾ ਹੈ :

ਸਾਡੇ ਪਿਤਾ, ਜੋ ਅਸਮਾਨਪੁਰ ਹੈ;
ਤੇਰੇ ਨਾਮ ਦੀ ਜੈ ਜੈ ਕਾਰ ਹੋਵੇ
ਤੇਰਾ ਹੀ ਰਾਜ ਹੋਵੇ
ਤੇਰੀ ਹੀ ਰਜ਼ਾ ਵਰਤੇ
ਧਰਤੀ ਉਪਰ ਜੇਹੀ ਕਿ ਅਸਮਾਨ ਵਿਚ।
ਜੋ ਅਸੀਂ ਗਲਤ ਕੰਮ ਕੀਤੇ ਹਨ
ਉਹ ਸਾਨੂੰ ਮਾਫ਼ ਕਰ ਦੇ।
ਸਾਨੂੰ ਇਮਤਿਹਾਨ ਵਿਚ ਨਾ ਪਾਈ।

**ਇਸਲਾਮ ਧਰਮ ਵਿਚ ਪਰਮਾਤਮਾ :**

ਜਿਸ ਤਰ੍ਹਾਂ ਪਿਛੇ ਗੱਲ ਕਰ ਆਏ ਹਾਂ ਕਿ 570 ਈਸਵੀ ਨੂੰ ਮੱਕੇ ਵਿਚ ਮਸ਼ਹੂਰ ਕੁਰੈਸ਼ ਕਬੀਲੇ ਦੇ ਅਬਦੁੱਲਾ ਦੇ ਘਰ ਜਨਮੇ ਅਤੇ 'ਹਿਰਾ' ਨਾਂ ਦੀ ਗੁਫ਼ਾ ਵਿਚ ਇਲਹਾਮ ਪ੍ਰਾਪਤੀ ਤੋਂ ਬਾਅਦ ਪੈਗੰਬਰ ਬਣੇ, ਮੁਹੰਮਦ ਸਾਹਿਬ ਦੁਆਰਾ ਪ੍ਰਚੱਲਤ ਕੀਤੇ ਗਏ ਧਰਮ ਦਾ ਨਾਂ 'ਇਸਲਾਮ' ਹੈ। ਇਸਲਾਮ ਅਰਬੀ ਭਾਸ਼ਾ ਦਾ ਸ਼ਬਦ ਹੈ। ਜਿਸਦਾ ਸ਼ਾਬਦਿਕ ਅਰਥ ਝੁਕਾਉਣਾ, ਤਿਆਗ ਜਾਂ ਖ਼ੁਦਾ ਦੀ ਰਜ਼ਾ ਨੂੰ ਅੰਗੀਕਾਰ ਕਰਨਾ ਆਦਿ ਕੀਤੇ ਜਾਂਦੇ ਹਨ। ਜੋ ਵੀ ਮਨੁੱਖ ਇਸਲਾਮ ਦੇ ਬੁਨਿਆਦੀ ਅਸੂਲਾਂ ਨੂੰ ਅੰਗੀਕਾਰ ਕਰਦੇ ਹੋਇਆ ਅੱਲਾ ਦੀ ਰਜ਼ਾ ਅਤੇ ਪੈਗੰਬਰ ਮੁਹੰਮਦ ਸਾਹਿਬ ਵਿਚ ਦ੍ਰਿੜ੍ਹ ਵਿਸ਼ਵਾਸ ਰੱਖਕੇ ਜ਼ਿੰਦਗੀ ਜੀਉਂਦੇ ਹਨ ਉਨ੍ਹਾਂ ਨੂੰ ਮੁਸਲਮਾਨ ਕਿਹਾ ਜਾਂਦਾ ਹੈ। ਮੁਸਲਮਾਨ ਦਾ ਅਰਥ ਹੀ ਅੱਲਾ ਅਤੇ ਉਸਦੇ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਉੱਤੇ ਵਿਸ਼ਵਾਸ ਕਰਨਾ ਹੈ। ਇਸਲਾਮ ਧਰਮ ਦੇ ਪੈਰੋਕਾਰਾਂ ਲਈ ਹੋਰ ਧਰਮਾਂ ਵਾਂਗ ਇਕ ਨਿਸ਼ਚਿਤ ਮਰਿਯਾਦਾ ਹੈ ਜਿਸਨੂੰ 'ਸ਼ਰਾ' ਦਾ ਨਾਮ ਦਿੱਤਾ ਗਿਆ। ਸ਼ਰਾਂ ਦੇ ਨਿਯਮਾਂ ਦੀ ਪਾਲਣਾ ਤੋਂ ਬਿਨਾਂ ਕੋਈ ਵੀ ਮਨੁੱਖ ਮੁਸਲਮਾਨ ਨਹੀਂ ਅਖਵਾ ਸਕਦਾ। ਮੁਸਲਮਾਨਾਂ ਲਈ ਇਸ ਸ਼ਰਾਂ ਦੀ ਪਾਲਣਾ ਹਿੱਤ ਪਵਿੱਤਰ ਕੁਰਾਨ ਵਿਚ ਕੁਝ ਨਿਯਮ ਨਿਸ਼ਚਿਤ ਕੀਤੇ ਹਨ ਜਿਨ੍ਹਾਂ ਅਨੁਸਾਰ ਹਰ ਵਿਅਕਤੀ ਨੇ ਅਤੇ ਮੁਸਲਮਾਨ ਕੌਮ ਨੇ ਜੀਵਨ ਬਿਤਾਉਣਾ ਹੁੰਦਾ ਹੈ। ਪਵਿੱਤਰ ਕੁਰਾਨ ਦਾ ਫੁਰਮਾਨ ਹੈ ਕਿ ਜਿਸ ਨੇ ਵੀ ਪਾਲਣਹਾਰ, ਸਿਰਜਣਹਾਰ ਅੱਲਾ ਨੂੰ ਪਾਉਣਾ ਹੈ ਉਹ ਉਸ ਅੱਲਾ ਦੀ ਬੰਦਗੀ ਵਿਚ ਕਿਸੇ ਨੂੰ ਬਰਾਬਰੀ ਨਾ ਦੇਵੇ ਅਤੇ ਸ਼ੁਭ ਕੰਮ ਕਰੇ। ਇਸੇ ਅਧਾਰ ਤੇ ਪੰਜ ਵੱਡੇ ਧਾਰਮਿਕ ਅਮਲਾਂ, ਜਿਨ੍ਹਾਂ ਨੂੰ ਇਸਲਾਮ ਧਰਮ ਦੇ ਪੰਜ ਥੰਮ ਕਿਹਾ ਜਾਂਦਾ ਹੈ ਦੀ ਪਾਲਣਾ ਮੁਸਲਮਾਨਾਂ ਲਈ ਜ਼ਰੂਰੀ ਕਰਾਰ ਦਿੱਤੀ ਗਈ ਹੈ। ਇਸਲਾਮ ਧਰਮ ਦਾ **ਮਹੱਲ**

ਇਨ੍ਹਾਂ ਪੰਜ ਥੰਮਾਂ ਉਪਰ ਹੀ ਟਿਕਿਆ ਹੋਇਆ ਹੈ। ਇਨ੍ਹਾਂ ਵਿਚੋਂ ਪਹਿਲਾਂ ਥੰਮ ਈਮਾਨ ਜਾਂ ਤੌਹੀਦ ਹੈ। ਇਸਲਾਮ ਦਾ ਇਹ ਬੁਨਿਆਦੀ ਵਿਸ਼ਵਾਸ ਹੈ ਜਿਸ ਦਾ ਸੰਬੰਧ ਰੱਬ ਨਾਲ ਹੈ। ਇਸਲਾਮ ਧਰਮ ਅੰਦਰ ਜੀਵਨ ਦੀ ਆਰੰਭਤਾ ਕਲਮੇ ਨਾਲ ਹੁੰਦੀ ਹੈ। ਜਿਸ ਦੀ ਅਰਬੀ ਲਿਖਤ ਇਸ ਤਰ੍ਹਾਂ ਹੈ :

ਇਲ-ਹ-ਇਲਲੱਲਾਹ – ਇਲ ਅੱਲਾਹ
ਮੁਹੰਮਦ ਰਸੂਲ ਅੱਲਾਹ।

ਉਪਰੋਕਤ ਤੁਕਾਂ ਦੇ ਅਰਥ ਹਨ ਕਿ ਅੱਲਾ ਤੋਂ ਬਿਨਾਂ ਹੋਰ ਕੋਈ ਪੂਜਣਯੋਗ ਨਹੀਂ ਹੈ ਅਤੇ ਮੁਹੰਮਦ ਸਾਹਿਬ ਉਨ੍ਹਾਂ ਦਾ ਸੁਨੇਹਾ ਆਮ ਲੋਕਾਂ ਤੱਕ ਪਹੁੰਚਾਣ ਵਾਲੇ ਵਿਚੋਲੇ ਹਨ। ਇਸ ਤਰ੍ਹਾਂ ਈਮਾਨ ਦਾ ਮਹੱਤਵਪੂਰਨ ਤੱਤ ਰੱਬ ਦੀ ਏਕਤਾ ਤੇ ਮੁਹੰਮਦ ਸਾਹਿਬ ਦੀ ਉਚਤਤਾ ਨੂੰ ਪ੍ਰਵਾਨ ਕਰਨਾ ਹੈ। ਇਸਲਾਮ ਦਾ ਸੁਨੇਹਾ ਹੈ ਕਿ ਮਨੁੱਖ ਖੁਦਾ ਦੀ ਜਾਤ ਵਿਚ ਵਿਸ਼ਵਾਸ ਰੱਖੇ ਕਿਉਂਕਿ ਜੇਕਰ ਮਨੁੱਖ ਦਾ ਪਰਮਾਤਮਾ ਵਿਚ ਹੀ ਯਕੀਨ ਨਹੀਂ ਹੋਵੇਗਾ ਤਾਂ ਉਸ ਦੇ ਬਾਕੀ ਵਿਸ਼ਵਾਸ ਵੀ ਸ਼ਰਧਾ ਰਹਿਤ ਹੋਣਗੇ।

ਇਸ ਤੋਂ ਅੱਗੇ ਈਮਾਨ ਦੀ ਦੂਜੀ ਮਹੱਤਵਪੂਰਨ ਚੀਜ਼ 'ਅੱਲਾਹ ਦੀ ਏਕਤਾ' ਵਿਚ ਵਿਸ਼ਵਾਸ ਹੈ। ਉਪਾਸਨਾ ਦੇ ਨਜ਼ਰੀਏ ਤੋਂ ਸਿਰਫ਼ ਅੱਲਾਹ ਹੀ ''ਇਲਾ'' ਅਰਥਾਤ ਉਪਾਸਨਾ ਯੋਗ ਹੈ। ਇਸਲਾਮ ਦੀ ਧਾਰਨਾ ਹੈ ਕਿ ਹਕੀਕੀ ਵਜੂਦ ਸਿਰਫ਼ ਅੱਲਾਹ ਦਾ ਹੈ। ਜਿਸ ਨੂੰ ਉਹ ਨਿਰਪੱਖ ਆਤਮਾ (ਅੱਲਾ-ਏ-ਮੁਤਲਕ) ਜਾਂ ਪਰਮ ਸਤਿ (ਵਜੂਦ-ਏ-ਮੁਤਲਕ) ਆਖਦੇ ਹਨ। ਖ਼ੁਦਾ ਨਿਰਾਕਾਰ ਅਤੇ ਅਰੂਪ ਹੈ। ਅਕਾਰ ਦੀਆਂ ਵਡਿਆਈਆਂ ਉਸਦੀ ਅਪਾਰਤਾ ਨੂੰ ਸੀਮਤ ਨਹੀਂ ਕਰ ਸਕਦੀਆਂ। ਉਸ ਦੀ ਉਤਪਤੀ ਦਾ ਕੋਈ ਕਾਰਨ ਨਹੀਂ ਹੈ। ਉਹ ਅਕਾਰਣ ਹੈ। ਉਹ ਆਪਣੇ ਆਪ ਵਿਚ ਅਤੇ ਆਪਣੇ ਦੁਆਰਾ ਹੀ ਕਾਇਮ ਹੈ। ਉਹ ਕਰਾਵਣਹਾਰ ਅਤੇ ਪਰਵਰਦਗਾਰ ਹੈ।

ਅੱਲਾ ਦੀ ਤਨਜੀਹੀ ਸਿਫ਼ਤ ਇਹ ਹੈ ਕਿ ਉਸ ਵਰਗਾ ਕੋਈ ਨਹੀਂ ਅਤੇ ਉਹ ਸਾਰੀਆਂ ਸਿਫ਼ਤਾਂ ਤੋਂ ਉਚੇਰਾ ਹੈ। ਜਿਵੇਂ ਅੱਲਾਂ ਦੀ ਜਾਤ ਬੇਮਿਸਾਲ, ਉਸ ਦੀ ਸਤਾ ਅਸੀਮ ਅਤੇ ਅਪਾਰਤਾ ਅਨੰਤ ਹੈ। ਤਸ਼ਬੀਹੇ ਸਿਫ਼ਤਾਂ ਵਿਚ ਉਹ ਹਰ ਥਾਂ ਤੇ ਹਰ ਚੀਜ਼ ਵਿਚ ਹਾਜ਼ਰ-ਨਾਜ਼ਰ ਹੈ। ਉਹ ਸਾਹ ਰਗ ਤੋਂ ਵੀ ਬੰਦੇ ਦੇ ਨੇੜੇ ਹੈ। ਉਹ ਅਵੱਲ-ਅਪੀਰ ਤੇ ਜ਼ਾਹਿਰ-ਬਾਤਿਨ ਹੈ। ਉਹ ਅਨਾਦਿ ਕਾਲ ਤੋਂ ਪ੍ਰਕਾਸ਼ਵਾਨ ਅਤੇ ਅਨੰਤ ਕਾਲ ਲਈ ਅਲੱਖ-ਅਗੰਮ ਹੈ। ਉਹ ਖ਼ੁਦਾ ਦੀਆਂ ਸਿਫ਼ਤਾਂ ਨੂੰ ਅਕੱਥ ਮੰਨ ਕੇ ਗੱਲ ਸਮੇਟਦੇ ਹਨ, ਇਸ ਦੀ ਪੁਸ਼ਟੀ ਵਿਚ ਖਲੀਫਾ ਅਲੀ ਦੇ ਪ੍ਰਵਚਨ ਹਨ ਕਿ ਉਸ ਦੀਆਂ ਸਿਫ਼ਤਾਂ ਦੀ ਵਿਆਖਿਆ ਜੋ ਲਿਖੀ ਜਾਵੇ ਤਾਂ ਸ਼ਾਇਦ ਸੱਤਰ (70) ਊਠ ਵੀ ਚੁੱਕ ਨਾ ਸਕਣ।

ਪਰਮਾਤਮਾ ਦੀ ਏਕਤਾ ਅਤੇ ਮਹਾਨਤਾ ਨੂੰ ਕੁਰਾਨ ਵਿਚ ਥਾਂ-ਥਾਂ ਦਰਸਾਇਆ ਹੋਇਆ ਜਿਵੇਂ ਬਹੁਤ ਸਧਾਰਣ ਸ਼ਬਦਾਂ ਵਿਚ ਉਸਦਾ ਸਾਰ ਵਿਸਥਾਰ ਅੰਕਿਤ ਹੈ : ਦਸੋ ਉਹ ਕੌਣ ਹੈ ਜੋ ਧਰਤੀ ਅਤੇ ਆਸਮਾਨਾਂ ਤੋਂ ਤੁਹਾਡੀ ਹੋਂਦ ਨੂੰ ਬਰਕਰਾਰ ਰੱਖਣ ਲਈ ਤੁਹਾਡੀ ਪਾਲਣਾ ਕਰਦਾ ਹੈ ? ਉਹ ਕੌਣ ਹੈ, ਜੋ ਦੇਖਣ ਅਤੇ ਸੁਣਨ ਦੀ ਸ਼ਕਤੀ ਪ੍ਰਦਾਨ ਕਰਦਾ ਹੈ ? ਉਹ ਕੌਣ ਹੈ ਜੋ ਮੁਰਦਿਆਂ ਵਿਚੋਂ ਜਾਨਦਾਰ ਪੈਦਾ ਕਰਦਾ ਹੈ। ਜੀਵਨ ਨੂੰ ਮੌਤ ਵਿਚ ਬਦਲਦਾ ਹੈ ? ਉਹ ਕੌਣ ਹੈ ਜਿਸਦਾ ਹਰ ਚੀਜ਼ ਉਤੇ ਪ੍ਰਸ਼ਾਸਨ ਹੈ। ਇਸ ਦਾ ਉੱਤਰ ਕੇਵਲ ਪਰਮਾਤਮਾ ਹੈ। ਕੀ ਤੁਸੀਂ ਉਸਨੂੰ ਨਹੀਂ ਮੰਨੋਗੇ ? (ਕੁਰਾਨ ਤਦ-ਤਤ) ਕੁਰਾਨ ਵਿਚ ਉਸ ਦੀ ਮਹਿਮਾ ਦੇ ਗੁਣ ਗਾਇਨ ਕਰਦਿਆਂ ਕਿਹਾ ਹੈ ਕੀ ਉਹ ਮਹਾਨ ਨਹੀਂ ਜਿਸ ਨੇ ਐਨੀ ਪੱਕੀ ਤਰ੍ਹਾਂ ਧਰਤੀ ਨੂੰ ਸਥਾਪਤ ਕਰ ਰੱਖਿਆ ਹੈ ਅਤੇ ਇਸ ਵਿਚ ਦਰਿਆ ਚਲਾਏ ਹਨ, ਇਸ ਉਤੇ ਪਹਾੜ ਰੱਖ ਦਿੱਤੇ ਅਤੇ ਦੋ ਸਮੁੰਦਰਾਂ ਵਿਚਾਲੇ ਇਕ ਰੋਕ ਖੜੀ ਕਰ ਦਿੱਤੀ ਹੈ ! ਕੀ ਅਜਿਹੇ ਪਰਮਾਤਮਾ ਤੋਂ ਬਿਨਾਂ ਕੋਈ ਹੋਰ ਦੇਵਤਾ ਹੋ ਸਕਦਾ ਹੈ ? ਕੀ ਇਹ ਉਹੋ ਨਹੀਂ ਜੋ ਸੋਸ਼ਿਤ ਲੋਕਾਂ ਦੀ ਪੁਕਾਰ ਬਣਦਾ ਹੈ, ਉਨ੍ਹਾਂ ਦੇ ਪਾਪਾਂ ਦਾ ਵਿਨਾਸ਼ ਕਰਦਾ ਹੈ ਅਤੇ ਧਰਤੀ ਉਤੇ ਤੁਹਾਨੂੰ ਵਾਰਿਸ ਬਣਾਉਂਦਾ ਹੈ। ਕੀ ਅਜਿਹੇ ਅੱਲਾਹ ਤੋਂ ਬਿਨਾਂ ਕੋਈ ਹੋਰ ਪਰਮਾਤਮਾ ਹੋ ਸਕਦਾ ਹੈ। ਕੀ ਇਹ ਉਹ ਮਹਾਨ ਪਰਮਾਤਮਾ ਨਹੀਂ ਜੋ ਸ੍ਰਿਸ਼ਟੀ ਦੀ ਸਿਰਜਨਾ ਕਰਦਾ ਹੈ, ਇਸ ਦਾ ਪੁਨਰ ਅਤੇ ਨਵ ਨਿਰਮਾਣ ਕਰਦਾ ਹੈ ਅਤੇ ਜੋ ਧਰਤੀ ਅਤੇ ਪਰਮਾਤਮਾ ਦੀ ਪਰਵਰਿਸ਼ ਕਰਦਾ ਹੈ। ਸਪਸ਼ਟ ਹੈ ਕਿ ਕੁਰਾਨ ਦੀਆਂ ਇਹ ਆਇਤਾਂ ਆਪਣੇ ਇਸ ਸਧਾਰਣ ਰੂਪ ਵਿਚ ਹੀ ਮਨੁੱਖੀ ਹਿਰਦੇ ਨੂੰ ਅਪੀਲ ਕਰਦੀਆਂ ਹੋਈਆਂ ਸੰਤੁਸ਼ਟਤਾ ਪ੍ਰਦਾਨ ਕਰਦੀਆਂ ਹਨ ਤਾਂ ਜੋ ਲੋਕ ਇਸ ਉਤੇ ਵਿਚਾਰ ਕਰ ਸਕਣ, ਪਰਮਾਤਮਾ ਦੀ ਹੋਂਦ ਉਤੇ ਮੰਨਣ ਤਥਾ ਚਿੰਤਨ ਕਰ ਸਕਣ ਅਤੇ ਉਸ ਦੀ ਸਾਰੀ ਕਾਇਨਾਤ ਉਤੇ ਬਾਦਸ਼ਾਹਤ ਨੂੰ ਪ੍ਰਵਾਨ ਕਰ ਸਕਣ।

ਉਪਰੋਕਤ ਤੋਂ ਅੱਲਾ ਦੇ ਹੇਠ ਲਿਖੇ ਗੁਣ ਰੂਪਮਾਨ ਹੁੰਦੇ ਹਨ :

(1) ਅੱਲਾ ਇਕੋ ਇਕ ਅਤੇ ਅੰਤਮ ਸੱਚ ਹੈ।

(2) ਅੱਲਾ ਪਾਰਬ੍ਰਹਮ ਹੈ ਤੇ ਉਸ ਦੀ ਨਿਰਗੁਣ ਅਤੇ ਸਰਗੁਣ ਸਰੂਪ ਇਕੋ ਸਤ ਦੇ ਦੋ ਬੁਨਿਆਦੀ ਪੱਖ ਹਨ। ਭਾਵ ਖਲਕ ਤੇ ਹਕ ਵਿਚ ਕੋਈ ਭੇਦ ਨਹੀਂ।

(3) ਕੁਦਰਤ ਵਿਚ ਵਿਚਰਦੇ ਪ੍ਰਾਣੀਆਂ ਦੀ ਅੱਲਾ ਤੋਂ ਵੱਖਰੀ ਹੋਂਦ ਉਸ ਦੀ ਮਰਜ਼ੀ ਨਾਲ ਹੀ ਹੈ।

(4) ਸਿਰਜਨ ਤੋਂ ਪਹਿਲਾ ਸਾਜਨਾ ਦਾ ਸੰਪੂਰਨ ਚਿਤਰ ਅੱਲਾ ਦੇ ਮਨ ਵਿਚ ਸੀ।

(5) ਅੱਲਾ ਪੈਗੰਬਰ ਚੁਣਦਾ ਹੈ ਜਿਹੜਾ ਸੱਚਾਂ ਦੇ ਸੱਚ ਨੂੰ ਆਮ ਦੁਨੀਆਂ ਵਿਚ ਵਿਅਕਤ ਕਰਦਾ ਹੈ।